
ਸੰਤਾਂ ਦੇ ਕੌਤਕ...?

(ਗੁਰਮਤਿ ਦੀ ਕਸਵੱਟੀ 'ਤੇ)

ਭਾਗ - ਪਹਿਲਾ



ਲੇਖਕ :

ਭਾਈ ਸੁਖਵਿੰਦਰ ਸਿੰਘ 'ਸਭਰਾ'

SANTAN DE KAUTAK...?

by

Bhai Sukhwinder Singh 'Sabhra'

ਪਹਿਲੀ ਵਾਰ : ਅਕਤੂਬਰ 2004

ਗਿਣਤੀ : 2000

ਦੂਜੀ ਵਾਰ : ਦਸੰਬਰ 2004

ਗਿਣਤੀ : 5000

ਤੀਜੀ ਵਾਰ : ਜੁਲਾਈ 2005

ਗਿਣਤੀ : 7000

ਮੁੱਲ: 50 ਰੁਪਏ

ਪ੍ਰਕਾਸ਼ਕ

ਭਾਈ ਸੁਖਵਿੰਦਰ ਸਿੰਘ 'ਸਭਰਾ'

ਨਿਸ਼ਕਾਮ ਪ੍ਰਚਾਰਕ ਗੁਰਮਤਿ ਸਿਧਾਂਤ, ਗੁ. ਕਿਲ੍ਹਾ ਸਾਹਿਬ,
ਪਿੰਡ ਤੇ ਡਾਕਖਾਨਾ ਸਭਰਾ, ਤਹਿ: ਪੱਟੀ, ਜ਼ਿਲਾ ਅੰਮ੍ਰਿਤਸਰ
ਫ਼ੋਨ : 01851-257728 98146-45442

ਸੰਤਾਂ ਦੇ ਕੌਤਕ....?

ਇਥੋਂ ਕਿਤਾਬ ਪ੍ਰਾਪਤ ਹੋ ਸਕਦੀ ਹੈ

1. ਖਾਲਸਾ ਪੰਚਾਇਤ ਚੰਡੀਗੜ੍ਹ। ਫ਼ੋਨ : 98141-04726
2. ਨਿਆਰਾ ਖਾਲਸਾ ਜਥੇਬੰਦੀ, ਦਫ਼ਤਰ ਪੰਜਾਬੀ ਬਾਗ, ਲੁਧਿਆਣਾ।
3. ਦਫ਼ਤਰ ਮਨੁੱਖੀ ਅਧਿਕਾਰ ਸੰਗਠਨ, ਪੱਟੀ। ਫ਼ੋਨ : 94173-93633
4. ਨੌਜਵਾਨ ਵਿਕਾਸ ਸਭਾ, ਗੋਇੰਦਵਾਲ, ਫ਼ੋਨ : 98556-01465
5. ਅਕਾਲ ਸਹਾਇ ਸੋਸਾਇਟੀ, ਚੰਡੀਗੜ੍ਹ ਮਾਰਫ਼ਤ ਜਸਬੀਰ ਕੌਰ,
   ਮਕਾਨ ਨੰ: 420, ਪੁਲਿਸ ਕਲੋਨੀ, ਸੈਕਟਰ 26, ਚੰਡੀਗੜ੍ਹ,
   ਫ਼ੋਨ : 0172-2793920, 5187045
6. ਗੁਰਮਤਿ ਪ੍ਰਚਾਰ ਕੇਂਦਰ, ਭਿੱਖੀਵਿੰਡ, ਫ਼ੋਨ : 98148-17473
7. ਗੁਰਮਤਿ ਸਿਧਾਂਤ ਪ੍ਰਚਾਰਕ ਜਥੇਬੰਦੀ, ਪਿੰਡ ਤੇ ਡਾਕਖਾਨਾ, ਸਭਰਾਂ
   ਫ਼ੋਨ : 01851-257728 98146-45442
8. ਅਜ਼ਾਦ ਬੁੱਕ ਡੀਪੋਟ, ਹਾਲ ਬਾਜਾਰ, ਅੰਮ੍ਰਿਤਸਰ। ਫੋਨ 0183-2292513

ਤਤਕਰਾ

ਭੂਮਿਕਾ

ਆਦਿ ਕਾਲ ਦੇ ਮਨੁੱਖ ਨੂੰ ਜੰਗਲਾਂ ਵਿਚ ਭੁੱਖ ਨੇ ਭੋਜਨ ਦੀ ਤਲਾਸ਼ ਵਾਸਤੇ ਮਜਬੂਰ ਕੀਤਾ, ਪਿਆਸ ਨੇ ਪਾਣੀ ਦੀ ਤਲਾਸ਼ ਵਾਸਤੇ ਮਜਬੂਰ ਕੀਤਾ। ਜੰਗਲ ਦੇ ਵਿਚ ਕੁਦਰਤੀ ਕਣਕ, ਮੱਕੀ, ਦਾਲਾਂ, ਸਾਗ-ਸਬਜ਼ੀਆਂ ਦੀ ਵਰਤੋਂ ਕਰਕੇ ਇਸ ਨੇ ਤਨ ਦੀ ਭੁੱਖ ਮਿਟਾਉਣੀ ਸ਼ੁਰੂ ਕੀਤੀ। ਕੁਦਰਤੀ ਜਲ ਨਾਲ ਇਸਨੇ ਪਿਆਸ ਬੁਝਾਈ। ਜੰਗਲ ਦੇ ਦਰੱਖ਼ਤਾਂ ਦੇ ਪੱਤਿਆਂ ਨਾਲ ਤਨ ਨੂੰ ਢੱਕਣਾ ਸ਼ੁਰੂ ਕੀਤਾ। ਅੰਦਰ ਉਸਨੇ ਫਿਰ ਵੀ ਬੇਚੈਨੀ ਮਹਿਸੂਸ ਕੀਤੀ। ਫਿਰ ਉਸ ਮਨੁੱਖ ਨੇ ਦਰੱਖ਼ਤਾਂ, ਜੰਗਲੀ ਜੀਵਾਂ ਸੱਪਾਂ, ਦਰਿਆਵਾਂ ਆਦਿ ਸਾਹਮਣੇ ਖੜ੍ਹੇ ਹੋ ਕੇ ਪੂਜਾ ਕਰਨੀ ਸ਼ੁਰੂ ਕੀਤੀ ਕਿ ਹੇ ਗ਼ੈਬੀ ਸ਼ਕਤੀ ਜੇ ਤੂੰ ਹੈਂ ਤਾਂ ਮਾਨਸਿਕ ਬੇਚੈਨੀ ਦੂਰ ਕਰ। ਮਾਨੋ ਕਿ ਧਾਰਮਿਕ ਅਰੰਭਤਾ ਹੋ ਗਈ। ਸਮਾਂ ਲੰਘਦਾ ਗਿਆ ਤਾਂ ਵਿਚੋਂ ਹੀ ਕਈਆਂ ਨੇ ਛੋਟੇ ਛੋਟੇ ਧਾਰਮਿਕ ਸਥਾਨ ਮੰਦਰ ਆਦਿ ਬਣਾਉਣੇ ਸ਼ੁਰੂ ਕਰ ਦਿੱਤੇ। ਸਮਾਂ ਪਾ ਕੇ ਸਨਾਤਨ ਮੱਤ ਪੈਦਾ ਹੋ ਗਿਆ। ਮਨੂੰਵਾਦੀ ਪੁਜਾਰੀਆਂ ਨੇ ਮਨੁੱਖਤਾ ਵਿਚ ਵੰਡੀਆਂ ਪਾ ਦਿੱਤੀਆਂ। ਕੋਈ ਬ੍ਰਾਹਮਣ, ਕੋਈ ਖੱਤਰੀ, ਕੋਈ ਵੈਸ਼ ਤੇ ਕੋਈ ਸ਼ੂਦਰ ਐਲਾਨਿਆ ਗਿਆ। ਧਾਰਮਿਕ ਗਰੰਥ ਲਿਖੇ ਗਏ। ਇਹਨਾਂ ਗ੍ਰੰਥਾਂ ਵਿਚ ਵੀ ਸਾਰੇ ਹੱਕ ਬ੍ਰਾਹਮਣ ਨੂੰ ਦੇ ਦਿੱਤੇ ਗਏ। ਇਥੋਂ ਤੱਕ ਕਿ ਸ਼ੂਦਰ ਤਾਂ ਧਾਰਮਿਕ ਮੰਦਰਾਂ ਵਿਚ ਦਾਖ਼ਲ ਵੀ ਨਹੀਂ ਸੀ ਹੋ ਸਕਦੇ। ਕੋਈ ਪੜ੍ਹਾਈ ਆਦਿ ਵੀ ਨਹੀਂ ਸੀ ਕਰ ਸਕਦੇ। ਧਰਮ ਦੇ ਨਾਂ ਤੇ ਲੁੱਟ ਦਾ ਦੌਰ ਸ਼ੁਰੂ ਹੋ ਗਿਆ। ਬ੍ਰਾਹਮਣ ਪੁਜਾਰੀ ਵਿਹਲਾ ਬੈਠ ਕੇ ਲੋਕਾਂ ਸਿਰੋਂ ਖਾਂਦਾ ਅਤੇ ਗਰੁੜ ਪੁਰਾਣ ਵਿਚ ਲਿਖੇ ਨਰਕਾਂ ਸਵਰਗਾਂ ਦੀਆਂ ਟਿਕਟਾਂ ਕੱਟ ਕੇ ਭੋਲੇ ਭਾਲੇ ਲੋਕਾਂ ਦੇ ਹੱਥਾਂ ਵਿਚ ਫੜਾ ਦਿੰਦਾ। ਲੋਕ ਸਵਰਗਾਂ ਦੇ ਲਾਲਚ ਅਤੇ ਨਰਕਾਂ ਦੇ ਡਰੋਂ ਬ੍ਰਾਹਮਣ ਦੇਵਤੇ ਨੂੰ ਆਪਣਾ ਅਸਲੀ ਰੱਬ ਸਮਝਦੇ। ਉਸ ਸਮੇਂ ਦੇ ਰਾਜੇ ਵੀ ਬ੍ਰਾਹਮਣ ਨੂੰ ਰੱਬ ਸਮਝਦੇ ਸੀ। ਬੁੱਧ ਅਤੇ ਜੈਨ ਮੱਤ ਵੱਲੋਂ ਵੀ ਸਮੇਂ-ਸਮੇਂ ਸਿਰ ਹਿੰਦੂ ਮੱਤ ਦੀ ਵਿਰੋਧਤਾ ਹੋਈ। (ਹੁੰਦੀ ਰਹੀ)

ਸਾਰੇ ਪਾਸੇ ਫੈਲੇ ਹੋਏ ਅਗਿਆਨ ਦੇ ਘੁੱਪ ਹਨੇਰੇ ਵਿਚ ਭੁੱਲਿਆਂ ਭਟਕਿਆਂ ਨੂੰ ਇਕ ਆਸ ਦੀ ਕਿਰਨ ਨਜ਼ਰ ਆਈ। ਭਗਤ ਕਬੀਰ ਸਾਹਿਬ ਦਾ ਜਨਮ ਹੋ ਗਿਆ। ਘਰ ਵਿਚ ਭਾਵੇਂ ਗਰੀਬੀ ਸੀ ਪਰ ਹਿਰਦਾ ਰੱਬੀ ਰੱਸ ਨਾਲ ਮਾਲਾਮਾਲ,

ਸੱਚ ਦੀ ਪ੍ਰਾਪਤੀ ਹੋ ਗਈ। ਧਾਰਮਿਕ ਆਗੂਆਂ ਦੀ ਲੁੱਟ ਦਾ ਜਵਾਬ ਦਿੰਦਿਆਂ ਪਹਿਲਾ ਬਾਣ ਛੱਡਿਆ,

"ਜਉ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ
ਤਉ ਆਨ ਬਾਟ ਕਾਹੇ ਨਹੀ ਆਇਆ॥" (ਪੰਨਾ 324)

ਝੂਠਾ ਧਾਰਮਿਕ ਆਗੂ ਬ੍ਰਾਹਮਣ ਚੀਖ ਉਠਿਆ ਕਿ ਇਹ ਕੌਣ? ਅੱਜ ਤਕ ਤਾਂ ਅੱਗੇ ਬੋਲਿਆ ਹੀ ਕੋਈ ਨਹੀਂ ਸੀ। ਭਗਤ ਨਾਮਦੇਵ ਜੀ ਨੇ ਵੀ ਕੈਪਸੂਲ ਵਿਚ ਵਲੇਟਣ ਤੋਂ ਬਿਨਾਂ ਹੀ ਸੱਚ ਰੂਪ ਕੌੜੀਆਂ ਪੁੜੀਆਂ ਫੋਕੇ ਧਾਰਮਿਕ ਆਗੂ ਅੱਗੇ ਪਰੋਸੀਆਂ ਕਿ ਆਹ ਲੈ ਖਾਹ! ਸਮੇਂ ਸਮੇਂ ਸੱਚ ਸ਼ਮ੍ਹਾ ਦੇ ਪਰਵਾਨੇ ਆਏ। ਸੰਨ 1469 ਈਸਵੀ ਨੂੰ ਇਕ ਇਲਾਹੀ ਜੋਤ ਸਰਗੁਣ ਸਰੂਪ 'ਧੰਨ ਗੁਰੂ ਨਾਨਕ ਦੇਵ ਜੀ' ਮਨੁੱਖਤਾ ਦੇ ਭਲੇ ਵਾਸਤੇ ਧਰਤੀ ਤੇ ਪ੍ਰਗਟ ਹੋ ਗਏ। ਗ਼ਰੀਬਾਂ, ਨਿਤਾਣਿਆਂ, ਨੀਚਾਂ ਨੂੰ ਹਜ਼ੂਰ ਨੇ ਉੱਚਾ ਚੁੱਕਣਾ ਸ਼ੁਰੂ ਕਰ ਦਿੱਤਾ। ਚਾਰ ਉਦਾਸੀਆਂ ਦੌਰਾਨ ਦੂਰ ਦੂਰ ਗਏ, ਸੱਚ ਧਰਮ ਦ੍ਰਿੜ੍ਹ ਕਰਵਾਇਆ। ਧਰਮ-ਸ਼ਾਲਾਵਾਂ ਬਣਵਾਈਆਂ। ਜਾਤ-ਪਾਤ, ਸੁੱਚ-ਭਿੱਟ, ਵਹਿਮਾਂ-ਭਰਮਾਂ ਦੇ ਵਿਰੁੱਧ ਆਵਾਜ਼ ਉਠਾਈ। ਪੂਰਨ ਮਨੁੱਖ ਜਿਸਦਾ ਖਾਕਾ ਪਹਿਲੇ ਪਾਤਸ਼ਾਹ ਨੇ ਚਿਤਰਿਆ, ਬਾਕੀ ਨੌਂ ਗੁਰੂਆਂ ਨੇ 239 ਸਾਲ ਸੱਚ ਧਰਮ ਦ੍ਰਿੜ੍ਹ ਕਰਵਾਇਆ, ਜੋ ਕਿਹਾ ਉਹ ਕਰਕੇ ਦਿਖਾ ਦਿੱਤਾ। ਨਵਾਂ ਇਤਿਹਾਸ ਸਿਰਜਿਆ। ਧੁਰ ਕੀ ਬਾਣੀ ਉਚਾਰਨ ਕੀਤੀ। ਦੇਹੀ ਨੂੰ ਪਿੱਛੇ ਰੱਖ ਕੇ ਸ਼ਬਦ ਨੂੰ ਅੱਗੇ ਕੀਤਾ। ਦਸਵੇਂ ਪਾਤਸ਼ਾਹ ਜੀ ਨੇ ਨਿਜਧਾਮ ਨੂੰ ਪਰਤਣ ਸਮੇਂ ਹੱਥੀਂ ਸਾਜੇ ਖਾਲਸੇ ਨੂੰ ਬਚਨ ਕਹਿ ਦਿੱਤਾ ਕਿ ਆਤਮਾ ਗ੍ਰੰਥ ਵਿਚ ਸਰੀਰ ਪੰਥ ਵਿਚ। 'ਧੰਨ ਗੁਰੂ ਗ੍ਰੰਥ ਸਾਹਿਬ' ਨੂੰ ਸਦਾ ਵਾਸਤੇ ਗੁਰਗੱਦੀ ਸੌਂਪ ਦਿੱਤੀ। ਬਚਨ ਕਹੇ ਕਿ ਗੁਰੂ ਪੰਥ ਨੇ ਸਦਾ ਹੀ ਅਗਵਾਈ "ਧੰਨ ਗੁਰੂ ਗ੍ਰੰਥ ਸਾਹਿਬ" ਤੋਂ ਲੈਣੀ ਹੈ। ਮਨਮਰਜ਼ੀਆਂ ਨਹੀਂ ਕਰਨੀਆ।

ਸੋ 239 ਸਾਲ ਗੁਰੂ ਸਾਹਿਬਾਂ ਦੇ ਨਾਲ ਬੜੀ ਉਚੀ ਅਵਸਥਾ ਵਾਲੇ ਸਿੰਘ ਰਹੇ ਪਰ ਕਿਸੇ ਇਕ ਦੇ ਨਾਮ ਨਾਲ ਸੰਤ ਅੱਖਰ ਨਹੀਂ ਹੈ। 'ਭਾਈ' ਹਨ ਸਾਰੇ, ਭਾਈ ਮਰਦਾਨਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਆਦਿ। ਮੁਗ਼ਲਾਂ ਦੇ ਜ਼ੁਲਮਾਂ ਦੇ ਸਮੇਂ ਸਿੰਘ ਜੰਗਲਾਂ ਆਦਿ ਵਿਚ ਰਹਿੰਦੇ ਸਨ ਤਾਂ 'ਧੰਨ ਗੁਰੂ ਗ੍ਰੰਥ ਸਾਹਿਬ' ਦੀ ਸੇਵਾ ਸੰਭਾਲ ਬਾਹਮਣੀ ਮੱਤ ਦੇ ਧਾਰਨੀ ਉਦਾਸੀਆਂ, ਨਿਰਮਲਿਆਂ ਆਦਿ ਦੇ ਹੱਥਾਂ ਵਿਚ ਸੀ। ਉਨ੍ਹਾਂ ਨੇ ਇਹ 'ਸੰਤ' ਲਬਕ ਸਿਖ ਧਰਮ ਵਿਚ ਲਿਆਣ ਵਾੜਿਆ। ਗੁਰੂ ਹੁਕਮਾਂ ਦੇ ਉਲਟ 'ਭਾਈ' ਅੱਖਰ ਨੂੰ ਛੱਡ ਕੇ ਲੱਗੇ ਵੰਨ ਸੁਵੰਨੇ ਸੰਤ ਬਣਨ। ਗੁਰੂ ਪੰਥ ਵਿਚ ਵੰਡੀਆਂ ਪੈਣੀਆਂ ਸ਼ੁਰੂ ਹੋ ਗਈਆਂ। ਬਾਹਮਣੀ ਮੱਤ ਦੇ ਧਾਰਨੀਆਂ, ਇਨ੍ਹਾਂ ਸੰਤਾਂ

ਨੇ ਆਪਣੇ ਕੋਲੋਂ ਮਰਿਯਾਦਾ ਅਤੇ ਸਿਧਾਂਤ ਘੜਨੇ ਸ਼ੁਰੂ ਕਰ ਦਿੱਤੇ। ਜਿਸ ਸ਼ਖ਼ਸੀ ਪੂਜਾ ਤੋਂ ਗੁਰੂ ਨੇ ਵਰਜਿਆ ਸੀ, ਇਹ ਉਹੋ ਪੂਜਾ ਕਰਵਾਉਣ ਲੱਗੇ। ਗੁਰੂ ਅਤੇ ਸਿੱਖ ਦੇ ਵਿਚਕਾਰ ਇਹ ਤੀਜੀ ਧਿਰ ਬਣ ਬੈਠੇ। ਪੰਜਾਬੀ ਦੀ ਕਹਾਵਤ ਹੈ 'ਤੀਜਾ ਰਲਿਆ ਝੁੱਗਾ ਗਲਿਆ।' ਜਿਉਂ ਇਹ ਅਖੌਤੀ ਬ੍ਰਹਮਗਿਆਨੀਆ ਦੀ ਲਾਈਨ ਲੱਗੀ, ਅਜੇ ਤਕ ਨਹੀਂ ਟੁੱਟੀ। ਕੋਈ ਟਕਸਾਲੀ ਹੋਣ ਦਾ ਦਾਅਵਾ ਕਰਦਾ ਹੈ, ਕੋਈ ਸੰਪਰਦਾਈ ਹੋਣ ਦਾ ਦਾਅਵਾ ਕਰਦਾ ਹੈ। ਇਸ ਲੋਕ ਦਾ ਪਤਾ ਕੱਖ ਨਹੀਂ, ਇਹ ਤਿੰਨਾਂ ਲੋਕਾਂ ਦੀਆਂ ਗੱਲਾਂ ਕਰਦੇ ਹਨ। ਇਨ੍ਹਾਂ ਦੀਆਂ ਹੱਥ ਲਿਖਤਾਂ ਗੁਰਬਾਣੀ, ਗੁਰਮਤਿ ਸਿਧਾਂਤਾਂ ਦਾ ਸ਼ਰੇਆਮ ਮਖੌਲ ਉਡਾ ਰਹੀਆਂ ਹਨ। ਇਨ੍ਹਾਂ ਦੇ ਸਾਹਮਣੇ ਇਨ੍ਹਾਂ ਦੀ ਰੀਸ ਦੀ ਉਪਜ ਥਾਂ-ਥਾਂ ਦੇਹਧਾਰੀ ਗੁਰੂ ਪੈਦਾ ਹੋ ਗਏ। 'ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਕਈ ਥਾਈਂ ਅਗਨ ਭੇਟ ਹੋ ਗਏ। 90 ਫੀਸਦੀ ਸਿੱਖ ਨੌਜਵਾਨ ਮੋਨੇ ਹੋ ਗਏ। ਘਰ ਘਰ ਗੁਰਬਾਣੀ ਦਾ ਗੁਟਕਾ ਨਹੀਂ ਪਹੁੰਚਿਆ, ਟੀ.ਵੀ. ਘਰ ਘਰ ਪਹੁੰਚ ਗਏ। ਇਨ੍ਹਾਂ ਦੇ ਸਾਹਮਣੇ ਸਿੱਖ ਕਹਾਉਣ ਵਾਲੇ ਵੀ ਜਾਤ-ਪਾਤ, ਸੁੱਚ-ਭਿੱਟ, ਵਹਿਮ-ਭਰਮ, ਫੋਕੀਆਂ ਰੀਤੀਆਂ ਕਰ ਰਹੇ ਹਨ। ਨੰਗੇ ਨਾਚ ਅਖਾੜੇ ਲੱਗ ਰਹੇ ਹਨ। ਪੰਥਕ ਏਕਤਾ ਖੇਰੂੰ-ਖੇਰੂੰ ਹੋਈ ਪਈ ਹੈ। 'ਧੰਨ ਗੁਰੂ ਗ੍ਰੰਥ ਸਾਹਿਬ' ਦੁਕਾਨਾਂ ਤੇ ਵਿਕ ਰਹੇ ਹਨ। ਗੁਰਦਵਾਰਿਆਂ ਵਿਚ ਵੜਿਆ ਪੁਜਾਰੀਵਾਦ ਮਨਮਰਜ਼ੀਆਂ ਕਰਦਾ ਹੋਇਆ ਸਿਆਸੀ ਬੰਦਿਆਂ ਦੇ ਹੱਥਾਂ ਵਿਚ ਵਿਕ ਗਿਆ ਹੈ। ਕਿਰਤ ਕਰਕੇ ਵੰਡ ਖਾਣ ਵਾਲੇ ਗੁਰੂ ਹੁਕਮ ਦੇ ਉਲਟ ਇਹ ਡੇਰੇਦਾਰ ਅਤੇ ਪੁਜਾਰੀਵਾਦ ਗੋਲਕਾਂ, ਚੜ੍ਹਾਵੇ ਖਾ ਰਹੇ ਹਨ। ਗੁਰੂ ਪੰਥ ਦੇ ਭਲੇ ਵਾਸਤੇ ਕਿਸੇ ਇਕ ਵੀ ਸੰਤ ਦੀ ਅਵਸਥਾ ਅਤੇ ਅੰਤਰ-ਯਾਮਤਾ ਨੇ ਕੰਮ ਨਹੀਂ ਕੀਤਾ। ਅਗਿਆਨੀ ਮਾਲੀਆਂ ਨੇ ਇਹਨਾਂ ਭੂਤਰੇ ਹੋਏ ਸਾਨ੍ਹਾਂ ਨੇ ਗੁਰੂ ਜੀ ਦੀ ਸਿੱਖੀ ਦੇ ਬਾਗ਼ ਨੂੰ ਕਿਵੇਂ ਉਜਾੜਿਆ ? ਇਸ ਹੱਥਲੀ ਪੁਸਤਕ ਵਿਚ ਬਿਆਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਆਸ ਕਰਦਾ ਹਾਂ ਕਿ ਜੋ ਇਨ੍ਹਾਂ ਅਖੌਤੀ ਸੰਤਾਂ ਨੇ ਆਪਣੀਆਂ ਹੱਥ ਲਿਖਤਾਂ ਵਿਚ ਗੁਰਬਾਣੀ, ਗੁਰਮਤਿ ਸਿਧਾਂਤ ਨਾਲ ਵੈਰ ਕਮਾਇਆ ਹੈ, ਇਨ੍ਹਾਂ ਖੰਡ ਵਿਚ ਲਪੇਟ ਕੇ ਜ਼ਹਿਰ ਦਿੱਤਾ ਹੈ। ਪਾਠਕ ਇਹ ਪਛਾਣ ਲੈਣ। ਐਸਾ ਨਾ ਹੋਵੇ ਕਿ ਸੱਚ ਸਿੱਖ ਧਰਮ ਵੀ ਸੰਸਾਰ ਦੀ ਧਰਮ ਮੰਡੀ ਵਿਚ ਬੁੱਧ ਅਤੇ ਜੈਨ ਵਾਂਗ ਸ਼ਾਤਰ ਬ੍ਰਾਹਮਣ ਦੇ ਜਬਾੜੇ ਦੀ ਖ਼ੁਰਾਕ ਬਣ ਜਾਵੇ।

'ਹੋਈਆਂ ਭੁੱਲਾਂ ਦੀ ਖ਼ਿਮਾ' ਗੁਰੂ ਗ੍ਰੰਥ ਸਾਹਿਬ ਪਾਸੋਂ ਮੰਗਦਾ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦਾ ਨਿਮਾਣਾ ਸੇਵਕ।

ਦਾਸਰਾ

ਸੁਖਵਿੰਦਰ ਸਿੰਘ

ਦੋ ਸ਼ਬਦ

ਮਹਾਤਮਾ ਬੁੱਧ ਦੇ ਚੇਲੇ ਨੇ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ, ਬੁੱਧ ਨੂੰ ਇਕ ਸਵਾਲ ਕੀਤਾ ਸੀ, ਕਿ ਤੁਹਾਡੇ ਕੋਲ ਕੋਈ ਭੀੜ ਨਹੀਂ ਹੈ ਜਦੋਂਕਿ ਹੋਰਨਾਂ ਜੋਗੀਆਂ ਆਦਿ ਦੇ ਡੇਰਿਆਂ ਤੇ ਕਾਫ਼ੀ ਭੀੜ ਹੈ। ਕਾਰਨ ? ਮਹਾਤਮਾ ਬੁੱਧ ਨੇ ਬੜਾ ਬ-ਕਮਾਲ ਜਵਾਬ ਦਿੱਤਾ, "ਬਹੁਤ ਭੀੜ ਵਿਚ ਕੋਈ ਚੰਗੇ ਮਨੁੱਖ ਨਹੀਂ ਹੁੰਦੇ ਅਤੇ ਚੰਗਿਆਂ ਮਨੁੱਖਾਂ ਦੀ ਕਦੇ ਭੀੜ ਨਹੀਂ ਹੁੰਦੀ।" ਇਸੇ ਤਰ੍ਹਾਂ ਅੱਜ ਵੀ "ਗੁਰੂ ਗ੍ਰੰਥ ਸਾਹਿਬ ਜੀ" ਦੇ ਬਰਾਬਰ ਕਈ ਬਾਬੇ, ਸਾਧ, ਸੰਤ ਅਤੇ ਨਕਲੀ ਗੁਰੂ ਪੈਦਾ ਹੋ ਗਏ ਹਨ। ਗੁਰਮਤਿ ਦੇ ਉਲਟ ਕਈ ਕਿਸਮ ਦੀਆਂ ਇਨ੍ਹਾਂ ਸਾਧਾਂ ਸੰਤਾਂ ਨੇ ਮਨਮੱਤਾਂ, ਗੁਰਮਤਿ ਦੇ ਸਿਰਲੇਖ ਹੇਠ ਚਲਾਈਆਂ ਹੋਈਆਂ ਹਨ, ਕਾਰ ਸੇਵਾ ਦੇ ਪੜਦੇ ਥੱਲੇ ਵਾਪਾਰ ਸੇਵਾ ਹੋ ਰਹੀ ਹੈ। ਇਨ੍ਹਾਂ ਸਾਧਾਂ-ਸੰਤਾਂ ਵਲੋਂ ਸਦਾ ਇਹੀ ਕੋਸ਼ਿਸ਼ ਰਹੀ ਹੈ ਕਿ ਲੋਕ ਗੁਰਮਤਿ ਤੋਂ ਦੂਰ ਰਹਿਣ ਅਤੇ ਇਨ੍ਹਾਂ ਦੀਆਂ ਦੁਕਾਨਾਂ ਚਲਦੀਆਂ ਰਹਿਣ, ਪਰ ਗੁਰੂ ਦੇ ਸਿੱਖ ਹਮੇਸ਼ਾ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਹੋ ਕੇ ਰਹਿੰਦੇ ਹਨ। ਉਹ ਆਪਣੇ ਜੀਵਨ ਵਿਚ ਹਰ ਤਰ੍ਹਾਂ ਦੀ ਅਗਵਾਈ 'ਗੁਰੂ ਗ੍ਰੰਥ ਸਾਹਿਬ' ਤੋਂ ਲੈਂਦੇ ਹਨ, ਹੋਰ ਕਿਸੇ ਸਾਧ ਸੰਤ, ਦੇਹਧਾਰੀ ਦੇ ਡੇਰੇ ਵੱਲ ਉਹ ਝਾਕਦੇ ਵੀ ਨਹੀਂ ਹਨ। "ਜਿਨਾ ਨਾਉ ਸੁਹਾਗਣੀ ਤਿਨਾ ਝਾਕੁ ਨ ਹੋਰੁ॥" (ਪੰਨਾ 1384) ਸੋ ਇਸ ਪੁਸਤਕ ਅੰਦਰ ਹੰਸ ਬਿਰਤੀ ਰਾਹੀਂ ਝੂਠ ਅਤੇ ਸੱਚ, ਗੁਰਮਤਿ ਅਤੇ ਮਨਮਤਿ ਨਿਖੇੜੀ ਹੋਈ ਹੈ, ਇਹ ਇਕ ਸ਼ਲਾਘਾਯੋਗ ਉੱਦਮ ਹੈ, ਕੋਸ਼ਿਸ਼ ਹੋਵੇਗੀ ਕਿ ਇਸ ਪੁਸਤਕ ਨੂੰ ਹਰ ਲਾਇਬਰੇਰੀ ਅਤੇ ਹਰ ਘਰ ਅੰਦਰ ਪਹੁੰਚਾਇਆ ਜਾ ਸਕੇ।

ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ
ਦਾਸਨਿਦਾਸ

ਗੁਰਮੀਤ ਸਿੰਘ
ਗੁਰਮਤਿ ਸਿਧਾਂਤਕ ਪ੍ਰਚਾਰਕ

ਨਿੰਦਿਆ ਕਿ ਸੱਚ ?

ਸਾਧਾਂ ਸੰਤਾਂ ਨੇ ਸੁਖਮਨੀ ਸਾਹਿਬ ਵਾਲੀਆਂ ਅਸ਼ਟਪਦੀਆਂ ਦੀਆਂ ਤੁਕਾਂ ਦੇ ਆਪਣੇ ਹੱਕ ਵਿਚ, ਗਲਤ ਅਰਥ ਕਰਕੇ ਲੰਮੇ ਸਮੇਂ ਤੋਂ ਇਹ ਡਰ ਪਾਇਆ ਹੋਇਆ ਸੀ ਕਿ ਸੰਤ ਦੀ ਨਿੰਦਿਆ ਕਦੇ ਵੀ ਨਹੀਂ ਕੀਤਾ ਜਾ ਸਕਦੀ ਕਿਉਂਕਿ ਬ੍ਰਾਹਮਣ ਬਾਰੇ ਵੀ ਇਹੋ ਕਹਿੰਦੇ ਸੀ ਕਿ ਪੰਡਤ ਦੀ ਨਿੰਦਾ ਨਹੀਂ ਕਰਨੀ। ਬ੍ਰਾਹਮਣ ਕੋਈ ਚੋਰੀ, ਕੁਕਰਮ ਕਰਦਾ ਵੀ ਫੜਿਆ ਜਾਵੇ ਤਾਂ ਵੀ ਨਿੰਦਿਆ ਨਹੀਂ ਕਰਨੀ। ਸੋ ਸੰਤ ਨੇ ਇਹ ਵੀ ਗੀਤ ਬ੍ਰਾਹਮਣ ਤੋਂ ਲਈ ਹੈ। ਸਭ ਹੱਕ ਰਾਖਵੇਂ ਹਨ, ਨਿੰਦਿਆ ਨਹੀਂ ਕਰਨੀ। ਪਹਿਲਾਂ ਸਮਝੋ ਤਾਂ ਸਹੀ ਕਿ ਨਿੰਦਿਆ ਹੁੰਦੀ ਕੀ ਹੈ ? ਫੁੱਲ ਨੂੰ ਕੰਡਾ ਕਹਿਣਾ ਇਹ ਨਿੰਦਾ ਹੈ, ਕੰਡੇ ਨੂੰ ਕੰਡਾ ਕਹਿਣਾ ਇਹ ਸੱਚ ਹੈ। ਕੰਡੇ ਨੂੰ ਫੁੱਲ ਕਹਿਣਾ ਇਹ ਫੋਕੀ ਖੁਸ਼ਾਮਦ ਹੈ। ਜੋ ਨਿੰਦਿਆ ਨਾਲੋਂ ਵੀ ਭੈੜੀ ਹੈ। ਕੰਡੇ ਨੂੰ ਕੰਡਾ ਕਹਿਣਾ ਇਹ ਸੱਚ ਹੈ, ਇਹ ਕਤੱਈ ਨਿੰਦਿਆ ਨਹੀਂ ਹੈ। ਕਬੀਰ ਸਾਹਿਬ ਨੇ ਬਗਲੇ ਸੰਤਾਂ ਨੂੰ 'ਬਾਨਾਰਸ ਕੇ ਠਗ' ਆਖਿਆ ਹੈ, ਕੀ ਕਬੀਰ ਸਾਹਿਬ ਨੂੰ ਨਿੰਦਕ ਕਹੋਗੇ ? ਨੌਵੇਂ ਪਾਤਸ਼ਾਹ ਕਹਿ ਰਹੇ ਹਨ, 'ਸਾਧੋ ਮਨ ਕਾ ਮਾਨੁ ਤਿਆਗਉ ॥' ਸੱਚ ਆਖ ਰਹੇ ਹਨ।

ਅਜੋਕੇ ਸੰਤ, ਇਕ ਦੂਜੇ ਨਾਲ ਲੜਨ ਵਾਸਤੇ ਹਥਿਆਰ ਚੁੱਕੀ ਫਿਰਦੇ ਹਨ। ਅਜੋਕੇ ਸੰਤ, ਸਿਆਸੀ ਲੀਡਰਾਂ ਨੂੰ ਡੇਰਿਆਂ ਵਿਚ ਸੱਦ ਕੇ ਉਦਘਾਟਨ ਕਰਵਾ ਰਹੇ ਹਨ, ਸਿਰੋਪੇ ਦੇ ਰਹੇ ਹਨ, ਅਜੋਕੇ ਸੰਤ ਸਿਆਸੀ ਲੀਡਰਾਂ ਨੂੰ ਠੱਗੀਆਂ ਮਾਰਨ ਵਾਸਤੇ ਅਸੀਸਾਂ ਦੇ ਰਹੇ ਹਨ। ਚੰਗੇ ਚੜ੍ਹਾਵੇ ਚੜ੍ਹਾਉਣ ਵਾਲਿਆਂ ਨੂੰ ਸਪੈਸ਼ਲ ਲੰਗਰ ਖੁਵਾਉਂਦੇ ਹਨ। ਅਜੋਕੇ ਸੰਤ ਆਪਣੇ ਡੇਰਿਆਂ ਵਿਚ ਭੰਗ, ਪੋਸਤ, ਅਫ਼ੀਮਾਂ ਵਰਤਾ ਕੇ ਭੋਲੇ ਭਾਲੇ ਲੋਕਾਂ ਨੂੰ ਨਸ਼ੱਈ ਬਣਾਉਣ ਦੀ ਸੇਵਾ ਬੜੀ ਤਨਦੇਹੀ ਨਾਲ ਨਿਭਾ ਰਹੇ ਹਨ। ਅਜੋਕੇ ਸੰਤ, ਹਿੰਦੂ ਮੱਤ ਵਾਲੀ ਦਰਗਾਹ ਅਤੇ ਨਰਕ, ਸਵਰਗ ਵੀ ਗਰੁੜ ਪੁਰਾਣ ਵਾਲੇ ਹੀ ਪ੍ਰਚਾਰ ਰਹੇ ਹਨ। ਐਸੇ ਅਖੌਤੀ ਸੰਤਾਂ ਦੇ ਵਿਰੁੱਧ ਲਿਖਤਾਂ ਲਿਖਣੀਆਂ, ਪ੍ਰਚਾਰ ਕਰਨਾ ਬਿਲਕੁਲ ਨਿੰਦਿਆ ਨਹੀਂ ਹੈ। ਇਹ ਸੱਚ ਹੈ, ਸੋ ਖੋਜ ਭਰਪੂਰ ਇਹ ਪੁਸਤਕ ਹਰ ਘਰ ਅਤੇ ਲਾਇਬਰੇਰੀ ਦਾ ਸ਼ਿੰਗਾਰ ਬਣੇਗੀ।

ਦਾਸਰਾ
ਗੁਰਸਾਬ ਸਿੰਘ
ਖ਼ਾਲਸਾ ਪੰਚਾਇਤ, ਸਭਰਾ

ਕਿਤਾਬੀ ਕੀੜੇ ਕਿ ਸੱਚੇ ਸੇਵਕ

ਆਮ ਸੰਤਾਂ ਦੀਆਂ ਸਟੇਜਾਂ ਤੇ ਪੰਥ ਦਰਦੀ ਵੀਰਾਂ ਨੂੰ ਕਿਤਾਬੀ ਕੀੜੇ ਕਿਹਾ ਜਾਂਦਾ ਹੈ। ਪਰ ਸੱਚ ਜਾਣਿਉ ਜੇ ਇਹ ਸਿੰਘ, ਵਿਵੇਕਸ਼ੀਲ ਅਕਲ ਨਾਲ ਗੁਰਬਾਣੀ ਸਿਧਾਂਤ ਸਮਝਣ ਦੀ ਕੋਸ਼ਿਸ਼ ਨਾ ਕਰਦੇ ਤਾਂ ਪਤਾ ਨਹੀਂ ਕੀ ਦਾ ਕੀ ਕੁਝ ਹੋਰ ਦਾ ਹੋਰ ਹੋ ਜਾਂਦਾ। ਸਾਖੀ ਉਹ ਹੀ ਸੱਚੀ ਹੈ ਜਿਹੜੀ ਗੁਰਮਤਿ ਸਿਧਾਂਤ ਨਾਲ ਮੇਲ ਖਾਂਦੀ ਹੈ। ਬਾਕੀ ਹਿੰਦੂ ਮੱਤ ਦੀਆਂ ਮਿਥਹਾਸਕ ਕਹਾਣੀਆਂ ਹਨ ਜੋ ਅਨਜਾਣ ਸਿੱਖ ਲਿਖਾਰੀਆਂ ਨੇ ਲਿਖ ਕੇ ਸਿੱਖ ਇਤਿਹਾਸ ਮਿਲਗੋਭਾ ਬਣਾਂ ਕੇ ਰੱਖ ਦਿੱਤਾ ਹੈ। ਗੁਰਮਤਿ ਦੇ ਖੋਜੀ ਦੁੱਧ ਅਤੇ ਪਾਣੀ ਨੂੰ ਨਿਤਾਰ ਦਿੰਦੇ ਹਨ। ਗੁਰਮੁਖਾਂ ਨੂੰ ਗੁਰਬਾਣੀ ਵਿਚ ਹੰਸ ਆਖਿਆ ਹੈ। ਮੱਖੀ ਤੇ ਮੱਖੀ ਮਾਰੀ ਜਾਣੀ ਸਿੱਖੀ ਨਹੀਂ ਹੈ। ਸਿੱਖੀ ਬਹੁਤ ਹੀ ਮਹਿੰਗੇ ਮੁੱਲ ਮਿਲੀ ਹੈ ਜਿਸਨੂੰ ਅਜੋਕੇ ਸੰਤ, ਧਾਰਮਿਕ ਲੀਡਰ ਆਦਿ ਕੌਡੀਆਂ ਦੇ ਭਾਅ ਵੇਚੀ ਜਾ ਰਹੇ ਹਨ।

ਸਿੱਖ ਨੌਜਵਾਨ ਨਾਈਆਂ ਦੀਆਂ ਦੁਕਾਨਾਂ ਤੇ ਜਾ ਕੇ 10-12 ਰੁਪਏ ਵਿਚ ਸਿੱਖੀ ਸਰੂਪ ਵੇਚ ਆਉਂਦੇ ਹਨ। ਸਾਰੇ ਪਾਸੇ ਗੁਰਦਵਾਰਿਆਂ ਵਿਚ ਵੀ ਗੋਲਕ ਚੋਰ ਬੈਠੇ ਹਨ, ਕੂੜ, ਠੱਗੀ, ਵੱਢੀ-ਟੱਕੀ ਪ੍ਰਧਾਨ ਹੈ। ਗੁਰਦਵਾਰੇ ਵਿਚ ਬੈਠਾ ਗ੍ਰੰਥੀ ਗੋਲਕ ਵੱਲ ਝਾਕ ਰਿਹਾ ਹੈ, ਡੇਰੇ ਵਿਚ ਬੈਠਾ ਸੰਤ ਗੋਲਕ ਵੱਲ ਨਿਗ੍ਹਾ ਰਖਦਾ ਹੈ, ਗੁਰੂ ਵੱਲ ਨਹੀਂ। ਗੁਰਦਵਾਰੇ ਵਿਚ ਬੈਠਾ ਗ੍ਰੰਥੀ ਗੁਰੂ ਨੂੰ ਖੁਸ਼ ਕਰਨ ਦੀ ਬਜਾਏ ਸੰਗਤ ਨੂੰ ਖੁਸ਼ ਕਰ ਰਿਹਾ ਹੈ ਕਿਉਂਕਿ ਰੋਟੀ ਰੋਜ਼ੀ ਥੱਲੇ ਨੱਪਿਆ ਹੋਇਆ ਹੈ। ਕਈਆਂ ਦੀ ਨਿਗ੍ਹਾ ਵਿਚ, ਜੋ ਪਲੰਘਿਆਂ ਤੇ ਬੈਠ ਕੇ ਅੱਖਾਂ ਮੀਟ ਕੇ ਦਿਖਾਉਂਦੇ ਹਨ ਉਨ੍ਹਾਂ ਦੀ ਅਵਸਥਾ ਗਿਣਦੇ ਹਨ ਜਿਹੜੇ ਸਿੱਖ ਗੁਰਮਤਿ ਦੇ ਧਾਰਨੀ ਹਨ, ਪਾਖੰਡ ਨਹੀਂ ਕਰਦੇ, ਹੱਥੀਂ ਕਿਰਤ ਕਰਕੇ ਖਾਂਦੇ ਹਨ, ਝੂਠ ਦੇ ਖ਼ਿਲਾਫ਼, ਪਖੰਡਾਂ, ਕਰਮਕਾਂਡਾਂ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਇਹ ਕਿਤਾਬੀ ਕੀੜੇ ਕਹਿੰਦੇ ਹਨ।

ਕੋਈ ਬਹੁਤ ਚਿਰ ਨਹੀਂ ਹੋਇਆ। ਬੜੋਦੇ ਵਿਚ ਮਹਾਤਮਾ ਗਾਂਧੀ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਇਕ ਭੁੱਲੇ ਹੋਏ ਰਹਿਬ ਰ ਸਨ, ਉਨ੍ਹਾਂ ਨੂੰ ਤਲਵਾਰ ਨਹੀਂ ਸੀ ਚੁੱਕਣੀ ਚਾਹੀਦੀ। ਸੰਤ ਕੇ ਹਾਥ ਖ਼ੂਨ ਸੇ ਰੰਗੇ ਹੋਨੇ ਨਹੀਂ ਚਾਹੀਏ। ਸੋ ਇਹ ਅਖੌਤੀ ਵਿਦਵਾਨ ਵੀ ਜਿਹੜੇ ਕਹਿੰਦੇ ਸੰਤਾਂ ਦੀ ਅਸਵਥਾ ਹੁੰਦੀ ਹੈ, ਇਨ੍ਹਾਂ ਸੰਤਾਂ

ਨੇ ਵੀ ਮਹਾਤਮਾ ਗਾਂਧੀ ਦਾ ਕਿਹਾ ਸੁਣਿਆ, ਪਰ ਮੱਥੇ ਟਿਕਾਉਣ ਵਾਲਿਆਂ ਦੀ ਕੋਹੀ ਹਿੰਮਤ ਨਾ ਪਈ ਕਿ ਮਹਾਤਮਾ ਗਾਂਧੀ ਨੂੰ ਕੁਝ ਜਵਾਬ ਦੇ ਸਕਣ। ਕਿਉਂਕਿ ਸੰਤਾਂ ਨੇ ਤਾਂ ਜਲੇਬਾਂ ਦੇ ਲੰਗਰ ਲਾਏ ਹੋਏ ਹਨ, ਕਿਸੇ ਨੇ ਸੇਵਾ ਵਾਲੀ ਟੋਕਰੀ ਵਿਚੋਂ ਰੱਬ ਨੂੰ ਪਾ ਲਿਆ ਹੈ। ਇਨ੍ਹਾਂ ਨੂੰ ਕੀ ਲੋੜ ਸੀ ਕਿ ਮਹਾਤਮਾ ਗਾਂਧੀ ਦੇ ਖ਼ਿਲਾਫ਼ ਜ਼ਬਾਨ ਖੋਲਦੇ। ਇਨ੍ਹਾਂ ਨੂੰ ਇਹ ਵੀ ਪਤਾ ਕਰਨ ਦੀ ਕੋਈ ਲੋੜ ਨਹੀਂ ਕਿ ਕਿਸੇ ਨੇ ਗੁਰੂਆਂ ਦੇ ਖ਼ਿਲਾਫ਼ ਕੀ ਬੋਲਿਆ ਹੈ। ਆਰ.ਐਸ.ਐਸ. ਕੀ ਕਰ ਰਹੀ ਹੈ ? ਉਸਦੇ ਵਿਰੋਧ ਵਿਚ ਅਸੀਂ ਕੀ ਕਰਨਾ ਹੈ ? ਇਨ੍ਹਾਂ ਦੀ ਸਿੱਖੀ ਕੇਵਲ ਲੰਗਰ ਵਿਚ ਹੀ ਹੈ। ਇਨ੍ਹਾਂ ਦੀ ਸਿੱਖੀ ਕੇਵਲ ਸੇਵਾ ਵਾਲੀ ਟੋਕਰੀ ਵਿਚ ਹੀ ਹੈ। ਜਿਹੜੇ ਗੁਰੂਆਂ ਨੇ ਸਿੱਖੀ ਸ਼ਾਨ ਵਾਸਤੇ ਆਪਣੇ ਬੱਚੇ ਕੁਰਬਾਨ ਕਰ ਦਿੱਤੇ। ਗੁਰੂਆਂ ਦੇ ਪਰਉਪਕਾਰਾਂ ਦਾ ਕਰਜ਼ਾ ਕੇਵਲ ਲੰਗਰ ਲਾ ਕੇ ਨਹੀਂ ਲਾਹਿਆ ਜਾ ਸਕਦਾ। ਕੇਵਲ ਗੁਰਦੁਆਰੇ ਉਸਾਰ ਕੇ ਨਹੀਂ ਲਾਹਿਆ ਜਾ ਸਕਦਾ। ਡੇਰਾ ਬਣਾ ਕੇ, ਅਖੌਤੀ ਵਜ਼ੀਰਾਂ ਨੂੰ ਸਿਰੋਪੇ ਦੇ ਕੇ ਨਹੀਂ ਲਾਹਿਆ ਜਾ ਸਕਦਾ।

ਸੋ ਜਦ ਮਹਾਤਮਾ ਗਾਂਧੀ ਦੇ ਕੁਬੋਲ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਕੰਨੀਂ ਪਏ ਤਾਂ ਘਰ ਵਿਚ ਇਕ ਰਾਤ ਵੀ ਕੱਟਣੀ ਔਖੀ ਹੋ ਗਈ। ਸਵੇਰੇ ਹੀ ਕਿਰਾਇਆ ਕੋਲ ਲੈ ਕੇ ਬੜੋਦੇ ਨੂੰ ਚੱਲ ਪਏ। ਉਥੋਂ ਪਤਾ ਲੱਗਾ ਕਿ ਮਹਾਤਮਾ ਗਾਂਧੀ ਅਹਿਮਦਾਬਾਦ ਗਿਆ ਹੈ, ਉਥੇ ਮਗਰੇ ਹੀ ਗਏ, ਜਾ ਕੇ ਮਿਲੇ ਤਾਂ ਮਹਾਤਮਾ ਗਾਂਧੀ ਨੇ ਆਉਣ ਦਾ ਕਾਰਣ ਪੁੱਛਿਆ। ਪ੍ਰਿੰਸੀਪਲ ਗੰਗਾ ਸਿੰਘ ਕਹਿੰਦੇ ਕਿ ਤੁਸੀਂ ਦਸਵੇਂ ਪਾਤਸ਼ਾਹ ਬਾਰੇ ਅਪਮਾਨਜਨਕ ਸ਼ਬਦ ਕਹੇ ਹਨ, ਮੈਂ ਜਵਾਬ ਦੇਣ ਆਇਆ ਹਾਂ। ਤੁਸੀਂ ਜਿਸ ਗੀਤਾ ਨੂੰ ਮਾਂ ਕਹਿੰਦੇ ਹੋ, ਇਸਦਾ ਜਨਮ ਕਿਥੇ ਹੋਇਆ ਸੀ ? ਪਤਾ ਹੈ ? ਇਸਦਾ ਜਨਮ ਜੰਗ ਦੇ ਮੈਦਾਨ ਵਿਚ ਹੋਇਆ ਸੀ। ਅਰਜੁਨ ਨੇ ਧਨੁਸ਼ਬਾਣ ਸੁੱਟ ਦਿੱਤਾ ਸੀ ਕਿ ਭਗਵਾਨ ਮੈਂ ਨਹੀਂ ਲੜਾਂਗਾ, ਕਿਉਂਕਿ ਅਗਲੇ ਪਾਸੇ ਮੇਰੇ ਚਾਚੇ ਤਾਏ ਹਨ, ਇਨ੍ਹਾਂ ਨੂੰ ਮਾਰ ਕੇ ਰਾਜ ਲੈਣਾ ਮੇਰੇ ਵਾਸਤੇ ਲਾਹਨਤ ਹੈ, ਤਾਂ ਕ੍ਰਿਸ਼ਨ ਕਹਿੰਦੇ ਕਿ ਆਪਣੇ ਹੀ ਸਰੀਰ ਤੇ ਫੋੜਾ ਨਿਕਲ ਆਵੇ ਤਾਂ ਚੀਰਨਾ ਪੈਂਦਾ ਹੈ। ਇਹ ਦਰੋਣਾਚਾਰਿਆ ਵਰਗੇ ਸਾਰੇ ਫੋੜੇ ਹਨ, ਚੀਰ ਦੇ ਇਨ੍ਹਾਂ ਨੂੰ। ਕ੍ਰਿਸ਼ਨ ਦੇ ਕਹਿਣ ਤੇ ਅਰਜੁਨ ਨੇ ਧੁਨਸ਼ਬਾਣ ਚੁੱਕ ਲਿਆ। ਮਹਾਂਭਾਰਤ ਦਾ ਜੰਗ ਹੋਇਆ, ਲੱਖਾਂ ਬੰਦੇ ਮਾਰੇ ਗਏ। ਇਹ ਲੱਖਾਂ ਬੰਦਿਆਂ ਦੀ ਕਾਤਲ ਗੀਤਾ ਨੂੰ ਤੁਸੀਂ ਮਾਂ ਕਹਿੰਦੇ ਹੋ। ਕ੍ਰਿਸ਼ਨ ਸੁਦਰਸ਼ਨ ਚੱਕਰ ਰੱਖਦਾ ਹੈ, ਤੁਹਾਨੂੰ ਪ੍ਰਵਾਨ, ਸ਼ਿਵਜੀ ਤ੍ਰਿਸ਼ੂਲ ਰੱਖਦਾ ਹੈ ਤੁਹਾਨੂੰ ਪ੍ਰਵਾਨ, ਹਨੂੰਮਾਨ ਗਦਾ ਰਖਦਾ ਹੈ ਤੁਹਾਨੂੰ ਪ੍ਰਵਾਨ, ਪਰਸਰਮਾ ਕੁਹਾੜਾ ਰੱਖਦਾ ਹੈ ਤੁਹਾਨੂੰ ਪ੍ਰਵਾਨ, ਰਾਮ ਚੰਦਰ ਧਨੁਸ਼ਬਾਣ ਰੱਖਦਾ ਹੈ ਤੁਹਾਨੂੰ ਪ੍ਰਵਾਨ, ਪਰ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਵਾਸਤੇ, ਹਿੰਦੂ ਬਹੂ-ਬੇਟੀਆਂ ਨੂੰ ਜਰਵਾਣਿਆਂ ਹੱਥੋਂ ਛੁਡਾਉਣ ਵਾਸਤੇ, ਜ਼ੁਲਮ ਦੇ ਟਾਕਰੇ ਵਾਸਤੇ, ਜ਼ਾਬਰਾਂ ਨੂੰ ਨੱਥ ਪਾਉਣ ਵਾਸਤੇ, ਮਜਲੂਮ ਦੀ ਰਖਿਆ ਵਾਸਤੇ, ਹਰ ਪਾਸੇ ਸੱਚ

ਦੀ ਜੈਕਾਰ ਵਾਸਤੇ, ਦਸਵੇਂ ਪਾਤਸ਼ਾਹ ਨੇ ਸ਼ਸਤਰ ਚੁੱਕੇ ਤਾਂ ਤੁਹਾਨੂੰ ਇਤਰਾਜ਼ ਕਿਸ ਗੱਲ ਦਾ ਹੈ ? ਕੀ ਇਹ ਅਕ੍ਰਿਤਘਣਤਾ ਦੀ ਇੰਤਹਾ ਨਹੀਂ ? ਸੋ ਮਹਾਤਮਾ ਗਾਂਧੀ ਨੂੰ ਅਖ਼ਬਾਰਾਂ ਵਿਚ ਮੁਆਫ਼ੀ ਮੰਗਣੀ ਪਈ ਸੀ। ਧੰਨਵਾਦ ਐਸੇ ਗੁਰੂ ਕੇ ਸਿੰਘਾਂ ਦਾ। ਇਸ ਤਰ੍ਹਾਂ ਤਸੱਲੀਆ ਕਰਾਉਂਦੇ ਹਨ ਕਿਤਾਬੀ ਕੀੜੇ।

ਗੋਲ ਪੱਗਾਂ ਵਾਲੇ, ਚਿੱਟੇ ਚੋਲਿਆਂ ਵਾਲੇ, ਲੰਗਰ ਖਾ ਕੇ ਸੁੱਤੇ ਰਹਿੰਦੇ ਹਨ, ਸਿੱਖ ਕੌਮ ਅੰਦਰ ਜਿੰਨਾ ਵੀ ਆਲਸ ਅਤੇ ਦਲਿੱਦਰ ਹੈ, ਇਹ ਸਾਰਾ ਇਨ੍ਹਾਂ ਸੰਤਾਂ ਦਾ ਹੀ ਪੈਦਾ ਕੀਤਾ ਹੋਇਆ ਹੈ। ਇਹ 50-50 ਲੱਖ ਦੀਆਂ ਕਾਰਾਂ ਤੇ ਘੁੰਮਦੇ ਹਨ। ਕਈ ਕੱਲ ਦੇ ਜੰਮੇ ਛੋਕਰੇ ਸੰਤ ਬਣ ਬਣ ਕੇ ਸਾਡੇ ਸਾਹਮਣੇ ਆ ਰਹੇ ਹਨ। ਇਹ ਸਾਰਾ ਟੋਲਾ ਸਿੱਖ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ ਦਾ ਮਖੌਲ ਉਡਾ ਰਿਹਾ ਹੈ।

ਇਨ੍ਹਾਂ ਸੰਤਾਂ ਦੀਆਂ ਸਟੇਜਾਂ ਤੇ ਗੁਰਸਿੱਖਾਂ ਨੂੰ ਕਿਤਾਬੀ ਕੀੜੇ ਆਖਿਆ ਜਾਂਦਾ ਹੈ। ਇਨ੍ਹਾਂ ਦੀਆਂ ਸਟੇਜਾਂ ਤੇ 'ਸੰਤ ਕੀ ਮਹਿਮਾ ਬੇਦ ਨ ਜਾਨਹਿ' ਕੇਵਲ ਇਨ੍ਹਾਂ ਪੰਗਤੀਆਂ ਦੀ ਹੀ ਵਿਆਖਿਆ ਕੀਤੀ ਜਾਂਦੀ ਹੈ ਕਿ ਇਨ੍ਹਾਂ ਸੰਤਾਂ ਦੀ ਮਹਿਮਾ ਤਾਂ ਬੇਦ ਵੀ ਨਹੀਂ ਜਾਣ ਸਕਦੇ। ਇਨ੍ਹਾਂ ਨੂੰ ਕੌਣ ਦੱਸੇ ਕਿ ਇਹ ਤੁਹਾਡੇ ਵਾਸਤੇ ਨਹੀਂ ਹੈ, ਇਥੇ 'ਸੰਤ' ਦਾ ਅਰਥ 'ਗੁਰੂ ਗ੍ਰੰਥ ਸਾਹਿਬ' ਹੀ ਹੈ। ਜਿਵੇਂ ਸਾਰੰਗ ਕੀ ਵਾਰ ਵਿਚ ਲਿਖਿਆ ਹੈ ਕਿ 'ਗੁਰ ਕੀ ਮਹਿਮਾ ਬੇਦ ਨ ਜਾਨਹਿ॥' ਅਤੇ ਮਾਰੂ ਸੋਲਹੇ ਅੰਦਰ ਲਿਖਿਆ ਹੈ, 'ਗੁਰ ਕੀ ਮਹਿਮਾ ਬੇਦ ਨ ਜਾਨਹਿ॥' (ਪੰਨਾ 1078) ਇਹ ਗੁਰ ਕੀ ਮਹਿਮਾ ਵਾਲੇ ਬਚਨ ਕਦੇ ਵੀ ਕਿਸੇ ਸੰਤ ਨੇ ਸਟੇਜ ਤੇ ਨਹੀਂ ਸੁਣਾਏ ਕਿਉਂਕਿ ਇਹ ਗੁਰੂ ਨੂੰ ਪਿੱਛੇ ਕਰਕੇ ਆਪ ਅੱਗੇ ਲੱਗੇ ਹੋਏ ਹਨ। ਕਈਆਂ ਨੇ ਲੇਬਲ ਤਾਂ ਅਜੇ ਨਹੀਂ ਲਾਇਆ ਪਰ ਕੰਮ ਉਨ੍ਹਾਂ ਦੇ ਸਾਰੇ ਗੁਰੂਆਂ ਵਾਲੇ ਹੀ ਹਨ। ਇਹ ਸੰਤ ਹੱਥੀਂ ਕਿਰਤ ਨਹੀਂ ਕਰਦੇ, ਪੂਜਾ ਦੇ ਧਾਨ ਉਪਰ ਜੀਵਨ ਨਿਰਬਾਹ ਕਰਦੇ ਹਨ। ਇਸ ਸਾਰੀ ਸ਼੍ਰੇਣੀ ਨੂੰ ਪੁਜਾਰੀ ਸ਼੍ਰੇਣੀ ਕਿਹਾ ਜਾਂਦਾ ਹੈ। ਹਮੇਸ਼ਾ ਇਹ ਵੇਖਿਆ ਗਿਆ ਹੈ ਕਿ ਇਹ ਪੁਜਾਰੀ ਸ਼੍ਰੇਣੀ ਬੜੇ ਕਮਜ਼ੋਰ ਦਿਲ ਗੁਰਦੇ ਦੀ ਮਾਲਕ ਹੁੰਦੀ ਹੈ। ਹਾਕਮ ਦਾ ਪੱਲਾ ਫੜਕੇ ਚੱਲਣ ਵਿਚ ਮਾਣ ਮਹਿਸੂਸ ਕਰਦੀ ਹੈ ਅਤੇ ਧਰਮ ਦਾ ਬੁਰਕਾ ਪਾ ਕੇ ਕਰਮ ਕਾਂਡਾਂ, ਵਹਿਮਾਂ ਭਰਮਾਂ, ਫੋਕੇ ਰੀਤੀ ਰਿਵਾਜਾਂ ਨੂੰ ਲੋਕਾਂ ਅੰਦਰ ਪ੍ਰਚਾਰਦੀ ਹੈ। ਇਸ ਤੋਂ ਕਦੇ ਵੀ ਅੱਜ ਤਕ ਸੱਚ ਦੀ ਆਸ ਨਹੀਂ ਰਖੀ ਗਈ।

ਸੋ ਇਹ ਪੁਸਤਕ ਨਿਰਪੱਖ ਰਹਿ ਕੇ ਲਿਖੀ ਗਈ ਹੈ। ਖੋਜ ਭਰਪੂਰ ਇਹ ਪੁਸਤਕ ਸਿੱਖ ਸੰਗਤਾਂ ਵਾਸਤੇ ਇਕ ਲਾਹੇਵੰਦ ਸੌਗਾਤ ਸਾਬਤ ਹੋਵੇਗੀ। ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਹੋਇਆਂ ਇਸ ਪੁਸਤਕ ਨੂੰ ਘਰਾਂ ਅਤੇ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣਾ ਲੈਣਾ ਚਾਹੀਦਾ ਹੈ।

ਦਾਸਨ ਦਾਸ

ਬੋਹੜ ਸਿੰਘ ਫੌਜੀ

ਸੰਪ੍ਰਦਾਈ ਪ੍ਰਣਾਲੀ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ

ਭਾਈ ਮਨੀ ਸਿੰਘ ਜੀ ਸ਼ਹੀਦ ਬਾਬਾ ਦੀਪ ਸਿੰਘ ਜੀ ਸ਼ਹੀਦ

ਭਾਈ ਦੀਵਾਨ ਸਿੰਘ ਜੀ ਭਾਈ ਗੁਰਦਿਆਲ ਸਿੰਘ ਜੀ ਭਾਈ ਗੁਰਬਖ਼ਸ਼ ਸਿੰਘ ਜੀ

ਭਾਈ ਅਮਰ ਸਿੰਘ ਜੀ ਭਾਈ ਸੂਰਤ ਸਿੰਘ ਭਾਈ ਕੌਲ ਸਿੰਘ ਜੀ

ਭਾਈ ਰਾਮ ਸਿੰਘ ਜੀ ਭਾਈ ਗੁਰਦਾਸ ਸਿੰਘ ਜੀ ਭਾਈ ਜੱਸਾ ਸਿੰਘ ਜੀ

ਭਾਈ ਚੰਦਾ ਸਿੰਘ ਜੀ ਭਾਈ ਸੰਤ ਸਿੰਘ ਜੀ

ਭਾਈ ਹਜ਼ਾਰਾ ਸਿੰਘ ਸੰਤ ਦਯਾ ਸਿੰਘ ਜੀ

ਡਾ. ਭਾਈ ਵੀਰ ਸਿੰਘ ਜੀ ਸੰਤ ਭਗਵਾਨ ਸਿੰਘ ਜੀ

ਸੰਤ ਹਰਨਾਮ ਸਿੰਘ ਜੀ ਬੇਦੀ ਸੰਤ ਫਤੇ ਚੰਦ ਜੀ (ਸ਼ਾਹ ਜੀਵਣੇ ਵਾਲੇ) ਸੰਤ ਅਮੀਰ ਸਿੰਘ ਜੀ (ਗਲੀ ਸਤੋ ਵਾਲੀ, ਅੰਮਿ.)

ਸੰਤ ਸੰਗਤ ਸਿੰਘ ਜੀ (ਸ਼ਾਹ ਜੀਵਣੇ ਵਾਲੇ) ਸੰਤ ਕਿਰਪਾਲ ਸਿੰਘ ਜੀ (ਗਲੀ ਸਤੋ ਵਾਲੀ, ਅੰਮਿ.)

ਸੰਤ ਬਿਸ਼ਨ ਸਿੰਘ ਜੀ (ਮੁਰਾਲੇ ਵਾਲੇ) ਸੰਤ ਕਰਤਾਰ ਸਿੰਘ ਜੀ (ਮਾਡਲ ਟਾਊਨ, ਪਟਿਆਲਾ) ਸੰਤ ਮੱਖਣ ਸਿੰਘ ਜੀ (ਅੱਜ ਕਲ੍ਹ)

ਸੰਤ ਸੁੰਦਰ ਸਿੰਘ ਜੀ (ਮੁਰਾਲੇ ਵਾਲੇ) ਸੰਤ ਭਾਗ ਸਿੰਘ ਜੀ (ਠੱਟੇ ਟਿੱਬੇ ਵਾਲੇ)

ਸੰਤ ਗਿ. ਗੁਰਬਚਨ ਸਿੰਘ ਜੀ 'ਖ਼ਾਲਸਾ' (ਭਿੰਡਰਾਂ ਵਾਲੇ) ਸੰਤ ਜਗਤ ਸਿੰਘ ਜੀ (ਠੱਟੇ ਟਿੱਬੇ ਵਾਲੇ)

ਸੰਤ ਗਿ. ਕਰਤਾਰ ਸਿੰਘ ਜੀ 'ਖ਼ਾਲਸਾ' (ਜਥਾ ਭਿੰਡਰਾਂ ਮਹਿਤਾ) ਸੰਤ ਕਰਤਾਰ ਸਿੰਘ ਜੀ (ਠੱਟੇ ਟਿੱਬੇ ਵਾਲੇ)

ਸੰਤ ਗਿ. ਜਰਨੈਲ ਸਿੰਘ ਜੀ 'ਖ਼ਾਲਸਾ' (ਜਥਾ ਭਿੰਡਰਾਂ ਮਹਿਤਾ)

ਲੱਖਾਂ ਨੂੰ ਅੰਮ੍ਰਿਤ ਛਕਾਉਣ ਵਾਲਿਆਂ ਦਾ ਮੁਖੀ ਬੇ-ਅੰਮ੍ਰਿਤੀਆ, ਦੱਸੋ ਇਹ ਫਤੇ ਚੰਦ ਕਿਥੋਂ ਆ ਗਿਆ ? ਪਹਿਲੇ 7 ਭਾਈ ਹਨ, ਇਹ ਅੱਠਵਾਂ ਸੰਤ ਕਿਥੋਂ ਜੰਮ ਪਿਆ ?

ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਣ

'ਖਾਲਸਾ ਜੀਵਨ' ਦੇ ਪੰਨਾ 13 ਤੋਂ 17 ਤਕ ਇੰਝ ਲਿਖਿਆ ਹੈ : ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾ ਚੱਲਣ ਦੇ ਕਾਰਣ ਦਸਮ ਪਾਤਸ਼ਾਹ ਬਚਨ ਕੀਤੇ, ਸਭ ਸਿੰਘ ਗੁਰਬਾਣੀ ਨੂੰ ਸੋਧ ਕੇ, ਸਮਝਕੇ, ਵਿਚਾਰਕੇ ਅਤੇ ਚਿੱਤ ਟਿਕਾ ਕੇ ਪੜ੍ਹਿਆ ਕਰੋ। ਇਹ ਸੁਣਕੇ ਭਾਈ ਦਇਆ ਸਿੰਘ ਆਦਿ ਮੁਖੀ ਸਿੰਘਾਂ ਨੇ ਬੇਨਤੀ ਬੀਤੀ, ਹੇ ਗਰੀਬ ਨਿਵਾਜ ਜੀ, ਅਰਥਾਂ ਬਿਨਾਂ ਗੁਰਬਾਣੀ ਦੀ ਸ਼ੁੱਧੀ ਅਸ਼ੁੱਧੀ ਦਾ ਪਤਾ ਨਹੀਂ ਲੱਗਦਾ। ਤਾਂ ਹਜ਼ੂਰ ਨੇ ਕਿਹਾ ਸਿੰਘੋ! ਸਾਡਾ ਇਕਰਾਰ ਰਿਹਾ, ਹੁਣ ਤਾਂ ਜੰਗਾਂ ਯੁੱਧਾਂ ਦਾ ਵਕਤ ਹੈ, ਵਿਹਲੇ ਹੋ ਕੇ ਅਰਥ ਪੜ੍ਹਾਵਾਂਗੇ।

ਜਦੋਂ ਕਲਗੀਧਰ ਪਿਤਾ ਜੀ, ਸਰਬੰਸ ਵਾਰ ਕੇ ਮੁਕਤਸਰ ਸਾਹਿਬ ਟੁੱਟੀ ਗੰਢ ਕੇ, ਸਾਬੋ ਕੀ ਤਲਵੰਡੀ ਆਏ ਤਾਂ ਸਿੰਘਾਂ ਨੇ ਬੇਨਤੀ ਕੀਤੀ ਹਜ਼ੂਰ, ਹੁਣ ਅਰਥ ਪੜ੍ਹਾਉਣ ਦੀ ਕਿਰਪਾ ਕਰੋ, ਤਾਂ ਹਜ਼ੂਰ ਨੇ ਕਿਹਾ ਤੁਸੀਂ ਧੀਰਮੱਲ ਦੇ ਪਾਸ ਕਰਤਾਰਪੁਰ ਦੁਆਬੇ ਵਿਚ ਜਾਉ। ਪੰਜਵੇਂ ਪਾਤਸ਼ਾਹ ਨੇ ਬਾਣੀ ਦੀ ਬੀੜ ਰਚੀ ਹੈ। ਉਸ ਵਿਚ ਨੌਂਵੇਂ ਪਾਤਸ਼ਾਹ ਦੀ ਬਾਣੀ ਲਿਖਣ ਵਾਸਤੇ ਜਗ੍ਹਾ ਖਾਲੀ ਛੱਡੀ ਹੈ, ਉਹ ਸਰੂਪ ਲੈ ਆਵੋ। ਨਾਲੇ ਗੁਰਬਾਣੀ ਪੜ੍ਹਾ ਦੇਈਏ ਨਾਲੇ ਅਰਥ ਪੜ੍ਹਾ ਦੇਈਏ। ਹੁਕਮ ਮੰਨ ਕੇ 25 ਸਿੰਘ ਧੀਰ ਮੱਲ ਕਲੋ ਗਏ। ਧੀਰ ਮੱਲ ਨੇ ਉੱਤਰ ਦਿੱਤਾ ਕਿ ਦਸਵੇਂ ਪਾਤਸ਼ਾਹ ਵੀ ਉਹੋ ਸਰੂਪ ਹਨ, ਕੰਠੋਂ ਉਚਾਰ ਲੈਣ। ਮੇਰੇ ਪਾਸੋਂ ਵੱਡਿਆਂ ਦੀ ਬਖ਼ਸ਼ਿਸ਼ ਕਿਉਂ ਖੋਂਹਦੇ ਹੋ ? ਇਹ ਸੁਣ ਕੇ ਸਿੰਘਾਂ ਨੇ ਖਾਲੀ ਵਾਪਸ ਆ ਕੇ ਬੇਨਤੀ ਕੀਤੀ ਕਿ ਧੀਰ ਮੱਲ ਇਸ ਪ੍ਰਕਾਰ ਕਹਿੰਦਾ ਹੈ।

(ਭਿੰਡਰਾਂਵਾਲੀ) ਟਕਸਾਲ ਸ੍ਰੀ ਦਮਦਮਾ ਸਾਹਿਬ, ਹਜ਼ੂਰ ਨੇ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਆਪਣੀ ਪਵਿੱਤਰ ਰਸਨਾ ਤੋਂ ਸਾਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਠੋਂ ਉਚਾਰਨ ਲੱਗੇ। ਸਵੇਰੇ ਲਿਖਾਉਂਦੇ ਅਤੇ ਸ਼ਾਮ ਨੂੰ ਅਰਥ ਪੜ੍ਹਾਉਂਦੇ ਸਨ। 48 ਸਿੰਘਾਂ ਨੂੰ ਅਰਥ ਪੜ੍ਹਾਏ। ਇਸ ਪ੍ਰਕਾਰ 9 ਮਹੀਨੇ 9 ਦਿਨ ਵਿਚ ਇਹ ਕਾਰਜ ਕੀਤਾ ਅਤੇ ਸਾਰੀ ਬਾਣੀ ਨੌਂਵੇਂ ਪਾਤਸ਼ਾਹ ਜੀ ਦੀ ਬਾਣੀ ਸਮੇਂ ੧ਓ ਤੋਂ ਅਠਾਰਹ ਦਸ ਬੀਸ ਤੱਕ ਸੰਪੂਰਨ ਕੀਤੀ। ਇਕ ਲਗ ਮਾਤਰ ਦਾ ਵੀ ਫਰਕ ਸਤਿਗੁਰਾਂ ਨੇ ਨਹੀਂ ਪਾਇਆ।

ਸ੍ਰੀ ਦਸਮੇਸ਼ ਪਿਤਾ ਜੀ ਤੋਂ ਅਰਥ ਸੁਣ ਕੇ, ਇਹ ਸਾਰੇ 48 ਸਿੰਘ ਹੀ ਬ੍ਰਹਮ ਗਿਆਨ ਪਾ ਕੇ, ਜੀਵਨ ਮੁਕਤ ਤੇ ਬਿਦੇਹ-ਮੁਕਤ ਹੋ ਗਏ। ਕਿਸੇ ਨੂੰ ਸਰੀਰ ਦਾ ਚੇਤਾ ਨਾ ਰਿਹਾ। ਇਹ ਵੇਖ ਕੇ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਆਗਿਆ ਕੀਤੀ ਕਿ ਭਾਈ ਸਾਹਿਬ ਤੁਸੀਂ ਦੂਜੇ ਸਿੰਘਾਂ ਵਾਂਗ ਬਿਦੇਹ ਮੁਕਤ ਹੋ ਕੇ ਸਭ

ਕੁਝ ਛੱਡਣਾ ਨਹੀਂ, ਸਗੋਂ ਸੇਵਾ ਕਰਨੀ ਹੈ।

(ਖਾਲਸਾ ਜੀਵਨ ਪੰਨਾ 13 ਤੋਂ 17)

ਬਹੁਤੇ ਟਕਸਾਲੀ ਸਟੇਜਾਂ ਤੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ 48 ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਤਾਂ 46 ਸਿੰਘ ਸਣਦੇਹੀ ਉੱਡ ਉੱਡ ਕੇ ਸੱਚਖੰਡ ਚਲੇ ਗਏ। ਇਨ੍ਹਾਂ ਦੋਹਾਂ ਨੂੰ ਭਾਈ ਦੀਪ ਸਿੰਘ ਅਤੇ ਭਾਈ ਮਨੀ ਸਿੰਘ ਨੂੰ ਹਜ਼ੂਰ ਨੇ ਫੜ ਲਿਆ ਤੇ ਕਿਹਾ ਤੁਸੀਂ ਸੇਵਾ ਕਰਨੀ ਹੈ ਤਾਂ ਇਹਨਾਂ ਦੋਹਾਂ ਨੇ ਕਿਹਾ ਕਿ ਮਹਾਰਾਜ ਐਸੀ ਅਵਸਥਾ ਫੇਰ ਕਿਤੇ ਪਤਾ ਨਹੀਂ ਮਿਲਣੀ ਹੈ ਕਿ ਨਹੀਂ।

ਵਿਚਾਰ : ਗੁਰ ਫੁਰਮਾਨ ਹੈ - 'ਆਗੈ ਜਾਤਿ ਰੂਪੁ ਨ ਜਾਇ॥" (ਆਸਾ ਮ: 3) ਗੁਰੂ ਜੀ ਕਹਿੰਦੇ ਹਨ ਕਿ ਅੱਗੇ ਦੇਹੀ ਨਹੀਂ ਜਾ ਸਕਦੀ, ਜਾਤਿ ਵੀ ਨਹੀਂ ਜਾਂਦੀ। ਰੱਬੀ ਦਰਗਾਹ ਸੂਖ਼ਮ ਹੈ, ਉਥੇ ਸਥੂਲ ਚੀਜ਼ ਨਹੀਂ ਜਾ ਸਕਦੀ। ਇਹ ਦੇਹਾਂ ਕਿਵੇਂ ਉਡ ਗਈਆਂ ਅਤੇ ਸਿੰਘਾਂ ਨੂੰ ਗੁਰਬਾਣੀ ਅਤੇ ਦਸਵੇਂ ਪਾਤਸ਼ਾਹ ਨਾਲੋਂ ਹੋਰ ਕਿਹੜਾ ਸੱਚਖੰਡ ਪਿਆਰਾ ਸੀ ? ਗੁਰ ਫੁਰਮਾਨ ਹੈ,

ਜਬੁ ਲਗੁ ਮਨਿ ਬੈਕੁੰਠ ਕੀ ਆਸਿ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ (ਪੰਨਾ 325)
ਮਾਟੀ ਮਾਟੀ ਹੋਈ ਏਕੁ॥ (ਗੁਰੂ ਗ੍ਰੰਥ ਸਾਹਿਬ)

ਜੇ ਭਾਈ ਮਨੀ ਸਿੰਘ ਅਤੇ ਭਾਈ ਦੀਪ ਸਿੰਘ ਜੀ ਨੇ ਸੱਚਖੰਡ ਦੀ ਆਸ ਰੱਖੀ ਹੋਈ ਸੀ ਤਾਂ ਸਤਿਗੁਰ ਕਹਿੰਦੇ ਚਰਨਾਂ ਵਿਚ ਨਿਵਾਸ ਹੋ ਹੀ ਨਹੀਂ ਸਕਦਾ। ਦਸਵੈ ਪਾਤਸ਼ਾਹ ਤਾਂ ਭਾਈ ਮਨੀ ਸਿੰਘ, ਭਾਈ ਦੀਪ ਸਿੰਘ ਕਹਿ ਰਹੇ ਹਨ ਕੁਝ ਹੀ ਸਮੇਂ ਬਾਅਦ ਗੁਰੂ ਹੁਕਮ ਦੇ ਉਲਟ ਇਹ ਸੰਤ ਕਿਉਂ ਅਖਵਾਉਣ ਲੱਗੇ ? ਕੀ ਇਹਨਾਂ ਦੀ ਅਵਸਥਾ ਗੁਰੂ ਦੇ ਪੰਜ ਪਿਆਰਿਆਂ ਅਤੇ ਭਾਈ ਦੀਪ ਸਿੰਘ, ਭਾਈ ਮਨੀ ਸਿੰਘ ਨਾਲੋਂ ਵੱਡੀ ਸੀ ? ਗੁਰੂ ਜੀ ਇਨ੍ਹਾਂ ਸਾਰਿਆਂ ਨੂੰ 'ਭਾਈ' ਆਖ ਕੇ ਸੰਬੋਧਨ ਕਰਦੇ ਰਹੇ। ਫਿਰ ਵੀ ਗੁਰੂ ਹੁਕਮ ਦੇ ਉਲਟ ਇਹ ਸੰਤ ਅੱਖਰ ਟਕਸਾਲੀ ਸੰਤਾਂ ਦੇ ਨਾਵਾਂ ਨਾਲ ਕਿਉਂ ਲੱਗਾ ?

ਤਾਤਪਰਜ ਇਹ ਹੈ ਕਿ ਲਿਖਤ ਖ਼ਾਲਸਾ ਜੀਵਨ ਦੇ ਪੰਨਾ 17 ਦੇ ਥੱਲੇ ਵਾਲੇ ਜੋ ਪਹਿਰੇ ਹਨ ਇਹ ਕੇਵਲ ਟਕਸਾਲੀ ਕਿਤਾਬਾਂ ਵਿਚ ਹੀ ਹਨ। ਇਹ ਹਵਾਲਾ ਕਿਸੇ ਇਕ ਵੀ ਪੁਰਾਤਨ ਗ੍ਰੰਥ ਵਿਚ ਦਰਜ ਨਹੀਂ ਹੈ। ਦਸਵੇਂ ਪਾਤਸ਼ਾਹ ਨੇ ਖ਼ਾਲਸਾ ਪੰਥ (ਗੁਰੂ ਪੰਥ) ਸਾਜਿਆ ਹੈ, ਕੋਈ ਟਕਸਾਲ ਨਹੀਂ ਚਲਾਈ। ਬਚਨ ਕਹੇ ਹਨ, 'ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ' ਕਿਤੇ ਵੀ ਐਸਾ ਲਿਖਿਆ ਨਹੀਂ ਮਿਲਦਾ ਕਿ ਆਗਿਆ ਭਈ ਅਕਾਲ ਕੀ ਤਬੈ ਚਲਾਇਓ ਟਮਦਮੀ ਟਕਸਾਲ। ਟਕਸਾਲੀਆਂ ਨੇ ਇਹ ਸਾਰਾ ਕੁਝ ਮਨੋ ਘੜਿਆ ਹੈ। ਇਹ ਟਕਸਾਲੀ ਕਹਿੰਦੇ ਹਨ ਕਿ ਦੋ ਟਕਸਾਲਾਂ ਚਲਾਈਆਂ ਪਰ ਜੋ ਸੰਪ੍ਰਦਾਈ ਪ੍ਰਣਾਲੀ ਲਿਖੀ

ਫਿਰਦੇ ਹਨ ਇਸ ਵਿਚ ਤਿੰਨ ਟਕਸਾਲਾਂ ਇਨ੍ਹਾਂ ਲਿਖੀਆਂ ਹਨ, ਜਿਨ੍ਹਾਂ ਵਿਚ ਇਕ ਟਕਸਾਲੀ ਮੁਖੀ ਨਿਗੁਰਾ ਹੈ, ਬੇ-ਅੰਮ੍ਰਿਤੀਆ ਹੈ, ਉਸਦਾ ਨਾਂ ਸੰਤ ਫਤਹਿ ਚੰਦ ਹੈ। ਜਿਸ ਟਕਸਾਲ ਦਾ ਮੁਖੀ ਨਿਗੁਰਾ ਹੈ, ਉਹ ਟਕਸਾਲ ਸਿੱਖ ਪੰਥ ਦਾ ਕੀ ਸਵਾਰੇਗੀ ? ਇਹ ਟਕਸਾਲੀ ਇਹ ਵੀ ਕਹਿੰਦੇ ਹਨ ਕਿ ਸਾਡੀ ਟਕਸਾਲ ਭਾਈ ਦੀਪ ਸਿੰਘ ਤੋਂ ਚਲਦੀ ਹੈ ਪਰ ਇਨ੍ਹਾਂ ਦੀ ਲਿਖੀ ਸੰਪ੍ਰਦਾਈ ਪ੍ਰਣਾਲੀ ਵਿਚ ਇਨ੍ਹਾਂ ਦੇ ਸੰਤਾਂ ਦੇ ਨਾਂ ਭਾਈ ਮਨੀ ਸਿੰਘ ਦੇ ਥੱਲੇ ਆਉਂਦੇ ਹਨ। ਹਜ਼ੂਰ ਦਸਮ ਪਾਤਸ਼ਾਹ ਕਹਿੰਦੇ, 'ਖ਼ਾਲਸਾ ਮੇਰੋ ਰੂਪ ਹੈ ਖ਼ਾਸ', ਕਿਤੇ ਨਹੀਂ ਕਿਹਾ ਕਿ ਟਕਸਾਲੀ ਮੇਰੋ ਰੂਪ ਹੈ ਖਾਸ। ਫਿਰ ਇਹ ਟਕਸਾਲੀ ਕਹਿੰਦੇ ਹਨ ਕਿ ਇਹ ਟਕਸਾਲਾਂ ਹੁਣ ਤਕ ਸੀਨਾ-ਬ-ਸੀਨਾ ਚੱਲੀਆਂ ਆਉਂਦੀਆਂ ਹਨ। ਜਦੋਂ ਗਿਆਨੀ ਗੁਰਬਚਨ ਸਿੰਘ ਨੇ (ਇਹਨਾਂ ਦੀ ਲਿਖਤ ਮੁਤਾਬਕ) ਗਿਆਨੀ ਕਰਤਾਰ ਸਿੰਘ ਨੂੰ ਜ਼ਿੰਮੇਵਾਰੀ ਸੌਂਪੀ ਤਾਂ ਕਈ ਟਕਸਾਲੀਆਂ ਦੇ ਸੀਨੇ ਪਾਟ ਗਏ। ਮਾਝੇ ਮਾਲਵੇ ਦਾ ਸਵਾਲ ਖੜਾ ਕਰ ਦਿੱਤਾ। ਮਾਲਵੇ ਵਾਲਿਆਂ ਨੇ ਬ੍ਰਹਮ ਗਿਆਨੀ ਕਹਾਉਂਦੇ ਗੁਰਬਚਨ ਸਿੰਘ ਦੇ ਕਹੇ ਦੀਆਂ ਧੱਜੀਆਂ ਉਡਾਈਆਂ। ਸਭ ਜਾਣਦੇ ਹਨ ਸੀਨਾ ਪਾਟ ਗਿਆ, ਪੱਗ ਗਿਆਨੀ ਮੋਹਨ ਸਿੰਘ ਨੂੰ ਬੰਨ੍ਹ ਦਿੱਤੀ। ਗਿਆਨ ਕਰਤਾਰ ਸਿੰਘ ਨੂੰ ਮਾਝੇ ਵਾਲਿਆਂ ਪੱਗ ਬੰਨ੍ਹ ਦਿੱਤੀ। ਕੋਈ ਸੀਨਾ ਕਿਸੇ ਪਾਸੇ ਕੋਈ ਸੀਨਾ ਕਿਸੇ ਪਾਸੇ ਤੁਰ ਗਿਆ।

ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ, 'ਕੂੜ ਨਾ ਪਹੁੰਚੇ ਸਚ ਨੋ ਸੌ ਘਾੜਤ ਘੜੀਏ॥' ਟਕਸਾਲੀਆਂ ਨੇ ਝੂਠ ਨੂੰ ਸੱਚ ਬਣਾਉਣ ਦੀ ਵਿਅਰਥ ਕੋਸ਼ਿਸ਼ ਕੀਤੀ ਹੈ ਅਤੇ ਗੁਰੂ ਪੰਥ ਨੂੰ ਖੇਰੂੰ ਖੇਰੂੰ ਕਰਨ ਵਾਸਤੇ ਪੂਰਾ ਯੋਗਦਾਨ ਪਾਇਆ ਹੈ। ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਏ। ਗੁਰਬਾਣੀ ਪੜ੍ਹਦੇ, ਸ਼ਬਦ ਵਿਚ ਸੁਰਤ ਜੋੜਦੇ, ਗੁਰ ਮੰਤਰ, ਮੂਲ ਮੰਤਰ ਦਾ ਜਾਪ ਕਰਦੇ। ਪੰਡਤ ਤਾਰਾ ਸਿੰਘ ਅਤੇ ਪੰਡਤ ਸਾਧੂ ਸਿੰਘ ਤੋਂ ਜੋਗ ਮੱਤ, ਪੁਰਾਣ, ਸਿਮਰਤੀਆਂ, ਵਿਆਕਰਣ ਆਦਿ ਕਈ ਗ੍ਰੰਥ 9 ਸਾਲਾਂ ਵਿਚ ਪੜ੍ਹੇ ਤੇ ਵਿਚਾਰੇ। (ਖਾਲਸਾ ਜੀਵਨ ਪੰਨਾ 19)

ਵਿਚਾਰ—ਹਿੰਦੂ ਮੱਤ ਦੇ ਗ੍ਰੰਥ ਪੜ੍ਹੇ ਹੋਣ ਕਰਕੇ ਹੀ ਟਕਸਾਲੀ ਸੰਤ, ਸਿਰਫ਼ 10 ਫੀਸਦੀ ਸਿੱਖ ਮੱਤ ਦਾ ਪ੍ਰਚਾਰ ਅਤੇ 90 ਫੀਸਦੀ ਬ੍ਰਾਹਮਣੀ ਮੱਤ ਦਾ ਪ੍ਰਚਾਰ ਕਰ ਰਹੇ ਹਨ। ਟਕਸਾਲੀ ਸੰਤ ਹਿੰਦੂ ਮੱਤ ਦੇ ਤੀਰਥਾਂ ਦੀ ਯਾਤਰਾ ਵੀ ਕਰਦੇ ਰਹੇ ਜਦੋਂ ਕਿ 'ਗੁਰੂ ਗ੍ਰੰਥ ਸਾਹਿਬ ਜੀ' ਤੀਰਥਾਂ ਤੇ ਜਾ ਵੱਸਣ ਅਤੇ ਤੀਰਥਾਂ ਤੇ ਭ੍ਰਮਣ ਕਰਨ ਦੀ ਨਿਖੇਧੀ ਕਰ ਰਹੇ ਹਨ। ਦਸਮ ਪਾਤਸ਼ਾਹ ਨੇ ਵੀ ਆਪਣੀ ਬਾਣੀ ਅੰਦਰ ਅਨਮਤੀ ਧਾਰਮਿਕ ਆਗੂਆਂ ਅਤੇ ਅਨਮਤੀ ਗ੍ਰੰਥਾਂ ਵਿਚ ਲਿਖੇ ਫੋਕਟ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਹੋਈ ਹੈ।

ਜੇ ਜੇ ਭਏ ਪਹਿਲ ਅਵਤਾਰਾ॥ ਆਪੁ ਆਪੁ ਤਿਨ ਜਾਪੁ ਉਚਾਰਾ॥
ਪ੍ਰਭ ਦੋਖੀ ਕੋਈ ਨ ਬਿਦਾਰਾ॥ ਧਰਮ ਕਰਮ ਕੋ ਰਾਹੁ ਨ ਡਾਰਾ॥

ਗੁਰ ਫੁਰਮਾਨ ਹੈ—

"ਤੀਰਥ ਨਾਤਾ ਕਿਆ ਕਰੇ, ਮਨ ਮਹਿ ਮੈਲੁ ਗੁਮਾਨੁ॥" (ਪੰਨਾ 61)

ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥ (ਪੰਨਾ 64)

ਇਸ ਸੰਬੰਧ ਵਿਚ 30 ਤੋਂ ਵੀ ਵੱਧ ਹੋਰ ਪ੍ਰਮਾਣ 'ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਦਿੱਤੇ ਜਾ ਸਕਦੇ ਹਨ।

ਮੁਰਾਲੇ ਆਉਣਾ

'ਖਾਲਸਾ ਜੀਵਨ' ਦੇ ਪੰਨਾ ਨੰ: 21 ਤੇ ਲਿਖਦੇ ਹਨ : ਆਪ ਜੀ ਅੰਮ੍ਰਿਤ ਵੇਲੇ ਇਕ ਸਮੇਂ ਹੀ ਪਹੁ ਫੁਟਾਲੇ ਤੋਂ ਲੈ ਕੇ ਹਰ ਰੋਜ਼ 2 ਘੰਟੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਕਥਾ ਕਰਿਆ ਕਰਦੇ। ਫਿਰ ਵਿਦਿਆਰਥੀਆਂ ਤੋਂ ਦੂਰ ਨਿਰਲੇਪ ਸਿਮਰਨ ਭਜਨ ਵਿਚ ਜੁੜੇ ਰਹਿੰਦੇ। ਹੋਰ ਕਿਸੇ ਵਿਹਾਰ ਵਿਚ ਬਹੁਤ ਘੱਟ ਪੈਂਦੇ। (ਖਾਲਸਾ ਜੀਵਨ ਪੰਨਾ 21)

ਵਿਚਾਰ—ਵਿਹਲੜਾਂ ਨੂੰ ਹੋਰ ਕਿਸੇ ਵਿਹਾਰ ਵਿਚ ਪੈਣ ਦੀ ਲੋੜ ਵੀ ਕੀ ਹੈ ? ਕ੍ਰਿਤ ਕਰਨਾ ਵੰਡ ਛਕਣਾ, ਇਹ ਕਿਸਨੇ ਕਰਨਾ ਹੈ ? ਕ੍ਰਿਤੀ ਹੋਣ ਦਾ ਕਿਤੇ ਜ਼ਿਕਰ ਤੱਕ ਨਹੀਂ ਆਇਆ। ਗੁਰੂ ਦੇ ਬੋਲ ਭੁਲਾ ਕੇ ਕਿਸਦਾ ਸਿਮਰਨ ਕਰਦੇ ਰਹੇ।

ਜਿਹ ਗ੍ਰਿਹੁ ਬਨ ਸਮਸਰ ਕੀਆ ਤੇ ਵਿਰਲੇ ਸੰਸਾਰਿ॥
ਜੈਸੇ ਜਲ ਮਹਿ ਕਮਲ ਨਿਰਾਮਲ ਮੁਰਗਾਈ ਨੈ ਸਾਣੈ
ਜਿਉ ਕਮਲ ਰਹੈ ਵਿਚ ਪਾਣੀ ਹੇ॥ (ਪੰਨਾ 938)

ਘਾਲਿ ਖਾਇ ਕਿਛੁ ਹਥਹੁ ਦੇ ਨਾਨਕੁ ਰਾਹੁ ਪਛਾਣਹਿ ਸੇਇ॥ (1245)

ਇਨ੍ਹਾਂ ਕਿਹੜੀ ਬਾਣੀ ਦੀ ਕਥਾ ਕੀਤੀ ਉਸ ਬਾਣੀ ਵਿਚ ਇਹ ਬਚਨ ਨਹੀਂ ਸਨ। ਕਿਹੜੀ ਇਕਾਂਤ ਭਾਲਦੇ ਸੀ ? ਗੁਰਮੁਖ ਮਾਇਆ ਵਿਚ ਉਦਾਸੀ। ਕੀ ਇਹ ਜੋਗੀਆਂ ਵਾਸਤੇ ਹੁਕਮ ਕੀਤਾ ਗੁਰੂ ਨੇ ?

ਅੱਗੇ ਕਹਿੰਦੇ ਹਨ ਕਿ ਦਸਾਂ ਪਾਤਸ਼ਾਹੀਆ ਨੂੰ ਕੜਾਹ ਪ੍ਰਸ਼ਾਦ ਦਾ ਭੋਗ ਲਵਾਉਣਾ ਹੈ, ਇਸ ਲਈ ਬੇਹਾ ਆਟਾ ਦੇਗ ਵਿਚ ਨਹੀਂ ਪਾਉਣਾ। (ਖਾਲਸਾ ਜੀਵਨ, ਪੰਨਾ 22)

ਵਿਚਾਰ—ਗੁਰ ਫ਼ੁਰਮਾਨ ਹੈ,

ਬ੍ਰਹਮਗਿਆਨੀ ਕਾ ਭੋਜਨ ਗਿਆਨੁ (ਪੰਨਾ [illegible])

ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ (ਪੰਨਾ 694)

ਸਚਿ ਖਾਣਾ ਸਚਿ ਪੈਨਣਾ...॥ (ਪੰਨਾ 69)

ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ, ਨਿਰੰਕਾਰ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਹੜਾ ਆਟਾ ਖੁਵਾਉਣਾ ਚਾਹੁੰਦੇ ਹਨ।

ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਉ॥ (ਗੁਰੂ ਗ੍ਰੰਥ ਸਾਹਿਬ)

ਜੇ ਗੁਰੂ ਦੇ ਸਿੱਖਾਂ ਨੇ, ਸੰਗਤ ਨੇ ਛਕ ਲਿਆ ਤਾਂ ਗੁਰੂ ਨੇ ਛਕ ਲਿਆ। ਬ੍ਰਾਹਮਣ ਜੋ ਪੱਥਰ ਦੀਆਂ ਮੂਰਤੀਆਂ ਨੂੰ ਭੋਗ ਲਵਾਉਂਦਾ ਸੀ, ਉਹੋ ਜਿਹੇ ਭੋਗਾਂ ਦਾ ਗੁਰਮਤਿ ਵਿਚ ਕੋਈ ਵਿਧਾਨ ਨਹੀਂ ਹੈ। 'ਥਾਲ ਵਿਚ ਤਿਨ ਵਸਤੂ ਪਈਓ ਸਤ ਸੰਤੋਖੁ ਵੀਚਾਰੋ॥' (ਪੰਨਾ 1429) ਕੋਈ ਸਿੱਖ ਆਪਣੇ ਹਿਰਦੇ ਰੂਪੀ ਥਾਲ ਵਿਚ ਸੱਚ, ਸੰਤੋਖ ਅਤੇ ਗੁਰਮਤਿ ਵਿਚਾਰਧਾਰਾ ਜੋ ਮੌਤ ਤੋਂ ਰਹਿਤ ਕਰ ਦੇਣ ਵਾਲੀ ਹੈ, ਇਹ ਰੱਬੀ ਗੁਣਾਂ ਨਾਲ ਭਰਿਆ ਹਿਰਦੇ ਰੂਪੀ ਥਾਲ ਗੁਰੂ ਅੱਗੇ ਰੱਖੇ, 'ਮਨ ਬੇਚੈ ਸਤਿਗੁਰ ਕੈ ਪਾਸਿ॥ (ਪੰਨਾ 286) ਮਨ ਦੇ ਰਾਮ ਲੀਆ ਹੈ ਮੋਲ॥' (ਪੰਨਾ 327) ਐਸੇ ਭੋਗ ਲਵਾਵੇ। ਗੁਰੂ ਵੀ ਖੁਸ਼ ਤਾਂ ਸਿੱਖ ਦਾ ਵੀ ਹਲਤ ਪਲਤ ਸਵਰ ਜਾਵੇਗਾ। ਜਿਹੜਾ ਆਟਾ ਆਖਰ ਵਿਸ਼ਟਾ ਹੋ ਜਾਂਦਾ ਹੈ, ਉਸਨੂੰ ਗੁਰਬਾਣੀ ਗੁਰੂ ਨੇ ਕੀ ਕਰਨਾ ਹੈ। ਫੋਕੇ ਕਰਮ ਕਾਂਡਾਂ ਨੂੰ ਸਿਖ ਧਰਮ ਵਿਚ ਕੋਈ ਥਾਂ ਨਹੀਂ ਹੈ। ਸਿੱਖ ਰਹਿਤ ਮਰਿਯਾਦਾ ਮੁਤਾਬਕ ਕੜਾਹ ਪ੍ਰਸ਼ਾਦ ਦਰ ਪ੍ਰਵਾਨ ਕਰਾਇਆ ਜਾ ਸਕਦਾ ਹੈ।

'ਖਾਲਸਾ ਜੀਵਨ' ਪੰਨਾ 22 ਤੇ ਲਿਖਦੇ ਹਨ: ਕਹਿੰਦੇ ਇਕ ਵਾਰੀ ਸੰਤਾਂ ਨੂੰ ਗੁਰਦਵਾਰੇ ਦੀ ਗੋਲਕ ਗਿਣਨ ਲਾ ਲਿਆ। ਗਿਣਦੇ ਰਹੇ। ਫਿਰ ਰੋ ਪਏ ਕਿ ਸੰਸਾਰੀ ਕੰਮ ਕਿਉਂ ਲਾਇਆ ਹੈ। ਏਨਾ ਸਮਾਂ ਭਜਨ ਤੋਂ ਬਿਨਾਂ ਗੁਜ਼ਰ ਗਿਆ। ਉਨ੍ਹਾਂ ਦਿਨਾਂ ਵਿਚ ਆਪ ਅੱਠੀਂ ਪਹਿਰੀ 2 ਮੁੱਠਾਂ ਛੋਲਿਆਂ ਦੇ ਦਾਣੇ ਅਤੇ ਇਕ ਸੇਰ ਪਾਣੀ ਪੀ ਕੇ 23-23 ਘੰਟੇ ਸਿਮਰਨ ਕਰਦੇ। ਕੇਵਲ ਇਕ ਘੰਟਾ ਸੌਂਦੇ। (ਖਾਲਸਾ ਜੀਵਨ, ਪੰਨਾ 22)

ਵਿਚਾਰ—ਕੀ ਸੰਤ ਨੇ ਗੁਰਬਾਣੀ ਵਿਚੋਂ ਨਹੀਂ ਪੜ੍ਹਿਆ, 'ਹਾਥ ਪਾਉ ਕਰ ਕਾਮ ਸਭਿ ਚੀਤੁ ਨਿਰੰਜਨ ਨਾਲ।' ਕੀ ਇਹ ਸਿਮਰਨ ਕੇਵਲ ਵਿਹਲੜਾਂ ਵਾਸਤੇ ਹੈ? 'ਛੋਡਹਿ ਅੰਨ ਕਰਹਿ ਪਾਖੰਡ ਨ ਉਹ ਸੁਹਾਗਣ ਨਾ ਉਇ ਰੰਡ।' (ਪੰਨਾ 873)

'ਜਗ ਕਉ ਬਕਤੇ ਦੂਧਾਧਾਰੀ ਗੁਪਤੀ ਖਾਵਹਿ ਵਟਿਕਾ ਸਾਰੀ।' (ਪੰਨਾ 873) ਜਿਹੜੀ ਉਹ ਕਥਾ ਕਰਦੇ ਸੀ, ਉਸ ਵਿਚ ਕਦੇ ਇਹ ਬਚਨ ਨਾ ਆਏ? ਕੀ ਗੁਰੂ ਦੇ ਸਾਰੇ ਬਚਨਾਂ ਦੀ ਉਲੰਘਣਾ ਇਨ੍ਹਾਂ ਸੰਤਾਂ ਦੇ ਲੇਖਾਂ ਵਿਚ ਲਿਖੀ ਹੋਈ ਸੀ ਕਿ ਜੱਟ ਖਚਰਾ ਖੁਦਾ ਨੂੰ ਲੈ ਗਏ ਚੋਰ, ਵਾਲੀ ਕਹਾਵਤ ਸੱਚ ਕਰ ਰਹੇ ਹਨ?

ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ

'ਖਾਲਸਾ ਜੀਵਨ' ਪੰਨਾ 26 ਤੇ ਲਿਖਦੇ ਹਨ: 9-10 ਸਾਲ ਦੀ ਉਮਰ ਵਿਚ ਅਖੰਡ ਪਾਠੀ ਬਣ ਗਏ ਅਤੇ ਅੰਮ੍ਰਿਤ ਛਕ ਕੇ ਪੂਰਨ ਖਾਲਸਾ ਸੱਜ ਗਏ। ਇਕ ਪੰਡਤ ਤੋਂ ਸੰਸਕ੍ਰਿਤ ਪੜ੍ਹੀ, ਪੰਡਤ ਜਵਾਲਾ ਦਾਸ ਉਦਾਸੀ ਤੋਂ ਗ੍ਰੰਥ ਪੜ੍ਹੇ, ਗਿਆਨੀ ਭਗਤ ਰਾਮ ਤੋਂ ਬ੍ਰਹਮ ਵਿੱਦਿਆ ਗ੍ਰਹਿਣ ਕੀਤੀ।

ਵਿਚਾਰ—ਠੀਕ ਸਮਝ ਆਈ ਕਿ ਬ੍ਰਾਹਮਣਾਂ ਤੋਂ ਗ੍ਰੰਥ ਪੜ੍ਹੇ, ਬ੍ਰਾਹਮਣਾਂ ਤੋਂ ਬ੍ਰਹਮ ਵਿੱਦਿਆ ਹਾਸਲ ਕੀਤੀ ਤਾਂ ਸਾਰੀ ਜ਼ਿੰਦਗੀ ਪ੍ਰਚਾਰ ਵੀ ਤਾਂ ਬ੍ਰਾਹਮਣੀ ਮੱਤ ਦਾ ਹੀ ਕਰਨਾ ਸੀ ਤਾਂ ਉਹ ਗੁਰਮਤਿ ਸਿਧਾਂਤ ਤੋਂ ਕੋਹਾਂ ਦੂਰ ਰਹੇ। ਨਾਲੇ ਕਹਿੰਦੇ ਟਕਸਾਲ ਚੱਲੀ ਭਾਈ ਦੀਪ ਸਿੰਘ ਤੋਂ ਤੇ ਪੜ੍ਹਦੇ ਬ੍ਰਾਹਮਣਾਂ ਕੋਲ ਰਹੇ ਹਨ। ਜੇ ਬ੍ਰਹਮ ਵਿੱਦਿਆ ਬ੍ਰਾਹਮਣਾਂ ਕੋਲ ਹੈ ਤਾਂ ਫਿਰ ਭਗਤਾਂ ਨੂੰ ਗੁਰੂਆਂ ਨੂੰ ਗੁਰਬਾਣੀ ਉਚਾਰਣ ਦੀ ਲੋੜ ਹੀ ਨਹੀਂ ਸੀ।

ਭੁੱਲ ਗਏ ਬਚਨ:

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਖਾਲਸਾ ਰਲ ਮਿਲ ਜਾਈ॥
ਤਬ ਖਾਲਸੇ ਕਾ ਤੇਜ ਘਟ ਜਾਈ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈ ਨ ਕਰਉ ਇਨਕੀ ਪ੍ਰਤੀਤ॥

ਸਤਿਗੁਰ ਕਹਿੰਦੇ ਹਨ ਜਦ ਇਹ ਸਿੱਖ ਅਨਮਤਾਂ ਨਾਲ ਰਲ ਮਿਲ ਜਾਣਗੇ, ਇਹਨਾਂ ਦਾ ਤੇਜ ਘਟ ਜਾਵੇਗਾ, ਜਦ ਇਹ ਸਿੱਖ ਹੋ ਕੇ ਬ੍ਰਾਹਮਣਾਂ ਵਾਲੀਆਂ ਰੀਤਾਂ ਕਰਨਗੇ, ਮੈਂ ਇਨ੍ਹਾਂ ਦੀ ਪ੍ਰਤੀਤ ਨਹੀਂ ਕਰਾਂਗਾ। ਵਾਕਿਆ ਹੀ ਤੇਜ ਘਟ ਗਿਆ। ਜਿੰਨੇ ਵੀ ਸੰਤ ਅੱਜ ਤਕ ਹੋਏ ਹਨ 90 ਫੀਸਦੀ ਬ੍ਰਾਹਮਣੀ ਰੀਤਾਂ ਦਾ ਪ੍ਰਚਾਰ ਕਰਦੇ ਰਹੇ ਹਨ। ਇਨ੍ਹਾਂ ਆਗੂਆਂ ਦਾ ਫ਼ਰਜ਼ ਬਣਦਾ ਸੀ, ਗੁਰਮਤਿ ਸਿਧਾਂਤ ਦੀ ਖੋਜ ਕਰਕੇ ਗੁਰਮਤਿ ਦਾ ਪ੍ਰਚਾਰ ਕਰਨਾ। ਗੁਰਸਿੱਖੀ ਦੀ ਫੁਲਵਾੜੀ ਨੂੰ ਇਹਨਾਂ ਵਧਾਉਣਾ, ਫੈਲਾਉਣਾ ਸੀ ਪਰ ਇਨ੍ਹਾਂ ਨੇ ਫੁਲਵਾੜੀ ਨੂੰ ਪੈਰਾਂ ਥੱਲੇ ਮਧੋਲਿਆ। ਅੱਜ ਪਿੰਡ ਦੇ ਵਿਚ ਗੁਰਦਵਾਰੇ ਤਾਂ 20 ਵੀ ਲੱਭ ਜਾਣਗੇ ਪਰ ਪਿੰਡ ਵਿਚ ਗੁਰਮਤਿ ਦਾ ਧਾਰਨੀ ਇਕ ਸਿੰਘ ਵੀ ਲੱਭਣਾ ਔਖਾ ਹੋਇਆ ਪਿਆ ਹੈ।

ਚਾਨਣੀ 'ਚੋਂ ਅੰਮ੍ਰਿਤ ਰਸ ਚੋਣਾ

'ਖਾਲਸਾ ਜੀਵਨ' ਪੰਨਾ 28 ਤੇ ਲਿਖਦੇ ਹਨ : ਇਕ ਵਾਰ ਸੰਤ ਕਥਾ ਕਰ ਰਹੇ ਸਨ, ਸੰਗਤਾਂ ਸੁਣ ਰਹੀਆਂ ਸਨ, ਉਪਰ ਚਾਨਣੀ ਲੱਗੀ ਹੋਈ ਸੀ। ਪ੍ਰਤੱਖ ਦੇਵਤਿਆਂ ਦਾ ਮਿੱਠਾ ਰਸ ਵੱਡੀ ਚਾਨਣੀ ਵਿਚੋਂ ਚੋਣ ਲੱਗਾ। ਉਪਰ ਬੱਦਲ ਨਹੀਂ ਸੀ। ਚਾਨਣੀ ਤੇ ਵੇਖਿਆ, ਦੋ ਤਿੰਨ ਬੁੱਕ ਉਹ ਦੇਵ ਰਸ ਜਮ੍ਹਾਂ ਹੋਇਆ ਸੀ। ਚਖਿਆ ਜੋ ਮਿੱਠਾ ਸੀ। (ਖਾਲਸਾ ਜੀਵਨ, ਪੰਨਾ 28)

ਵਿਚਾਰ—ਗੁਰ ਫੁਰਮਾਣ ਹੈ,

ਦੇਵੀ ਦੇਵਾ ਸਭਿ ਮੂਲ ਹੈ ਮਾਇਆ॥ (ਪੰਨਾ 129)

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ (ਪੰਨਾ 637)

ਸੋ ਸੰਤਾਂ ਨੇ ਗੁਰੂ ਹੁਕਮ ਦੇ ਉਲਟ ਲੋਕਾਂ ਦੇ ਸਿਰਾਂ ਵਿਚ ਐਸਾ ਦੇਵ ਰਸ ਧੂੜਿਆ ਕਿ ਸਿੱਖ ਅੱਜ ਤਕ ਬ੍ਰਾਹਮਣੀ ਕਰਮ ਕਾਂਡਾਂ ਨੂੰ ਹੀ ਸਿੱਖੀ ਮੰਨੀ ਬੈਠੇ ਹਨ। ਇਹ ਦੇਣ ਹੈ ਇਨ੍ਹਾਂ ਮਹਾਨ ਹਸਤੀਆਂ ਦੀ।

ਇਕ ਸਿੰਘ ਨੂੰ ਅਲੌਕਿਕ ਨਜ਼ਾਰਾ

ਇਸ ਵਿਚ ਇਕ ਪਾਗਲਪੁਣੇ ਨਾਲ ਸੰਬੰਧ ਰੱਖਦੀ ਕਹਾਣੀ ਲਿਖੀ ਹੈ। ਗੁਰਮਤਿ ਵਿਚ ਐਸਾ ਕੋਈ ਵਿਧਾਨ ਨਹੀਂ ਹੈ।

ਸਿੰਘਾਂ ਨੂੰ ਕੰਧਾਂ 'ਚੋਂ ਜਾਪ ਸੁਣਾਉਣਾ

ਸੰਤ ਨੂੰ ਆਪ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਮਤਿ ਨਾ ਲੱਭੀ, ਇਥੇ ਵੀ ਉਸ ਗੁਰੂ ਹੁਕਮ ਦਾ ਖੰਡਨ ਕਰ ਦਿੱਤਾ। 'ਮਿਲਿਆ ਹੋਇ ਨ ਵੀਛੜੇ ਜੇ ਹੋਵੈ ਮਿਲਿਆ॥' ਧਰਮ ਤਾਂ ਨਿੱਜੀ ਸਾਧਨਾ ਤੇ ਖੜ੍ਹਾ ਹੈ, ਜਿਸਨੇ ਕਮਾਇਆ ਹੈ, ਉਸ ਕੋਲ ਹੈ, ਹਾਂ ਪ੍ਰੇਰਨਾ ਲਈ ਜਾ ਸਕਦੀ ਹੈ। ਸੰਗਤ ਕੀਤੀ ਜਾ ਸਕਦੀ ਹੈ ਪਰ ਸੰਤ ਨੇ 'ਹੋਨਿ ਨਜ਼ੀਕਿ ਖੁਦਾਇ ਦੇ ਭੇਤ ਨ ਕਿਸੇ ਦੇਣ॥ ਗੁਰ ਹੁਕਮ ਨੂੰ ਤੋੜ ਕੇ ਆਪ ਧੱਕੇ ਨਾਲ ਸਿੰਘਾਂ ਨੂੰ ਕੰਧਾਂ ਵਿਚੋਂ ਮੂਲ ਮੰਤਰ ਅਤੇ ਤਖ਼ਤਿਆਂ ਵਿਚੋਂ ਗੁਰ ਮੰਤਰ ਸੁਣਾਇਆ। ਐਸਾ ਢੌਂਗ ਰਚਿਆ ਅਤੇ ਲਿਖਿਆ ਹੈ ਕਿ ਸਿੰਘਾਂ ਨੂੰ ਕਈ ਦਿਨ ਆਪਣੇ ਸਰੀਰਾਂ ਦੀ ਵੀ ਸੁੱਧ ਨ ਰਹੀ। ਫਿਰ ਕਈ ਦਿਨ ਬਾਅਦ ਉਨ੍ਹਾਂ ਸਿੰਘਾਂ ਨੂੰ ਸਰੀਰਾਂ ਦੀ ਸੁੱਧ ਹੋਈ। ਗੁਰਸਿੱਖੀ ਤਾਂ ਸਿਰਾਂ ਦਾ ਵਾਪਾਰ ਹੈ। ਇਹ ਜਾਦੂ ਦੀ ਖੇਡ ਨਹੀਂ ਹੈ। ਗੁਰੂ ਹੁਕਮ ਦੇ ਉਲਟ ਪੈਦਾ ਹੋਏ ਇਨ੍ਹਾਂ ਸੰਤਾਂ ਨੇ ਸਿੱਖੀ ਨੂੰ ਜਾਦੂ ਦੀ ਖੇਡ ਬਣਾ ਕੇ ਰਖ ਦਿੱਤਾ ਹੈ।

ਜਤ ਸਤ ਵਿਚ ਪੂਰੇ ਰਹਿਣਾ। (ਖਾਲਸਾ ਜੀਵਨ, ਪੰਨਾ 32)

ਇਥੇ ਸੰਤਾਂ ਦੀ ਆਪਸੀ ਈਰਖਾ ਦੀ ਇਕ ਕਹਾਣੀ ਲਿਖੀ ਹੈ, ਜੇ ਗੁਰੂ ਹੁਕਮਾਂ ਦੇ ਉਲਟ ਚੱਲ ਕੇ ਆਪਣੇ ਨਾਵਾਂ ਦੇ ਨਾਲ ਸੰਤ ਅੱਖਰ ਨਾ ਲਾਉਂਦੇ, ਸਾਰੇ ਭਾਈ ਬਣੇ ਰਹਿੰਦੇ ਤਾਂ, ਇਸ ਈਰਖਾ ਤੋਂ ਬਚਿਆ ਜਾ ਸਕਦਾ ਸੀ।

ਡਾ. ਦੀਵਾਨ ਸਿੰਘ ਜੀ ਨਾਲ ਬਚਨ ਬਿਲਾਸ—

ਇਸ ਵਿਚ ਵੀ 'ਹੋਨਿ ਨ ਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥' (ਪੰਨਾ 1384) ਵਾਲੇ ਗੁਰਮਤਿ ਸਿਧਾਂਤ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ। ਐਸੀਆਂ ਕਹਾਣੀਆਂ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਤੂੰ ਮੈਨੂੰ ਮੁਲਾਂ ਕਹਿ ਮੈਂ ਤੈਨੂੰ ਕਾਜੀ ਕਹਾਂ। ਇਹ ਸੰਤ ਜਾਂਦੇ ਜਾਂਦੇ 1000 ਪਾਠੀ 200 ਪ੍ਰਚਾਰਕ ਅਤੇ 100 ਗਿਆਨੀ ਬਣਾ ਗਏ ਜਿਨ੍ਹਾਂ ਨੇ ਵੱਧ ਤੋਂ ਵੱਧ ਬ੍ਰਾਹਮਣੀ ਮੱਤ ਦਾ ਪ੍ਰਚਾਰ ਕੀਤਾ ਅਤੇ ਘੱਟ ਤੋਂ ਘੱਟ ਸਿੱਖ ਮੱਤ ਦਾ ਪ੍ਰਚਾਰ ਕੀਤਾ।

ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ

ਹਿੰਦੂ ਮੱਤ ਦੇ ਗ੍ਰੰਥ ਪੜ੍ਹਨੇ

'ਖਾਲਸਾ ਜੀਵਨ' ਪੰਨਾ 41 ਤੇ ਲਿਖਦੇ ਹਨ : ਉਦਾਸੀ ਸਾਧੂ ਮਹੰਤ ਲਾਲ ਦਾਸ ਪਾਸੋਂ 13 ਸਾਲ ਦੀ ਉਮਰ ਵਿਚ ਸੰਸਕ੍ਰਿਤ ਪੜ੍ਹੀ ਅਤੇ ਉਨ੍ਹਾਂ ਨੇ ਬੜੇ ਪਿਆਰ ਨਾਲ ਇਨ੍ਹਾਂ ਨੂੰ ਰਮਾਇਣ, ਮਹਾਭਾਰਤ ਅਤੇ ਹੋਰ ਹਿੰਦੂ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਾਇਆ। ਯੋਗ ਵਸ਼ਿਸ਼ਟ ਅਤੇ ਹੋਰ ਵੈਦਿਕ ਗ੍ਰੰਥ ਪੜ੍ਹੇ। (ਖਾਲਸਾ ਜੀਵਨ, ਪੰਨਾ 41-42)

ਵਿਚਾਰ--ਦੇਖੋ ਪੰਨਾ 10

ਖਾਲਸਾ ਜੀਵਨ ਵਿਚ ਅੱਗੇ ਲਿਖਿਆ ਹੈ ਕਿ ਸੰਤ ਸੁੰਦਰ ਸਿੰਘ ਨੇ ਸਿੰਘ ਸਭਾ ਲਹਿਰ ਦੌਰਾਨ ਪ੍ਰਚਾਰ ਕੀਤਾ ਪਰ ਅਸਲੀ ਘੁੰਡੀ ਜੋ ਟਕਸਾਲੀ ਸੰਤ ਗੁਰਜੀਤ ਸਿੰਘ ਗੋਹਾਵਰ (ਜਲੰਧਰ) ਨੇ ਖੋਹਲੀ ਹੈ ਉਹ ਉਸਦੀ ਹੱਥ ਲਿਖਤ ਸਾਡੇ ਕੋਲ ਹੈ। ਉਸਨੇ ਬੜਾ ਵਧੀਆ ਇੰਕਸਾਫ਼ ਕੀਤਾ ਹੈ ਕਿ ਦਸਵੇਂ ਪਾਤਸ਼ਾਹ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ 1708 ਈਸਵੀ ਤੋਂ ਲੈ ਕੇ 1925 ਈਸਵੀ ਤੱਕ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦਵਾਰਿਆਂ ਵਿਚ ਟਕਸਾਲੀ ਮਰਿਯਾਦਾ ਚਲਦੀ ਸੀ। ਇਸਦਾ ਮਤਲਬ ਬੜਾ ਸਪੱਸ਼ਟ ਹੈ, ਜਿਨ੍ਹਾਂ ਮਹੰਤਾਂ ਦੀਆਂ ਸਰਕਾਰ ਨਾਲ ਸਾਂਝਾਂ ਸਨ, ਸ਼ਰਾਬੀ ਕਬਾਬੀ ਸਨ, ਗੁਰਦਵਾਰਿਆਂ ਦੀਆਂ ਗੋਲਕਾਂ ਵਰਤ ਕੇ ਐਸ਼ ਪ੍ਰਸਤੀ ਕਰਦੇ ਸਨ। ਇਹ ਸਾਰੇ ਮਹੰਤ ਟਕਸਾਲੀ ਸਨ, ਜਿਨ੍ਹਾਂ ਨੂੰ ਮੋਰਚੇ ਲਾ ਕੇ ਗੋਲੀਆਂ ਖਾ ਕੇ, ਅੱਗ ਵਿਚ ਸੜ ਕੇ, ਖੂਨ ਡੋਲ ਕੇ ਸਿੰਘ ਸਭਾ ਲਹਿਰ ਦੇ ਸਿੰਘਾਂ ਨੇ ਗੁਰਦਵਾਰਿਆਂ ਵਿਚੋਂ ਕਢਿਆ। ਗੁਰਦਵਾਰੇ ਆਜ਼ਾਦ ਕਰਵਾਏ। ਜਾਂ ਤਾਂ ਇਸ 'ਖਾਲਸਾ ਜੀਵਨ' ਦਾ ਲਿਖਾਰੀ ਝੂਠਾ ਹੈ ਜਾਂ ਟਕਸਾਲੀ ਸੰਤ ਗੁਰਜੀਤ ਸਿੰਘ ਗੋਹਾਵਰ (ਜਲੰਧਰ) ਝੂਠਾ ਹੈ, ਇਹ ਉਹ ਆਪਸ ਵਿਚ ਫੈਸਲਾ ਕਰਨ, ਮੇਰੇ ਕੋਲ ਸੰਤ ਗੁਰਜੀਤ ਸਿੰਘ ਦੀ ਹੱਥ ਲਿਖਤ ਮੌਜੂਦ ਹੈ। ਇਹ ਸੱਚ ਹੈ ਕਿ ਪੰਥਕ ਰਹਿਤ ਮਰਿਯਾਦਾ ਦਾ ਇਕ ਵੀ ਆਦੇਸ਼ ਅੱਜ ਤਕ ਟਕਸਾਲੀਆਂ ਨੇ ਆਪਣੇ ਡੇਰੇ ਦੇ ਨੇੜੇ ਵੀ ਨਹੀਂ ਲੱਗਣ ਦਿੱਤਾ।

ਗੁਰਧਾਮ ਯਾਤਰਾ, ਸਿਮਰਨ ਤੇ ਅਲੌਕਿਕ ਨਜ਼ਾਰਾ, ਹਰਿਮੰਦਰ ਸਾਹਿਬ

ਅੰਮ੍ਰਿਤਸਰ, ਮੰਗਰਾਣਾ ਸਾਹਿਬ, ਖਡੂਰ ਸਾਹਿਬ ਦੇ ਦਰਸ਼ਨ ਕਰਕੇ ਸ੍ਰੀ ਗੋਇੰਦਵਾਲ ਸਾਹਿਬ ਪੁੱਜੇ। ਇਥੋਂ ਚਉਰਾਸੀ ਕੱਟਣ ਹਿੱਤ ਸ੍ਰੀ ਬਾਉਲੀ ਸਾਹਿਬ ਵਿਚ ਤੇ ਵਿਧੀ ਪੂਰਵਕ 'ਜਪੁ ਜੀ' ਸਾਹਿਬ ਦੇ 84 ਪਾਠ, 84 ਵਾਰੀ ਸਣੇ ਕੇਸੀਂ ਇਸ਼ਨਾਨ ਕਰਕੇ ਕੜਾਹ ਪ੍ਰਸ਼ਾਦ ਕਰਵਾ ਕੇ ਅਰਦਾਸਿ ਕਰਨੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। (ਖਾਲਸਾ ਜੀਵਨ, ਪੰਨਾ 47)

ਵਿਚਾਰ—ਸਿੱਖੀ ਅੰਦਰ ਤਾਂ ਜੇ ਸਿੱਖ ਮਨ ਬਿਰਤੀ ਕਰਕੇ ਸੱਚ ਤੱਤ ਗੁਰਮਤਿ ਨਾਲ ਜੁੜ ਗਿਆ ਤਾਂ ਵਰ ਹੈ, ਜੇ ਝੂਠ ਵਿਚ ਗਰਕ ਹੋ ਗਿਆ ਤਾਂ ਸਰਾਪ ਹੈ। ਇਥੇ ਹਿੰਦੂ ਮੱਤ ਵਾਲੇ ਵਰਾਂ-ਸਰਾਪਾਂ ਵਾਸਤੇ ਸਿੱਖੀ ਅੰਦਰ ਕੋਈ ਥਾਂ ਨਹੀਂ ਹੈ। ਜੇ ਬਉਲੀ ਵਿਚ ਨਹਾ ਕੇ 84 ਕੱਟੀ ਜਾਂਦੀ ਹੁੰਦੀ ਤਾਂ ਫਿਰ ਸਤਿਗੁਰਾਂ ਨੂੰ ਗੁਰਬਾਣੀ ਉਚਾਰਣ ਦੀ ਲੋੜ ਹੀ ਨਹੀਂ ਸੀ। ਸਾਰੇ ਸਿੱਖ ਉਥੇ ਜਾ ਕੇ ਇਸ਼ਨਾਨ ਕਰੀ ਜਾਂਦੇ। ਇਹ ਬਉਲੀ ਸਤਿਗੁਰਾਂ ਨੇ ਬਣਾਈ ਸੀ ਕਿ ਜੋ ਬ੍ਰਾਹਮਣ ਨੇ ਜਾਤ ਪਾਤ ਫੈਲਾਈ ਹੈ, ਸੁੱਚ-ਭਿੱਟ, ਛੂਤ-ਛਾਤ, ਵਹਿਮ ਭਰਮ ਆਦਿ ਪਾਏ ਹਨ, ਸਾਰੇ ਉਚੇ-ਨੀਵੇਂ ਇਥੇ ਸਾਂਝੇ ਅਸਥਾਨ ਤੇ ਆਕੇ ਜਲ ਵਰਤਣ, ਇਸ਼ਨਾਨ ਕਰਨ, ਇਨ੍ਹਾਂ ਦੇ ਅੰਦਰੋਂ ਦੁਬਿਧਾ ਮਿਟੇ। ਤੀਰਥ ਇਸ਼ਨਾਨਾਂ ਦਾ ਤਾਂ ਥਾਂ-ਥਾਂ ਤੇ ਗੁਰਬਾਣੀ ਅੰਦਰ ਖੰਡਨ ਕੀਤਾ ਹੋਇਆ ਹੈ। ਗੁਰਬਾਣੀ ਸਰੋਵਰ ਅੰਦਰ ਆਪਣੇ ਮਨ ਨੂੰ ਇਸ਼ਨਾਨ ਕਰਾਉਣਾ ਹੈ।

ਗੁਰ ਫ਼ੁਰਮਾਨ ਹੈ, 'ਮਨ ਮੈਲੇ ਸਭਿ ਕਿਛੁ ਮੈਲਾ ਤਨ ਧੋਤੈ ਮਨ ਹਛਾ ਹੋਇ ॥' (ਪੰਨਾ 558) ਖੁਲ੍ਹੀ ਵਿਚਾਰ ਵਾਸਤੇ ਇਸ ਪੁਸਤਕ ਦਾ ਪੰਨਾ 10 ਵੇਖੋ।

ਖਾਲਸਾ ਜੀਵਨ ਦਾ ਕਰਤਾ ਅੱਗੇ ਲਿਖਦਾ ਹੈ – ਬਖ਼ਸ਼ਿਸ਼ ਭਰੇ ਬਚਨ ਕਹੇ, ਅੱਗੇ ਤੋਂ ਟਕਸਾਲ ਦੀ ਸੇਵਾ ਤੈਨੂੰ ਸੌਂਪਣੀ ਹੈ। ਅੱਗੇ ਵਾਸਤੇ 'ਜਤੁ ਪਾਹਾਰਾ ਧੀਰਜੁ ਸੁਨਿਆਰ' ਪੂਰਨ ਜਤੀ ਰਹਿਣਾ। ਫਿਰ ਸੰਤ ਗੁਰਬਚਨ ਸਿੰਘ ਚਮਕੌਰ ਸਾਹਿਬ ਚਲੇ ਗਏ। ਉਥੇ 40 ਦਿਨ ਬਉਲੀ ਸਾਹਿਬ ਵਿਚ ਗਲ ਗਲ ਤੱਕ ਜਲ ਵਿਚ ਖਲੋ ਕੇ ਸਿਮਰਨ ਕੀਤਾ ਤੇ ਫਿਰ ਆਪਣੇ ਪਿੰਡ ਆਖਾੜੇ ਆ ਗਏ।

(ਖਾਲਸਾ ਜੀਵਨ, ਪੰਨਾ 48)

ਵਿਚਾਰ—ਹੁਣ ਦੇਖੋ ਸੰਤ ਗੁਰਬਚਨ ਸਿੰਘ ਨੂੰ ਦਸਵੇਂ ਪਾਤਸ਼ਾਹ ਤੇ ਵੀ ਇਤਬਾਰ ਨਹੀਂ। ਦਸਮ ਪਾਤਸ਼ਾਹ ਤਾਂ ਅੰਮ੍ਰਿਤਧਾਰੀ ਸਿੰਘ ਨੂੰ 'ਏਕਾ ਨਾਰੀ ਜਤੀ ਹੋਇ' ਕਹਿੰਦੇ ਹਨ ਪਰ ਇਥੇ ਸੰਤ ਕਰਤਾਰ ਸਿੰਘ ਨੂੰ ਕਿਹੋ ਜਿਹਾ ਜਤੀ ਬਨਾਉਣਾ ਚਾਹੁੰਦੇ ਹਨ ? 'ਬਿੰਦ ਰਾਖਿ ਜਉ ਤਰੀਐ ਭਾਈ। ਖੁਸਰੇ ਕਿਉ ਨ ਪਰਮ ਗਤਿ ਪਾਈ।'

ਸੁਪਨੇ ਬਿੰਦ ਨ ਦੇਈ ਝਰਨਾ ॥
ਤਿਸੁ ਪਾਖੰਡੀ ਜਰਾ ਨ ਮਰਨਾ ॥ (ਪੰਨਾ 953)
ਛਿਅ ਜਤੀ ਮਾਇਆ ਕੇ ਬੰਦਾ ॥ (ਪੰਨਾ 1160)

ਗੁਰੂ ਦਾ ਕਿਹਾ ਇਹ ਸਾਰਾ ਕੁਝ ਭੁੱਲ ਗਿਆ। ਇਸ ਸੰਤ ਨੂੰ ? ਅਤੇ ਜਲ ਵਿਚ ਖੜੇ ਹੋ ਕੇ ਸਿਮਰਨ ਕਰਨੇ ਇਹ ਕਿਹੜੀ ਗੁਰਮਤਿ ਹੈ ? ਇਹ ਤਾਂ ਸਾਰਾ ਬ੍ਰਾਹਮਣੀ ਕਰਮਕਾਂਡ ਹੈ ਜੋ ਗੁਰਬਾਣੀ ਵਿਚ ਖੰਡਨ ਹੈ। ਇਹ ਸੰਤ ਸਦਾ ਬ੍ਰਾਹਮਣੀ ਕਰਮ ਕਾਂਡਾਂ ਦਾ ਹੀ ਪ੍ਰਚਾਰ ਕਰਦੇ ਰਹੇ ਹਨ।

ਵਿਦਿਆ ਪੜ੍ਹਨੀ ਅਤੇ ਵਿਸ਼ੇਸ਼ ਜਾਪ

ਅੱਗੇ 'ਖਾਲਸਾ ਜੀਵਨ' ਪੰਨਾ 49 ਤੇ ਲਿਖਦੇ ਹਨ : ਆਪ ਇਨ੍ਹਾਂ ਨੂੰ ਭਾਈ ਗੁਰਦਾਸ ਦੀਆਂ ਵਾਰਾਂ, ਕਬਿਤ ਸਵੱਯੇ, ਭਾਈ ਨੰਦਲਾਲ ਜੀ ਦੀ ਰਚਨਾ, ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਪੰਥ ਪ੍ਰਕਾਸ਼, ਸ੍ਰੀ ਗੁਰ ਬਿਲਾਸ ਪਾ. ਛੇਵੀਂ, ਦਸਵੀਂ ਅਤੇ ਹੋਰ ਪ੍ਰਮਾਣੀਕ ਗ੍ਰੰਥ ਅਰਥਮਈ ਵਿਆਖਿਆ ਕਰਕੇ ਉਚੇਚੇ ਗਹੁ ਅਤੇ ਪਿਆਰ ਨਾਲ ਪੜ੍ਹਾਏ। ਵਿਚਾਰ ਸਾਗਰ ਯੋਗ ਵੇਦਾਂਤ, ਪੰਜ ਦਸ਼ੀ ਮੋਖਸ਼ ਪੰਥ ਅਤੇ ਹੋਰ ਗ੍ਰੰਥਾਂ ਦੇ ਨਾਲ ਨਾਲ ਗੁਰ ਇਤਿਹਾਸ ਦਾ ਖਾਸ ਤੌਰ ਤੇ ਅਧਿਐਨ ਕਰਵਾਇਆ। ਤਕਰੀਬਨ ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਅਤੇ 36 ਲੱਖ ਮੂਲ ਮੰਤਰ ਦਾ ਜਾਪ ਅਤੇ ਬੇਅੰਤ ਵਾਹਿਗੁਰੂ ਮੰਤਰ ਦਾ ਸਿਮਰਨ ਕਰਵਾਇਆ। (ਖ਼ਾਲਸਾ ਜੀਵਨ, ਪੰਨਾ 49)

ਵਿਚਾਰ—ਇਹ ਅਖੌਤੀ ਬ੍ਰਹਮਗਿਆਨੀ ਇਹ ਹੀ ਦੱਸ ਜਾਂਦੇ ਕਿ ਦਸਮ ਗ੍ਰੰਥ ਵਿਚਲੇ ਤ੍ਰੀਆ ਚਰਿੱਤਰ (ਕੋਕ ਸ਼ਾਸਤਰਾਂ) ਤੋਂ ਵੀ ਭੈੜੀ ਲਿਖਤ ਲਿਖੀ ਹੋਈ ਹੈ ਅਤੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨਿਰਾ ਬ੍ਰਾਹਮਣਵਾਦੀ ਕਰਮਕਾਂਡ, ਝੂਠ ਮਿਥਿਹਾਸ ਕਿਸਦਾ ਲਿਖਿਆ ਹੋਇਆ ਹੈ ? ਜਿਹੜੀਆਂ ਲਿਖਤਾਂ ਵਿਸ਼ਨੂੰ ਨੂੰ ਉਚਾ ਤੇ ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਨੂੰ ਨੀਂਵਾਂ ਦਿਖਾਉਂਦੀਆਂ ਹਨ, ਸੰਤ ਨੇ ਇਨ੍ਹਾਂ ਦੀ ਕਥਾ ਕਿਵੇਂ ਕਰ ਦਿੱਤੀ ? ਉਦੋਂ ਬ੍ਰਹਮ ਗਿਆਨ ਕਿੱਧਰ ਉੱਡ ਗਿਆ ? ਇਥੋਂ ਸਿੱਧ ਹੋ ਗਿਆ, ਇਨ੍ਹਾਂ ਅਖੌਤੀ ਬ੍ਰਹਮ ਗਿਆਨੀਆਂ ਨੇ ਗੁਰਮਤਿ ਦੀ ਘੋਰ ਖੰਡਨਾ ਕੀਤੀ ਹੈ। ਅੱਗੇ ਜੋ ਸਵਾ ਲੱਖ ਪਾਠ ਜਪੁਜੀ ਸਾਹਿਬ ਦਾ ਕੀਤਾ ਲਿਖਿਆ ਹੈ 36 ਲੱਖ ਮੂਲ ਮੰਤਰ ਦਾ ਜਾਪ। ਇਹ ਗਿਣਤੀਆਂ ਕੌਣ ਕਰਦਾ ਰਿਹਾ ਜੇ ਉਹ ਆਪ ਗਿਣਤੀਆਂ ਕਰਦਾ ਰਿਹਾ ਤਾਂ ਜਾਪ ਫਿਰ ਗਿਣਤੀਆਂ ਦਾ ਹੋਇਆ ਕਿ ਜਪੁਜੀ ਸਾਹਿਬ ਦਾ ?

ਗੁਰ ਫੁਰਮਾਨ ਹੈ—

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥ (ਪੰਨਾ 474)
ਗਣਤੈ ਪ੍ਰਭੂ ਨ ਪਾਈਐ ਅਗਣਤ ਸਾਚਾ ਸੋਇ॥

ਦੁਨੀਆਂ ਦੀਆਂ ਇਹ ਗਣਿਤ ਆਦਿ ਦੀਆਂ ਗਿਣਤੀਆਂ ਸਾਰੀਆਂ ਦੀਆਂ ਸਾਰੀਆਂ ਜਿਥੇ ਖ਼ਤਮ ਹੋ ਜਾਂਦੀਆਂ ਹਨ, ਗੁਰੂ ਪ੍ਰਮਾਤਮਾ ਦੀ ਗੱਲ ਤਾਂ ਉਥੋਂ ਸ਼ੁਰੂ ਹੀ ਹੁੰਦੀ ਹੈ। ਇਹ ਸੰਤ ਕਿਹੜੀਆਂ ਗਿਣਤੀਆਂ ਕਰਦੇ ਰਹੇ ? ਅੰਤਰਯਾਮੀ

ਸਤਿਗੁਰੂ ਦਾ ਇਨ੍ਹਾਂ ਗਿਣਤੀਆਂ ਨਾਲ ਕੀ ਵਾਸਤਾ ? ਇਹ ਗਿਣਤੀਆਂ ਵੀ ਇਨ੍ਹਾਂ ਨੇ ਬ੍ਰਾਹਮਣੀ ਕਰਮ ਕਾਂਡਾਂ ਅਧੀਨ ਹੀ ਕੀਤੀਆਂ। ਗੁਰਮਤਿ ਦਾ ਇਨ੍ਹਾਂ ਗਿਣਤੀਆਂ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਖ਼ਾਲਸਾ ਜੀਵਨ ਦਾ ਕਰਤਾ ਅੱਗੈ ਲਿਖਦਾ ਹੈ, 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" (ਪੰਨਾ 982) ਇਹਨਾਂ ਟਕਸਾਲੀਆਂ ਨੂੰ ਕੀ ਅਧਿਕਾਰ ਹੈ ਕਿ ਗੁਰੂ ਦੇ ਰ ਨਾਲੋਂ ਔਂਕੜ ਲਾਹ ਦੇਣ ? ਇਹ ਗੁਰੁ ਬਾਣੀ ਰ ਨੂੰ ਔਂਕੁੜ ਸਾਹਿਤ ਅਤੇ ਗੁਰੂ ਵੱਖ ਬਾਣੀ ਵੱਖ ਪੜ੍ਹਨਾ ਹੈ, ਇਕੱਠਾ ਨਹੀਂ।

ਮਹਾਂਪੁਰਖਾਂ ਕਥਾ ਸਣ ਕੇ ਬਖ਼ਸ਼ਿਸ ਕਰਨੀ

'ਖ਼ਾਲਸਾ ਜੀਵਨ 'ਚ ਇਸ ਤਰ੍ਹਾਂ ਲਿਖਿਆ ਹੈ : ਜਦੋਂ ਦਸਤਾਰ ਦੇਣ ਵਾਸਤੇ ਕਿਹਾ ਲਿਆਉ ! ਇਨ੍ਹਾਂ ਨੂੰ ਦਸਤਾਰ ਦੇਈਏ ਤਾਂ ਕੁਝ ਈਰਖਾਲੂ ਸਿੰਘਾਂ ਨੇ ਅੰਦਰੋਂ ਦਸਤਾਰ ਨਾ ਲਿਆ ਕੇ ਦਿੱਤੀ। ਮਹਾਂਪੁਰਖਾਂ ਨੇ ਵਾਜੇ ਦੀ ਫੁਲਕਾਰੀ ਚੁੱਕ ਕੇ ਖ਼ਾਲਸਾ ਜੀ ਦੇ ਉੱਤੇ ਰੱਖ ਦਿੱਤੀ ਅਤੇ ਸਰੋਂ ਦੇ ਫੁੱਲ ਤੋੜ ਕੇ ਸੀਸ ਉੱਤੇ ਰੱਖੇ ਅਤੇ ਬਚਨ ਕਹੇ, ਇਨ੍ਹਾਂ ਫੁੱਲਾਂ ਦੀ ਤਰ੍ਹਾਂ ਖਿੜਿਆ ਰਹੇਂਗਾ। ਤਾਂ ਦੀਵਾਨ ਵਿਚ ਹੀ ਇਕ ਸਿੰਘ ਨੇ ਕਿਹਾ, ਤੁਸੀਂ ਸਾਰੀ ਝੋਲੀ ਬੱਚੇ ਨੂੰ ਹੀ ਝਾੜ ਦਿੱਤੀ ਹੈ। ਅਸੀਂ ਇੰਨੇ ਚਿਰ ਦੇ ਐਵੇਂ ਨਾਲ ਤੁਰੇ ਫਿਰਦੇ ਸੀ। ਕੋਈ ਸਿੰਘ ਈਰਖਾ ਵੱਤ ਕੁਝ ਬੋਲਿਆ, ਕੋਈ ਕੁਝ ਬੋਲਿਆ ਅਤੇ 14 ਸਿੰਘ ਟਕਸਾਲ ਛੱਡ ਕੇ ਚਲੇ ਗਏ। ਮਾਝੇ ਮਾਲਵੇ ਦਾ ਸਵਾਲ ਪੈ ਗਿਆ। ਮਲਵਈਆਂ ਨੇ ਗਿਆਨੀ ਮੋਹਨ ਸਿੰਘ ਨੂੰ ਪੱਗ ਬੰਨ੍ਹ ਦਿੱਤੀ।

ਵਿਚਾਰ—ਭਗਤ ਕਬੀਰ ਸਾਹਿਬ ਦੇ ਪਾਵਨ ਬੋਲ, 'ਤਬ ਜਾਨੋਗੇ ਜਬ ਉਘਰੇਗੋ ਪਾਜ'। (ਪੰਨਾ 324) ਸੀਨਾ-ਬ-ਸੀਨਾ ਦੇ ਦਮਗਜ਼ੇ ਮਾਰਨ ਵਾਲਿਆਂ ਦਾ ਸੀਨਾ ਬੁਰੀ ਤਰ੍ਹਾਂ ਪਾਟਿਆ। ਦੁਨੀਆਂ ਦੇ ਲੋਕਾਂ ਨੇ ਦੇਖਿਆ। ਲੰਬੇ ਲੰਬੇ ਨਿਤਨੇਮ ਕਰਨ ਵਾਲੇ, ਲੰਬੀਆਂ ਰਹਿਰਾਸਾਂ ਕਰਨ ਵਾਲੇ, ਸਵਾ ਸਵਾ ਲੱਖ ਜਪੁਜੀ ਸਾਹਿਬ ਅਤੇ ਮੂਲ ਮੰਤਰ ਦੇ ਪਾਠ ਕਰਨ ਵਾਲਿਆਂ ਨੂੰ ਈਰਖਾ ਦੀ ਅੱਗ ਵਿਚ ਮੱਚਦਿਆਂ ਵੇਖਿਆ, ਝੂਠੀਆਂ ਪੱਗਾਂ, ਜਥੇਦਾਰੀਆਂ ਦਾ ਮੋਹ ਇਨ੍ਹਾਂ ਦਾ ਕਦੇ ਨਾ ਟੁੱਟਾ, ਝੂਠ ਦੀ ਕੰਧ ਇਨ੍ਹਾਂ ਅੰਦਰ ਸਦਾ ਬਣੀ ਰਹੀ। ਜਿਹੜੇ ਅਖੌਤੀ ਬ੍ਰਹਮਗਿਆਨੀ ਆਪਣਾ ਡੇਰਾ ਨਾ ਸੰਭਾਲ ਸਕੇ, ਉਨ੍ਹਾਂ ਗੁਰੂ ਪੰਥ ਦਾ ਕੀ ਸੰਵਾਰਨਾ ਸੀ। ਸੰਤਾਂ ਨੇ ਇਹਨਾਂ ਟਕਸਾਲੀਆਂ ਨੂੰ ਬ੍ਰਾਹਮਣਵਾਦ ਤਾਂ ਸਿਖਾ ਦਿੱਤਾ ਪਰ ਤੱਤ ਗੁਰਮਤਿ ਤੋਂ ਕੋਹਾਂ ਦੂਰ ਕਰ ਦਿੱਤਾ। ਈਰਖਾ ਕਰਨ ਵਾਲਿਆਂ ਨੂੰ ਨਵਾਬ ਕਪੂਰ ਸਿੰਘ ਵਰਗੇ ਸੂਰਮੇ ਨਜ਼ਰ ਨਾ ਆਏ ਜਿਨ੍ਹਾਂ ਨਵਾਬੀਆਂ ਨੂੰ ਵੀ ਜੁੱਤੀ ਦੀ ਨੋਕ ਤੋਂ ਲੰਘਾ ਕੇ ਰਖਿਆ।

ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਸਰੋਵਰ ਦੀ ਸੇਵਾ ਸੰਪੂਰਨ ਤੇ ਸਵਾ ਲੱਖ ਜਾਪੁ ਸਾਹਿਬ ਦਾ ਪਾਠ

'ਖਾਲਸਾ ਜੀਵਨ' ਪੰਨਾ 58 ਤੇ ਲਿਖਦੇ ਹਨ : ਬਾਕੀ ਸਾਰੀ ਸੇਵਾ ਖ਼ਾਲਸਾ ਜੀ ਨੇ ਪੂਰਨ ਕਰਵਾਈ ਅਤੇ ਸਵਾ ਲੱਖ ਜਾਪੁ ਸਾਹਿਬ ਦਾ ਪਾਠ ਸਚਖੰਡ ਵਾਸੀ ਮਹਾਂ ਪੁਰਖਾਂ ਦੇ ਸੰਕਲਪ ਕਰਕੇ ਏਥੇ ਰਹਿ ਕੇ ਜਥੇ ਤੋਂ ਕਰਵਾਇਆ।

(ਖ਼ਾਲਸਾ ਜੀਵਨ, ਪੰਨਾ 58)

ਵਿਚਾਰ—ਗੁਰਬਾਣੀ ਨੂੰ ਪੜ੍ਹਨਾ, ਸੁਣਨਾ, ਸਮਝਣਾ, ਮੰਨਣਾ ਅਤੇ ਕਮਾਉਣਾ ਗੁਰਮਤਿ ਦਾ ਵਿਧਾਨ ਹੈ। ਗਿਣਤੀ ਮਿਣਤੀ ਦੇ ਪਾਠਾਂ ਵਾਸਤੇ ਗੁਰਮਤਿ ਵਿਚ ਕੋਈ ਥਾਂ ਨਹੀਂ। ਪਿੱਛੇ ਖੁੱਲ੍ਹੀ ਵਿਚਾਰ ਗੁਰਬਾਣੀ ਪ੍ਰਮਾਣਾਂ ਸਮੇਤ ਕਰ ਆਏ ਹਾਂ।

ਨਿੱਤਨੇਮ 'ਚ ਪਰਪੱਕ

'ਖਾਲਸਾ ਜੀਵਨ' ਪੰਨਾ 61 ਤੇ ਲਿਖਦੇ ਹਨ : ਜਦੋਂ ਕੋਈ ਗੁਰਮੁਖ ਕਹਿੰਦਾ ਹੈ ਆਪ ਥੋੜ੍ਹੇ ਦਿਨ ਕਥਾ ਨਾ ਕਰੋ ਤਾਂ ਕਹਿੰਦੇ ਭਾਈ। ਸਾਡੀ ਜ਼ਿੰਦਗੀ ਹੀ ਕਥਾ ਆਸਰੇ ਹੈ, ਮਹਾਂਪੁਰਖਾਂ ਦਾ ਹੁਕਮ ਰੂਪੀ ਡੰਡਾ ਸਾਡੇ ਸਿਰ ਉੱਪਰ ਹੈ। ਜਦੋਂ ਤਕ ਸਵਾਸ ਹਨ ਤਦੋਂ ਤਕ ਸਤਿਗੁਰੂ ਜੀ ਆਪ ਸਾਡੇ ਤੋਂ ਸੇਵਾ ਲੈ ਰਹੇ ਹਨ ਤੇ ਲੈਂਦੇ ਰਹਿਣਗੇ। ਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਮਹਾਂਪੁਰਖਾਂ ਦਾ ਹੁਕਮ ਸਿਰ ਤੋੜ ਨਿਭ ਜਾਵੇ। (ਖ਼ਾਲਸਾ ਜੀਵਨ, ਪੰਨਾ 61)

ਵਿਚਾਰ—ਸਿੱਖ ਗੁਰੂ ਦਾ ਹੈ ਕਿ ਕਿਸੇ ਮਹਾਂਪੁਰਖ ਦਾ ? 'ਗੁਰੂ ਨਾਨਕ ਦੇਵ ਜੀ' ਸੱਚੇ ਪਾਤਸ਼ਾਹ ਦੇ ਪ੍ਰਗਟ ਹੋਣ ਤੋਂ ਪਹਿਲਾਂ ਸੰਤਾਂ ਦੀ ਤਾਂ ਕੋਈ ਘਾਟ ਨਹੀਂ ਸੀ। ਦਸਮ ਪਾਤਸ਼ਾਹ ਨੇ ਵੀ ਵੱਖ ਵੱਖ ਮਤਾਂ ਦੇ ਸੰਤਾਂ ਨੂੰ ਲੰਬੇ ਹੱਥੀਂ ਲਿਆ। ਅੱਖਾਂ ਮੀਟ ਕੇ ਸਮਾਧੀਆਂ ਲਾਉਣ ਵਾਲਿਆਂ, ਸਵਾਹ ਮਲਣ ਵਾਲਿਆਂ, ਨਾਂਗਿਆਂ ਅਤੇ ਲੰਬੇ ਚੋਲਿ ਆਂ ਵਾਲਿਆਂ ਪੁੱਠੇ ਲਟਕਣ ਵਾਲਿਆਂ, ਧੂਣੀਆਂ ਤਪਾਉਣ ਵਾਲਿਆਂ, ਜਲ ਧਾਰੇ ਕਰਨ ਵਾਲਿਆਂ ਨੂੰ ਚਮਗਿੱਦੜ ਆਦਿ ਕਈ ਕੁਝ ਕਿਹਾ ਹੈ। 'ਗੁਰੂ ਨਾਨਕ ਦੇਵ ਜੀ' ਆਪਣੇ ਆਪ ਵਾਸਤੇ ਨਾਨਕੁ ਨੀਚੁ ਨਾਨਕੁ ਵਿਚਾਰਾ, ਨਾਨਕੁ ਸਗ ਆਦਿ ਅੱਖਰ ਵਰਤੇ ਹਨ। ਪਰ ਇਥੇ ਤਾਂ ਗੁਰੂ ਹੁਕਮਾਂ ਦੇ ਉਲਟ ਪਤਾ ਨਹੀਂ ਕਿੰਨੇ ਕੁ 1008 ਬ੍ਰਹਮਗਿਆਨੀਆਂ, ਸੰਤ ਮਹਾਰਾਜ, ਹਜ਼ੂਰ ਸ਼੍ਰੋਮਣੀ ਸੰਤ ਪੂਰਨ, ਸੰਪੂਰਨ ਬ੍ਰਹਮਗਿਆਨੀ ਬਣੇ ਫਿਰਦੇ ਹਨ ਜੇ ਸਾਰੇ ਸਿੱਖ ਗੁਰੂ ਹੁਕਮ ਮੰਨ ਕੇ 'ਭਾਈ' ਬਣੇਂ ਰਹਿੰਦੇ ਤਾਂ ਸਿੱਖ ਕੌਮ ਦੀ ਇਹ ਹਾਲਤ ਨਾ ਹੁੰਦੀ ਜੋ ਹੋਈ ਹੈ। ਜੇ ਮਹਾਂਪੁਰਖਾਂ ਨੂੰ ਛੱਡ ਕੇ ਗੁਰੂ ਦਾ ਹੁਕਮ ਮੰਨਦੇ ਤਾਂ ਕਦੀ ਵੀ 'ਗੁਰੂ ਗ੍ਰੰਥ ਸਾਹਿਬ ਜੀ" ਦਾ ਸਤਿਕਾਰ ਨਾ ਘਟਦਾ ਅਤੇ ਨਾ ਹੀ ਕੋਈ

ਦੇਹਧਾਰੀ ਗੁਰੂ ਹੁੰਦਾ। ਉਪਰਲਾ ਪਹਿਰਾ ਜੋ ਖ਼ਾਲਸਾ ਜੀਵਨ ਵਿਚ ਲਿਖਿਆ ਹੈ। ਉਸ ਵਿਚ ਵਾਰ ਵਾਰ ਮਹਾਂਪੁਰਖਾਂ ਦਾ ਹੁਕਮ ਕਿਹਾ ਜਾ ਰਿਹਾ ਹੈ। ਸੰਤਾਂ ਦਾ ਹੁਕਮ ਸਿਰ ਤੋੜ ਨਿਭਾਉਣ ਦੀਆ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਕੀ ਗੁਰੂ ਦੇ ਹੁਕਮ ਨਾਲ ਟਕਸਾਲੀਆਂ ਦਾ ਕੋਈ ਸੰਬੰਧ ਨਹੀਂ ਹੈ ? 239 ਸਾਲ ਸਿੱਖ ਕੌਮ ਵਿਚ ਇਕ ਵੀ ਸੰਤ ਨਹੀਂ ਸੀ ਸਾਰੇ ਭਾਈ ਭਾਈ ਸਨ। ਉਹ ਸਿੱਖ ਕਿਹੜੇ ਮਹਾਂਪੁਰਖ ਦਾ ਹੁਕਮ ਮੰਨ ਕੇ ਤਰੇ। ਜੇ ਦਸਾਂ ਗੁਰੂਆਂ ਦੇ ਹੁੰਦਿਆਂ ਸਿੱਖਾਂ ਨੂੰ ਕਿਸੇ ਸੰਤ ਦੀ ਲੋੜ ਨਹੀਂ ਪਈ ਤਾਂ ਯਾਦ ਰੱਖਿਓ "ਧੰਨ ਗੁਰੂ ਗ੍ਰੰਥ ਸਾਹਿਬ" ਦੇ ਹੁੰਦਿਆਂ ਵੀ ਕਿਸੇ ਸੰਤ ਦੀ ਲੋੜ ਨਹੀਂ ਹੈ। ਸਾਰੀ ਗੁਰਮਤਿ ਗੁਰੂ ਕੀ ਬਾਣੀ ਵਿਚ ਦਰਸਾਈ ਦ੍ਰਿੜਾਈ ਹੋਈ ਹੈ। ਕਿਸੇ ਹੋਰ ਦੀ ਸਿਫ਼ਾਰਸ਼ ਦੀ ਲੋੜ ਨਹੀਂ ਹੈ।

ਗੁਰਵਾਕ ਹੈ :

ਸਤਿਗੁਰ ਬਚਨ, ਬਚਨ ਹੈ ਸਤਿਗੁਰ ਪਾਧਰ ਮੁਕਤਿ ਜਨਾਵੈਗੋ ॥ (1309)

ਨਾਨਕੁ ਸੰਤ ਸੰਤ ਹਰਿ ਏਕੋ

ਗੁਰਬਾਣੀ ਅੰਦਰ ਸਾਧ, ਸੰਤ ਅੱਖਰ ਗੁਰੂ ਵਾਸਤੇ ਵਰਤੇ ਹਨ। ਸੰਤਨ ਬਹੁਵਚਨ ਸਤਸੰਗੀਆਂ ਵਾਸਤੇ ਵਰਤਿਆ ਹੈ ਜੋ ਇਕੱਠੇ ਬੈਠ ਕੇ ਗੁਰਬਾਣੀ, ਗੁਰੂ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਦੇ ਹਨ। ਚੌਧਰਾਂ ਦੇ ਭੁੱਖਿਆਂ, ਵਿਹਲੜਾਂ, ਮਾਇਆ ਦੇ ਭੁੱਖਿਆਂ ਪੂਜਾ ਕਰਵਾਉਣ ਦੇ ਭੁੱਖਿਆਂ, ਗੁਰੂ ਅਤੇ ਸਿੱਖ ਦੇ ਗੁਰਮਤਿ ਸੱਚ ਮਾਰਗ ਦੇ ਰਸਤੇ ਦੇ ਰੋੜੇ ਬਣਕੇ ਸੰਤ ਕਹਾ ਕੇ ਸਿੱਖ ਕੌਮ ਨਾਲ ਬਹੁਤ ਧੋਖਾ ਕੀਤਾ ਹੈ। ਜੇ ਭਾਈ ਦਇਆ ਸਿੰਘ 'ਭਾਈ' ਕਹਾ ਕੇ ਸਿਰ ਵਾਰ ਕੇ ਸਿੱਖ ਕੌਮ ਦੀ ਨਿੱਘਰ ਸੇਵਾ ਕਰ ਸਕਦੇ ਸੀ ਤਾਂ ਗਿਆਨੀ ਗੁਰਬਚਨ ਸਿੰਘ ਨੇ 'ਭਾਈ' ਕਿਉਂ ਨਹੀਂ ਕਹਾਇਆ ? ਭਾਈ ਮਨੀ ਸਿੰਘ ਜੀ ਬੰਦ ਬੰਦ ਕਟਾ ਕੇ ਭਾਈ ਕਹਾ ਸਕਦੇ ਹਨ ਤਾਂ ਗਿਆਨੀ ਕਰਤਾਰ ਸਿੰਘ ਨੇ ਭਾਈ ਕਿਉਂ ਨਹੀਂ ਕਹਾਇਆ ? ਕੀ ਇਹਨਾਂ ਦੀ ਅਵਸਥਾ ਭਾਈ ਦਇਆ ਸਿੰਘ, ਭਾਈ ਮਨੀ ਸਿੰਘ ਨਾਲੋਂ ਉੱਪਰ ਸੀ ? ਟਕਸਾਲੀ ਜਵਾਬ ਦੇਣ।

ਸਿੰਘਾਂ ਦਾ ਆਦਰ ਅਤੇ ਸੇਵਾ

ਖ਼ਾਲਸਾ ਜੀਵਨ ਵਿਚ ਅੱਗੇ ਲਿਖਿਆ ਹੈ : ਆਪਣੇ ਆਪ ਨੂੰ ਸਾਰੀ ਉਮਰ ਮੱਥਾ ਨਹੀਂ ਟਿਕਾਇਆ। ਜੇਕਰ ਕੋਈ ਅਚਨਚੇਤ ਮੱਥਾ ਟੇਕਣ ਦਾ ਯਤਨ ਕਰਦਾ ਤਾਂ ਬੜੀ ਭਾਰੀ ਤਾੜਨਾ ਕਰਦੇ। (ਖ਼ਾਲਸਾ ਜੀਵਨ ਪੰਨਾ 62)

ਵਿਚਾਰ—ਕਾਰਨ ਕੀ ? ਮੱਥਾ ਇਸ ਕਰਕੇ ਨਹੀਂ ਟਿਕਾਇਆ ਕਿਉਂਕਿ ਬ੍ਰਾਹਮਣਵਾਦੀ ਧਾਰਮਿਕ ਕਰਮਕਾਂਡਾਂ ਅਧੀਨ ਇਹ ਧਾਰਨਾ ਬਣੀ ਹੋਈ ਹੈ ਕਿ ਜੇ ਕੋਈ ਕਿਸੇ ਨੂੰ ਮੱਥਾ ਟੇਕ ਦੇਵੇ ਤਾਂ ਅਗਲੇ ਦੀ ਸ਼ਕਤੀ ਘਟ ਜਾਂਦੀ ਹੈ। ਉਹ

ਮੱਥਾ ਟੇਕਣ ਵਾਲਾ, ਮੱਥਾ ਟਿਕਾਉਣ ਵਾਲੇ ਦੀ ਤਾਕਤ ਖਿੱਚ ਕੇ ਲੈ ਜਾਂਦਾ ਹੈ। ਮੱਥਾ ਟਿਕਾਉਣਾ ਗੁਰੂ ਦਾ ਹੁਕਮ ਨਹੀਂ ਹੈ, ਸੰਤ, ਅੱਖਰ ਆਪਣੇ ਨਾਮ ਨਾਲ ਲਾਉਣਾ ਵੀ ਗੁਰੂ ਦਾ ਹੁਕਮ ਨਹੀਂ ਹੈ। ਜੇ ਉਹ ਗੁਰੂ ਦੇ ਹੁਕਮ ਦੇ ਉਲਟ ਚੱਲ ਕੇ ਬ੍ਰਹਮ ਗਿਆਨੀ ਖ਼ਾਲਸੇ ਕਹਾ ਸਕਦੇ ਸਨ ਤਾਂ ਮੱਥੇ ਵੀ ਟਿਕਾ ਸਕਦੇ ਹਨ। ਬ੍ਰਾਹਮਣੀ ਕਰਮਕਾਂਡ ਦੇ ਅਧੀਨ ਹੋਣ ਕਰਕੇ ਉਹਨਾਂ ਮੱਥਾ ਨਹੀਂ ਟਿਕਾਇਆ ਕਿ ਕੋਈ ਉਹਨਾਂ ਦਾ ਕੀਤਾ ਜਪ ਤਪ ਖਿੱਚ ਕੇ ਨਾ ਲੈ ਜਾਵੇ। ਜੇ ਇਹ ਕਾਰਨ ਨਾ ਹੁੰਦਾ ਤਾਂ ਜ਼ਰੂਰ ਮੱਥੇ ਟਿਕਾਉਂਦੇ। ਵੈਸੇ ਮੈਂ ਆਪ ਖ਼ੁਦ ਉਹਨਾਂ ਨੂੰ ਮੱਥੇ ਟੇਕਦਿਆਂ ਅਤੇ ਟਿਕਾਉਂਦਿਆਂ ਨੂੰ ਦੇਖਿਆ ਹੈ।

ਖ਼ਾਲਸਾ ਜੀਵਨ ਵਿਚ ਅੱਗੇ ਚੱਲ ਕੇ ਲਿਖਿਆ ਹੈ ਕਿ ਸੰਤ ਅੰਮ੍ਰਿਤ ਛਕਾਉਂਦੇ ਸੀ।

ਵਿਚਾਰ—ਜਿਹੜੇ ਟਕਸਾਲੀ ਪੱਗ ਦੇ ਬਦਲੇ ਈਰਖਾਲੂ ਟਕਸਾਲ ਛੱਡ ਕੇ ਚਲੇ ਗਏ ਸੀ, ਕੀ ਉਹ ਅੰਮ੍ਰਿਤਧਾਰੀ ਨਹੀਂ ਸੀ ? ਕੀ ਉਹ ਨਿੱਤਨੇਮੀ ਨਹੀਂ ਸੀ ? ਕੀ ਉਹ ਪਾਠ ਨਹੀਂ ਸੀ ਕਰਦੇ ? ਕੀ ਉਹਨਾਂ ਨੂੰ ਗੁਰਬਾਣੀ ਕੰਠ ਨਹੀਂ ਸੀ ? ਅਖੇ ਉਹ ਗੁਰਬਾਣੀ ਦਾ ਬੜਾ ਸਤਿਕਾਰ ਕਰਦੇ ਸੀ। ਗੁਰੂ ਹੁਕਮ ਉਲਟ, ਦਾਸ ਬਣਨ ਦੀ ਬਜਾਏ, ਸਿੱਖ, ਸਿੰਘ ਬਣਨ ਦੀ ਬਜਾਏ ਸੰਤ ਬ੍ਰਹਮ ਗਿਆਨੀ ਬਣ ਕੇ ਰਹਿ ਗਏ ਕੀ ਇਹ ਗੁਰਬਾਣੀ ਦਾ ਸਤਿਕਾਰ ਹੈ ? ਗੁਰਬਾਣੀ ਦਾ ਅਸਲੀ ਸਤਿਕਾਰ ਗੁਰੂ ਦਾ ਹੁਕਮ ਮੰਨਣਾ ਹੈ।

"ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥"(679)

ਸੰਤ ਬਿਸ਼ਨ ਸਿੰਘ, ਸੰਤ ਗੁਰਬਚਨ ਸਿੰਘ ਸਦਾ ਹੀ ਮਜ਼੍ਹਬੀ ਸਿੰਘਾਂ ਨੂੰ ਅੰਮ੍ਰਿਤ ਵੱਖ ਛਕਾਉਂਦੇ ਰਹੇ ਕੀ ਇਹ ਗੁਰਬਾਣੀ ਦਾ ਸਤਿਕਾਰ ਸੀ ਕਿ ਬੇਅਦਬੀ ? ਕੇਵਲ ਮੱਥਾ ਟੇਕਣਾ ਹੀ ਸਤਿਕਾਰ ਨਹੀਂ ਹੈ, ਮੱਥਾ ਤਾਂ ਚੋਰ, ਠੱਗ, ਬਲੈਕੀਏ, ਨੋਟਾ ਅਤੇ ਵੋਟਾਂ ਦੇ ਵਪਾਰੀ ਵੀ ਟੇਕਦੇ ਹਨ।

ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ (ਪੰਨਾ 878)

ਹੇ ਗੁਰੂ ਜੀ ਤੁਹਾਨੂੰ ਨਿਉਣਾ ਕੀ ਹੈ ? ਤੁਹਾਡੇ ਬਚਨ ਨੂੰ ਸਿਰ ਮੱਥੇ ਮੰਨਣਾ ਇਹ ਬਚਨ ਮੰਨਣਾ ਹੀ ਮੱਥਾ ਟੇਕਣਾ ਹੈ। ਇਹੀ ਸਤਿਕਾਰ ਹੈ। ਹੋਰ ਕਹਿੰਦੇ ਬ੍ਰਾਹਮਣਾਂ ਵਾਲੀ ਸੁੱਚ ਭਿੱਟ ਵੀ ਟਕਸਾਲ ਵਿਚ ਬਹੁਤ ਹੈ। ਉਹ ਤਾਂ ਪਤਾ ਹੀ ਹੈ।

ਖ਼ਾਲਸਾ ਜੀ ਦੀ ਪੰਥ ਨੂੰ ਦੇਣ

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦਸਮ ਗੁਰੂ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿਤ ਸਵੱਯੇ, ਭਾਈ ਨੰਦ ਲਾਲ ਜੀ ਦੀਆਂ ਗ਼ਜ਼ਲਾਂ, ਸ੍ਰੀ ਗੁਰੂ ਪੰਥ

ਪ੍ਰਕਾਸ਼, ਗੁਰ ਬਿਲਾਸ ਪਾ: ਛੇਵੀਂ ਤੇ ਦਸਵੀਂ ਮਹਿਮਾ ਪ੍ਰਕਾਸ਼ ਸ੍ਰੀ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼ ਅਤੇ ਛੋਟੀਆਂ ਪੁਸਤਕਾਂ ਪ੍ਰਬੋਧ ਚੰਦਰ ਨਾਟਕ, ਵਿਚਾਰ ਸਾਗਰ, ਬਿਰਤੀ ਪ੍ਰਭਾਕਰ, ਮੋਖਸ਼ ਪੰਥ ਆਦਿਕ ਅਰਥਾਂ ਸਮੇਤ ਚੰਗੀ ਤਰ੍ਹਾਂ ਸਿੰਘਾਂ ਨੂੰ ਪੜ੍ਹਾਉਂਦੇ। (ਖ਼ਾਲਸਾ ਜੀਵਨ ਪੰਨਾ 64-65)

ਵਿਚਾਰ—ਧੰਨ "ਗੁਰੂ ਗ੍ਰੰਥ ਸਾਹਿਬ ਜੀ" ਤੋਂ ਬਿਨ੍ਹਾਂ ਬਾਕੀਆਂ ਵਿਚੋਂ ਅੱਧੇ ਗ੍ਰੰਥ ਬ੍ਰਾਹਮਣਵਾਦੀ ਕਿਰਿਆ ਕਰਮ, ਕਰਮਕਾਂਡਾਂ ਨਾਲ ਸੰਬੰਧ ਰੱਖਦੇ ਹਨ। ਇਹ ਪੜ੍ਹੇ ਹੋਣ ਕਰਕੇ ਹੀ ਟਕਸਾਲ 10% ਗੁਰਮਤਿ ਅਤੇ 90% ਬ੍ਰਾਹਮਣੀ ਮੱਤਾਂ ਦਾ ਪ੍ਰਚਾਰ ਕਰਦੀ ਰਹੀ ਅਤੇ ਕਰ ਰਹੀ ਹੈ। ਕੋਈ ਟਕਸਾਲੀ, ਦਸਮ ਗ੍ਰੰਥ ਵਿਚਲੇ ਤ੍ਰੀਆ ਚਰਿੱਤਰਾਂ ਦੀ ਕਥਾ ਆਪਣੇ ਘਰ ਪਰਿਵਾਰ ਵਿਚ ਬਹਿ ਕੇ ਅਰਥਾਂ ਸਮੇਤ ਸੁਣਾ ਦੇਵੇ ਅਸੀਂ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਦਸਮ ਗ੍ਰੰਥ ਬਾਣੀ ਮੰਨ ਲਵਾਂਗੇ। ਨਹੀਂ ਤਾਂ....। ਅੱਗੇ ਕਈਆਂ ਨੂੰ ਕਿਹਾ ਅੱਜ ਤਕ ਕਿਸੇ ਨਹੀਂ ਸੁਣਾਈ।

"ਕੂੜ ਠਗੀ ਗੁਝੀ ਨ ਰਹੈ ਮੁਲੰਮਾ ਪਾਜੁ ਲਹਿ ਜਾਇ।" (ਗੁਰੂ ਗ੍ਰੰਥ ਸਾਹਿਬ)

ਆਪ ਜੀ ਤੋਂ ਵਰੋਸਾਏ ਬੇਅੰਤ ਗੁਰਮੁਖ ਹਿੰਦੁਸਤਾਨ ਭਰ ਵਿਚ ਗੁਰੂ ਕੇ ਤਖ਼ਤ ਸਾਹਿਬ ਅਤੇ ਬੇਅੰਤ ਗੁਰਦੁਆਰਿਆਂ ਵਿਚ ਸਿੰਘ ਸਾਹਿਬ, ਗ੍ਰੰਥੀ ਸਿੰਘ ਲੱਗੇ ਹੋਏ ਹਨ। ਬਹੁਤ ਸਾਰੇ ਗਿਆਨੀ, ਕਥਾ ਵਾਚਕ ਬਣਾਏ।

(ਖ਼ਾਲਸਾ ਜੀਵਨ ਪੰਨਾ 65)

ਵਿਚਾਰ—ਸੁਣੇ ਹਨ ਬਥੇਰੇ ਟਕਸਾਲੀ ਬ੍ਰਾਹਮਣਵਾਦੀ ਮੱਤਾਂ ਨਾਲ ਭਰੀਆਂ ਸਾਖੀਆਂ ਸੁਣਾਉਣ ਵਾਲੇ। ਗੁਰਮਤਿ ਸਿੱਧਾਂਤਾਂ ਨੂੰ ਖੰਡਨ ਕਰਨ ਵਾਲੇ ਅਤੇ ਆਪਣੇ ਮਨ ਦੀਆਂ ਮੱਤਾਂ ਦਾ ਪ੍ਰਚਾਰ ਕਰਨ ਵਾਲੇ ਬੜੇ ਫਿਰਦੇ ਹਨ ਇਥੇ। ਸਿਆਸੀ ਆਗੂਆਂ ਦੀ ਜੇਬ ਵਿਚੋਂ ਨਿਕਲਿਆ ਵੇਦਾਂਤੀ ਜਥੇਦਾਰ ਬਣਿਆ ਹੈ। ਉਸਦੇ ਜਥੇਦਾਰ ਹੁੰਦਿਆਂ ਜੋ ਜਹਾਨ ਦੀ ਮਨਮਤਿ ਹੈ। ਉਹ ਸ਼੍ਰੋਮਣੀ ਕਮੇਟੀ ਅਤੇ ਡੇਰੇਦਾਰ ਸਾਧ, ਰਾਜਨੀਤਕ ਕਰ ਰਹੇ ਹਨ। ਉਸਦੇ ਜਥੇਦਾਰ ਹੁੰਦਿਆਂ, ਅਕਾਲ ਤਖ਼ਤ ਤੇ ਗਲਤ ਫੈਸਲੇ ਹੋ ਰਹੇ ਹਨ। ਬਹੁਤ ਵੱਡਾ ਤ੍ਰਿਸਕਾਰ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਦੇ ਸਰੂਪ ਦੁਕਾਨਾਂ 'ਤੇ ਵਿਕ ਰਹੇ ਹਨ। ਦੇਹਧਾਰੀ ਗੁਰੂ ਡੰਮ੍ਹ, ਪਤਿਤਪੁਣਾ, ਚਾਰੇ ਪਾਸੇ ਫੈਲਿਆ ਹੋਇਆ ਹੈ। ਜਥੇਦਾਰ ਮੂੰਹ ਤਕ ਵੀ ਨਹੀਂ ਖੋਲ੍ਹਦਾ। ਕੀ ਇਹੋ ਜਿਹੇ ਪੈਦਾ ਕੀਤੇ ਟਕਸਾਲ ਨੇ ? ਹੈੱਡ ਗ੍ਰੰਥੀ ਪੂਰਨ ਸਿੰਘ ਲੱਗਾ ਹੈ। ਬ੍ਰਾਹਮਣੀ ਮੱਤਾਂ ਦਾ ਪੜ੍ਹਾਇਆ ਸਿੰਘਾਂ ਨੂੰ ਲਵ-ਕੁਸ਼ ਦੀ ਔਲਾਦ ਦੱਸ ਰਿਹਾ ਹੈ। ਕਥਾ ਵਿਚ ਕਰਾਮਾਤੀ ਅਤੇ ਗੁਰਮਤਿ ਸਿੱਧਾਂਤ ਨੂੰ ਖੰਡਨ ਕਰਨ ਵਾਲੀਆਂ ਕਹਾਣੀਆਂ ਸੁਣਾਉਂਦਾ ਹੈ। ਆਰ.ਐਸ.ਐਸ. ਜੋ ਸਿੱਖਾਂ ਦੀ ਦੁਸ਼ਮਣ ਹੈ ਉਸਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਇਸਨੇ ਖ਼ੁਦ ਕੀਤੀ ਹੈ। ਫ਼ੋਟੋਆਂ ਸਮੇਤ ਸਬੂਤ ਸਾਡੇ ਕੋਲ ਹਨ। ਕਥਾ ਕਰਦਿਆਂ ਗੁਰਮਤਿ ਦੀ ਗੱਲ ਇਸਦੇ ਮੂੰਹੋਂ ਭੁੱਲ ਕੇ ਵੀ ਨਹੀਂ

ਨਿਕਲਦੀ। ਕੀ ਇਹੋ ਜਿਹੇ ਸਿੰਘ ਸਾਹਿਬ ਪੈਦਾ ਕੀਤੇ ਟਕਸਾਲ ਨੇ ? ਹੋਰ ਵੀ ਐਸੇ ਹੀ ਪੈਦਾ ਕੀਤੇ ਹੋਣਗੇ ਕਿਉਂਕਿ ਦਾਲ ਬਣ ਗਈ ਦਾ ਪਤਾ ਲਾਉਣਾ ਹੋਵੇ ਤਾਂ ਕੇਵਲ ਇਕ ਦਾਣਾ ਹੀ ਟੋਹ ਕੇ ਦੇਖੀਦਾ ਹੈ ਸਾਰੇ ਦਾਣੇ ਵਾਰੀ ਵਾਰੀ ਟੋਹਣ ਦੀ ਲੋੜ ਨਹੀਂ ਪੈਂਦੀ।

ਅੱਗੇ 'ਖਾਲਸਾ ਜੀਵਨ' ਪੰਨਾ 67 ਤੇ ਲਿਖਦੇ ਹਨ: ਗੁਰਬਾਣੀ ਪਾਠ ਦਰਸ਼ਨ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੇ ਕਠਿਨ ਪਾਠਾਂ ਦਾ ਨਿਰਨਾ ਕੀਤਾ ਹੈ। ਸ਼ੁੱਧ ਪਾਠ ਕਰਨ ਵਾਸਤੇ ਇਕ ਅਲੌਕਿਕ ਪੁਸਤਕ ਹੈ।

ਵਿਚਾਰ—ਇਹ ਪੁਸਤਕ ਅਸੀਂ ਪੜ੍ਹੀ ਹੈ। ਇਸ ਵਿਚ ਪਾਠ ਸਮੇਂ ਅੱਧਕ ਲਾ ਦਿੱਤੇ ਹਨ ਪਰ ਕਹਿੰਦਾ ਬਿੰਦੀ ਕੋਲੋਂ ਕਿਤੇ ਨਹੀਂ ਲਾਉਣੀ। ਜੇ ਪਾਠ ਕਰਨ ਸਮੇਂ ਅੱਧਕ ਬੋਲਿਆ ਜਾ ਸਕਦਾ ਹੈ ਤਾਂ ਬਿੰਦੀ ਕਿਉਂ ਨਹੀਂ ? ਕਰੀਬ 2000 ਬਿੰਦੇ "ਗੁਰੂ ਗ੍ਰੰਥ ਸਾਹਿਬ" ਵਿਚ ਲੱਗੇ ਹਨ ਪਰ ਅੱਧਕ ਤਾਂ ਕਿਤੇ ਇਕ ਵੀ ਨਹੀਂ ਹੈ। ਇਹ ਦੁੱਤ ਉਚਾਰਨ। ਨਾਸਕੀ ਉਚਾਰਨ ਕਰਨੇ ਜ਼ਰੂਰੀ ਹਨ ਪਰ ਟਕਸਾਲੀ ਐਸਾ ਨਹੀਂ ਕਰਦੇ। ਗੁਰਬਾਣੀ ਪਾਠ ਦਰਸ਼ਨ ਵਿਚ ਲਿਖਿਆ ਹੈ:

"ਲਾਖ ਕਰੋਰੀ ਬੰਧੁਨੁ ਪਰੈ ॥ (ਗਉੜੀ ਸੁਖਮਨੀ) (ਪੰਨਾ 264)

ਕੋਈ ਟਕਸਾਲੀ ਸਾਰੇ "ਗੁਰੂ ਗ੍ਰੰਥ ਸਾਹਿਬ" ਜੀ ਅੰਦਰ ਕਿਤੇ ਵੀ ਧੁ ਵਾਲਾ ਬੰਧਨ ਲਿਖਿਆ ਦਿਖਾਵੇ। ਜਿਸਦਾ ਅਰਥ ਬੰਧਨ ਕੱਟਣੇ ਬਣਦਾ ਹੋਵੇ। ਕਿਤੇ ਨਹੀਂ ਹੈ। ਬੰਧਨੁ ਨੁ ਹੋ ਸਕਦਾ ਹੈ ਬੰਧਨ ਮੁਕਤਾ ਹੋ ਸਕਦਾ ਹੈ। ਪਰ ਧੁ ਵਾਲਾ ਬੰਧਨ ਸਾਰੇ ਸਰੂਪ ਵਿਚ ਕਿਤੇ ਨਹੀਂ ਹੈ। ਇਸ ਤਰ੍ਹਾਂ ਹੋਰ ਵੀ ਪਾਠ ਟਕਸਾਲ ਵਾਲੇ ਗਲਤ ਕਰਦੇ ਹਨ।

ਅੱਖੀਂ ਡਿੱਠੀ ਘਟਨਾ ਯਾਦ ਆ ਗਈ ਹੈ। ਸਾਡੇ ਨੇੜੇ ਪਿੰਡ ਮਾੜੀ ਗੌੜ ਸਿੰਘ ਨਿੱਤਨਮੇ ਸੰਥਿਆ ਵਾਸਤੇ ਕੈਂਪ ਲੱਗਾ ਜੋ S.G.P.C. ਨੇ ਲਾਇਆ। ਇਹ ਚਾਰ ਦਿਨਾਂ ਦਾ ਕੈਂਪ ਸੀ ਅਸੀਂ ਸਾਰੇ ਦਿਨ ਹਾਜ਼ਰੀ ਭਰੀ ਪਹਿਲੇ ਦਿਨ ਸ਼੍ਰੋਮਣੀ ਕਮੇਟੀ ਵਿਚ ਤਨਖਾਹੀਆ ਮੁਲਾਜਮ ਟਕਸਾਲੀ ਹੈੱਡ ਗ੍ਰੰਥੀ ਗੁ. ਪਿਪਲੀ ਸਾਹਿਬ ਅੰਮ੍ਰਿਤਸਰ ਨੇ ਜਪੁਜੀ ਸਾਹਿਬ ਦੀ ਸੰਥਿਆ ਕਰਵਾਈ। ਅਸੀਂ ਡਾਇਰੀ 'ਤੇ ਉਸਦੀਆਂ ਗਲਤੀਆਂ ਨੋਟ ਕਰੀ ਗਏ। ਜਦੋਂ ਜਪੁਜੀ ਸਾਹਿਬ ਦਾ ਭੋਗ ਪਿਆ ਤਾਂ ਅਸੀਂ ਕਿਹਾ ਕਿ ਸਾਡੇ ਸਵਾਲਾਂ ਦਾ ਜਵਾਬ ਉਹ ਟਕਸਾਲੀ ਖੁਦ ਦੇਵੇ ਜਿਸਨੇ ਸੰਥਿਆ ਕਰਵਾਈ ਹੈ। ਟਕਸਾਲੀ ਨੂੰ ਇਕ ਵੀ ਜਵਾਬ ਨਾ ਆਇਆ ਉਹ ਸਾਰੇ ਜਵਾਬ ਭਾਈ ਅਨੂਪ ਸਿੰਘ ਹੈੱਡ ਪ੍ਰਚਾਰਕ ਨੇ ਦਿੱਤੇ। ਟਕਸਾਲੀ ਚੁੱਪ ਕਰਕੇ ਬੈਠਾ ਰਿਹਾ ਅਗਲੇ ਦਿਨ ਸੰਥਿਆ ਦੇਣ ਨਾ ਆਇਆ। ਜੋ ਇਹ ਫੈਸਲੇ ਹੋ ਚੁੱਕੇ ਹਨ ਕਿ ਟਕਸਾਲੀ ਪਾਠ ਗ਼ਲਤ ਹੈ।

ਗੁਰਦੁਆਰਿਆਂ ਦੀ ਸੇਵਾ ਤੇ ਇਕੋਤਰੀਆਂ ਕੀਤੀਆਂ ਖਾਲਸਾ ਜੀਵਨ ਵਿਚ ਲਿਖੀਆਂ ਹਨ

ਵਿਚਾਰੁ—ਇਕੋਤਰੀ ਕਹਿੰਦੇ 101 ਅਖੰਡ ਪਾਠ ਨੂੰ। ਇਹ ਇਕੋਤਰੀਆਂ ਬ੍ਰਾਹਮਣੀ ਮੱਤ ਹੈ। ਇਹੋ ਜਿਹੀਆਂ ਇਕੋਤਰੀਆਂ ਵਾਸਤੇ ਸਿੱਖ ਮੱਤ ਵਿਚ ਕੋਈ ਥਾਂ ਨਹੀਂ ਹੈ। ਸਿੱਖ ਨੇ ਗੁਰਬਾਣੀ ਨੂੰ ਪੜ੍ਹਨਾ, ਸੁਣਨਾ, ਸਮਝਣਾ, ਮੰਨਣਾ, ਕਮਾਉਣਾ ਵੀ ਹੈ। ਇਹ ਇਕੋਤਰੀਆਂ ਨਹੀਂ ਕਰਨੀਆਂ ਅਤੇ ਨਾ ਹੀ ਕਰਾਉਣੀਆਂ ਹਨ। ਸਿੱਖ ਨੇ ਗੁਰੂ ਦਾ ਬਚਨ ਹਿਰਦੇ ਵਿਚ ਵਸਾਉਣਾ ਹੈ। ਮੰਤ੍ਰਰਟਨ ਪਾਠ ਨਹੀਂ ਕਰਨਾ। ਇਸ ਬਾਰੇ ਇਸੇ ਪੁਸਤਕ ਵਿਚ ਪਿੱਛੇ ਖੁੱਲ੍ਹੀ ਵਿਚਾਰ ਹੋ ਚੁੱਕੀ ਹੈ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਮੰਗਲਾਂ ਦੀ ਸੇਵਾ

ਪੁਰਾਤਨ ਸਰੂਪਾਂ ਵਿਚ ਮੰਗਲ ਇਸ ਤਰ੍ਹਾਂ ਹੈ।

੧ੳ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੧

ਟਕਸਾਲ ਨੇ ਕੀ ਸੇਵਾ ਕੀਤੀ?

ਆਸਾ ਮਹਲਾ ੧॥ ੧ੳ ਸਤਿਗੁਰ ਪ੍ਰਸਾਦਿ॥

ਪਾਠਕ ਜਨ ਆਪ ਫੈਸਲਾ ਕਰ ਸਕਦੇ ਹਨ ਉੱਪਰਲਾ ਸਹੀ ਹੈ ਕਿਉਂਕਿ ਪ੍ਰਮਾਤਮਾ ਪਹਿਲਾਂ ਬਾਕੀ ਸਭ ਬਾਅਦ ਵਿਚ। ਗੁਰੂ ਨੇ ਪ੍ਰਮਾਤਮਾ ਨੂੰ ਪਹਿਲਾਂ ਰੱਖਿਆ ਹੈ। ਮੰਗਲਾਂ ਦੇ ਸੰਬੰਧ ਵਿਚ ਟਕਸਾਲ ਨੇ ਸੇਵਾ ਨਹੀਂ ਕੀਤੀ ਕੁਸੇਵਾ ਕੀਤੀ ਹੈ। ਟਕਸਾਲ ਨੇ ਇਥੇ ਅਖੰਡ ਸੰਪਟ ਪਾਠਾਂ ਦੀ ਗੱਲ ਵੀ ਕੀਤੀ ਹੈ ਜੋ ਸਰਾਸਰ ਗਲਤ ਹੈ। ਗੁਰਮਤਿ ਵਿਚ ਸੰਪਟ ਪਾਠ ਵਾਸਤੇ ਕੋਈ ਥਾਂ ਨਹੀਂ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਗੁਰਮਤਿ ਮਾਰਤੰਡ ਵਿਚ ਜ਼ਿਕਰ ਕੀਤਾ ਹੈ ਕਿ ਸੰਪਟ ਪਾਠਾਂ ਦਾ ਸਿੱਖ ਮੱਤ ਵਿਚ ਕੋਈ ਵਿਧਾਨ ਨਹੀਂ ਹੈ। ਇਸ ਬਾਰੇ ਅੱਗੇ ਚੱਲ ਕੇ ਹੋਰ ਵੀ ਵਿਚਾਰ ਕੀਤੀ ਜਾਵੇਗੀ। ਖ਼ਾਲਸਾ ਜੀਵਨ ਦੇ ਪੰਨਾ 145 'ਤੇ ਜੋ ਗਿਆਨੀ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦਾ ਭਰਾ ਸੰਤ ਇੰਦਰ ਸਿੰਘ ਲਿਖਿਆ ਹੈ ਇਸ ਬਾਰੇ ਟਕਸਾਲੀ ਪੁਸਤਕ 'ਭਿੰਡਰਾਂ ਵਾਲੇ' ਵਿਚੋਂ ਮੈਂ ਖ਼ੁਦ ਪੜ੍ਹਿਆ ਹੈ ਪੰਨਾ ਯਾਦ ਨਹੀਂ ਹੈ। ਕਿ ਇਹ ਸੰਤ ਇੰਦਰ ਸਿੰਘ ਕਿਹਾ ਕਰਦੇ ਸੀ ਕਿ ਐ ਲਉ ਭਾਈ ਇਕ ਪੁੜੀ ਲੈ ਜਾਉ ਤੁਹਾਨੂੰ ਕਦੇ ਦੁੱਖ ਨਹੀਂ ਲੱਗੇਗਾ। ਇਹ ਪੁੜੀ ਦਿੰਦੇ ਸੀ "ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥" ਪੁੜੀਆਂ ਵੰਡਦੇ ਰਹੇ ਦੂਜਿਆਂ ਨੂੰ ਆਪ ਇਕ ਵੀ ਪੁੜੀ ਨਹੀਂ ਖਾਧੀ। ਜਦੋਂ ਗਿਆਨੀ ਗੁਰਬਚਨ ਸਿੰਘ ਨੇ ਗਿਆਨੀ ਕਰਤਾਰ ਸਿੰਘ ਨੂੰ ਟਕਸਾਲੀ ਪੱਗ ਦਿੱਤੀ ਤਾਂ ਸੰਤ ਇੰਦਰ ਸਿੰਘ, ਈਰਖਾ ਦੀ ਅੱਗ ਵਿਚ ਮਚ ਉੱਠਿਆ ਇਹਨੇ ਮਾਝੇ ਮਾਲਵੇ ਦਾ ਸਵਾਲ ਪਾ ਦਿੱਤਾ। ਇਸ ਸੰਤ ਦੇ ਅੰਦਰੋਂ ਮਾਝੇ ਮਾਲਵੇ ਦੀ ਕੰਧ ਨਾ ਟੁੱਟੀ।

ਗਿਆਨੀ ਕਰਤਾਰ ਸਿੰਘ ਨੂੰ ਪੱਗ ਬੱਝਣ ਲੱਗੀ ਤਾਂ ਇਸਨੇ ਕਰਤਾਰ ਸਿੰਘ ਨੂੰ ਇਕ ਕਮਰੇ ਅੰਦਰ ਦੇ ਕੇ ਬਾਹਰ ਜਿੰਦਰਾ ਲਾ ਦਿੱਤਾ ਤੇ ਕਿਹਾ ਕਿ ਜਾਹ ਆਪਣੇ ਪਿੰਡ ਭੂਰੇ ਕੋਹਨੇ ਜਾ ਕੇ ਮੱਕੀ ਗੋਡ, ਇਥੇ ਸੰਤ ਬਣਨ ਦੇ ਸੁਪਨੇ ਨਾ ਲੈ। ਤਾਂ ਉਥੇ ਪੱਗ ਧੱਕੇ ਨਾਲ ਗਿਆਨੀ ਮੋਹਣ ਸਿੰਘ ਨੂੰ ਬੰਨ੍ਹ ਦਿੱਤੀ। ਸੰਤ ਤਾਰਾ ਸਿੰਘ ਸਰਹਾਲੀ ਅਤੇ ਸੰਤ ਸੋਹਣ ਸਿੰਘ ਸੁਰ ਸਿੰਘ ਵਾਲਿਆਂ ਨੇ ਰਾਈਫਲਾਂ ਲਿਜਾ ਕੇ ਨਾਲ ਹੋਰ ਸਿੰਘ ਲੈ ਕੇ, ਜਿੰਦਰਾ ਤੋੜ ਕੇ ਗਿਆਨੀ ਕਰਤਾਰ ਸਿੰਘ ਨੂੰ ਅੰਦਰੋਂ ਕੱਢਿਆ। ਟਕਸਾਲੀਆਂ ਦੇ ਕਹਿਣ ਮੁਤਾਬਕ ਸੀਨੇ ਬਸੀਨੇ ਚੱਲੀ ਆਉਂਦੀ ਟਕਸਾਲ ਦਾ ਸੀਨਾ ਇਹਨਾਂ ਅਖੌਤੀ ਸੰਤਾਂ ਨੇ ਆਪਣੇ ਹੱਥੀਂ ਲੀਰੋ ਲੀਰ ਕਰ ਦਿੱਤਾ। ਇਹ ਜ਼ਿਕਰ ਪਿੱਛੇ ਵੀ ਆ ਚੁੱਕਾ ਹੈ।

ਗਿਆਨੀ ਗੁਰਬਚਨ ਸਿੰਘ ਦਾ ਆਖ਼ਰੀ ਸੁਆਸਾਂ ਤਕ ਆਪਣੇ ਦੇਹ ਸਰੀਰ ਨਾਲੋਂ ਮੋਹ ਨਾ ਟੁੱਟਾ ਕਿਉਂਕਿ ਖ਼ਾਲਸਾ ਜੀਵਨ ਪੰਨਾ 144 'ਤੇ ਲਿਖਿਆ ਹੈ ਕਿ ਸਾਡੇ ਸਰੀਰ ਦਾ ਸਸਕਾਰ ਪਾਤਾਲਪੁਰੀ ਸਾਹਿਬ ਕਰਨਾ। ਗੁਰ ਫੁਰਮਾਨ ਹੈ:

"ਜੇ ਕੋਉ ਮਿਰਤਕ ਕਉ ਚੰਦਨ ਚੜਾਵੈ॥
ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥
ਤਾ ਮਿਰਤਕ ਕਾ ਕਿਆ ਘਟਿ ਜਾਈ॥" (ਪੰਨਾ 1160)

ਸੰਤ ਕਰਤਾਰ ਸਿੰਘ ਨੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਕੇ ਮਿਰਤਕ ਸਰੀਰ ਨੂੰ ਪਾਤਾਲਪੁਰ ਸਾਹਿਬ ਖੜ੍ਹਿਆ ਅਤੇ ਉਥੇ ਸੰਸਕਾਰ ਕੀਤਾ। ਹਿੰਦੂ ਮੱਤ ਵਾਲਾ ਫੋਕਾ ਕਰਮ ਕਾਂਡ ਗਿਆਨੀ ਗੁਰਬਚਨ ਸਿੰਘ ਨੇ ਮਰਦੇ ਦਮ ਤਕ ਨਹੀਂ ਛੱਡਿਆ। ਇਥੇ ਹੋਰ ਵੀ ਬਹੁਤ ਕੁਝ ਲਿਖਣ ਯੋਗ ਹੈ ਪਰ ਸੰਖੇਪ ਕਰ ਰਿਹਾ ਹਾਂ। ਇਸ ਪੁਸਤਕ ਦੇ ਹੋਰ ਆ ਰਹੇ ਭਾਗਾਂ ਵਿਚ ਉਹ ਵੀ ਲਿਖ ਦਿਆਂਗਾ।

ਟਕਸਾਲੀ ਗੁਰਮਤਿ ਰਹਿਤ ਮਰਿਯਾਦਾ

ਜਿਵੇਂ ਅੱਜਕਲ੍ਹ ਦੇ ਚੁੰਚ ਗਿਆਨੀ ਵੀ ਕੇਵਲ ਵਿਵਹਾਰਕ ਵਿੱਦਿਆ ਦੀਆਂ ਪੁਸਤਕਾਂ ਪੜ੍ਹ ਪੜ੍ਹ ਕੇ ਬ੍ਰਹਮ ਵਿੱਦਿਆ ਤੋਂ ਬਿਨ੍ਹਾ ਥੋਥੇ ਅਤੇ ਖਾਲ੍ਹੀ ਰਹਿ ਜਾਂਦੇ ਹਨ ਕਿਉਂਕਿ ਉਹ ਭਾਉ, ਭਗਤੀ ਤੇ ਸਿਮਰਨ ਤੋਂ ਖਾਲ੍ਹੀ ਹੁੰਦੇ ਹਨ ਮਨ ਤਾਰੂ ਮਲਾਹ ਦੀ ਨਿਆਈਂ ਹਨ। ਆਪ ਕਮਾਈ ਨਹੀਂ ਕਰਦੇ ਪਰੰਤੂ ਦੂਜਿਆਂ ਨੂੰ ਹੀ ਉਪਦੇਸ਼ ਦੇਣ ਜੋਗੇ ਹਨ।

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਪੰਨਾ 467)

(ਖ਼ਾਲਸਾ ਜੀਵਨ ਪੰਨਾ 194)

ਵਿਚਾਰ—ਪਹਿਲੇ ਪਾਤਸ਼ਾਹ ਦੇ ਨਾਲ ਰਹੇ ਭਾਈ ਮਰਦਾਨਾ ਜੀ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਰਹੇ ਸਿੰਘਾਂ ਤਕ ਕਰੀਬ 250 ਸਾਲ ਕਿਸੇ ਇਕ ਵੀ ਸਿੰਘ ਨੇ ਆਪਣੇ ਨਾਮ ਨਾਲ ਸੰਤ ਅੱਖਰ ਨਹੀਂ ਲੱਗਣ ਦਿੱਤਾ। ਕੀ ਉਹ ਸਾਰੇ ਚੁੰਚ ਗਿਆਨੀ ਸਨ ? ਕੀ ਉਹ ਸਾਰੇ ਬ੍ਰਹਮ ਵਿੱਦਿਆ ਤੋਂ ਖਾਲੀ ਸਨ। ਗੁਰਮਤਿ ਦੇ ਫਿਲਾਸਫਰ ਵਿਆਖਿਆਕਾਰ ਭਾਈ ਗੁਰਦਾਸ ਜੀ ਬ੍ਰਹਮ ਵਿੱਦਿਆ ਤੋਂ ਖਾਲ੍ਹੀ ਸਨ ? ਬੰਦ ਬੰਦ ਕਟਾਉਣ ਵਾਲੇ, ਚਰਖੜੀਆਂ 'ਤੇ ਚੜ੍ਹਨ ਵਾਲੇ, ਖੋਪਰੇ ਲਹਾਉਣ ਵਾਲੇ, ਆਰਿਆਂ ਨਾਲ ਚੀਰੇ ਜਾਣ ਵਾਲੇ, ਉਬਲਦੀਆਂ ਦੇਗਾਂ ਵਿਚ ਉਬਲਣ ਵਾਲੇ, ਸੀਨਿਆਂ ਵਿਚ ਬਰਸ਼ੇ ਅਤੇ ਗੋਲੀਆਂ ਖਾਣ ਵਾਲੇ, ਜੰਡਾਂ ਨਾਲ ਬੰਨ੍ਹ ਕੇ ਸਾੜੇ ਜਾਣ ਵਾਲੇ, ਮੋਰਚੇ ਲਾ ਕੇ ਗੱਡੀਆਂ ਰੋਕਣ ਵਾਲੇ, ਬੱਚਿਆਂ ਦੇ ਟੋਟੇ ਕਰਾ ਕੇ ਝੋਲੀਆਂ ਵਿਚ ਪਵਾਉਣ ਵਾਲੇ, ਹੋਰ ਵੀ ਸ਼ਹੀਦ ਸਿੱਦਕੀ ਸਿੱਖ ਕੀ ਚੁੰਚ ਗਿਆਨੀ ਸਨ ? ਕੀ ਉਹ ਬ੍ਰਹਮ ਵਿੱਦਿਆ ਤੋਂ ਖਾਲ੍ਹੀ ਸਨ ?

ਕੀ ਇਹ ਟਕਸਾਲੀ ਅਤੇ ਹੋਰ ਅਖੌਤੀ ਬ੍ਰਹਮ ਗਿਆਨੀ ਬ੍ਰਾਹਮਣੀ ਫੋਕੇ ਕਰਮ ਕਾਂਡਾਂ ਨੂੰ ਗੁਰਮਤਿ ਦੱਸਣ ਵਾਲੇ, ਬ੍ਰਾਹਮਣ ਵਾਂਗੂ ਅੱਖਾਂ ਮੀਟ ਕੇ ਤਿੰਨਾ ਲੋਕਾਂ ਦੀ ਸੋਝੀ ਹੋਣ ਦੇ ਦਾਅਵੇ ਕਰਨ ਵਾਲੇ, ਬਿਨ੍ਹਾਂ ਕ੍ਰਿਤ ਕੀਤਿਆਂ, ਪੂਜਾ ਦੇ ਧਨ 'ਤੇ ਪਲਣ ਵਾਲੇ, ਚਿੱਟੇ ਕੱਪੜੇ ਪਾ ਕੇ, ਪਲੰਘਿਆਂ 'ਤੇ ਬੈਠ ਕੇ ਬਗੁਲ ਸਮਾਧੀਆਂ ਦੇ ਦਿਖਾਵੇ ਕਰਨ ਵਾਲੇ, ਲੋਕਾਂ ਨੂੰ ਸਵਰਗਾਂ ਦੇ ਲਾਲਚ ਅਤੇ ਨਰਕਾਂ ਦੇ ਡਰ ਪਾ ਕੇ ਲੁੱਟਣ ਵਾਲੇ, ਕੋਈ ਗੜਵਈ ਹੱਥ ਧਵਾਉਣ ਵਾਲਾ ਤੇ ਕੋਈ ਟੁੱਕ ਖਵਾਉਣ ਵਾਲਾ ਤੇ ਕੋਈ ਪਲੰਘਾ ਵਿਛਾਉਣ ਵਾਲਾ, ਗੁਰਬਾਣੀ ਦਾ ਮੰਤ੍ਰ ਰੂਪ ਪਾਠ ਕਰਨ ਅਤੇ ਕਰਵਾਉਣ ਵਾਲੇ, ਗੁਰੂ ਪ੍ਰਮਾਤਮਾ ਨਾਲ ਵੀ ਪਾਠਾਂ ਦੀਆਂ ਗਿਣਤੀਆਂ ਹਿਸਾਬ-ਕਿਤਾਬ ਕਰਨ ਵਾਲੇ, "ਧੰਨ ਗੁਰੂ ਗ੍ਰੰਥ ਸਾਹਿਬ" ਦੇ ਸ਼ਰੀਕ ਬਣ ਕੇ ਆਪਣੀ ਪੂਜਾ ਕਰਵਾਉਣੇ ਵਾਲੇ, ਇਹ ਬ੍ਰਹਮਗਿਆਨੀ ਹਨ ? ਕਦਾਚਿਤ ਨਹੀਂ! ਇਹ ਤਾਂ ਇਸ ਲੋਕ ਦਾ ਗਿਆਨ ਵੀ ਨਹੀਂ ਰੱਖਦੇ, ਪ੍ਰਲੋਕ ਦਾ ਕਿੱਥੇ ? ਇਹ ਤਾਂ ਆਤਮਾ ਦਾ ਗਿਆਨ ਵੀ ਨਹੀਂ ਰੱਖਦੇ। ਪ੍ਰਮਾਤਮਾ ਦਾ ਕਿੱਥੇ ? ਇਹ "ਪੜਿ ਪੜਿ ਗਡੀ ਲਦੀਅਹਿ... ਵਾਲਾ ਸ਼ਬਦ, ਇਹਨਾਂ ਕਰਮਕਾਂਡੀਆਂ 'ਤੇ ਹੀ ਢੁਕਦਾ ਹੈ ਜਿਹੜੇ ਅਖੰਡ ਪਾਠਾਂ ਦੀਆਂ ਇਕੋਤਰੀਆਂ (ਰਮਾਇਣ ਦੇ ਪਾਠਾਂ ਦੀਆਂ ਇਕੋਤਰੀਆਂ ਦੀ ਤਰਜ 'ਤੇ) ਕਰਾਉਣ ਵਾਲੇ, ਕਰਨ ਵਾਲੇ, ਬਿਨ੍ਹਾਂ ਸਮਝਿਆਂ, ਮੰਨਿਆਂ 30-30 ਬਾਣੀਆਂ, ਦਾ ਨਿੱਤਨੇਮ ਕਰਨ ਵਾਲੇ, ਹਿੰਦੂ ਬ੍ਰਾਹਮਣੀ ਮੰਤਰਾਂ ਵਾਂਗ ਸਵਾ ਸਵਾ ਲੱਖ ਜਪੁ, ਜਾਪੁ ਅਤੇ ਮੂਲ ਮੰਤਰ ਦਾ ਪਾਠ ਕਰਨ ਵਾਲੇ,

ਜ਼ਬਾਨ ਇੰਜ ਚਲਦੀ ਜਿਵੇਂ ਮਸ਼ੀਨ ਚਲਦੀ ਹੈ ਕੋਈ ਪਤਾ ਨਹੀਂ ਕੀ ਪੜ੍ਹ ਰਹੇ ਹਨ ਕੀ ਬੋਲ ਰਹੇ ਹਨ ਕੀ ਲੰਘ ਗਿਆ ਕੀ ਆ ਗਿਆ, ਧਿਆਨ ਕਿਤੇ, ਬਾਣੀ ਕਿਤੇ, ਆਪ ਕਿਤੇ, ਮਨ ਕਿਤੇ, ਅਰਥ ਕਿਤੇ, ਭਾਵ ਕਿਤੇ, ਗੁਰਮਤਿ ਸਿੱਧਾਂਤ "ਪੜਿਐ ਨਾਹੀ ਭੇਦੁ ਬੁਝਿਆ ਪਾਵਣਾ॥" ਨੂੰ ਪਾਸੇ ਕਰਕੇ ਸੰਤ ਬ੍ਰਹਮ ਗਿਆਨੀ 108, 1008 ਅਤੇ ਹੋਰ ਕਈ ਕੁਝ ਬਣੇ ਫਿਰਦੇ ਹਨ, ਸੋ ਇਹ ਪੜਿ ਪੜਿ...ਵਾਲਾ ਸ਼ਬਦ ਇਹਨਾਂ 'ਤੇ ਪੂਰਾ ਢੁਕਦਾ ਹੈ।

ਸਿੱਖ ਵਿਦਵਾਨ ਜਿਨ੍ਹਾਂ ਕ੍ਰਿਤ ਕਾਰ ਕਰਦਿਆਂ ਹੋਇਆ ਆਪਣੇ ਘਰੋਂ ਪ੍ਰਸ਼ਾਦਾ ਛਕ ਕੇ ਸਾਰਾ ਜੀਵਨ ਗੁਰਬਾਣੀ ਖੋਜ, ਸੁਣਨ, ਸਮਝਣ, ਮੰਨਣ ਅਤੇ ਕਮਾਉਣ 'ਤੇ ਲਾ ਦਿੱਤਾ ਕਹਿਣ ਤੋਂ ਭਾਵ ਪ੍ਰੋ. ਸਾਹਿਬ ਸਿੰਘ ਜੀ। ਸਾਰੀ ਜ਼ਿੰਦਗੀ ਗੁਰੂ ਗ੍ਰੰਥ ਸਾਹਿਬ ਦੇ ਦਾਸ ਬਣ ਕੇ ਰਹੇ ਆਪਣੇ ਨਾਮ ਦੇ ਨਾਲ ਸੰਤ ਤਾਂ ਕੀ ਗਿਆਨੀ ਅੱਖਰ ਤਕ ਵੀ ਨਾ ਲਾਇਆ। "ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥" (ਪੰਨਾ 1384) ਗੁਰਵਾਕ 'ਤੇ ਪਹਿਰਾ ਦਿੱਤਾ। ਬ੍ਰਾਹਮਣੀ ਕਰਮ ਕਾਂਡਾਂ ਦਾ ਸਦਾ ਖੰਡਨ ਕਰਦੇ ਰਹੇ। ਜੇ ਅਨਪੜ੍ਹ ਸਾਧ ਜਿਨ੍ਹਾਂ ਨੂੰ ਗੁਰਮਤਿ ਦਾ ੳ ਅ ਵੀ ਨਹੀਂ ਆਉਂਦਾ ਉਹ ਬ੍ਰਹਮ ਗਿਆਨੀ ਕਹਾ ਸਕਦੇ ਹਨ ਤਾਂ ਪੁਰਾਣੇ ਪੜ੍ਹੇ ਲਿਖੇ PH.-D ਸਾਹਿਬ ਸਿੰਘ ਕਿਉਂ ਨਹੀਂ ਸੀ ਕਹਾ ਸਕਦੇ, ਪਰ ਉਹਨਾਂ ਸਦਾ ਗੁਰੂ ਕੇ ਬਚਨ ਨੂੰ ਸਾਹਮਣੇ ਰੱਖਿਆ, ਸਾਰੀ ਜ਼ਿੰਦਗੀ ਗੁਰਮਤਿ ਸਿੱਧਾਂਤਾਂ ਦੀ ਪਹਿਰੇਦਾਰੀ ਕਰਦੇ ਰਹੇ, ਕੋਈ ਪਰਪੰਚ ਕੋਈ ਡੇਰਾ ਨਹੀਂ ਚਲਾਇਆ। ਉਹਨਾਂ ਦੀ ਸਭ ਤੋਂ ਵੱਡੀ ਘਾਲਣਾ ਗੁਰਬਾਣੀ ਵਿਆਕਰਣ ਅਨੁਸਾਰ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਦਾ ਟੀਕਾ ਦਰਪਣ ਜੋ ਉਹਨਾਂ 36 ਸਾਲ ਮਿਹਨਤ ਕਰਕੇ ਲਿਖਿਆ। ਇਹ ਉਹਨਾਂ ਦੀ ਮਹਾਨ ਦੇਣ ਹੈ। ਸਿੱਖ ਕੌਮ ਪ੍ਰਤੀ। ਫ਼ਰੀਦਕੋਟੀਆਂ ਦਾ ਟੀਕਾ ਅਤੇ ਹੋਰ ਵੀ ਜੋ ਟੀਕੇ ਹਨ ਉਹ ਬ੍ਰਾਹਮਣੀ ਮੱਤ ਵਾਲੀਆਂ ਸਾਖੀਆਂ ਨਾਲ ਭਰੇ ਪਏ ਹਨ। ਬ੍ਰਾਹਮਣੀ ਮੱਤਾਂ ਵਾਲਿਆਂ ਟੀਕਿਆਂ ਨੇ ਹੀ ਬਹੁਤੇ ਸਿੱਖਾਂ ਨੂੰ ਕੇਸਧਾਰੀ ਹਿੰਦੂ ਅਤੇ ਕਛਹਿਰਾਧਾਰੀ ਹਿੰਦੂ ਬਣਾ ਕੇ ਰੱਖ ਦਿੱਤਾ ਹੈ। ਇਹ ਕਛਹਿਰਾਧਾਰੀ ਹਿੰਦੂ ਹੀ ਅੱਜ ਤੱਤ ਗੁਰਮਤਿ ਦੀ ਗੱਲ ਕਰਨ ਵਾਲਿਆਂ ਨੂੰ ਚੁੰਚ ਗਿਆਨੀ ਅਤੇ ਨਾਸਤਿਕ ਕਹਿ ਰਹੇ ਹਨ। ਹਿੰਦੂ ਮੱਤ ਦਾ ਸ਼ਿਕਾਰ ਹੋਈ ਕੌਮ ਨੇ ਪ੍ਰੋ. ਸਾਹਿਬ ਸਿੰਘ ਨੂੰ ਕੋਈ ਸਤਿਕਾਰ ਨਹੀਂ ਦਿੱਤਾ। ਜਿੰਨਾ ਚਿਰ ਸਿੱਖ ਕੌਮ ਸੱਚ ਬੋਲਣ ਵਾਲਿਆਂ ਦਾ ਸਤਿਕਾਰ ਨਹੀਂ ਕਰਦੀ, ਇਸ ਤੋਂ ਵੀ ਭੈੜੀ ਹਾਲਤ ਹੋ ਜਾਵੇਗੀ। ਕਰੀਬ ਇਕ ਤੋਂ ਡੇਢ ਸਾਲ ਪਹਿਲਾਂ ਇਕ ਟਕਸਾਲੀ ਸੰਤ ਗੁਰਜੀਤ ਸਿੰਘ ਨੇ ਅਖ਼ਬਾਰ ਵਿਚ ਮਹਾਨ ਪੰਥਕ ਸ਼ਖਸ਼ੀਅਤ ਪੋ. ਸਾਹਿਬ ਸਿੰਘ ਬਾਰੇ ਕੁਬੋਲ ਬੋਲੇ ਸਨ ਤਾਂ ਦਾਸਾਂ ਨੇ ਪਹਿਲਾਂ 60 ਸਫ਼ੇ ਦਾ ਇਕ ਲਿਖਤੀ ਪੱਤਰ ਅਤੇ ਫਿਰ ਉਸਦਾ ਜਵਾਬ ਆਉਣ 'ਤੇ ਉਸ ਜਵਾਬ ਵਿਚ 98 ਸਫ਼ੇ ਦਾ ਪੱਤਰ ਭੇਜਿਆ। ਪਾਠਕ,

ਇਸ ਬਾਰੇ ਟਕਸਾਲੀ ਸੈਡ ਗੁਰਜੀਤ ਸਿੰਘ ਗੋਹਾਵਰ ਤੋਂ ਪਤਾ ਕਰ ਲੈਣ ਤਾਂ ਬਿਹਤਰ ਹੋਵੇਗਾ।

ਇਸ ਤੋਂ ਬਾਅਦ ਕੰਵਰ ਅਜੀਤ ਸਿੰਘ ਪਟਿਆਲਾ ਨੇ ਸਾਡੇ ਇਕ ਪੱਤਰ ਦੇ ਉੱਤਰ ਵਿਚ ਪ੍ਰੋ. ਸਾਹਿਬ ਸਿੰਘ ਦੇ ਖਿਲਾਫ਼ ਕੁਝ ਲਿਖਿਆ, ਦਾਸ ਨੇ ਅੱਗੋਂ ਉੱਤਰ ਵਿਚ ਜੋ ਲਿਖ ਕੇ ਭੇਜਿਆ ਉਹ ਵੀ ਉਸ ਤੋਂ ਹੀ ਪੁੱਛ ਲੈਣਾ। ਲਿਖਤੀ ਕਾਪੀਆਂ ਮੇਰੇ ਕੋਲ ਹਨ।

ਸੋ ਜੇ ਇਹ ਪ੍ਰੋ. ਸਾਹਿਬ ਸਿੰਘ, ਪ੍ਰਿੰ. ਗੰਗਾ ਸਿੰਘ ਭਾਗ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨ ਦਿੱਤ ਸਿੰਘ, ਪ੍ਰਿੰ. ਹਰਭਜਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਕਰਤਾਰ ਸਿੰਘ ਜੀ, ਪ੍ਰੋ. ਜੋਧ ਸਿੰਘ ਆਦਿ ਵਿਦਵਾਨ ਨਾ ਹੁੰਦੇ ਤਾਂ ਗੁਰਦੁਆਰੇ ਵੀ ਹੁਣ ਤਕ ਹਿੰਦੂ ਮੰਦਰਾਂ ਦੀ ਸ਼ਕਲ ਧਾਰਨ ਕਰ ਜਾਂਦੇ ਅਤੇ ਇਹ ਅਖੌਤੀ ਬ੍ਰਹਮ ਗਿਆਨੀ ਟੱਲ ਖੜਕਾਉਂਦੇ ਨਜ਼ਰ ਆਉਂਦੇ। ਇਹਨਾਂ ਵਿਦਵਾਨਾਂ ਅਤੇ ਹੋਰ ਸੱਚ ਸ਼ੁਮਾ ਤੋਂ ਕੁਰਬਾਨ ਹੋ ਜਾਣ ਵਾਲੇ ਸਿੱਖ ਪ੍ਰਵਾਨਿਆਂ ਨੇ ਗੁਰਬਾਣੀ ਖੋਜ ਅਤੇ ਗੁਰਮਤਿ ਸਿੱਧਾਂਤਾਂ ਦਾ ਪ੍ਰਚਾਰ ਕੀਤਾ ਕਰਕੇ ਇੰਨਾ ਕੁ ਬਚਾ ਹੋਇਆ ਹੈ ਅਜੇ ਵੀ ਸਿੱਖਾਂ ਦੇ ਕੇਂਦਰੀ ਅਸਥਾਨ ਹਰਿਮੰਦਰ ਸਾਹਿਬ ਅਤੇ ਤਖ਼ਤਾਂ ਅੰਦਰ ਹਿੰਦੂ ਰੀਤਆਂ ਪ੍ਰਚਲਤ ਹਨ। ਜੇ ਇਹ ਬ੍ਰਾਹਮਣੀ ਕਰਮ ਕਾਂਡਾਂ ਨੂੰ ਗੁਰਮਤਿ ਦੱਸਣ ਵਾਲੇ, ਪ੍ਰਚਾਰਨ ਵਾਲੇ ਇਹ ਅਖੌਤੀ ਸਾਧ ਨਾ ਹੁੰਦੇ ਤਾਂ ਦੁਨੀਆਂ ਦੇ ਕਿਸੇ ਇਕ ਵੀ ਗੁਰਦੁਆਰੇ ਅੰਦਰ ਇਕ ਵੀ ਹਿੰਦੂ ਰੀਤੀ ਨਾ ਹੁੰਦੀ। ਇਹਨਾਂ ਸਾਧਾਂ ਨੇ ਸਿੱਖਾਂ ਨੂੰ ਇਹਨਾਂ ਫੋਕੇ ਕਰਮ ਕਾਂਡਾਂ ਤੋਂ ਉੱਪਰ ਨਹੀਂ ਉੱਠਣ ਦਿੱਤਾ। ਇਹਨਾਂ ਸਾਧਾਂ ਅਤੇ ਸਿੱਖ ਵਿਦਵਾਨਾਂ ਦਾ ਜਾਪ ਸਿਮਰਨ ਕਰਨ ਦਾ ਤਰੀਕਾ ਵੀ ਵੱਖ-ਵੱਖ ਹੈ। ਗੁਰੂ ਕੀ ਬਾਣੀ (ਬਚਨ) 'ਤੇ ਭਰੋਸਾ ਰੱਖਣ ਵਾਲੇ ਖੋਜੀ ਵਿਦਵਾਨ ਨੇ ਜਦੋਂ ਬਚਨ ਪੜ੍ਹਿਆ "ਲਾਲਚ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥" (ਪੰਨਾ 419) ਵਿਚਾਰਿਆ ਕਿ ਗੁਰੂ ਜੀ ਲਾਲਚ ਛੱਡਣ ਵਾਸਤੇ ਕਹਿ ਰਹੇ ਹਨ ਤਾਂ ਮੁੜ ਲਾਲਚ ਵੱਲ ਝਾਕੇ ਵੀ ਨਹੀਂ। ਇਸ ਦਾ ਮਤਲਬ ਇਹ ਨਹੀਂ ਕਿ ਭੋਰੇ ਵਿਚ ਵੜ੍ਹ ਕੇ ਬੈਠ ਗਏ ਤੇ ਕਹਿ ਦਿੱਤਾ ਕਿ ਅਸੀਂ ਤਾਂ ਲਾਲਚ ਛੱਡੀ ਬੈਠੇ ਹਾਂ। ਦੁਨੀਆਂ ਵਿਚ ਰਹਿੰਦਿਆਂ ਹੋਇਆਂ ਕ੍ਰਿਤ ਕਾਰ ਕਰਦਿਆਂ ਹੋਇਆਂ ਸਦਾ ਗੁਰੂ ਕੇ ਬਚਨ 'ਤੇ ਪਹਿਰਾ ਦਿੱਤਾ ਕਿ ਪੈਸੇ ਵਾਸਤੇ ਕਿਸੇ ਨਾਲ ਧੋਖਾ ਨਹੀਂ ਕਰਨਾ, ਛਲ-ਕਪਟ ਕਰਕੇ ਪੇਟ ਨਹੀਂ ਪਾਲਣਾ ਇਹ ਸਿਮਰਨ ਹੈ, ਜਪ ਹੈ। ਦੂਜੇ ਪਾਸੇ ਸਾਧਾਂ ਦਾ ਜਾਪ ਸਿਮਰਨ। ਚਿੱਟੇ ਕੱਪੜੇ ਪਾ ਕੇ, ਇਕ ਮਾਲਾ ਗਲ੍ਹ ਵਿਚ, ਇਕ ਹੱਥ ਵਿਚ, ਡੇਰੇ ਬਣਾ ਕੇ ਬੈਠੇ ਹਨ ਪਲੰਘਿਆ 'ਤੇ ਚੜ੍ਹ ਕੇ, ਆਪ ਵੀ ਵਿਹਲੜ ਤੇ ਨਾਲ ਚੇਲੇ ਵੀ ਵਿਹਲੜ, ਰੱਖੇ ਹੋਏ ਹਨ। ਮੋਬਾਇਲ ਫ਼ੋਨ ਜੇਬਾਂ ਵਿਚ ਹਨ। ਜਦ ਕਿਸੇ ਦਾ ਫ਼ੋਨ ਆਉਂਦਾ ਹੈ ਤਾਂ ਗੁਰੂ ਫਤਹਿ ਬੁਲਾਉਣ ਦੀ ਥਾਂ ਨਮਸਕਾਰ ਕਰਦੇ ਹਨ।

ਕਈ ਰਾਈਫਲਾਂ ਵੀ ਚੁੱਕੀ ਫਿਰਦੇ ਹਨ। ਦਿਖਾਵੇ ਦੇ ਜਾਪ ਦਿਖਾਵੇ ਦੀਆਂ ਮਾਲਾ। ਗੁਰ ਫੁਰਮਾਨ ਹੈ:

"ਕਰੈ ਦੁਹਕਰਮ ਦਿਖਾਵੈ ਹੋਰ॥
ਰਾਮ ਕੀ ਦਰਗਹ ਬਾਧਾ ਚੋਰ॥" (ਪੰਨਾ 194)

"ਕਿਵ ਕੂੜੈ ਤੁਟੈ ਪਾਲਿ" ਵਾਲੇ ਬਚਨ ਪੜ੍ਹ ਕੇ ਹੋਰ ਝੂਠ ਬੋਲਦੇ ਹਨ। "ਲਾਲਚ ਛੋਡਿਹੁ" ਵਾਲੀਆਂ ਤੁਕਾਂ ਪੜ੍ਹ ਕੇ ਹੋਰ ਲਾਲਚ ਕਰਦੇ ਹਨ। ਉਗਰਾਹੀਆਂ ਕਰਕੇ ਖਾਂਦੇ ਹਨ। ਬੱਸਾਂ ਵਿਚ ਟੋਕਰੀਆਂ ਲੈ ਕੇ ਰੁਪਈਆ-ਰੁਪਈਆ ਮੰਗਦੇ ਫਿਰਦੇ ਹਨ। "ਜੋ ਮਾਂਗੈ ਸੋ **ਭੂਖਾ ਰਹੈ**" (ਪੰਨਾ 892) ਵਾਲੇ ਗੁਰਬਚਨ ਇਹਨਾਂ ਨੂੰ ਭੁੱਲੇ ਪਏ ਹਨ। ਗੁਰ ਫੁਰਮਾਨ ਹੈ:

"ਹਰਿ ਹਰਿ ਕਰਹਿ ਨਿਤ ਕਪਟ ਕਮਾਵਹਿ ਹਿਰਦਾ ਸੁਧ ਨ ਹੋਈ॥" (732)
"ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥" (555)
"ਖਾਂਡ ਮਾਂਡ ਕਹਿਤ ਜੀਭੋ ਨਾ ਸਵਾਦੁ ਮੀਠੋ ਆਵੈ॥"
(ਭਾਈ ਗੁਰਦਾਸ ਜੀ)

ਦੇ ਕਥਨ ਮੁਤਾਬਿਕ ਇਹਨਾਂ ਸਾਧਾਂ ਦੀ ਹਾਲਤ ਮੂੰਹ ਮੇਂ ਰਾਮ ਰਾਮ ਬਗਲ ਮੇਂ ਛੁਰੀ ਵਾਲੀ ਹੈ। ਧਰਮ ਦੇ ਨਾਂ 'ਤੇ ਕਰਮ ਕਾਂਡ ਕਰਨਾ ਅਤੇ ਝੂਠ ਬੋਲਣਾ ਬਹੁਤ ਵੱਡਾ ਪਾਪ ਹੈ। ਬ੍ਰਾਹਮਣ ਨੇ ਝੂਠ ਨੂੰ ਗਹਿਣੇ ਪਵਾ ਕੇ (ਸ਼ਿੰਗਾਰ ਕੇ) ਬੋਲਿਆ ਹੈ। ਇਸੇ ਤਰ੍ਹਾਂ ਇਹ ਸਾਧ ਵੀ ਝੂਠ ਨੂੰ ਸ਼ਿੰਗਾਰ ਕੇ ਧਰਮ ਦੇ ਨਾਂ 'ਤੇ ਬੋਲਦੇ ਹਨ। ਮੱਛੀ ਦੇ ਵਪਾਰੀਆਂ ਵਾਂਗ ਹਮੇਸ਼ਾਂ ਜਾਲ ਅਤੇ ਕੁੰਡੀ ਹੱਥ ਵਿਚ ਰੱਖਦੇ ਹਨ। ਜਿਥੇ ਮੌਕਾ ਬਣਦਾ ਹੈ ਸੁੱਟਦੇ ਨੇ ਜਾਲ, ਲਾਉਂਦੇ ਹਨ ਕੁੰਡੀ, ਹਜ਼ਾਰਾਂ ਭੋਲੀਆਂ ਭਾਲੀਆਂ ਸੰਗਤਾਂ ਫਸ ਜਾਂਦੀਆਂ ਹਨ ਇਹਨਾਂ ਦੇ ਜਾਲ ਵਿਚ। ਜਿੰਨਾ ਸਰਕਾਰ ਦਾ ਨੁਕਸਾਨ ਸਰਕਾਰੀ ਮੁਲਾਜ਼ਮ ਕਰਦੇ ਹਨ ਓਨਾ ਆਮ ਜਨਤਾ ਨਹੀਂ ਕਰਦੀ। ਇਸੇ ਤਰ੍ਹਾਂ ਸਿੱਖ ਧਰਮ ਦਾ ਬਹੁਤ ਨੁਕਸਾਨ ਧਰਮ ਦੇ ਠੇਕੇਦਾਰਾਂ ਨੇ ਕੀਤਾ ਹੈ। ਸਾਧਾਂ ਦੇ ਡੇਰੇ, ਵੱਡੇ ਵੱਡੇ ਰਾਜਿਆਂ ਦੇ ਮਹਿਲਾਂ ਵਰਗੇ ਬਣੇ ਪਏ ਹਨ ਪਰ ਗੁਰੂ ਕੀ ਸਿੱਖੀ ਦਾ ਮਹੱਲ ਕੇਵਲ ਇਕ ਕੱਖਾਂ ਦੀ ਛਨ ਬਣ ਕੇ ਰਹਿ ਗਿਆ ਹੈ। ਕਿੱਥੇ ਗਈ ਇਨ੍ਹਾਂ ਸਾਧਾਂ ਦੀ ਬ੍ਰਹਮ ਵਿੱਦਿਆ ਅਤੇ ਕਿੱਥੇ ਗਈ ਇਹਨਾਂ ਦੀ ਕਮਾਈ?

ਖ਼ਾਲਸਾ ਜੀਵਨ ਵਿਚ ਮੂਲਮੰਤਰ ਇਸ ਤਰ੍ਹਾਂ ਲਿਖਿਆ ਹੈ ਪੰਨਾ 212

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਵਿਚਾਰ—ਧੰਨ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਇੰਜ ਲਿਖਦੇ ਹਨ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਜਪੁ ਤਾਂ ਬਾਣੀ ਜਪੁਜੀ ਸਾਹਿਬ ਦਾ ਨਾਮ ਹੈ ਜੋ ਮੂਲਮੰਤਰ ਦਾ ਹਿੱਸਾ ਨਹੀਂ ਹੈ। ਜਪੁ ਦੇ ਪਹਿਲੇ ਵੀ ਦੋ ਡੰਡੀਆਂ ਹਨ ਬਾਅਦ ਵਿਚ ਵੀ ਦੋ ਡੰਡੀਆਂ ਹਨ। ਟਕਸਾਲੀਆਂ ਨੂੰ ਕੀ ਹੱਕ ਹੈ ਕਿ ਉਹ ਜਪੁ ਦੇ ਪਹਿਲੇ ਵਾਲੀਆਂ ਦੋ ਡੰਡੀਆਂ ਲਾਹ ਦੇਣ ? ਜਪੁ, ਉਥੇ ਗੁਰੂ ਸਰੂਪ ਵਿਚ ਇਸ ਤਰ੍ਹਾਂ ਲਿਖਿਆ ਹੈ ॥ਜਪੁ॥ ਅਸੀਂ ਟਕਸਾਲੀਆਂ ਦੇ ਸਿੱਖ ਨਹੀਂ ਹਾਂ, ਸਿੱਖ "ਗੁਰ ਗ੍ਰੰਥ ਸਾਹਿਬ" ਦੇ ਹਾਂ ਜੇ ਜਪੁ ਮੂਲਮੰਤਰ ਦਾ ਹਿੱਸਾ ਹੁੰਦਾ ਤਾਂ ਇਸਦੇ ਪੁ (ਔਂਕੜ) ਕਦੇ ਨਾ ਹੁੰਦਾ। ਅਸੀਂ ਲੋਹੇ ਦੇ ਚੱਕਰਾਂ ਉੱਤੇ ਅਤੇ ਦਰਬਾਰ ਸਾਹਿਬ ਦੀਆਂ ਕੰਧਾਂ 'ਤੇ ਲਿਖੇ ਨੂੰ ਨਹੀਂ ਮੰਨਦੇ ਅਸੀਂ 'ਗੁਰੂ ਗ੍ਰੰਥ ਸਾਹਿਬ" ਵਿਚ ਲਿਖਿਆ ਮੰਨਦੇ ਹਾਂ। ਦਰਬਾਰ ਸਾਹਿਬ ਦੀ ਕੰਧ 'ਤੇ ਤਾਂ ਇਹ ਵੀ ਲਿਖਿਆ ਹੈ ਇਹ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਕੀ ਇਹ ਵੀ ਟਕਸਾਲੀਆਂ ਦਾ ਮੂਲਮੰਤਰ ਹੀ ਹੈ ?

ਅੱਗੇ ਇਹ ਟਕਸਾਲੀ ਕਹਿੰਦੇ ਇਹ ਮੂਲਮੰਤਰ ਸਤਿਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਰਹਿਣ ਸਮੇਂ ਵੇਈਂ ਨਦੀ ਦੁਆਰਾ ਸੱਚਖੰਡ ਵਿਚੋਂ ਲਿਆਂਦਾ ਸੀ।

(ਖ਼ਾਲਸਾ ਜੀਵਨ ਪੰਨਾ 214)

ਵਿਚਾਰ—ਵਾਹਿਗੁਰੂ ਦੇ ਸਰਗੁਣ ਸਰੂਪ ਧੰਨ ਗੁਰੂ ਨਾਨਕ ਦੇਵ ਜੀ "ਆਪ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਉ ॥ ਆਦਿ ਨਿਰੰਜਨ ਹੈ ਗੁਰੂ ਨਾਨਕ ਧਾਰ ਕੇ ਮੂਰਤਿ ਹੈ ਜਗਿ ਆਇਉ ਅਨੁਸਾਰ ਮੂਲਮੰਤਰ ਸਦਾ ਉਹਨਾਂ ਦੇ ਕੋਲ ਹੀ ਸੀ। ਵੇਈਂ ਨਦੀ ਵਿਚ ਟੁੱਬੀ ਮਾਰੀ ਅਤੇ ਤਿੰਨ ਦਿਨ ਲੱਗ ਗਏ ਰੱਬ ਕੋਲੋਂ ਆਉਂਦਿਆਂ। ਇਹ ਕਹਾਣੀ ਲਿਖਾਰੀਆਂ ਦੇ ਦਿਮਾਗ਼ ਦੀ ਕਾਢ ਹੈ, ਇਹ ਸੱਚ ਨਹੀਂ ਹੈ। ਜੇ ਹਾਜ਼ਰਾ ਹਜ਼ੂਰ ਜਾਹਰਾ ਜਹੂਰ ਪ੍ਰਮਾਤਮਾ ਤਕ ਪਹੁੰਚਣ ਵਾਸਤੇ 'ਗੁਰੂ ਨਾਨਕ' ਨੂੰ ਤਿੰਨ ਦਿਨ ਲੱਗਦੇ ਹਨ ਤਾਂ ਆਮ ਬੰਦਾ ਤਾਂ ਅਰਬਾਂ ਸਾਲਾਂ ਵਿਚ ਵੀ ਉਥੇ ਨਹੀਂ ਪਹੁੰਚ ਸਕਦਾ। ਐਸਾ ਰੱਬ ਟਕਸਾਲੀਆਂ ਦਾ ਤਾਂ ਹੋ ਸਕਦਾ ਹੈ। ਪਰ ਗੁਰੂ ਨਾਨਕ ਦੇਵ ਅਤੇ ਗੁਰੂ ਦੇ ਸਿੱਖਾਂ ਦਾ ਰੱਬ ਐਸਾ ਨਹੀਂ ਜਿਸ ਕੋਲੋਂ ਪਹੁੰਚਣ ਵਾਸਤੇ ਕਈ ਦਿਨ ਲੱਗਦੇ ਹਨ। ਹਾਜ਼ਰਾ ਹਜ਼ੂਰ ਜਾਹਰਾ ਜ਼ਹੂਰ ਹੈ। ਬਹੁਤ ਕਥਾ ਵਾਚਕਾਂ ਕੋਲ ਗੁਰਮਤਿ ਦ੍ਰਿੜ ਕਰਨ ਅਤੇ ਕਰਵਾਉਣ ਵਾਸਤੇ ਕੋਈ ਮੈਟਰ ਨਹੀਂ ਹੁੰਦਾ ਉਹ ਸਟੇਜਾਂ ਉੱਤੇ ਝੂਠੀਆਂ ਕਹਾਣੀਆਂ ਸੁਣਾ ਕੇ ਟਾਈਮ ਪਾਸ ਕਰੀ ਜਾਂਦੇ ਹਨ। ਇਕ ਟਕਸਾਲੀ ਜਸਵੰਤ ਸਿੰਘ ਮੰਜੀ ਸਾਹਿਬ ਵਾਲੇ ਨੂੰ ਸਟੇਜ 'ਤੇ ਕੰਨੀਂ ਸੁਣਿਆ ਹੈ। ਇਕ ਘੰਟਾ ਟਾਈਮ ਸੀ ਉਹਦਾ। ਮਨਮੱਤੀ ਕਹਾਣੀਆਂ ਸੁਣਾਈ

ਗਿਆ ਅਤੇ ਅਖ਼ੀਰ ਕਹਿੰਦਾ ਕਿ ਕਥਾ ਵਿਚ ਇਕ ਅੱਧੀ ਗੱਲ ਕੰਮ ਦੀ ਹੁੰਦੀ ਹੈ ਬਾਕੀ ਤਾਂ ਕਹਿੰਦਾ ਟਾਈਮ ਪਾਸ ਹੀ ਹੁੰਦਾ ਹੈ। ਇਸ ਕਰਕੇ ਬਹੁਤੇ ਟਕਸਾਲੀ ਸਟੇਜ਼ 'ਤੇ ਝੂਠੀਆਂ ਕਹਾਣੀਆਂ ਸੁਣਾ ਕੇ ਟਾਈਮ ਹੀ ਪਾਸ ਕਰਦੇ ਰਹੇ ਹਨ ਅਤੇ ਹੁਣ ਵੀ ਕਰ ਰਹੇ ਹਨ।

ਨਿੱਤਨੇਮ ਦੀਆਂ ਪੰਜ ਬਾਣੀਆਂ ਬਾਰੇ ਟਕਸਾਲ ਦਾ ਕਹਿਣਾ

1. ਜਪੁਜੀ ਸਾਹਿਬ—ਬ੍ਰਹਮ ਗਿਆਨੀ ਦੀ ਪ੍ਰਾਪਤੀ ਵਾਸਤੇ।

2. ਜਾਪ ਸਾਹਿਬ—ਅਕਾਲ ਪੁਰਖ ਨੂੰ ਨਮਸਕਾਰ ਕਰਨ ਵਾਸਤੇ। ਇਸ ਵਿਚ ਪ੍ਰਮਾਤਮਾ ਦੇ ਸਰੂਪ ਦੇ ਲੱਛਣ ਹਨ।

3. ਤ੍ਵਪ੍ਰਸਾਦਿ ਸਵਯੈ—ਪਾਖੰਡ ਦਾ ਖੰਡਨ ਕਰਦੇ ਹਨ।

4. ਚੌਪਈ ਸਾਹਿਬ—ਸਰਬ ਕਾਲ, ਸਰਬ ਠੌਰ ਰੱਖਿਆ ਅਤੇ ਵਾਹਿਗੁਰੂ ਅੱਗੇ ਬੇਨਤੀ ਕਰਨ ਵਾਸਤੇ।

5. ਅਨੰਦ ਸਾਹਿਬ— ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ।

ਰਹਿਰਾਸ ਸਾਹਿਬ—ਸ਼ਾਮ ਦੇ ਮੌਕੇ ਰਹਿਰਾਸ ਸਾਹਿਬ ਦਾ ਪਾਠ ਜ਼ਰੂਰ ਕਰਨਾ। ਜਿਸ ਕਰਕੇ ਸੱਚਖੰਡ ਦੀ ਪ੍ਰਾਪਤੀ ਹੁੰਦੀ ਹੈ।

ਕੀਰਤਨ ਸੋਹਿਲਾ—ਰਾਤ ਨੂੰ ਸੋਣ ਵੇਲੇ ਕਰਨਾ ਹੈ ਜੇ ਸੁੱਤਿਆਂ ਪਿਆਂ ਪ੍ਰਾਣ ਨਿਕਲ ਜਾਣ ਤਾਂ ਟੇਢੀਆਂ ਜੂਨਾਂ ਵਿਚ ਨਹੀਂ ਪੈਂਦਾ।

ਆਸਾ ਦੀ ਵਾਰ—ਚੌਰਾਸੀ ਲੱਖ ਜੂਨਾਂ ਦਾ ਗੇੜਾ ਕੱਟਣ ਵਾਸਤੇ ਹੈ।

ਸੁਖਮਨੀ ਸਾਹਿਬ—24 ਅਸ਼ਟਪਦੀਆਂ, ਮਨੁੱਖ ਦੇ 24 ਘੰਟਿਆਂ ਵਿਚ 24000 ਸਵਾਸ ਹਨ ਅਤੇ ਸੁਖਮਨੀ ਸਾਹਿਬ ਦੇ 24000 ਅੱਖਰ ਹਨ। ਇਕ ਪਾਠ ਕਰਨ ਨਾਲ ਅੱਠ ਪਹਿਰ ਸਫਲ ਹੋ ਜਾਂਦੇ ਹਨ।

(ਖ਼ਾਲਸਾ ਜੀਵਨ ਪੰਨਾ 228-229)

ਵਿਚਾਰ—ਜਿਨ੍ਹਾਂ ਨੇ ਗੁਰਬਾਣੀ ਵੀ ਵੰਡ ਦਿੱਤੀ, ਗੁਰਬਾਣੀ ਦੀ ਏਕਤਾ ਵੀ ਨਹੀਂ ਰਹਿਣ ਦਿੱਤੀ, ਇਹਨਾਂ ਪੰਥਕ ਏਕਤਾ ਕਿੱਥੋਂ ਰਹਿਣ ਦੇਣੀ ਸੀ ?·ਜੇ ਜਪੁਜੀ ਸਾਹਿਬ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਹੈ ਤਾਂ ਬਾਕੀ ਬਾਣੀ ਕੀ ਅਗਿਆਨ ਦੀ ਪ੍ਰਾਪਤੀ ਵਾਸਤੇ ਹੈ। ਜੇ ਟਕਸਾਲੀਆਂ ਦੇ ਕਹਿਣ ਮੁਤਾਬਿਕ ਜਪੁਜੀ ਸਾਹਿਬ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਹੈ ਤਾਂ ਫਿਰ ਬਾਕੀ ਬਾਣੀ ਦੀ ਲੋੜ ਹੀ ਨਹੀਂ ਸੀ। ਕੀ ਇਹ ਟਕਸਾਲੀ, ਗੁਰੂਆਂ ਨਾਲੋਂ ਵੱਧ ਸਿਆਣੇ ਹਨ ? ਗੁਰੂ ਨੇ ਤਾਂ 1430 ਅੰਗ ਲਿਖੇ ਹਨ।

2. ਜਾਪ ਸਾਹਿਬ—ਜੇ ਜਪੁਜੀ ਸਾਹਿਬ ਬ੍ਰਹਮ ਗਿਆਨ ਵਾਸਤੇ ਹੈ ਤਾਂ ਫਿਰ ਜਾਪੁ ਸਾਹਿਬ ਪੜ੍ਹਨ ਦੀ ਕੀ ਲੋੜ ? ਕਿਉਂਕਿ ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ

ਹੈ। "ਬ੍ਰਹਮ ਗਿਆਨੀ ਆਪ ਪ੍ਰਮੇਸਰ ॥" ਪ੍ਰਮਾਤਮਾ, ਪ੍ਰਮਾਤਮਾ ਨੂੰ ਕੀ ਨਮਸਕਾਰ ਕਰੇਗਾ ?

3. **ਤ੍ਵਪ੍ਰਸਾਦਿ ਸਵਯੈ**—ਬ੍ਰਹਮ ਗਿਆਨੀ ਵਿਚ ਤਾਂ ਪਾਖੰਡ ਹੁੰਦਾ ਹੀ ਕੋਈ ਨਹੀਂ, ਖੰਡਨ ਕਿਉਂ ਕਰਨਾ ? ਇਹ ਫਿਰ ਕਿਸ ਵਾਸਤੇ ਪੜ੍ਹਨੇ ਹਨ ?

4. **ਚੌਪਈ ਸਾਹਿਬ**—ਬ੍ਰਹਮ ਗਿਆਨੀ ਨੂੰ ਖਤਰਾ ਹੀ ਕੋਈ ਨਹੀਂ। ਉਸ ਦੀ ਰੱਖਿਆ ਦਾ ਕੀ ਮਤਲਬ ? ਪ੍ਰਮਾਤਮਾ ਆਪ ਬ੍ਰਹਮ ਗਿਆਨੀ ਲਿਖਿਆ ਹੈ ਉਹਨੇ ਬੇਨਤੀ ਕਿਸ ਅੱਗੇ ਕਰਨੀ ਹੈ ? ਇਹ ਪੜ੍ਹਨ ਦਾ ਕੀ ਮਤਲਬ ?

5. **ਅਨੰਦੁ ਸਾਹਿਬ**—ਬ੍ਰਹਮ ਗਿਆਨੀ ਹੈ ਹੀ ਅਨੰਦ ਸਰੂਪ। ਹੋਰ ਕਿੱਥੋਂ ਅਨੰਦ ਲੈਣਾ ਉਸਨੇ ?

ਰਹਿਰਾਸ ਸਾਹਿਬ—ਬ੍ਰਹਮ ਗਿਆਨੀ ਤਾਂ ਆਪ ਹੀ ਸੱਚ ਦਾ ਸਰੂਪ ਹੈ ਉਹਨੇ ਬ੍ਰਾਹਮਣੀ ਮੱਤ ਵਾਲੇ ਸੱਚਖੰਡ ਨੂੰ ਕੀ ਕਰਨਾ ਹੈ ?

ਕੀਰਤਨ ਸੋਹਿਲਾ—ਬ੍ਰਹਮ ਗਿਆਨੀ ਨੂੰ ਭੈੜੇ ਫੁਰਨੇ ਅਤੇ ਸੁਪਨੇ ਆ ਹੀ ਨਹੀਂ ਸਕਦੇ। ਟੇਢੀਆਂ ਜੂਨਾਂ ਨਾਲ ਉਸਦਾ ਸੰਬੰਧ ਹੀ ਕੋਈ ਨਹੀਂ, ਫਿਰ ਉਹਨੂੰ ਸੋਹਿਲਾ ਪੜ੍ਹਨ ਦੀ ਕੀ ਲੋੜ ?

ਆਸਾ ਦੀ ਵਾਰ—ਬ੍ਰਹਮ ਗਿਆਨੀ ਚੌਰਾਸੀ ਲੱਖ ਜੂਨ ਵਾਲੇ ਚੱਕਰ ਵਿਚ ਕਦੇ ਨਹੀਂ ਪੈਂਦਾ ਭਾਵੇਂ ਉਸਨੇ ਗੋਇੰਦਵਾਲ ਸਾਹਿਬ ਬਉਲੀ ਵਿਚ ਇਕ ਵੀ ਇਸ਼ਨਾਨ ਨਾ ਕੀਤਾ ਹੋਵੇ। ਫਿਰ ਬ੍ਰਹਮ ਗਿਆਨੀ ਨੂੰ ਆਸਾ ਦੀ ਵਾਰ ਪੜ੍ਹਨ ਦੀ ਕੀ ਲੋੜ ?

ਸੁਖਮਨੀ ਸਾਹਿਬ—ਬ੍ਰਹਮ ਗਿਆਨੀ ਤਾਂ ਸੱਚ ਦਾ ਰੂਪ ਹੈ। ਪ੍ਰਮਾਤਮਾ ਆਪ ਹੀ ਬ੍ਰਹਮ ਗਿਆਨੀ ਹੈ ਫਿਰ ਸੁਖਮਨੀ ਸਾਹਿਬ ਵਿਚਲੇ ਅਸ਼ਟਪਦੀਆਂ, ਸਲੋਕਾਂ, ਅੱਖਰਾਂ ਦੀ ਗਿਣਤੀ ਕਰਨ ਦੀ ਕੀ ਲੋੜ ? ਗਿਣਤੀ ਮਿਣਤੀਆਂ ਦਾ ਸਿੱਖ ਧਰਮ ਨਾਲ ਕੋਈ ਮਤਲਬ ਨਹੀਂ ਹੈ। ਇਸ ਬਾਰੇ ਖੁੱਲ੍ਹੀ ਵਿਚਾਰ ਪਿੱਛੇ ਹੋ ਚੁੱਕੀ ਹੈ। ਇਹ ਸਾਰਾ ਕੁਝ ਧਰਮ ਦੇ ਠੇਕੇਦਾਰਾਂ ਨੇ ਹਿੰਦੂ ਮੱਤ ਦੀ ਨਕਲ ਤੇ ਸਿੱਖ ਕੌਮ ਵਿਚ ਵੰਡੀਆਂ ਪਾਉਣ ਵਾਸਤੇ, ਕੌਮ ਦੀ ਸ਼ਕਤੀ ਖੇਰੂ-ਖੇਰੂ ਕਰਨ ਵਾਸਤੇ ਕੀਤਾ ਹੈ। ਉਹ ਇਸ ਕੰਮ ਵਿਚ ਸਫਲ ਹੋਏ ਹਨ। ਇਸ ਵਕਤ ਸਿੱਖ ਕੌਮ 50 ਧੜਿਆਂ ਵਿਚ ਵੰਡੀ ਪਈ ਹੈ।

ਅੰਮ੍ਰਿਤ ਦੀ ਮਹੱਤਤਾ ਦਸਦਿਆਂ ਵੀ ਟਕਸਾਲੀਆਂ ਨੇ ਹਿੰਦੂ ਮੱਤ ਵਾਲੀਆਂ ਝੂਠੀਆਂ ਕਹਾਣੀਆਂ ਦਾ ਆਸਰਾ ਲਿਆ ਹੈ। ਅੰਮ੍ਰਿਤ ਦੇ ਨਾਂ 'ਤੇ ਵੀ ਇਹਨਾਂ ਸਿੱਖ ਕੌਮ ਅੰਦਰ ਵੰਡੀਆਂ ਪਾਈਆਂ ਹਨ। ਕਿਸੇ ਨੇ ਅੰਮ੍ਰਿਤ ਬਾਰੇ ਕੁਝ ਲਿਖਿਆ। ਕਿਸੇ ਨੇ ਕੁਝ ਲਿਖਿਆ ਹੈ। ਧਰਮ ਦੇ ਠੇਕੇਦਾਰ ਅਜੇ ਤਕ ਇਹ ਫੈਸਲਾ ਨਹੀਂ ਕਰ ਸਕੇ ਕਿ ਅੰਮ੍ਰਿਤ, ਸਿੱਖ ਧਰਮ ਵਿਚ ਦਾਖ਼ਲਾ ਹੈ ਕਿ ਇਹ ਮੰਜਿਲ ਹੈ। "ਕੋਈ

ਨਾ ਕਿਸੇ ਵਰਜਈ ਜੋਈ ਕਰੇ ਸੋਈ ਮਨ ਭਾਵੈ" ਭਾਈ ਗੁਰਦਾਸ ਜੀ ਦੇ ਕਥਨ ਵਾਲੀ ਹਾਲਤ ਬਣੀ ਪਈ ਹੈ।

ਟਕਸਾਲੀ ਇਥੇ ਕਹਿ ਰਹੇ ਹਨ ਜਿਸਨੇ ਅੰਮ੍ਰਿਤ ਛਕ ਲਿਆ ਉਹ ਸਰੀਰ ਕਰਕੇ ਮਰਦਾ ਹੀ ਨਹੀਂ, ਪਰ ਗੁਰਬਾਣੀ ਕਹਿੰਦੀ "ਮਰਣ ਜੀਵਣ ਜੋ ਸਮ ਕਰ ਜਾਣੈ ਸੋ ਮੇਰੇ ਪ੍ਰਭ ਭਾਇਦਾ"। ਤਨ ਦੇ ਤਲ ਤੇ ਤਾਂ ਜੀਵਨ ਬਹੁਤ ਜਿਉਂਦੇ ਹਨ। ਆਤਮਾ ਦੇ ਤਲ 'ਤੇ ਜਿਊਣ ਵਾਲੇ ਵਿਰਲੇ ਹਨ। ਵੱਡੇ ਵੱਡੇ ਅੰਮ੍ਰਿਤਧਾਰੀ ਟਕਸਾਲੀ, ਆਤਮਿਕ ਤਲ 'ਤੇ ਮਰੇ ਹੋਏ ਹਨ। ਵੱਡੇ ਧਾਰਮਿਕ ਅਹੁਦਿਆਂ 'ਤੇ ਵੀ ਉਹ ਸਿਆਸੀਆਂ ਦੇ ਹੱਥਾਂ ਵਿਚ ਵਿਕੇ ਹੋਏ ਹਨ। ਉਹ ਮਾਇਆ ਦੇ ਹੱਥਾਂ ਵਿਚ ਵਿਕੇ ਹੋਏ ਹਨ। ਤਖਤਾਂ 'ਤੇ ਬੈਠ ਕੇ ਅਨਿਆਂ ਕਰ ਰਹੇ ਹਨ। ਗੁਰਮਤਿ ਆਸ਼ੇ ਮੁਤਾਬਿਕ ਅੰਮ੍ਰਿਤ ਛਕਣਾ ਖ਼ਾਲਸਾ ਪੰਥ ਅੰਦਰ ਦਾਖ਼ਲਾ ਹੈ, ਫਿਰ ਸਿੰਘ ਨੇ ਰਹਿਤ ਵਿਚ ਰਹਿ ਕੇ ਗੁਰਬਾਣੀ ਪੜ੍ਹਨੀ, ਸੁਣਨੀ, ਸਮਝਣੀ, ਮੰਨਣੀ, ਕਮਾਉਣੀ ਹੈ। ਇਸ ਤਰ੍ਹਾਂ ਝੂਠੀਆਂ ਟਕਸਾਲਾਂ ਦਾ ਖਹਿੜਾ ਛੱਡ ਕੇ, ਤੱਤ ਗੁਰਮਤਿ ਸੱਚ ਦੀ ਟਕਸਾਲ ਵਿਚ ਆਪਣੇ ਜੀਵਨ ਦੀ ਘਾੜਤ ਘੜਣੀ ਹੈ। ਜਿਹੜੇ ਗੁਰਸਿੱਖ ਇਹ ਕਰਦੇ ਹਨ ਉਹਨਾਂ ਦੇ ਮੁਖ ਗੁਰੂ ਦਰਬਾਰ ਵਿਚ ਉਜਲੇ ਹੋ ਜਾਂਦੇ ਹਨ, ਉਹ ਜੀਵਨ ਸਫਲ ਬਣਾ ਲੈਂਦੇ ਹਨ। ਉਹ ਕੋਈ ਵੀ ਪਰਪੰਚ ਨਹੀਂ ਰਚਦੇ। "ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ॥"

ਪੰਜ ਪਿਆਰਿਆਂ ਦੇ ਨਾਮ ਅਤੇ ਜਨਮ

ਟਕਸਾਲੀ ਕਹਿੰਦੇ ਹਨ ਕਿ ਭਾਈ ਦਇਆ ਸਿੰਘ, ਲਊ ਦਾ ਅਵਤਾਰ ਸਨ। ਭਾਈ ਧਰਮ ਸਿੰਘ ਧੰਨੇ ਦਾ ਅਵਤਾਰ ਸਨ। ਭਾਈ ਹਿੰਮਤ ਸਿੰਘ ਚੱਤ੍ਰਭੁਜੀ ਨੂੰ ਪਕੜਨ ਵਾਲੇ ਫੰਧਕ ਦਾ ਅਵਤਾਰ ਸਨ। ਭਾਈ ਮੋਹਕਮ ਸਿੰਘ, ਭਗਤ ਨਾਮਦੇਵ ਜੀ ਦਾ ਅਵਤਾਰ ਸਨ। ਭਾਈ ਸਾਹਿਬ ਸਿੰਘ, ਸੈਨ ਭਗਤ ਦੇ ਅਵਤਾਰ ਸਨ।

(ਖ਼ਾਲਸਾ ਜੀਵਨ ਪੰਨਾ 340)

ਵਿਚਾਰ—ਇਹ ਸਾਰਾ ਕੁਝ ਟਕਸਾਲ ਨੇ ਕਿਸੇ ਬ੍ਰਾਹਮਣਵਾਦੀ ਗ੍ਰੰਥ ਵਿਚੋਂ ਪੜ੍ਹਿਆ ਹੈ। ਕਈ ਪੁਰਾਤਨ ਧਾਰਮਿਕ ਗ੍ਰੰਥਾਂ ਅਤੇ ਰਹਿਤਨਾਮਿਆਂ ਵਿਚ ਵੀ ਗੁਰਮਤਿ ਦੇ ਉਲਟ ਬ੍ਰਾਹਮਣਵਾਦੀ ਵਿਚਾਰਧਾਰਾ ਦਰਜ ਹੈ। ਐਸੇ ਗ੍ਰੰਥ ਵੀ ਗੁਰਦੁਆਰਿਆਂ ਵਿਚ ਪਏ ਹਨ ਜਿਨ੍ਹਾਂ ਵਿਚ ਲਿਖਿਆ ਹੈ ਕਿ ਹਨੂੰਮਾਨ ਦੀ ਪੂਜਾ ਕਿਵੇਂ ਕਰਨੀ ਹੈ, ਮੰਗਲਵਾਰ ਸਿਰ ਨਹੀਂ ਨਹਾਉਣਾ, ਵੀਰਵਾਰ ਕੱਪੜਾ ਨਹੀਂ ਧੋਣਾ, ਗਾਂ ਕਿਸ ਦਿਨ ਖਰੀਦਣੀ ਹੈ ? ਬੋਲਦ ਕਿਸ ਦਿਨ ਖਰੀਦਣਾ ਹੈ ? ਛਨੀ ਦੀ ਪੂਜਾ ਵੀ ਉਥੇ ਲਿਖੀ ਹੋਈ ਹੈ । ਪਰ ਗੁਰਮਤਿ ਦਾ ਇਹਨਾਂ ਗੱਲਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਅਵਤਾਰਵਾਦ ਨੂੰ ਗੁਰਬਾਣੀ ਨਹੀਂ ਮੰਨਦੀ।

ਜ਼ਾਤ-ਪਾਤ ਕੋਈ ਨਹੀਂ ਹੈ। ਟਕਸਾਲੀਆਂ ਅੰਦਰ ਝੂਠ ਅਤੇ ਸੱਚ ਨਿਖੇੜਨ ਵਾਲੀ ਹੰਸ ਬਿਰਤੀ ਨਹੀਂ ਹੈ। ਇਸ ਕਰਕੇ ਇਹ ਗੁਰਮਤਿ ਅਤੇ ਮਨਮੱਤਿ ਦਾ ਨਿਖੇੜਾ ਨਹੀਂ ਕਰ ਸਕੇ। ਗੁਰੂ ਨੇ ਕਿਹਾ ਕਿ ਗੁਰਬਾਣੀ ਤੋਂ ਸਿੱਖਿਆ ਲਉ ਪਰ ਇਹ ਟਕਸਾਲੀ, ਪੰਜਾਂ ਪਿਆਰਿਆਂ ਦੇ ਨਾਂਵਾ ਤੋਂ ਸਿੱਖਿਆ ਲੈ ਰਹੇ ਹਨ।

ਗੁਰਮਤਿ ਰਹਿਤ ਮਰਯਾਦਾ

ਕਰਤਾ (ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰ ਕਲਾ)

ਸ੍ਰੀ ਅੰਮ੍ਰਿਤਸਰ ਵਿਚ ਮਾਈ ਸੇਵਾ ਬਾਜ਼ਾਰ ਹੈ। ਇਹ ਮਾਤਾ ਜੀ ਕਾਬਲ ਤੋਂ ਸ਼ਕਤੀ ਨਾਲ ਆ ਕੇ ਗੋਇੰਦਵਾਲ ਸਾਹਿਬ ਬਉਲੀ ਸਾਹਿਬ ਦੀ ਸੇਵਾ ਕਰਦੇ ਰਹੇ। ਇਸ ਵਿਚ ਐਡੇ ਗੁਣ, ਐਡੀ ਵਡਿਆਈ ਸੀ। ਕਾਬਲ ਤੋਂ ਹਰ ਰੋਜ਼ੀ ਗੱਡੀ ਦੁਆਰਾ ਆਉਣਾ ਵੀ ਔਖਾ ਹੈ। ਇਸ ਮਾਤਾ ਵਿਚ ਪ੍ਰਤੀਬੱਧਤਾ ਕਰਕੇ, ਪਤੀ ਦੀ ਅਗਵਾਈ ਹੋਣ ਕਰਕੇ ਸ੍ਰੀ ਬਉਲੀ ਸਾਹਿਬ ਜੀ ਦੀ ਪਵਿੱਤਰ ਸੇਵਾ ਕਰਕੇ ਐਡੀ ਵੱਡੀ ਤਾਕਤ ਸੀ।

ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਪੁੱਛਿਆ—ਹੇ ਬੀਬੀ ਜੀ ! ਸਿੱਖ ਸ਼ੰਕਾ ਕਰਦੇ ਹਨ ਕਿ ਮਾਈ ਸ਼ਾਮ ਨੂੰ ਗੁਪਤ ਹੋ ਜਾਂਦੀ ਹੈ ਅਤੇ ਸਵੇਰੇ ਪ੍ਰਗਟ ਹੋ ਜਾਂਦੀ ਹੈ। ਸਾਰਿਆਂ ਨੂੰ ਦੱਸੋ। ਮਾਈ ਨੇ ਬੇਨਤੀ ਕੀਤੀ ਗਰੀਬ ਨਿਵਾਜ਼ ਜੀ। ਮੇਰੇ ਪਤੀ ਜੀ ਨੇ ਆਪ ਦੀ ਸਿੱਖੀ ਧਾਰਨ ਕੀਤੀ ਹੈ ਅਤੇ ਮੈਂ ਵੀ ਸਿੱਖੀ ਧਾਰਨ ਕੀਤੀ ਹੈ ਮੈਂ ਪਤੀਬ੍ਰਤ ਧਰਮ ਵਿਚ ਪੱਕੀ ਹਾਂ, ਮੈਂ ਪਤੀ ਦੀ ਆਗਿਆ ਹਮੇਸ਼ਾਂ ਮੰਨਦੀ ਹਾਂ। ਮੈਂ ਪਤੀ ਤੋਂ ਬਉਲੀ ਸਾਹਿਬ ਦੀ ਸੇਵਾ ਕਰਨ ਦੀ ਆਗਿਆ ਮੰਗੀ ਜੋ ਮਿਲ ਗਈ। ਹੁਣ ਮੇਰੇ ਵਿਚ ਆਪ ਜੀ ਦੀ ਬਖਸ਼ਿਸ਼ ਹੈ ਐਡੀ ਸ਼ਕਤੀ ਹੈ ਕਿ ਮੈਂ ਆਪ ਜੀ ਦੀ ਕ੍ਰਿਪਾ ਦੁਆਰਾ, ਪਤੀਬ੍ਰਤਾ ਧਰਮ ਦੁਆਰਾ ਹਰ ਰੋਜ਼ ਕਾਬਲ ਤੋਂ ਆ ਜਾਂਦੀ ਹਾਂ, ਸੇਵਾ ਕਰਦੀ ਰਹਿੰਦੀ ਹਾਂ ਰਾਤ ਪਈ ਤੋਂ ਫੇਰ ਪਤੀ ਦੀ ਸੇਵਾ ਵਿਚ ਜਾ ਹਾਜ਼ਿਰ ਹੁੰਦੀ ਹਾਂ। ਇਹ ਮਹਾਂਰਾਜ ਗਰੀਬ ਨਿਵਾਜ਼ ਜੀ। ਪਤੀਬ੍ਰਤਾ ਕਰਕੇ ਮੇਰੇ ਵਿਚ ਤਾਕਤ ਹੋਈ ਹੈ।

ਸੁਣ ਕੇ ਹਜ਼ੂਰ ਨੇ ਕਿਹਾ ਬੀਬੀ! ਇਕ ਹੋਰ ਭੀ ਸਤੀ ਹੋਈ ਹੈ। ਜਿਸਨੇ ਆਪਣੇ ਪਤੀਬ੍ਰਤਾ ਧਰਮ ਕਰਕੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ। ਫੇਰ ਦੇਵਤਿਆਂ ਨੇ ਉਸਦਾ ਪਤੀ ਜਿਊਂਦਾ ਕੀਤਾ ਸੀ ਤਾਂ ਫਿਰ ਸੂਰਜ ਚੜ੍ਹ ਸਕਿਆ ਸੀ। ਇਸ ਪ੍ਰਕਾਰ ਇਹ ਬੀਬੀਆਂ ਦੇ ਗੁਣ ਹਨ।

(ਗੁਰਮਤਿ ਰਹਿਤ ਮਰਿਯਾਦਾ ਪੰਨਾ 50)

ਵਿਚਾਰ—ਕੀ ਮਾਤਾ ਗੁਜਰੀ ਜੀ ਪਤੀਬ੍ਰਤਾ ਨਹੀਂ ਸੀ ? ਛੋਟੇ ਸਾਹਿਬਜ਼ਾਦਿਆਂ ਸਮੇਤ ਉਹ ਠੰਡੇ ਬੁਰਜ ਵਿਚ ਕੈਦ ਰਹੇ। ਉਹ ਬੱਚਿਆਂ ਨੂੰ ਲੈ ਕੇ ਉਥੋਂ ਉੱਡ

ਕਿਉਂ ਨਾ ਗਏ ? ਕੀ ਮਾਈ ਸੇਵਾਂ ਵਿਚ ਮਾਤਾ ਜੀ ਨਾਲੋਂ ਵੱਧ ਤਾਕਤ ਸੀ। ਜਿਹੜੀਆਂ ਸਿੰਘਣੀਆਂ ਮੀਰ ਮੰਨੂ ਦੀ ਜੇਲ੍ਹ ਵਿਚ ਅਤੇ ਹੋਰ ਮੁਸ਼ਕਲਾਂ ਸਮੇਂ ਬੱਚਿਆਂ ਦੇ ਟੋਟੇ ਕਰਾ ਕੇ ਝੋਲੀਆਂ ਵਿਚ ਪਵਾ ਲਏ। ਭੁੱਖਾਂ ਤ੍ਰੇਹਾਂ ਕੱਟੀਆਂ, ਅਨੇਕਾਂ ਸਰੀਰਕ ਕਸ਼ਟ ਸਹਿ ਲਏ ਭਾਣਾ ਮੰਨਿਆ ਕੀ ਉਹ ਪਤੀਬ੍ਰਤਾ ਨਹੀਂ ਸਨ।

ਬੰਦਾ ਸਿੰਘ ਜੀ ਬਹਾਦਰ ਜੋ ਗੁਰੂ ਮਿਲਾਪ ਤੋਂ ਪਹਿਲਾਂ ਰਿੱਧੀਆਂ ਸਿੱਧੀਆਂ ਵੱਸ ਕਰੀ ਬੈਠਾ ਸੀ। ਗੁਰੂ ਕਾ ਸਿੰਘ ਸੱਜਣ ਤੋਂ ਬਾਅਦ ਪੰਜਾਬ ਨੂੰ ਆਇਆ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ, ਜੰਗ ਕੀਤਾ, ਅੰਤ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰਾ ਪੈ ਗਿਆ। ਕੀ ਉਹ ਉੱਡ ਕੇ ਨਹੀਂ ਸੀ ਜਾ ਸਕਦੇ। ਜਾਲਮਾਂ ਨੇ ਉਹਨਾਂ ਦੇ ਬੱਚੇ ਅਜੈ ਸਿੰਘ ਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਪਾਇਆ। ਜੰਬੂਰਾਂ ਨਾਲ ਮਾਸ ਤੁੜਵਾ ਲਿਆ ਪਰ ਕੋਈ ਸ਼ਕਤੀ ਨਹੀਂ ਦਿਖਾਈ ਭਾਣਾ ਮੰਨਿਆ ਕਿਉਂਕਿ ਗੁਰਵਾਕ ਹੈ:

"ਰਧਿ ਸਿਧਿ ਸਭ ਮੋਹ ਹੈ ਨਾਮ ਨ ਵਸੈ ਮਨਿ ਆਇ॥ (ਪੰਨਾ 593)

"ਹੋਨਿ ਨਜ਼ੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਣ॥" (ਪੰਨਾ 1384)

ਬੰਦ ਬੰਦ ਕੱਟੇ ਗਏ, ਆਰਿਆਂ ਨਾਲ ਤਨ ਚਿਰਵਾ ਲਏ ਪਰ ਕੋਈ ਸ਼ਕਤੀ ਨਾ ਦਿਖਾਈ।

ਉੱਪਰ ਲਿਖੀ ਕਹਾਣੀ ਸੁਣਾਉਣ ਵਾਲੇ ਸਾਧ ਨੇ ਇਸ ਵਿਚ ਇਕ ਨਹੀਂ ਕਈ ਅਨਰਥ ਕੀਤੇ ਹਨ।

1. ਗੁਰੂ ਦਾ ਬਚਨ ਗੁਰੂ ਤੋਂ ਹੀ ਖੰਡਨ ਕਰਵਾਇਆ ਹੈ ਕਿ ਗੁਰੂ ਅਮਰਦਾਸ ਜੀ ਕਹਿੰਦੇ ਹਨ, ਮਾਈ, ਦੱਸ ਕਿ ਕਿਹੜੀ ਸ਼ਕਤੀ ਨਾਲ ਆਉਂਦੀ ਹੈਂ ? ਪਰ ਗੁਰਬਾਣੀ ਅੰਦਰ ਗੁਰੂ ਜੀ ਕਹਿੰਦੇ ਹਨ ਕਿ ਜਿਹੜੇ ਪ੍ਰਮਾਤਮਾ ਦੇ ਨੇੜੇ ਹੁੰਦੇ ਉਹ ਕਦੇ ਭੇਦ ਨਹੀਂ ਦਿੰਦੇ। ਇਸ ਸਾਧ ਨੇ ਗੁਰਮਤਿ ਸਿੱਧਾਂਤ ਦੀ ਖੰਡਨਾ ਗੁਰੂ ਦੇ ਮੂੰਹੋਂ ਹੀ ਕਰਵਾ ਦਿੱਤੀ ਹੈ। ਬ੍ਰਾਹਮਣ ਵੀ ਇਸੇ ਤਰ੍ਹਾ ਕਰਦਾ ਰਿਹਾ ਹੈ।

2. ਪਤੀਬ੍ਰਤਾ ਨੂੰ ਤਾਂ ਹੋਰ ਕੋਈ ਸੇਵਾ ਕਰਨ ਦੀ ਲੋੜ ਹੀ ਨਹੀਂ ਹੈ। ਜੇ ਜ਼ਰੂਰੀ ਕਰਨੀ ਸੀ ਤਾਂ ਉਥੇ ਬੈਠੀ ਹੀ ਟੋਕਰੀ ਢੋਈ ਜਾਂਦੀ ਜਿਹੜਾ ਉੱਡ ਕੇ ਆ ਸਕਦਾ ਹੈ ਉਹ ਉਥੇ ਬੈਠਾ ਵੀ ਸੇਵਾ ਕਰ ਸਕਦਾ ਹੈ।

3. ਜਿਹੜੀ ਇਕ ਹੋਰ ਸਤੀ ਲਿਖੀ ਹੈ ਕਹਾਣੀ ਵਿਚ ਕਿ ਉਹਨੇ ਸੂਰਜ ਨਹੀਂ ਸੀ ਚੜ੍ਹਨ ਦਿੱਤਾ। ਇਹ ਧਰਤੀ ਨਾਲੋਂ ਕਈ ਗੁਣਾ ਵੱਡਾ ਇਹ ਸੂਰਜ (ਅੱਗ ਦਾ ਗੋਲਾ) ਬ੍ਰਾਹਮਣ ਨੇ ਅਤੇ ਇਹਨਾਂ ਸਾਧਾਂ ਨੇ ਖਿਡੌਣਾ ਬਣਾਇਆ ਹੋਇਆ ਹੈ। ਕਦੇ ਇਹਨਾਂ ਦੀਆਂ ਕਹਾਣੀਆਂ ਦੱਸਦੀਆਂ ਹਨ ਕਿ ਇਸ ਸੂਰਜ ਨੇ ਜਨਾਨੀ ਦੇ ਪੇਟੋਂ ਜਨਮ ਲੈ ਲਿਆ। ਕਦੇ ਕੋਈ ਇਸ ਸੂਰਜ ਨੂੰ ਮੂੰਹ 'ਚ ਵਿਚ ਪਾ ਕੇ ਖਾ ਗਿਆ। ਜਦੋਂ ਮਰਜ਼ੀ ਕਿਸੇ ਸਤੀ ਨੇ ਇਹਨੂੰ ਚੜ੍ਹਨ ਤੋਂ ਹੀ ਰੋਕ ਦਿੱਤਾ ਅਤੇ

ਦੇਵਤਿਆਂ ਨੇ ਉਸਦੇ ਮਰੇ ਪਤੀ ਨੂੰ ਜਿਉਂਦਾ ਕੀਤਾ ਤਾਂ ਇਸਨੇ ਸੂਰਜ ਨੂੰ ਚੜ੍ਹਨ ਦੀ ਇਜ਼ਾਜਤ ਦਿੱਤੀ।

ਹਿੰਦੂ ਮੱਤ ਦੇ ਆਗੂਆਂ ਨੇ ਸਨਾਤਨ ਮੱਤ ਨੂੰ ਜਾਦੂ ਦੀ ਖੇਡ ਬਣਾ ਦਿੱਤਾ। ਐਨ ਉਸੇ ਤਰਜ਼ 'ਤੇ ਇਹ ਸਾਧ ਸਿੱਖ ਧਰਮ ਨੂੰ ਵੀ ਜਾਦੂ ਦੀ ਖੇਡ ਬਣਾਉਣਾ ਚਾਹੁੰਦੇ ਹਨ। ਇਹਨਾਂ ਦੇ ਸੁਪਨੇ ਸਾਕਾਰ ਨਹੀਂ ਹੋਣਗੇ। ਇਹਨਾਂ ਨੂੰ ਕੌਣ ਦੱਸੇ ਇਹ ਸੂਰਜ, ਇਹ ਜਨਮ ਮਰਣ, ਕਰਤਾ ਪੁਰਖੁ ਦੇ ਹੁਕਮ ਵਿਚ ਹੈ, ਇਹਨਾਂ ਸਤੀਆਂ ਦੇ ਵੱਸ ਦੀ ਬਾਤ ਨਹੀਂ ਹੈ।

ਇਸੇ ਪੁਸਤਕ ਵਿਚ ਗਿਆਨੀ ਗੁਰਬਚਨ ਸਿੰਘ ਕਹਿ ਰਹੇ ਹਨ ਕਿ "ਬੱਚਾ ਪੈਦਾ ਹੋਣ ਵਕਤ ਜੋ ਸਹਾਇਕ (ਦਾਈ) ਹੁੰਦੀ ਹੈ ਉਹ ਵੀ ਸਿੱਖਣੀ ਹੋਣੀ ਚਾਹੀਦੀ ਹੈ ਅਤੇ ਮੱਥੇ ਲੱਗਣ ਵਾਲੀਆਂ ਵੀ ਸਿੰਘਣੀਆਂ ਹੋਣੀਆਂ ਚਾਹੀਦੀਆਂ ਹਨ, ਖਿਡਾਵੇ ਵੀ ਸਿੱਖ ਹੋਣੇ ਚਾਹੀਦੇ ਹਨ।" ਪਰ ਭਾਈ ਗੁਰਦਾਸ ਜੀ ਕਹਿੰਦੇ ਹਨ:

"ਘਰਿ ਹਰਨਾਖਸ਼ ਦੈਂਦ ਦੈ ਕਲਰਿ ਕਵਲ ਭਗਤੁ ਪ੍ਰਹਿਲਾਦ।"

(ਭਾਈ ਗੁਰਦਾਸ ਜੀ)

ਹਰਨਾਖਸ਼ ਦੁਸ਼ਟ ਦੇ ਘਰ ਭਗਤ ਪ੍ਰਹਿਲਾਦ ਪੈਦਾ ਹੋ ਗਿਆ। ਕੀ ਉਥੇ ਦਾਈ ਅਤੇ ਖਿਡਾਵੇ ਸਿੱਖ ਸੀ? ਪਹਿਲੇ ਪਾਤਸ਼ਾਹ ਦੇ ਪੁੱਤਰਾਂ ਨੇ ਗੁਰੂ ਦਾ ਹੁਕਮ ਨਾ ਮੰਨਿਆ। ਪੰਜਵੇਂ ਪਾਤਸ਼ਾਹ ਦਾ ਸਕਾ ਭਰਾ ਪ੍ਰਿਥੀ ਚੰਦ ਸਦਾ ਬੇਈਮਾਨੀ ਅਤੇ ਈਰਖਾ ਕਰਦਾ ਰਿਹਾ। ਪ੍ਰਿਥੀ ਚੰਦ ਵੀ ਗੁਰੂ ਪੁੱਤਰ ਹੀ ਸੀ। ਰਾਮ ਰਾਈਏ, ਧੀਰ ਮੱਲੀਏ, ਇਹਨਾਂ ਵਾਰੀ ਦਾਈਆਂ ਅਤੇ ਖਿਡਾਵੇ ਸਿੱਖ ਨਹੀਂ ਸੀ। ਅੱਗੇ ਚੱਲ ਕੇ ਜ਼ਿਕਰ ਕਰਾਂਗਾ ਇਥੇ ਤਾਂ ਵੱਡੇ ਵੱਡੇ ਗਿਆਨੀਆਂ, ਗ੍ਰੰਥੀਆਂ, ਕਥਾਵਾਚਕਾਂ, ਪ੍ਰਚਾਰਕਾਂ ਸੰਤਾਂ ਬ੍ਰਹਮ ਗਿਆਨੀਆਂ ਦੇ ਮੁੰਡੇ ਕਲੀਨ ਸ਼ੇਵ ਹਨ ਕੀ ਇਹਨਾਂ ਨੂੰ ਕੋਈ ਸਿੱਖ ਦਾਈ ਨਹੀਂ ਲੱਭੀ?

ਅੰਤਮ ਸੰਸਕਾਰ

ਇਸ ਸਿਰਲੇਖ ਅਧੀਨ ਇਸ ਟਕਸਾਲੀ ਪੁਸਤਕ ਗੁਰਮਤਿ ਰਹਿਤ ਮਰਿਯਾਦਾ ਵਿਚ 70% ਹਿੰਦੂ ਮੱਤ ਵਾਲੀ ਕੂੜ ਕਿਰਿਆ, ਗੁਰਮਤਿ ਕਰਕੇ ਲਿਖੀ ਹੋਈ ਹੈ ਕੇਵਲ 30% ਗੁਰਮਤਿ ਹੈ। ਅਫਲਾਤੂਨ ਵਾਲੀਆਂ ਝੂਠੀਆਂ ਕਹਾਣੀਆਂ ਲਿਖ ਕੇ ਅਭੁੱਲ ਗੁਰੂ ਕਰਤਾਰ ਨੂੰ ਭੁੱਲੜ ਸਿੱਧ ਕੀਤਾ ਹੋਇਆ ਹੈ। ਜਮਦੂਤ, ਧਰਮਰਾਜ, ਨਰਕ-ਸਵਰਗ ਅਤੇ ਕੁਰਹਿਤੀਆਂ ਨੂੰ ਵੀ ਮਰਨ ਤੋਂ ਬਾਅਦ ਹਿੰਦੂ ਮੱਤ ਵਾਲੇ ਪਾਠ, ਕਰਮਕਾਂਡ, ਅੰਨ ਬਸਤਰ ਦਾਨ ਕਰਕੇ, ਬਖਸ਼ਾਇਆ ਜਾਂਦਾ ਲਿਖਿਆ ਹੈ। ਇਹ ਵੀ ਲਿਖਿਆ ਹੈ ਕਿ ਕੁਰਹਿਤ ਕਰਨ ਵਾਲੇ ਸਿੱਖ ਨੂੰ ਨਰਕ ਵਿਚ ਪਏ ਹੋਏ ਨੂੰ ਗੁਰੂ ਜੀ ਕੇਸਾਂ ਤੋਂ ਫੜ ਕੇ ਕੱਢ ਲੈਂਦੇ ਹਨ। ਫਿਰ ਤਾਂ ਕੇਵਲ ਕੇਸ ਹੀ ਰੱਖਣ ਦੀ ਲੋੜ ਹੈ। ਪਰ ਸਤਿਗੁਰੂ ਕਹਿੰਦੇ ਹਨ:

"ਧਰੇ ਕੇਸ ਪਾਹੁਲ ਬਿਨ ਭੇਖੀ ਮੂਰਖ ਸਿੱਖ"

ਇਸ ਸਿੱਧਾਂਤ ਦੀਆਂ ਵੀ ਟਕਸਾਲੀਆਂ ਨੇ ਇਥੇ ਧੱਜੀਆਂ ਉਡਾ ਦਿੱਤੀਆਂ ਹਨ। ਟਕਸਾਲੀਆਂ ਨੇ ਇਹ ਵੀ ਲਿਖਿਆ ਹੈ ਕਿ ਮਰੇ ਬੰਦੇ ਦੇ ਮਗਰ ਅਰਦਾਸਾਂ ਕਰਕੇ ਉਸਨੂੰ ਸਚਖੰਡ ਭੇਜਿਆ ਜਾ ਸਕਦਾ। ਇੰਗਲੈਂਡ ਦੇ ਪਾਦਰੀਆਂ ਵਾਂਗ ਇਹ ਸਾਰੇ ਫੈਸਲੇ ਕੋਲੋਂ ਹੀ ਸੁਣਾਈ ਜਾ ਰਹੇ ਹਨ। ਅਰਦਾਸ ਕਰਕੇ ਸਿੱਖ ਕੌਮ ਦੀ ਏਕਤਾ ਤਾਂ ਕੋਈ ਕਰਵਾ ਨਹੀਂ ਸਕਿਆ, ਇਹ ਮੁਰਦਿਆਂ ਨੂੰ ਸਚਖੰਡ ਭੇਜ ਰਹੇ ਹਨ। ਦਿਨ ਦੂਰ ਨਹੀਂ ਜਦੋਂ ਇਹ ਧਰਮਰਾਜ ਦਾ ਦਫ਼ਤਰ ਵੀ ਆਪਣੇ ਡੇਰਿਆਂ ਵਿਚ ਲਵਾ ਦੇਣਗੇ।

ਮਰਿਆਂ ਦੇ ਵੰਡੇ ਦਾ ਰੋਜ਼ਾਨਾਂ ਦਾ ਨਿੱਤਨੇਮ ਵੀ ਇਹ ਆਪ ਹੀ ਕਰ ਦਿੰਦੇ ਹਨ। ਇਹ 10 ਦਿਨ ਤਕ ਉਸਦਾ ਨਿੱਤਨੇਮ ਕਰਦੇ ਰਹਿੰਦੇ ਹਨ, "ਮਰੇ ਪ੍ਰਾਣੀ ਦੀ ਰਾਖ ਚੁੱਕਣ ਸਮੇਂ ਜੈਤਸਰੀ ਦੀ ਵਾਰ ਅਤੇ ਸਹਸਕ੍ਰਿਤੀ ਦਾ ਪਾਠ ਕਰੇ ਭਾਵੇਂ ਅੰਮ੍ਰਿਤਧਾਰੀ ਹੋਵੇ ਭਾਵੇਂ ਦੂਜਾ ਮਰਿਯਾਦਾ ਇਕ ਹੀ ਹੈ।" ਇਹ ਟਕਸਾਲੀ ਕਹਿੰਦੇ ਹਨ।

ਮਹਾਰਾਜ ਜੀ ਦੀ ਮਾਲ ਕੌਂਸੀਏ ਦੀ ਵਾਰ ਬਾਬਾ ਦੀਪ ਸਿੰਘ ਜੀ ਨੇ ਲਿਖੀ ਹੈ, ਜੋ ਪਟਨੇ ਸਾਹਿਬ ਵਾਲੇ ਦਸਮ ਗ੍ਰੰਥ ਵਿਚ ਹੈ। ਉਹਦੇ ਵਿਚ ਆਉਂਦਾ ਹੈ।

(ਗੁਰਮਤਿ ਰਹਿਤ ਮਰਿਯਾਦਾ ਪੰਨਾ 242)

ਵਿਚਾਰ—ਇਕ ਦਸਮ ਗ੍ਰੰਥ ਦਾ ਮਸਲਾ ਤਾਂ ਅਜੇ ਕਿਸੇ ਪਾਸੇ ਨਹੀਂ ਲੱਗਾ ਪਰ ਟਕਸਾਲ ਨੇ ਇਕ ਹੋਰ ਪਟਨੇ ਸਾਹਿਬ ਵਾਲਾ ਦਸਮ ਗ੍ਰੰਥ ਕੱਢ ਲਿਆਂਦਾ ਹੈ। ਕੋਈ ਪਟਨੇ ਸਾਹਿਬ ਵਾਲਾ ਦਸਮ ਗ੍ਰੰਥ, ਕੋਈ ਅਨੰਦਪੁਰ ਸਾਹਿਬ ਵਾਲਾ ਦਸਮ ਗ੍ਰੰਥ, ਕੋਈ ਦਮਦਮਾ ਸਾਹਿਬ ਵਾਲਾ ਦਸਮ ਗ੍ਰੰਥ। ਅਜੇ ਪਤਾ ਨਹੀਂ ਹੋਰ ਇਹ ਕੀ ਕੀ ਕਰਨਗੇ ?

ਪਾਠ ਮਰਿਯਾਦਾ

ਸਤਿਗੁਰਾਂ ਦੇ ਸਿੱਖੀ ਪੰਥ ਵਿਚ ਅਨੇਕ ਵਿਧੀਆਂ ਦੇ ਪਾਠਾਂ ਦੀ ਮਰਿਯਾਦਾ ਹੈ ਜੋ ਸਤਿਗੁਰਾਂ ਨੇ ਅਤੇ ਮਹਾਰਾਜ ਦੇ ਨਿਕਟਵਰਤੀ ਸਿੰਘਾਂ ਨੇ ਚਲਾਈਆਂ ਉਹ ਇਹ ਹਨ :

1. ਸਾਧਾਰਨ ਪਾਠ :

   1. ਸਾਧਾਰਨ ਮ੍ਰਿਤਕ ਦਾ, 2. ਸਾਧਾਰਨ ਖੁਸ਼ੀ ਦਾ, 3. ਸੰਥਾ ਪੜ੍ਹਨ ਵਾਸਤੇ ਆਦਿ।

2. ਸ੍ਰੀ ਅਖੰਡ ਪਾਠ।

3. ਸੰਪਟ ਪਾਠ-1. ਅਖੰਡ ਸੰਪਟ ਪਾਠ, 2. ਸਾਧਾਰਨ ਸੰਪਟ ਪਾਠ

4. ਸਪਤਾਹਕ।

5. ਕਥਾ ਪ੍ਰਮਾਨ ਅਰਥਾਂ ਸੰਜੁਗਤ।

6. ਸ੍ਰੀ ਦਸਮ ਗ੍ਰੰਥ ਸਾਹਿਬ ਜੀ – ਸ੍ਰੀ ਅਖੰਡ ਪਾਠ, 2. ਸਾਧਾਰਨ ਪਾਠ

(ਗੁਰਮਤਿ ਰਹਿਤ ਮਰਿਯਾਦਾ ਪੰਨਾ 247)

ਵਿਚਾਰ—ਇਹਨਾਂ ਟਕਸਾਲੀਆਂ ਨੇ ਪਾਠ ਦੀ ਵੀ ਏਕਤਾ ਨਹੀਂ ਰਹਿਣ ਦਿੱਤੀ। ਪਾਠਾਂ ਵਿਚ ਵੰਡੀਆਂ ਪਾ ਦਿੱਤੀਆਂ ਹਨ। ਕਈ ਕਿਸਮ ਦੇ ਪਾਠ ਬਣਾ ਦਿੱਤੇ ਹਨ। ਸਤਿਗੁਰਾਂ ਨੇ ਹੁਕਮ ਦਿੱਤਾ ਹੈ ਕਿ ਸਿੱਖ ਆਪ ਬਾਣੀ ਪੜ੍ਹੇ, ਸੁਣੇ, ਸਮਝੇ, ਮੰਨੇ ਕਮਾਵੇ। ਪਰ ਹਿੰਦੂ ਮੱਤ ਦੀ ਨਕਲ ਕਰਕੇ ਠੇਕੇ 'ਤੇ ਪਾਠ ਕਰਨੇ ਅਤੇ ਕਰਵਾਉਣੇ ਸ਼ੁਰੂ ਕਰ ਦਿੱਤੇ।

"ਪੜਿਐ ਨਾਹੀ ਭੇਦ ਬੁਝਿਐ ਪਾਵਣਾ॥ (ਪੰਨਾ 148)

ਹੋਰ ਬਚਨ ਹੈ:

"ਮਨੁ ਬੇਚੈ ਸਤਿਗੁਰ ਕੈ ਪਾਸਿ॥
ਤਿਸੁ ਸੇਵਕ ਕੇ ਕਾਰਜ ਰਾਸਿ॥" (ਪੰਨਾ 286)

"ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ।" ਇਹ ਉਪਦੇਸ਼ ਦ੍ਰਿੜ ਕਰਨ ਦੀ ਲੋੜ ਹੈ। ਪਰ ਇਥੇ ਠੇਕੇ 'ਤੇ ਪਾਠ ਕੀਤੇ ਅਤੇ ਕਰਵਾਏ ਜਾ ਰਹੇ ਹਨ ਅਤੇ ਫਿਰ ਕਾਰਜ ਰਾਸ ਹੋਣ ਦੇ ਸਰਟੀਫ਼ਿਕੇਟ ਦਿੱਤੇ ਅਤੇ ਲਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵੀ ਪਾਠ ਵੇਚ ਰਹੀ ਹੈ ਅਤੇ ਫਲ ਦੇ ਰਹੀ ਹੈ। ਪਾਠ ਤਾਂ ਘੱਟ ਹੀ ਕਰਦੇ ਹਨ ਪਰ ਭੋਗ ਸਮੇਂ ਦਾ ਹੁਕਮਨਾਮਾ ਅਤੇ ਪੁੰਨ ਫਲ ਜ਼ਰੂਰ ਲੋਕਾਂ ਦੇ ਘਰੀਂ ਪਹੁੰਚਾ ਦਿੱਤਾ ਜਾਂਦਾ ਹੈ। ਜਿਸਦੇ ਘਰ ਬਣੇ ਬੱਤਰੇ ਪੁੰਨ ਫਲ ਪਹੁੰਚ ਜਾਂਦੇ ਹਨ। ਉਹਨੂੰ ਘਰੇ ਗੁਟਕਾ ਰੱਖ ਕੇ ਬਾਣੀ ਪੜ੍ਹਨ, ਸਮਝਣ ਦੀ ਲੋੜ ਵੀ ਕੀ ਹੈ?

ਸੰਪਟ ਪਾਠ ਦੇ ਬਾਰੇ ਪਿੱਛੇ ਵਿਚਾਰ ਕਰ ਆਏ ਹਾਂ ਕਿ ਇਸ ਦਾ ਗੁਰਮਤਿ ਵਿਚ ਕੋਈ ਵਿਧਾਨ ਨਹੀਂ ਹੈ।

ਦਸਮ ਗ੍ਰੰਥ ਬਾਰੇ ਵੀ ਪਿੱਛੇ ਵਿਚਾਰ ਕਰ ਆਏ ਹਾਂ।

ਸਾਮੱਗ੍ਰੀ—ਸਤਿਗੁਰੂ ਜੀ ਨੇ ਕਿਰਪਾ ਕਰਕੇ ਪਾਠਾਂ ਦੀਆਂ ਜੋ ਵਿਧੀਆਂ ਦੱਸੀਆਂ ਹਨ। ਉਸੇ ਨਾਲ ਪਾਠ ਦੀ ਸਫਲਤਾ ਵਾਸਤੇ ਅਤੇ ਕੁਝ ਸਾਮੱਗ੍ਰੀ ਤੇ ਨਿਯਮਾਂ ਦੀ ਦਾਤ ਵੀ ਦਿੱਤੀ ਹੈ। ਜਿਵੇਂ ਕਿ ਜਪੁਜੀ ਸਾਹਿਬ, ਕੁੰਭ, ਜੋਤ, ਨਰੇਲ, ਧੂਪ, ਆਰਤੀ, ਫੁੱਲ ਸਿਹਰੇ, ਕੜਾਹ ਪ੍ਰਸ਼ਾਦਿ।

(ਗੁਰਮਤਿ ਰਹਿਤ ਮਰਯਿਾਦਾ ਪੰਨਾ 247)

ਵਿਚਾਰ—ਅਖੰਡ ਪਾਠ ਕਰਨ ਵੇਲੇ ਦੇਖਿਆ ਜਾਂਦਾ ਹੈ ਕਿ ਪਾਠ ਕਰਨ ਵਾਲੀ ਥਾਂ 'ਤੇ ਇਕ ਜਲ ਦਾ ਭਰਿਆ ਹੋਇਆ ਘੜਾ ਅਤੇ ਘੜੇ ਉੱਤੇ ਇਕ

ਨਰੇਲ ਲਾਲ ਰੰਗ ਦੇ ਕੱਪੜੇ ਵਿਚ ਲਪੇਟ ਕੇ ਰੱਖਿਆ ਹੁੰਦਾ ਹੈ। ਪਾਣੀ ਦੇ ਘੜੇ ਹੇਠਾਂ ਕਈ ਪ੍ਰਕਾਰ ਦਾ ਅੰਨ ਹੁੰਦਾ ਹੈ। ਨਾਲ ਹੀ ਇਕ ਪਾਸੇ ਖ਼ਾਲਸ ਘਿਉ ਦੀ ਜੋਤ ਜਗ ਰਹੀ ਹੁੰਦੀ ਹੈ ਅਤੇ ਇਕ ਪਾਸੇ ਲੱਕੜ ਦੇ ਜਲ ਰਹੇ ਕੋਲਿਆਂ ਉੱਪਰ ਉਚੇਚਾ ਤਿਆਰ ਕੀਤਾ ਹੋਇਆ ਧੂਪ ਦਿੱਤਾ ਜਾ ਰਿਹਾ ਹੁੰਦਾ ਹੈ। ਇਥੇ ਇਹ ਵੀ ਦੱਸਣ ਯੋਗ ਹੈ ਕਿ ਕੋਲੇ ਖਾਸ ਬੇਰੀ ਦੀ ਲੱਕੜੀ ਦੇ ਹੁੰਦੇ ਹਨ, ਧੂਪ ਵਿਚ ਕੋਈ 30 ਦੇ ਕਰੀਬ ਸੁਗੰਧਤ ਤੇ ਹਰ ਪ੍ਰਕਾਰ ਦੇ ਮੇਵੇ ਪਏ ਹੁੰਦੇ ਹਨ। ਤਿਆਰ ਕੀਤਾ ਜਾਂਦਾ ਹੈ।

ਗੁਰਬਾਣੀ ਦੀ ਵਿਚਾਰ ਜਦ ਗੁਰੂ ਕ੍ਰਿਪਾ ਨਾਲ ਖੋਜ ਕੇ ਕੀਤੀ ਤਾਂ ਪੁੱਛਿਆ ਕਿ ਇਹ ਚੀਜ਼ਾਂ ਕਿਉਂ ਰੱਖੀਆਂ ਜਾਂਦੀਆਂ ਹਨ ? ਉੱਤਰ ਵਿਚ ਦੱਸਿਆ ਕਿ ਗੁਰੂ ਘਰ ਦੀ ਮਰਿਯਾਦਾ ਚੱਲੀ ਚਾਉਂਦੀ ਹੈ ਕਰਨੀ ਅਵੱਸ਼ ਹੈ ਪਰ ਇਸ ਉੱਤਰ ਨਾਲ ਕੋਈ ਤਸੱਲੀ ਨਾ ਹੋਈ।

ਇਕ ਥਾਂ ਦੇਖਿਆ ਕਿ ਹਨੂੰਮਾਨ ਦੇ ਮੰਦਿਰ ਵਿਚ ਰਮਾਇਣ ਦਾ ਅਖੰਡ ਪਾਠ ਰੱਖਿਆ ਹੋਇਆ ਹੈ। ਸੱਦਾ ਪੱਤਰ ਪੁੱਜਣ 'ਤੇ ਦਾਸ ਵੀ ਉਸ ਸਮਾਗਮ 'ਤੇ ਪੁੱਜਾ। ਕੀ ਵੇਖਦਾ ਹੈ ਕਿ ਹੂ-ਬ-ਹੂ ਅਖੰਡ ਪਾਠ (ਰਮਾਇਣ) ਦੇ ਹੋਣ ਵਾਲੀ ਥਾਂ ਤੇ ਸਾਰੀਆਂ ਚੀਜ਼ਾਂ ਕੁੰਭ, ਲਾਲ ਕੱਪੜੇ ਨਾਲ ਲਪੇਟਿਆ ਨਰੇਲ, ਘਿਉ ਦੀ ਜੋਤ, ਕੋਇਲਿਆਂ ਦੀ ਅੱਗ ਤੇ ਧੂਪ, ਜਲ ਦੇ ਘੜੇ ਹੇਠਾਂ ਅਨਾਜ ਪਿਆ ਹੈ। ਪੰਡਿਤ ਪੁਜਾਰੀ ਨੂੰ ਪੁੱਛਿਆਂ ਤਾਂ ਅਸਲੀ ਘੁੰਡੀ ਬ੍ਰਾਹਮਣ ਨੇ ਖੋਲ੍ਹੀ। ਆਖਣ ਲੱਗਾ ਕਿ ਦੇਵਤੇ ਬਿਠਾਏ ਹੋਏ ਹਨ। ਕੁੰਭ ਵਿਚ ਪਾਣੀ ਦੇਵਤਾ ਹੈ, ਕੋਲਿਆਂ ਨੂੰ ਬਾਲ ਕੇ ਧੂਪ ਹੋਮ (ਹਵਨ) ਕਰਨਾ ਹਵਾ ਦੇਵਤੇ ਦੀ ਪੂਜਾ ਹੈ, ਘੜੇ ਹੇਠਾਂ ਅਨਾਜ ਰੱਖਣਾ ਅੰਨ ਦੇਵਤਾ ਦੀ ਪੂਜਾ ਹੈ, ਜੋਤ ਰੱਖਣੀ ਅੱਗ ਦੇਵਤੇ ਦੀ ਪੂਜਾ ਹੈ। ਲਾਲ ਰੰਗ ਦਾ ਕੱਪੜਾ ਰੱਖਣਾ ਦੇਵੀ ਦੀ ਪੂਜਾ ਹੈ ਤੇ ਨਰੇਲ ਰੱਖਣਾ ਗੁਪਤ ਦੇਵਤੇ ਦੀ ਪੂਜਾ ਹੈ। ਫਿਰ ਸ਼੍ਰੋਮਣੀ ਪੰਡਿਤ ਜੀ ਆਖਣ ਲੱਗੇ ਇਹ ਮਰਿਯਾਦਾ ਸਾਡੇ ਹਿੰਦੂ ਧਰਮ ਵਿਚ ਪੁਰਾਤਨ ਚੱਲੀ ਆਉਂਦੀ ਹੈ। ਬਿਲਕੁਲ ਸਪੱਸ਼ਟ ਹੈ ਕਿ ਸਾਡੇ ਅਖੰਡ ਪਾਠਾਂ ਵਿਚ ਇਹਨਾਂ ਚੀਜ਼ਾਂ ਦੇ ਰੱਖਣ ਦੀ ਮਰਿਯਾਦਾ ਹਿੰਦੂ ਰੀਤੀ ਤੋਂ ਆਈ ਹੈ, ਨਿਸ਼ਾ ਹੋ ਗਈ। ਇਹ ਤਾਂ ਦੇਵੀ ਦੇਵਤਿਆਂ ਦੀ ਪੂਜਾ ਹੈ।

ਗੁਰੂ ਦਾ ਹੁਕਮ ਹੈ "ਬਿਨ ਕਰਤਾਰ ਨ ਕਿਰਤਮ ਮਾਨੋ।" ਭਾਵ ਕਿ ਕ੍ਰਿਤ ਨੂੰ ਨਾ ਮੰਨੋ ਕੇਵਲ ਕਰਤੇ ਨੂੰ ਮੰਨਣਾ ਹੈ। ਇਸ ਸੰਬੰਧੀ ਕੁਝ ਸੁਧਾਰ, ਸਿੰਘ ਸਭਾ ਲਹਿਰ ਦੇ ਸਮੇਂ ਹੋਇਆ ਪਰ ਸਾਡੇ ਪੰਥ ਵਿਚ ਸੰਤਾਂ ਦਾ ਬਹੁਤ ਜ਼ੋਰ ਹੈ ਤੇ ਉਹਨਾਂ ਦੇ ਪ੍ਰਭਾਵ ਹੇਠ ਸੰਗਤਾਂ ਉਹੀ ਕਰਦੀਆਂ ਹਨ ਜੋ ਉਹ ਹੁਕਮ ਕਰਨ, ਵਿਚਾਰ ਤੋਂ ਕੰਮ ਨਹੀਂ ਲੈਂਦੀਆਂ। (ਧੰਨਵਾਦ ਸਾਹਿਤ 'ਕੀ ਇਹ ਸਿੱਖੀ ਹੈ ? ਵਿਚੋਂ ਪੰਨਾ 11-12)

ਸੋ ਇਹਨਾਂ ਸੰਤਾਂ ਦਾ ਗੁਰੂ ਪੰਥ ਨਾਲ, ਸਿੱਖ ਰਹਿਤ ਮਰਿਯਾਦਾ ਨਾਲ ਕੋਈ ਸੰਬੰਧ ਨਹੀਂ ਹੈ ਇਹਨਾਂ ਦੇ ਪਤਾ ਨਹੀਂ ਕਿੰਨੇ ਪੰਥ ਹਨ ਅਤੇ ਕਿਹੜੇ ਹਨ। ਇਹਨਾਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਮਰਿਯਾਦਾ ਹਨ। ਜਿੰਨੇ ਡੇਰੇ ਉਨੀਆਂ ਮਰਿਯਾਦਾ। ਇਕ ਦੀ ਮਰਿਯਾਦਾ ਦੂਜੇ ਨਾਲ ਨਹੀਂ ਰਲਦੀ। ਖ਼ਾਲਸਾ ਪੰਥ ਦੇ ਘਟੇ ਤੇਜ਼ ਅਤੇ ਸਿੱਖ ਕੌਮ ਦੇ ਖੇਰੂੰ ਖੇਰੂੰ ਹੋਣ ਦਾ ਮੁੱਖ ਕਾਰਨ ਇਹ ਸੰਤ ਹਨ।

ਸੋ ਜਦ ਤਾਈਂ ਅਸੀਂ ਪਾਠ ਵੀਚਾਰ ਨਾਲ ਨਹੀਂ ਕਰਾਂਗੇ ਤੇ ਫਿਰ ਪਾਠ ਕੇ ਹੁਕਮ ਨੂੰ ਜੀਵਨ ਵਿਚ ਨਹੀਂ ਘਟਾਵਾਂਗੇ। ਕਿਵੇਂ ਕਾਰਜ ਰਾਸ ਹੋਣਗੇ ? ਪ੍ਰਾਪਤੀ ਕੀ ਹੋਵੇਗੀ ? ਹੋਰਾਂ ਮੱਤਾਂ ਵਾਂਗ ਸਾਡੇ ਵਿਚ ਵੀ ਪਾਠ ਇਕ ਰਸਮ-ਰਿਵਾਜ਼ ਹੋ ਗਿਆ ਹੈ। ਵਿਆਹ-ਸਾਦੀ, ਮਰਣੇ ਪਰਣੇ ਜਾਂ ਹੋਰ ਕਾਰਜਾਂ ਲਈ ਪਾਠ ਕਰਾਂਦੇ ਹਾਂ। ਪਰ ਜੋ ਪਾਠ ਵਿਚ ਹੁਕਮ ਹੈ ਉਹਨੂੰ ਕਦੇ ਵਿਚਾਰਿਆ ਨਹੀਂ ਅਤੇ ਨਾ ਹੀ ਕਦੇ ਉਸ 'ਤੇ ਅਮਲ ਕੀਤਾ ਹੈ। ਤਾਂ ਫਿਰ ਲਾਭ ਕੀ ਹੋਇਆ ?

ਇਸੇ ਤਰ੍ਹਾਂ ਇਕ ਸੰਤ ਨੇ ਦਾਵਾ ਕੀਤਾ ਕਿ ਉਹ ਪਾਠ ਕਰਨ 'ਤੇ ਕਾਰਜ ਸਿੱਧ ਕਿਉਂ ਨਾ ਹੋਵੇ। ਇਕੇਰਾਂ ਇਕ ਵੀਰ ਵੀ ਜੀ ਦਾ ਗੱਭਰੂ ਪੁੱਤਰ ਸਖਤ ਬਿਮਾਰ ਹੋ ਗਿਆ। ਇਲਾਜ ਕਾਫ਼ੀ ਕਰਾਇਆ ਪਰ ਫ਼ਾਇਦਾ ਨਾ ਹੋਇਆ। ਉਸ ਲੜਕੇ ਦਾ ਪਿਤਾ ਮਸ਼ਹੂਰ ਸੰਤ ਕੋਲ ਗਿਆ ਪੁੱਛਿਆ ਕਿ ਕੀ ਅਖੰਡ ਪਾਠ ਨਾਲ ਲੜਕਾ ਠੀਕ ਹੋ ਸਕਦਾ ਹੈ ? ਤਾਂ ਸੰਤ ਕਹਿੰਦਾ ਕਿਉਂ ਨਹੀਂ, ਤੁਹਾਡਾ ਪੁੱਤਰ ਨਵਾਂ ਨਿਰੋਆ ਹੋ ਜਾਵੇਗਾ। ਪਿਤਾ ਨੇ ਪੁੱਛਿਆ ਕਿੰਨੇ ਪਾਠ ਜ਼ਰੂਰੀ ਹਨ ? ਉੱਤਰ ਮਿਲਿਆ ਪੰਜੀਹ ਪਾਠ ਹੋਣ। ਰੋਗੀ ਕਾਕੇ ਦੇ ਪਿਤਾ ਨੇ ਆਖਿਆ ਜੀ ਮੈਂ ਪੰਜਾਹ ਪਾਠ ਕਰਾਂਦਾ ਹਾਂ। ਆਪ ਜੀ ਅਰੰਭ ਕਰ ਦਿਉ। ਅਖੰਡ ਪਾਠ ਆਰੰਭ ਹੋ ਗਏ। ਆਖ਼ਰੀ ਪਾਠ ਦੇ ਭੋਗ 'ਤੇ ਵੱਡਾ ਭਾਰੀ ਜੱਗ ਕੀਤਾ ਗਿਆ। ਸੰਤ ਮਾਇਆ ਦਾ ਵਪਾਰ ਕਰਕੇ ਚਲੇ ਗਏ। ਕਾਕੇ ਦਾ ਰੋਗ ਹੋਰ ਵਧ ਗਿਆ। ਕੁਝ ਦਿਨਾਂ ਪਿੱਛੋਂ ਕਾਕਾ ਚਲਾਣਾ ਕਰ ਗਿਆ। ਕਾਕੇ ਦੇ ਪਿਤਾ ਦਾ ਸਦਾ ਵਾਸਤੇ ਗੁਰੂ ਘਰ ਤੋਂ ਵਿਸ਼ਵਾਸ ਉੱਠ ਗਿਆ ਅਤੇ ਬਾਕੀ ਖਾਨਦਾਨ ਪਤਿਤ ਹੋ ਗਿਆ।

ਜਿੰਨਾ ਵੀ ਦੁਨੀਆਂ 'ਤੇ ਅਗਿਆਨ (ਫੋਕੀ ਸ਼ਰਧਾ) ਹੈ ਇਹ ਸਾਰਾ ਸਾਧਾਂ ਅਤੇ ਧਰਮ ਦੇ ਠੇਕੇਦਾਰਾਂ ਦਾ ਫੈਲਾਇਆ ਹੋਇਆ ਹੈ। ਜੇ ਪੜ੍ਹਿਆਂ ਹੀ ਗੱਲ ਬਣ ਜਾਂਦੀ ਹੋਵੇ ਤਾਂ ਹਜ਼ਾਰਾਂ ਪਾਠੀ ਰੋਜ਼ ਅਖੰਡ ਪਾਠ ਤੇ ਸਾਧਾਰਣ ਪਾਠ ਕਰਦੇ ਹਨ ਪਰ ਇਹਨਾਂ ਦਾ ਜੀਵਨ ਪੱਧਰ, ਪਾਠ ਨਾ ਕਰਨ ਵਾਲਿਆਂ ਨਾਲੋਂ ਵੀ ਨੀਂਵਾ ਹੈ।

ਇਸਦਾ ਮਤਲਬ ਇਹ ਨਹੀਂ ਕਿ ਪਾਠ ਨਾ ਕੀਤਾ ਜਾਵੇ ਨਾ ਸੁਣਿਆ ਜਾਵੇ। ਬਾਣੀ ਪੜ੍ਹਨੀ ਹੈ ਸੁਣਨੀ ਹੈ ਪਰ ਵੀਚਾਰ ਨਾਲ, ਅਰਥ ਭਾਵ ਨੂੰ ਸਮਝ ਕੇ ਕਰੋ ਅਤੇ ਜਿਸ ਭਾਵ ਦੇ ਵਲਵਲੇ ਵਿਚ ਬਾਣੀ ਚਲਦੀ ਹੈ, ਮਨ ਨੂੰ ਹਜ਼ੂਰੀ ਵਿਚ

ਰੱਖ ਕੇ ਉਸੇ ਭਾਵ ਨਾਲ ਚਲਾਉ। ਫਿਰ ਜੋ ਬਾਣੀ ਵਿਚ ਹੁਕਮ ਹਨ ਉਹਨਾਂ ਨੂੰ ਜੀਵਨ ਵਿਚ ਘਟਾਉ। ਫਿਰ ਦੇਖਣਾ ਕਿੰਨਾ ਲਾਭ ਹੁੰਦਾ ਹੈ। ਮਨ ਦੀਆਂ ਮੁਰਾਦਾਂ ਮਿਲ ਸਕਦੀਆਂ ਹਨ। ਇਹ ਗੱਲ ਪ੍ਰਤੱਖ ਕਰਕੇ ਦੇਖੀ ਜਾ ਸਕਦੀ ਹੈ।

ਗੁਰ ਫੁਰਮਾਨ ਹੈ:

"ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥ (ਪੰਨਾ 750)

ਇਹਨਾਂ ਵੰਨ-ਸੁਵੰਨੀਆਂ ਸਮੱਗਰੀਆਂ, ਕੁੰਭਾਂ, ਨਰੇਲਾਂ, ਜੋਤਾਂ ਮੌਲੀਆਂ ਦੀ ਅਖੰਡ ਪਾਠ ਨਾਲ ਕੋਈ ਲੋੜ ਨਹੀਂ ਹੈ।

"ਜਾਗੋ ਜਾਗੋ ਸੂਤਿਹੋ ਚਲਿਆ ਵਣਜਾਰਾ॥" (ਪੰਨਾ 418)

ਗੁਰਮਤਿ ਰਹਿਤ ਮਰਿਯਾਦਾ ਦਾ ਕਰਤਾ ਅੱਗੇ ਲਿਖਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਜਿਸ ਵਕਤ ਪ੍ਰਾਗਰਾਜ ਤ੍ਰਿਬੇਣੀ 'ਤੇ ਗਏ ਹਨ ਉਥੇ ਮਾਤਾ ਨਾਨਕੀ ਜੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਮਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ ਜਗਤ ਮਾਤਾ ਜੀ, ਉਹਨਾਂ ਨੇ ਕਿਹਾ ਕਿ ਤੁਹਾਡੇ ਪਿਤਾ ਸਾਹਿਬ ਨੇ ਬਚਨ ਕੀਤੇ ਸਨ ਕਿ ਤੁਸੀਂ ਪੋਤਰੇ ਦੇ ਦਰਸ਼ਨ ਕਰੋਗੇ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਆਪ ਜੀ ਦੀ 45 ਸਾਲ ਦੀ ਉਮਰ ਹੋ ਗਈ ਹੈ, ਹੁਣ ਤਾਈਂ ਮੈਂ ਪੋਤਰੇ ਦਾ ਮੂੰਹ ਨਹੀਂ ਵੇਖਿਆ।

ਉਸ ਵਕਤ ਸਤਿਗੁਰਾਂ ਨੇ ਕਿਹਾ ਮਾਤਾ ਜੀ! ਇਹ ਵਾਹਿਗੁਰੂ ਜੀ ਦੇ ਵੱਸ ਹੈ। ਜਦੋਂ ਪਾਤਸ਼ਾਹ ਜੀ ਨੂੰ ਭਾਇਆ ਬਖਸ਼ਣਗੇ।

ਧਰਮ ਵਿਜੈ ਮੁਕਤ ਸ਼ਾਸਤਰ ਵਿਚ ਲਿਖਿਆ ਹੈ ਕਿ ਉਸ ਵਕਤ ਸਤਿਗੁਰੂ ਸਾਹਿਬ ਜੀ ਦੇ ਪਾਸ ਮਾਤਾ ਜੀ ਨੇ ਬੇਨਤੀ ਕੀਤੀ ਕਿ ਕਿਵੇਂ ਮੇਰੀ ਇੱਛਾ ਪੂਰੀ ਹੋਵੇ ਤਾਂ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ-

ਜਬ ਹੀ ਜਾਤ ਤ੍ਰਿਬੇਣੀ ਭਏ॥
ਪੁੰਨ ਦਾਨ ਦਿਨ ਕਰਤ ਬਿਤਏ॥

ਉਸ ਵਕਤ ਮਹਾਰਾਜ ਨੇ ਕਿਹਾ-ਚੰਗਾ! ਸ੍ਰੀ ਅਖੰਡ ਪਾਠ ਕਰਾਉ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਈ ਬੰਨੋ ਦੇ ਸਰੂਪ ਨਾਲ ਸਨ। ਹੁਣ ਉਹ ਸ੍ਰੀ ਪਟਨੇ ਸਾਹਿਬ ਜੀ ਗਊ ਘਾਟੋਂ ਨਾਵੇਂ ਪਾਤਸ਼ਾਹ ਦੀ ਯਾਦਗਾਰ ਹੈ। ਉਸਦਾ ਪਾਠ ਮਹਾਰਾਜ ਜੀ ਨੇ ਕਰਵਾਇਆ। ਧਰਮ ਵਿਜੈ ਸ਼ਾਸਤਰ ਵਿਚ ਲਿਖਿਆ ਹੈ। ਜਿਸਦੇ ਪੰਜ ਪਾਠੀ... (ਗੁਰਮਤਿ ਰਹਿਤ ਮਰਿਯਾਦਾ ਪੰਨਾ 300)

ਵਿਚਾਰ—ਜਿਨ੍ਹਾਂ ਗ੍ਰੰਥਾਂ ਵਿਚ ਖੰਡ 'ਚ ਲਪੇਟ ਕੁ ਜ਼ਹਿਰ ਦਿੱਤੀ ਗਈ ਹੈ ਉਹ ਟਕਸਾਲੀਆਂ ਨੇ ਪੜ੍ਹੇ ਹਨ ਅਤੇ ਹਿੰਦੂ ਮੱਤ ਨੂੰ ਖ਼ਾਲਸਾ ਪੰਥ 'ਤੇ ਠੋਸਣ ਦਾ ਕੋਝਾ ਯਤਨ ਕਰ ਰਹੇ ਹਨ। ਕੀ ਗੁਰੂ ਨਾਨਕ ਦੇਵ ਜੀ ਜਗਨਨਾਥ ਪੁਰੀ ਦੇ ਮੰਦਰ ਵਿਚ ਪੱਥਰ ਦੀਆਂ ਮੂਰਤੀਆਂ ਨੂੰ ਮੱਥਾ ਟੇਕਣ ਗਏ ਸੀ? ਕੀ

ਸੁਲਤਾਨਪੁਰ ਮਸੀਤ ਵਿਚ ਨਮਾਜ਼ ਪੜ੍ਹਨ ਗਏ ਸੀ ? ਨਹੀਂ! ਉਥੇ ਧਰਮ ਦੇ ਨਾਂ 'ਤੇ ਜੋ ਪਾਖੰਡ ਹੋ ਰਿਹਾ ਸੀ, ਦੁਨੀਆਂ ਨੂੰ ਦੱਸਣ ਵਾਸਤੇ ਕਿ ਇਹ ਧਰਮੀ ਨਹੀਂ ਹਨ, ਧਰਮ ਦੇ ਨਾਂ 'ਤੇ ਪਾਖੰਡ ਕਰ ਰਹੇ ਹਨ। ਇਸੇ ਤਰ੍ਹਾਂ ਜੇ ਨੌਂਵੇਂ ਪਾਤਸ਼ਾਹ ਹਿੰਦੂ ਤੀਰਥਾਂ 'ਤੇ ਗਏ ਸੀ ਤਾਂ ਉਹ ਉਥੇ ਪਾਠ ਕਰਾਉਣ ਨਹੀਂ ਸੀ ਗਏ। ਉਹ ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਪਾਖੰਡ ਦਾ ਭਾਂਡਾ ਚੌਰਾਹੇ ਵਿਚ ਭੰਨਣ ਗਏ ਸਨ। ਟਕਸਾਲੀ ਕਹਿ ਰਹੇ ਹਨ ਉਥੇ ਤ੍ਰਿਬੇਣੀ ਵਿਖੇ ਇਹ ਅਖੰਡ ਪਾਠ ਦੋਵੇਂ ਪਾਤਸ਼ਾਹ ਨੇ ਭਾਈ ਬੰਨੋਂ ਵਾਲੇ ਸਰੂਪ ਤੋਂ ਕਰਵਾਇਆ। ਇਸਦਾ ਮਤਲਬ ਕਿ ਇਹ ਟਕਸਾਲੀ "ਧੰਨ ਗੁਰੂ ਗ੍ਰੰਥ ਸਾਹਿਬ" ਦਾ ਇਕ ਹੋਰ ਸ਼ਰੀਕ ਪੈਦਾ ਕਰੀ ਬੈਠੇ ਹਨ।

ਕਵੀ ਸੰਤੋਖ ਸਿੰਘ ਜੀ ਭਾਈ ਬੰਨੋਂ ਵਾਲੀ ਬੀੜ ਬਾਰੇ ਲਿਖਦੇ ਹਨ ਕਿ ਮਾਂਗਟ ਤਕ ਜਾਣ ਆਉਣ ਵਿਚ ਰੋਜ਼ ਇਕ ਕੋਹ ਮੰਜ਼ਿਲ ਕਰ ਕੇ ਭਾਈ ਬੰਨੋ ਨੇ ਲਿਖਾਰੀਆਂ ਪਾਸੋਂ ਸਾਰੀ 'ਆਦਿ ਬੀੜ' ਦਾ ਉਤਾਰਾ ਕਰਾ ਲਿਆ ਪਰ ਉਸ ਉਤਾਰੇ ਵਿਚ ਕੁਝ ਵਾਧੂ ਸ਼ਬਦ ਭੀ ਲਿਖਾ ਲਏ। ਜਦੋਂ ਵਾਪਸ ਆਏ ਤਾਂ ਦੋਵੇਂ ਬੀੜਾਂ ਬੰਨੋ ਨੇ ਗੁਰੂ ਜੀ ਨੂੰ ਦਿੱਤੀਆਂ ਅਤੇ ਆਪਣੀ ਬੀੜ ਵਿਚ ਵਾਧੂ ਲਿਖੀਆਂ ਬਾਣੀਆਂ ਸੁਣਾ ਦਿੱਤੀਆਂ। ਪੰਜਵੇਂ ਪਾਤਸ਼ਾਹ ਨੇ ਵਾਧੂ ਲਿਖਤਾਂ ਵੇਖ ਕੇ ਬਚਨ ਕੀਤਾ ਕਿ ਇਹ ਵਾਧੇ ਆਪਣੀ ਬੀੜ ਵਿਚ ਹੀ ਰੱਖੀਂ, ਸਾਡੇ ਗ੍ਰੰਥ ਵਿਚ ਨਹੀਂ ਪਾਉਣੇ ਕਵੀ ਜੀ ਇਉਂ ਲਿਖਦੇ ਹਨ:

ਤਬਹਿ ਲਿਖਾਰੀ ਦੀਏ ਲਗਾਇ। ਲਿਖਹੁ ਸ਼ਿਤਾਬੀ ਅਰ ਸਮੁਦਾਇ।
ਅਪਨ ਪੁਰੀ ਲਗ ਇਕ ਇਕ ਕੋਸਾ ਡੇਰਾ ਕਰਤ ਲਿਖਯੋ ਆਦਿਸੁ।
ਇਕ ਨਿਸ ਬਸ ਕਰਿ ਨਿਜ ਘਰ ਮਾਹੂ। ਹਟੇ ਕੋਸ ਇਕ ਡੇਰਾ ਰਾਹੂ।
ਤਿਸੀ ਪ੍ਰਕਾਰ ਸੁਧਾਸਰ ਆਏ। ਆਵਤ ਜਾਤੇ ਸਰਬ ਲਿਖਾਏ।
ਕੇਤਕ ਸ਼ਬਦ ਲਿਖੇ ਅਧਿਕਾਰੀ। ਆਏ ਪੁਨ ਸ੍ਰੀ ਗੁਰ ਅਗਵਾਈ॥

— — —

ਜੁਗਲ ਗਰੰਥ ਸਾਹਿਬ ਧਰਿ ਦੀਨੇ। ਅਧਿਕ ਜੁ ਹੁਤੇ ਸੁਨਾਵਨ ਕੀਨੇ।
ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ। ਲਿਖ ਕਰਿ ਅਧਿਕ ਜਿਤੋ ਤੁਮ ਪਾਯੋ।
ਤਿਸੀ ਬੀੜ ਮਹਿ ਰਖੋ ਲਿਖਾਵਹੁ। ਨਹਿ ਇਸ ਗ੍ਰੰਥ ਬਿਖੈ ਸੋ ਪਾਵਹੁ॥

ਇਕ ਗ੍ਰੰਥ ਵਿਚ ਇਹਨਾਂ ਵਾਧੂ ਬਾਣੀਆਂ ਦੇ ਨਾਂ ਵੀ ਲਿਖੇ ਹਨ।

1. ਜਿਤ ਦਰ ਲਖ ਮੁਹੰਮਦਾ
2. ਬਾਇ ਆਤਸ਼—ਸੌਲ੍ਹਾਂ ਸਲੋਕ
3. ਰਤਨ ਮਾਲ।
4. ਰਾਹ ਮੁਕਾਮ ਕੀ ਸਾਖ।

ਬਾਨੀ ਕਛੁਕ ਵਧੀਕ ਲਿਖਾਈ। ਸਿੱਖਨ ਤੇ ਸੋ ਪੋਥੀ ਪਾਈ।
ਸਾਰੰਗ ਸ਼ਬਦ ਸੂਰ ਕਾ ਪਾਯੋ। ਤਹਿ ਤੁਕ ਏਕ, ਸਾਰਾ ਇਹਾਂ ਪਾਯੋ।
ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਉਸਨੇ ਰਸਤੇ ਵਿਚ ਇਕ ਉਤਾਰਾ ਹੋਰ ਕਰ ਲਿਆ। ਜਿਸ ਵਿਚ ਕੁਝ ਕੁ ਵਾਧੂ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਕੁਝ ਕੁ ਹੋਰ ਭਗਤਾਂ ਦੇ ਲਿਖ ਲਏ। ਸੋ ਭਾਈ ਬੰਨੋ ਵਾਲੀ ਬੀੜ ਨੂੰ ਪੰਜਵੇਂ ਪਾਤਸ਼ਾਹ ਨੇ ਪ੍ਰਵਾਨ ਹੀ ਨਹੀਂ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਉਸ ਬੀੜ ਤੋਂ ਪਾਠ ਕਿਵੇਂ ਕਰਵਾ ਲਿਆ। ਇਸਦਾ ਮਤਲਬ ਕਿ ਇਹ ਟਕਸਾਲੀ ਦਸਾਂ ਪਾਤਸ਼ਾਹੀਆਂ ਦੀ ਇਕ ਜੋਤ ਦਾ ਵੀ ਖੰਡਨ ਕਰਦੇ ਹਨ ਕਿਉਂਕਿ ਇਹ ਪੰਜਵੇਂ ਪਾਤਸ਼ਾਹ ਨੂੰ ਹੋਰ ਅਤੇ ਨੌਵੇਂ ਪਾਤਸ਼ਾਹ ਨੂੰ ਹੋਰ ਸਮਝਦੇ ਹਨ। ਇਹਨਾਂ ਦੀਆਂ ਆਪਣੀਆਂ ਹੱਥ ਲਿਖਤਾਂ ਇਹ ਗਵਾਹੀ ਦੇ ਰਹੀਆਂ ਹਨ।

ਅੱਗੇ ਇਥੇ ਟਕਸਾਲੀ ਕਿਤਾਬ ਵਿਚ ਲਿਖਿਆ ਹੈ ਕਿ ਇਕ ਅਖੰਡ ਪਾਠ ਗੁਰੂ ਗੋਬਿੰਦ ਸਿੰਘ ਜੀ ਨੇ ਕਰਵਾਇਆ। ਇਹ ਵਿਚ ਮਹਾਰਾਜ ਨੇ 1. ਪੰਜ ਅਖੰਡ ਪਾਠੀ (ਸ਼ੁਧ ਪਾਠ ਕਰਨ ਵਾਲੇ। ਕੇਸਾਂ ਸਹਿਤ ਇਸ਼ਨਾਨ ਕਰਵਾ ਕੇ), 2. ਪੰਜ ਸ੍ਰੀ ਜਪੁਜੀ ਸਾਹਿਬ 'ਤੇ ਲਾਏ। 3. ਪੰਜ ਧੂਪੀਏ (ਵਰਨੀਏ) ਲਾਏ। 4. ਪੰਜ ਪਹਿਰੇਦਾਰ ਲਾਏ ਤੇ 5. ਪੰਜ ਲਾਂਗਰੀ ਲਾਏ। ਨਰੇਲ, ਕੁੰਭ, ਜੋਤਾਂ ਨਾਲ ਰੱਖੀਆਂ। ਇਕ ਅਖੰਡ ਪਾਠ ਹਜ਼ੂਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਕਰਵਾਇਆ। ਮਹਾਰਾਜ ਨੇ ਸਾਰਾ ਪਾਠ ਇਕੋ ਚੌਂਕੜੇ ਸੁਣਿਆ। ਮਹਾਰਾਜ ਨੇ ਚਿੱਟੀ ਪੁਸ਼ਾਕ ਪਾਈ ਹੋਈ ਸੀ ਅਤੇ ਇਸ਼ਨਾਨ ਵਾਸਤੇ ਜਲ ਉਥੇ ਬੈਠੇ ਹੀ ਉੱਪਰ ਪਵਾਈ ਜਾ ਰਹੇ ਸਨ। ਜਿਹੜਾ ਪਾਠ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਕਰਵਾਇਆ ਸੀ ਉਹ ਖੜ੍ਹੇ ਹੋ ਕੇ ਸੁਣਿਆ। ਖੜ੍ਹੇ ਹੀ ਇਸ਼ਨਾਨ ਵਾਸਤੇ ਜਲ ਉੱਪਰ ਪਵਾਈ ਜਾਂਦੇ ਰਹੇ। ਕਿਸੇ ਰਾਜੇ ਨੇ 1100 ਰੁਪਏ ਭੇਟਾ ਕੀਤੀ।

(ਗੁਰਮਤਿ ਰਹਿਤ ਮਰਿਯਾਦਾ ਪੰਨਾ 306-7)

ਵਿਚਾਰ— ਇਹ ਟਕਸਾਲੀ ਹਜ਼ਾਰਾਂ ਰੁਪਇਆਂ ਦੀ ਸਮੱਗਰੀ ਲੋਕਾਂ ਨੂੰ ਲਿਖਾ ਕੇ ਅਤੇ ਅਖੰਡ ਪਾਠ ਕਰਨ ਵਾਸਤੇ 25-30 ਸਿੰਘ ਲਾ ਕੇ ਅਗਲੇ ਦੇ ਕਾਰਜ ਸਵਾਰਨ ਵਾਸਤੇ ਕਰ ਰਹੇ ਹਨ ਕਿ ਕਾਰਜ ਵਿਗਾੜਨ ਵਾਸਤੇ ? ਟਕਸਾਲੀਆਂ ਕੋਲੋਂ ਅਖੰਡ ਪਾਠ ਕੋਈ ਰਾਜਾ ਭਾਵੇਂ ਕਰਵਾ ਲਵੇ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਲੋਕਾਂ ਨੂੰ ਕਰਜਾਈ ਵੀ ਇਹਨਾਂ ਹੀ ਕੀਤਾ ਹੈ।

ਇਤਿਹਾਸਕ ਹਵਾਲਾ— ਉਜਰਤ ਦੇ ਕੇ ਪਾਠ ਕਰਾਉਣਾ, ਤੰਤਰ ਸ਼ਾਸਤਰ ਦੀ ਦੱਸੀ ਰੀਤ ਅਨੁਸਾਰ ਜਪ, ਵਰਣੀਆਂ, ਸਪਤਾਹ ਪਾਠ, ਸੰਪਟ ਪਾਠ, ਖਾਸ (ਸਪਤਾਹ ਸੰਪਟ ਪਾਠ), ਵੇਲੇ ਅੰਦਰ ਪਾਠ ਦੀ ਸਮਾਪਤੀ, ਨਲੇਰ, ਕਲਸ, ਦਿਨੇ ਦੀਵਾ ਆਦਿ ਸਭ ਕਰਮ ਹਿੰਦੂ ਰੀਤਿ ਦੀ ਨਕਲ ਹੈਨ।

ਪਾਠ ਆਪ ਕਰਨਾ ਚਾਹੀਏ, ਜਾਂ ਆਪਣੇ ਸੰਬੰਧੀਆਂ ਤੋਂ, ਅਥਵਾ ਵਿਦਵਾਨ ਸੱਜਣ ਤੋਂ ਮਨ ਇਕਾਗਰ ਕਰਕੇ ਪ੍ਰੇਮ ਨਾਲ ਸੁਣਨਾ ਚਾਹੀਏ। ਨਾਲ-ਨਾਲ ਅਰਥ ਦਾ ਵੀ ਵਿਚਾਰ ਹੋਂਦਾ ਰਹੇ।

ਕਈ ਧਰਮ ਅਸਥਾਨਾਂ ਦੇ ਮਹੰਤ, ਗ੍ਰੰਥੀ ਪਾਠ ਤਿਆਰ ਰੱਖਦੇ ਹਨ। ਜੇ ਕੋਈ ਸ਼ਰਧਾਵਾਨ ਆਖਦਾ ਹੈ ਕਿ ਮੇਰੇ ਲਈ "ਗੁਰੂ ਗ੍ਰੰਥ ਸਾਹਿਬ" ਦਾ ਪਾਠ ਕਰ ਦਿਉ ਤਾਂ ਉੱਤਰ ਮਿਲਦਾ ਹੈ ਕਿ ਅਸੀਂ ਕਈ ਪਾਠ ਤਿਆਰ ਕੀਤੇ ਹੋਏ ਹਨ, ਆਪ ਕੜਾਹ ਪ੍ਰਸ਼ਾਦ, ਰੁਮਾਲ, ਨਕਦੀ, ਭੇਟਾ ਅਰਪਨ ਕਰਕੇ, ਹੁਣੇ ਭੋਗ ਪਵਾ ਸਕਦੇ ਹੋ। ਭੋਲੇ ਸਿੱਖ ਧੰਨ ਭਾਗ ਜਾਣ ਕੇ ਇਸ ਸੌਦੇ ਨੂੰ ਪਸੰਦ ਕਰਦੇ ਹਨ ਪਰ ਘੜੀ ਅੰਦਰ ਪਾਠ ਦਾ ਮਹਾਤਮ ਖਰੀਦ ਲਿਆ ਜਾਂਦਾ ਹੈ।

ਖ਼ਾਲਸੇ ਦੇ ਬੁੱਢੇ ਦਲ ਦੀ ਰੀਤਿ ਸੀ ਕਿ ਜਦ ਮੁਹਿੰਮ 'ਤੇ ਜਾਣ, ਜਾਂ ਹੋਰ ਕਠਿਨ ਕਾਰਜ ਕਰਨ ਦਾ ਮੌਕਾ ਬਣੇ, ਤਦ "ਗੁਰੂ ਗ੍ਰੰਥ ਸਾਹਿਬ" ਦਾ ਪਾਠ ਕਰਕੇ, ਅਰਦਾਸਾ ਸੋਧ ਕੇ ਚੜ੍ਹਾਈ ਕੀਤੀ ਜਾਂਦੀ ਸੀ। ਕਦੇ-ਕਦੇ ਐਸਾ ਕਰਨ ਵਿਚ ਕਈ ਦਿਨ ਲੱਗ ਜਾਂਦੇ ਸਨ। ਅਰ ਢਿੱਲ ਪੈਣ ਤੋਂ ਕਈ ਤਰ੍ਹਾਂ ਦੇ ਵਿਘਨ ਹੋ ਜਾਂਦੇ ਸਨ। ਸਿਆਣਿਆਂ ਦੀ ਸਲਾਹ ਨਾਲ ਅਖੰਡ ਪਾਠ ਦਾ ਪ੍ਰਬੰਧ ਕੀਤਾ ਗਿਆ ਕਿ 16 ਪਹਿਰ ਵਿਚ ਭੋਗ ਪਾ ਕੇ ਕਾਰਜ ਆਰੰਭ ਕੀਤਾ ਜਾਵੇ। ਬੁੱਢੇ ਦਲ ਤੋਂ ਤਰਨਾ ਦਲ ਨੇ ਇਹ ਰੀਤਿ ਲਈ ਅਤੇ ਫਿਰ ਸਾਰੇ ਪੰਥ ਵਿਚ ਰਿਵਾਜ਼ ਪੈ ਗਿਆ। ਹੌਲੀ-ਹੌਲੀ ਅਖੰਡ ਪਾਠ ਤੰਤ੍ਰ ਸ਼ਾਸਤਰ ਦੇ ਦੱਸੇ ਪ੍ਰਯੋਗਾਂ ਵਾਂਗ ਇਕ ਮੰਤਰ ਜਪ ਹੋ ਗਿਆ। ਉਸੇ ਤਰ੍ਹਾਂ ਅਖੰਡ ਦੀਵਾ, ਧੂਪ, ਕਲਸ ਸਥਾਪਨ, ਨਲੇਰ, ਕੁੰਭ ਆਦਿ ਦਾ ਵਰਤਾਉ ਹੋਣ ਲੱਗਾ। ਮਨੋਕਾਮਨਾ ਦੀ ਪੂਰਤੀ ਵਾਸਤੇ ਇਹ ਪਾਠ ਉੱਤਮ ਸਾਧਨ ਮੰਨਿਆ ਗਿਆ।

ਗੁਰੂ ਸਾਹਿਬਾਨ ਦੇ ਸਮੇਂ ਕਦੀ ਵੀ ਕੋਈ ਅਖੰਡ ਪਾਠ ਨਹੀਂ ਹੋਇਆ। ਹੁਣ ਕਈ ਥਾਂਈਂ 101 ਅਖੰਡ ਪਾਠ ਕੀਤੇ ਜਾਂਦੇ ਹਨ। ਪ੍ਰੇਮੀ ਸਿੱਖ ਆਪ ਪੜ੍ਹਨ ਦੀ ਥਾਂ ਭੇਟਾ ਦੇ ਕੇ ਪਾਠ ਕਰਾਉਣਾ ਮਹਾਨ ਪੁੰਨ ਸਮਝਦੇ ਹਨ। ਕਈ ਡਾਕ ਵਿਚ ਰੁਪਏ ਭੇਜ ਕੇ ਪਾਠ ਦਾ ਮਹਾਤਮ ਖਰੀਦ ਲੈਂਦੇ ਹਨ। ਅਜਿਹੇ ਰਸਮੀਂ ਪਾਠਾਂ 'ਤੇ ਧਨ ਖਰਚਣ ਦੀ ਥਾਂ, ਜੇ ਵਿੱਦਿਆ ਦੇ ਪ੍ਰਚਾਰ ਲਈ ਉੱਦਮ ਕੀਤਾ ਜਾਵੇ ਅਤੇ ਅਨੇਕ ਬੋਲੀਆਂ ਵਿਚ ਗੁਰਬਾਣੀ ਦਾ ਉਲੱਥਾ ਕਰਕੇ ਸਤਿਗੁਰੂ ਨਾਨਕ ਦਾ ਉਪਦੇਸ਼ ਜਗਤ ਵਿਚ ਫੈਲਾਇਆ ਜਾਵੇ, ਤਦ ਕਾਫ਼ੀ ਲਾਭ ਹੋ ਸਕਦਾ ਹੈ।

ਪਾਠ ਦੀ ਸਮਾਪਤੀ 'ਤੇ ਦੀਵੇ ਜਗਾ ਕੇ ਆਰਤੀ ਕਰਨੀ ਭੀ (ਆਰਤੀ) ਹਿੰਦੂ ਰੀਤਿ ਦੀ ਨਕਲ ਹੈ।

(ਗੁਰਮਤਿ ਮਾਰਤੰਡ ਭਾਗ ਦੂਜਾ ਪੰਨਾ 421-22-23)

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤਿ ਮਾਰਤੰਡ ਵਿਚ 31 ਗ੍ਰੰਥਾਂ ਦੇ ਹਵਾਲੇ

ਦਿੱਤੇ ਹਨ। ਗੁਰੂ ਸਾਹਿਬਾਂ ਵੇਲੇ ਕੋਈ ਅਖੰਡ ਪਾਠ ਨਹੀਂ ਹੋਇਆ। ਟਕਸਾਲ ਨੇ ਆਪਣੀਆਂ ਪੁਸਤਕਾਂ ਵਿਚ ਬਹੁਤ ਕੁਝ ਮਨਘੜ੍ਹਤ ਲਿਖਿਆ ਹੋਇਆ ਹੈ ਅਤੇ ਜ਼ਿਆਦਾ ਸੱਚ ਭਿੱਟ ਸਾਰੀ ਬ੍ਰਾਹਮਣਾਂ ਵਾਲੀ ਲਿਖੀ ਹੋਈ ਹੈ।

ਗੁਰਮਤਿ ਮਾਰਤੰਡ ਵਿਚ ਮੱਧ ਦਾ ਕਿਤੇ ਜ਼ਿਕਰ ਨਹੀਂ ਹੈ। ਪੰਥਕ ਸਿੱਖ ਰਹਿਤ ਮਰਿਯਾਦਾ ਵਿਚ ਮੱਧ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਕੀ ਇਹ ਟਕਸਾਲੀ ਦੱਸ ਸਕਦੇ ਹਨ ਕਿ ਮਹਾਰਾਜ 1430 ਅੰਗ ਹਨ। ਇਹ ਮੱਧ 705 'ਤੇ ਕਿਵੇਂ ਲਾਉਂਦੇ ਹਨ ? ਇਹ ਆਦਿ ਪੂਰਨ ਮੱਧ ਪੂਰਨ ਵਾਲੇ ਬਚਨ ਗੁਰਬਾਣੀ ਅੰਦਰ ਕਈ ਵਾਰ ਆਏ ਹਨ ਫਿਰ ਉਥੇ 'ਪੌਣਾ' ਵੀ ਲਵਾਇਆ ਕਰਨ। "ਗੁਰੂ ਗ੍ਰੰਥ ਸਾਹਿਬ ਜੀ" ਸੰਪੂਰਨ ਗੁਰੂ ਹਨ, ਇਹਨਾਂ ਦਾ ਮੱਧ ਕੋਈ ਨਹੀਂ ਹੈ। ਹਾਂ ਤਾਜ਼ਾ ਪ੍ਰਸ਼ਾਦ ਕਰਕੇ ਹਜ਼ੂਰੀ ਵਿਚ ਲਿਆ ਕੇ ਅਰਦਾਸ ਕਰਕੇ ਦਰ ਪ੍ਰਵਾਨ ਕਰਵਾਇਆ ਜਾ ਸਕਦਾ ਹੈ।

ਇਸ ਟਕਸਾਲੀ ਗੁਰਮਤਿ ਰਹਿਤ ਮਰਿਯਾਦਾ ਵਿਚ ਅੱਗੇ ਸੰਪਟ ਪਾਠ, ਸਾਧਾਰਣ, ਸੰਪਟ ਅਖੰਡ ਪਾਠ, ਦਸਮ ਗ੍ਰੰਥ ਦੇ ਅਖੰਡ ਪਾਠਾਂ ਦੀ ਮਰਿਯਾਦਾ ਲਿਖੀ ਹੈ ਅਤੇ ਅਖੰਡ ਪਾਠ ਨਾਲ ਰੱਖੇ ਘੜੇ ਦਾ ਮਹਾਤਮ, ਜੋਤ ਦਾ ਮਹਾਤਮ, ਨਰੇਲ ਦਾ ਮਹਾਤਮ ਧੂਪ ਦਾ ਮਹਾਤਮ, ਆਰਤੀ ਦਾ ਮਹਾਤਮ ਲਿਖਿਆ ਹੈ ਜੋ ਨਿਰੋਲ ਬ੍ਰਾਹਮਣੀ ਮੱਤ ਹੈ। ਮਨਮਤਿ ਹੈ, ਗੁਰਮਤਿ ਦੇ ਉਲਟ ਹੈ।

ਜੇ ਲੋੜ ਪਈ ਤਾਂ ਇਸ ਹੱਥਲੀ ਪੁਸਤਕ ਦੇ ਆਉਣ ਵਾਲੇ ਭਾਗਾਂ ਵਿਚ ਸੰਗਤਾਂ ਦੀ ਨਜ਼ਰ ਕਰਾਂਗਾ। ਅੱਗੇ ਹੋਰ ਵੀ ਮਨਘੜ੍ਹਤ ਕਹਾਣੀਆਂ ਗੁਰਮਤਿ ਸਿੱਧਾਂਤਾਂ ਦਾ ਖੰਡਨ ਕਰਨ ਵਾਲੀਆਂ ਇਹਨਾਂ ਲਿਖੀਆਂ ਹੋਈਆਂ ਹਨ। ਪੰਥਕ ਸਿੰਘਾਂ ਨੇ ਮੋਰਚੇ ਲਾ ਕੇ ਖੂਨ ਡੋਲ ਕੇ ਪੁਜਾਰੀ ਮਹੰਤਾਂ ਨੂੰ ਗੁਰਦੁਆਰਿਆਂ ਵਿਚੋਂ ਕੱਢ ਕੇ ਜੋ ਪੰਥਕ ਸਿੱਖ ਰਹਿਤ ਮਰਿਯਾਦਾ ਤਿਆਰ ਕੀਤੀ ਹੈ ਇਹ ਉਸਦੇ ਕੱਟੜ ਵਿਰੋਧੀ ਹਨ। ਇਹਨਾਂ ਦੀਆਂ ਲਿਖਤਾਂ ਤੋਂ ਇਹ ਸਿੱਧ ਹੋ ਰਿਹਾ ਹੈ ਕਿ ਉਸ ਵਕਤ ਇਹੀ ਟਕਸਾਲੀ ਪੁਜਾਰੀ ਮਹੰਤ ਹੀ ਗੁਰਦੁਆਰਿਆਂ 'ਤੇ ਕਾਬਜ਼ ਸੀ ਅਤੇ ਇਹਨਾਂ ਹਿੰਦੂ ਦੇਵੀ-ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਦਰਬਾਰ ਸਾਹਿਬ ਦੀ ਪ੍ਰਿਕਰਮਾ ਵਿਚ ਲਿਆ ਰੱਖੀਆਂ ਸਨ। ਇਹਨਾਂ ਨਾਲ ਹੀ ਮੋਰਚੇ ਲਾ ਕੇ ਸਿੰਘਾਂ ਨੇ ਖੂਨ ਡੋਲ ਕੇ ਸਤਿਕਾਰਤ ਗੁਰਧਾਮ ਆਜ਼ਾਦ ਕਰਵਾਏ ਸਨ। ਇਹਨਾ ਦੇ ਇਕ ਟਕਸਾਲੀ ਸੰਤ ਗੁਰਜੀਤ ਸਿੰਘ ਗੋਹਾਵਰ (ਜਲੰਧਰ) ਨੇ ਇਕ ਲਿਖਤ ਵਿਚ ਇੰਕਸ਼ਾਫ ਕੀਤਾ ਹੈ ਮੰਨਿਆ ਹੈ ਕਿ ਉਸ ਵਕਤ ਗੁਰਦੁਆਰਿਆਂ ਵਿਚ ਟਕਸਾਲੀ ਮਰਿਯਾਦਾ ਸੀ ਤੇ ਟਕਸਾਲ ਹੀ ਮਹੰਤਾਂ ਦੇ ਰੂਪ ਵਿਚ ਗੁਰਧਾਮਾਂ 'ਤੇ ਕਾਬਜ਼ ਸੀ। ਇਹ ਇੰਕਸ਼ਾਫ ਇਹਨਾਂ ਦੀਆਂ ਹੱਥ ਲਿਖਤ ਪੁਸਤਕਾਂ ਵਿਚੋਂ ਵੀ ਸੱਚ ਸਿੱਧ ਹੋ ਚੁੱਕਾ ਹੈ। ਦੁਸ਼ਮਣ ਤਾਂ ਦੁਸ਼ਮਣ ਹੀ ਹੈ ਪਰ ਯਾਦ ਰੱਖਣਾ ਜਦੋਂ ਸੱਜਣ ਦੁਸ਼ਮਣ ਬਣਦੇ ਹਨ ਤਾਂ ਕੱਖ ਨਹੀਂ ਛੱਡਦੇ।

ਭਾਈ ਰਣਧੀਰ ਸਿੰਘ (ਅਖੰਡ ਕੀਰਤਨੀ ਜਥਾ)

7 ਜੁਲਾਈ 1878 ਈਸਵੀ ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਚ ਇਹਨਾਂ ਦਾ ਜਨਮ ਹੁੰਦਿਆਂ ਸਾਰ ਹੀ ਘਰਦਿਆਂ ਨੇ ਕਿਸੇ ਬ੍ਰਾਹਮਣ ਤੋਂ ਜਨਮ ਕੁੰਡਲੀ ਬਣਵਾਈ। ਉਸ ਕੁੰਡਲੀ ਅਨੁਸਾਰ ਦੱਸੀਆਂ ਮੋਟੀਆਂ ਮੋਟੀਆਂ ਗੱਲਾ ਇਹ ਹਨ—ਸੁਭਾਉ ਜੁਸ਼ੀਲਾ ਹੋਵੇ, ਵਿਦਵਾਨ ਹੋਵੇ ਤੇ ਕਲਮ ਵਿਚ ਅਸਰ ਹੋਵੇ, ਤਰੱਕੀ ਪਾਏ, ਪਰ ਕਾਇਮ ਨਾ ਰਹੇ, ਭਜਨੀਕ ਹੋਵੇ, ਪਰਹੇਜਗਾਰ ਹੋਵੇ (ਕਿਉਂਕਿ ਸਭ ਤੋਂ ਵਧ ਪਰਹੇਜਗਾਰ ਤਾਂ ਬਾਹਮਣ ਹੀ ਹੁੰਦੇ ਹਨ) ਅਤੇ ਕਿਸੇ ਦੋਸ਼ ਵਿਚ ਕੈਦ ਹੋਵੇ, ਸਫਰ ਬਹੁਤ ਕਰੇ ਤੇ ਪੱਕੀ ਰਿਹਾਇਸ਼ ਇਕ ਥਾਂ ਨਾ ਹੋਵੇ। ਆਖ਼ਰੀ ਉਮਰ ਸ਼ਰੀਰਕ ਕਸ਼ਟ ਹੋਵੇ। (ਜੀਵਨ ਚਰਿੱਤਰ ਭਾਈ ਰਣਧੀਰ ਸਿੰਘ)

ਵਿਚਾਰ—ਪਹਿਲਾਂ ਇਨ੍ਹਾਂ ਗੁਰਮਤਿ ਆਸ਼ੇ ਮੁਤਾਬਕ ਆਪ ਨੂੰ ਭਾਈ ਕਹਾਇਆ ਪਰ ਬਾਅਦ ਵਿਚ ਇਨ੍ਹਾਂ ਆਪਣੀਆਂ ਲਿਖਤਾਂ ਵਿਚ ਸਿੱਧ ਕੀਤਾ ਕਿ ਸਿੱਖ ਕੌਮ ਵਿਚ ਜੇ ਕੋਈ ਅੱਜ ਤੱਕ ਸੱਚਖੰਡ ਪਹੁੰਚਿਆ ਹੈ ਤਾਂ ਉਹ ਰਣਧੀਰ ਸਿੰਘ ਹੀ ਹੈ, ਹੋਰ ਕੋਈ ਨਹੀਂ ਪਹੁੰਚਿਆ। ਇਨ੍ਹਾਂ ਦੇ ਕਹਿਣ ਮੁਤਾਬਕ ਭਗਤ ਕਬੀਰ ਸਾਹਿਬ, ਭਗਤ ਨਾਮਦੇਵ ਜੀ, ਕਰਮ ਖੰਡ ਵਿਚ ਲਟਕ ਰਹੇ ਹਨ, ਉਪਰ ਸੱਚਖੰਡ ਵਿਚ ਉਹਨਾਂ ਤੋਂ ਨਹੀਂ ਅੱਪੜਿਆ ਗਿਆ ਕੇਵਲ ਇਕ ਰਣਧੀਰ ਸਿੰਘ ਸੱਚਖੰਡ ਪਹੁੰਚਿਆ ਹੈ। ਇਸ਼ ਦੀਆਂ ਹੱਥੀਂ ਲਿਖੀਆਂ ਲਿਖਤਾਂ ਮੇਰੇ ਸਾਹਮਣੇ ਟੇਬਲ ਤੇ ਪਈਆਂ ਹਨ। ਲੜੀਵਾਰ ਸਬੂਤਾਂ ਸਮੇਤ ਸੰਗਤ, ਪਾਠਕਾਂ ਦੇ ਸਮਸਤ ਰੱਖ ਰਿਹਾ ਹਾਂ ਕਿ ਇਹ 'ਮਾਟੀ ਦਾ ਪੂਤਰਾ ਕੈਸੇ ਨਚਤ ਹੈ।'

ਜੇਲ੍ਹ ਚਿੱਠੀਆਂ ਪੁਸਤਕ ਦੀ ਭੂਮਿਕਾ ਵਿਚ ਇਕ ਚਿੱਠੀ ਦੇ ਜਵਾਬ ਵਿਚ ਭਾਈ ਰਨਧੀਰ ਸਿੰਘ ਲਿਖਦੇ ਹਨ ਕਿ ਜੀਵਨ ਤਾਂ ਸ਼ਹੀਦਾਂ ਦੇ ਲਿਖੀਦੇ ਹੁੰਦੇ ਹਨ ਜਿਨ੍ਹਾਂ ਕੋਈ ਨਿੱਗਰ ਸੇਵਾ ਕੀਤੀ ਹੋਵੇ ਜਾਂ ਉਚ ਕਲਾ ਦੀ ਕਰਨੀ ਕਰਕੇ ਦਿਖਾ ਗਏ ਹੋਣ। ਮੈਂ ਤਾਂ ਜਦ ਆਪਣੇ ਅੰਦਰ ਝਾਤੀ ਮਾਰ ਕੇ ਦੇਖਦਾ ਹਾਂ 'ਸਭਿ ਅਵਗੁਣਿ ਮੈ ਗੁਣ ਨਹੀ ਕੋਈ॥' ਸਿਰਫ਼ ਮੇਰੇ ਪੁਰ ਹੀ ਘਟਦਾ ਹੈ ਤੇ ਕਰਨੀ ਮੇਰੀ ਕੁੱਤੇ ਜੇਹੀ ਭੀ ਨਹੀਂ ਕਿਉਂਕਿ ਕੁੱਤੇ ਵਿਚ ਤਾਂ ਕਈ ਗੁਣ ਹਨ ਪਰ ਮੇਰੇ ਵਿਚ ਇਕ ਗੁਣ ਭੀ ਨਹੀਂ।

ਅੱਗੇ ਲਿਖਦੇ ਹਨ ਕਿਉਂਕਿ ਇਸ ਵਿਚ ਗੋਝ ਕਲਾ ਵਾਲੀਆਂ ਅੰਤ੍ਰੀਵੀ ਭੇਦਾਂ ਦੀਆਂ ਗੁਰਮਤਿ ਰਮਜਾਂ ਹਨ, ਜਿਨ੍ਹਾਂ ਦਾ ਖੁਲ੍ਹਮ-ਖੁਲਾ ਪ੍ਰਗਟ ਕਰਨਾ ਗੁਰਮਤਿ ਅੰਦਰ ਪ੍ਰਵਾਨ ਨਹੀਂ ਹੈ।

ਵਿਚਾਰ—ਇਹਨਾਂ ਵਿਚਾਰਾਂ ਨੂੰ ਭਾਈ ਰਣਧੀਰ ਸਿੰਘ ਆਪਣੀਆਂ ਲਿਖਤਾਂ ਵਿਚ ਆਪ ਹੀ ਖੰਡਨ ਕਰ ਦੇਣਗੇ, ਦੇਖਣਾ ਕਿ ਕਿਵੇਂ ਕਰਦੇ ਹਨ ?

ਜੇਲ੍ਹ ਚਿੱਠੀਆਂ ਪੁਸਤਕ ਸ਼ੁਰੂ ਹੁੰਦਿਆਂ ਹੀ ਸਫ਼ਾ 3 ਤੇ ਆਪਣੇ ਆਪ ਨੂੰ

ਬਹੁਤ ਵੱਡਾ ਤਿਆਗੀ ਵੈਰਾਗੀ ਦਿਖਾ ਰਹੇ ਹਨ ਅਜੇ 'ਜਪੁਜੀ ਸਾਹਿਬ' ਦਾ ਗੁਟਕਾ ਮਸਾਂ ਹੱਥਾਂ ਵਿਚ ਫੜਿਆ ਹੀ ਹੈ। ਕਾਲਜ ਦੀ ਪੜ੍ਹਾਈ ਲਿਖਾਈ ਭੁੱਲ ਗਈ, ਰਾਤ ਦਿਨੇ ਅੱਖਾਂ ਵਿਚੋਂ ਨੀਰ ਵਹਿ ਰਿਹਾ ਦਰਸਾ ਰਹੇ ਹਨ।

ਜੇਲ੍ਹ ਚਿੱਠੀਆਂ ਦੇ ਸਫ਼ਾ 4 ਤੇ ਇਕ ਕਰਾਮਾਤੀ ਸਾਧੂ ਦਾ ਮਿਲਾਪ ਲਿਖਿਆ ਹੈ ਕਿ ਇਕ ਨਾਂਗਾ ਸਾਧੂ ਹੈ ਜੋ ਇਤਨਾ ਤਿਆਗੀ ਹੈ ਕਿ ਕਿਸੇ ਦੁਨਿਆਵੀ ਚੀਜ਼ ਵੱਲ ਵੇਖਦਾ ਵੀ ਨਹੀਂ। ਭਾਈ ਰਣਧੀਰ ਸਿੰਘ ਉਸਦੇ ਪਿੱਛੇ ਦੋ ਦਿਨ ਫਿਰਦੇ ਰਹੇ। ਪਰ ਅਚਾਨਕ ਉਸ ਕਰਾਮਾਤੀ ਸਾਧੂ ਦੇ ਅੱਗੇ ਕੋਈ ਹੁੱਕੇ ਦੀ ਚਿਲਮ ਰੱਖ ਗਿਆ। ਉਹ ਸਾਧੂ ਲੱਗਾ ਪੀਣ ਤਾਂ ਭਾਈ ਸਾਹਿਬ ਨੇ ਕਦੇ ਵੀ ਉਸਦੇ ਮੱਥੇ ਨਾ ਲੱਗਣ ਦਾ ਵਿਚਾਰ ਬਣਾ ਲਿਆ। ਇਕ ਮੋਨਧਾਰੀ, ਸਿਰੋਂ, ਪੈਰੋਂ ਨੰਗੇ, ਭੁੱਖ ਪਿਆਸ, ਠੰਡ, ਗਰਮੀ ਝੱਲ ਕੇ ਸਜ਼ਾ ਭੋਗ ਰਹੇ ਬੰਦੇ ਨੂੰ ਭਾਈ ਰਣਧੀਰ ਸਿੰਘ ਨੇ ਕਰਾਮਾਤੀ ਸਾਧੂ ਲਿਖਿਆ ਹੈ। ਗੁਰ ਵਾਕ ਹੈ 'ਪਗਉਪੇਤਾਣਾ ਆਪਣਾ ਕੀਆ ਕਮਾਣਾ' (ਵਾਰ ਆਸਾ), ਮੋਨਿ ਵਿਗੂਤਾ..... (ਪੰਨਾ 467)

ਇਕ ਗ਼ੈਬੀ ਬ੍ਰਿਧ ਸਿੰਘ ਦੇ ਦਰਸ਼ਨ

ਜਦ ਮੈਂ ਉਥੇ ਪਹੁੰਚਿਆ ਤਾਂ ਅਜੇ ਸ਼ਹੀਦ ਗੰਜ ਦੇ ਬੂਹੇ ਵੜਨ ਹੀ ਲੱਗਾ ਸੀ ਕਿ ਇਕ ਬ੍ਰਿਧ ਸਿੰਘ ਸੁਜਾਨ ਚਿੱਟੇ ਦਾੜੇ ਵਾਲੇ ਮੈਨੂੰ ਮਿਲੇ। ਦਾਸ ਨੇ ਦੁਇ ਕਰ ਜੋੜ ਫਤਹਿ ਗਜਾਈ ਅਤੇ ਉਨ੍ਹਾਂ ਦੇ ਅੱਗੇ ਨਿਉਂਕੇ ਖਲੋਇਆ। ਉਨ੍ਹਾਂ ਮੈਨੂੰ ਥਾਪੜਾ ਦੇ ਕੇ ਆਖਿਆ, "ਜਾਹ ਤੇਰੇ ਉੱਤੇ ਗੁਰੂ ਦੀਆਂ ਖੁਸ਼ੀਆਂ ਹਨ, ਤੂੰ ਸੁਲਫਈ ਫ਼ਕੀਰ ਤੇ ਨਹੀਂ ਰੀਝਿਆ। ਜਾਹ! ਗੁਰੂ ਘਰ ਦੇ ਸੰਤਾਂ ਸੰਗ ਹੀ ਤੇਰੀ ਵਿਹਾਵੇਗੀ। ਜਾਹ! ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰ। ਇਹ ਕਲਯੁਗ ਦੇ ਗੁਰੂ ਹਨ। ਸਵੇਰੇ ਉਠ ਕੇ ਪਹਿਲਾਂ ਇਨ੍ਹਾਂ ਦੇ ਹੀ ਦਰਸ਼ਨ ਪਾਠ ਕੀਤਾ ਕਰ।" ਇਤਨੇ ਬਚਨ ਕਰਕੇ ਉਹ ਬ੍ਰਿਧ ਸਿੰਘ ਅਲੋਪ ਹੋ ਗਿਆ।

ਦਾਸ ਨੇ ਅੰਦਰ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਕੇ ਮੁਖਵਾਕ ਤਾਂ ਯਾਦ ਨਹੀਂ ਕਿਹੜਾ ਆਇਆ ਸੀ ਬਸ ਉਸ ਦਿਨ ਤੋਂ ਸ੍ਰੀ 'ਗੁਰੂ ਗ੍ਰੰਥ ਸਾਹਿਬ' ਦਾ ਨੇਮ ਪ੍ਰੇਮ ਆਰੰਭ ਹੋ ਗਿਆ। ਮੇਰੇ ਵਾਸਤੇ ਸੱਚੀ ਵਿਦਿਆ, ਗੁਰਮਤਿ ਵਿਦਿਆ ਦੇ ਗੁਪਤ ਖ਼ਜ਼ਾਨੇ ਖੁਲ੍ਹ ਗਏ।

(ਜੇਲ੍ਹ ਚਿੱਠੀਆਂ, ਪੰਨਾ 11)

ਵਿਚਾਰ—ਇਸ ਪਹਿਰੇ ਨੂੰ ਧਿਆਨ ਨਾਲ ਨਿਰਪੱਖ ਹੋ ਕੇ ਵਿਚਾਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਰਣਧੀਰ ਸਿੰਘ ਨੇ ਇਥੇ ਇਹ ਸਿੱਧ ਕਰ ਦਿੱਤਾ ਹੈ ਕਿ 'ਗੁਰੂ ਗ੍ਰੰਥ ਸਾਹਿਬ ਜੀ' ਦੇ ਦਰਸ਼ਨ ਪਾਠ ਕਰਨ ਤੋਂ ਪਹਿਲਾਂ ਕਿਸੇ ਗ਼ੈਬੀ ਸ਼ਕਤੀ ਜਾਂ ਦੇਹਧਾਰੀ ਬੰਦੇ ਦੇ ਥਾਪੜੇ ਦੀ ਲੋੜ ਹੈ।

ਦੇਹਧਾਰੀ ਵੀ ਤਾਂ ਇਹੋ ਕਹਿੰਦੇ ਹਨ ਕਿ ਦੇਹਧਾਰੀ ਗੁਰੂ ਦੀ ਲੋੜ ਹੈ। ਸੋ ਇਹ ਘੋਰ ਮਨਮੱਤ ਲਿਖੀ ਹੋਈ ਹੈ। ਇਤਿਹਾਸਕ ਸੱਚਾਈ ਹੈ ਕਿ 'ਗੁਰੂ ਨਾਨਕ ਦੇਵ ਜੀ' ਸਿੱਧਾਂ ਕੋਲ ਗਏ ਤੇ ਉਨ੍ਹਾਂ ਦੀਆਂ ਗ਼ੈਬੀ ਸ਼ਕਤੀਆਂ ਖੂੰਜੇ ਪਾ ਆਏ ਸੀ, ਇਸ ਕਰਕੇ ਗੁਰਮਤਿ ਵਿਚ ਇਨ੍ਹਾਂ ਗ਼ੈਬੀ ਸ਼ਕਤੀਆਂ ਵਾਸਤੇ ਕੋਈ ਥਾਂ ਨਹੀਂ ਹੈ। 'ਗੁਰਬਾਣੀ ਸੰਗਤਿ ਬਿਨੁ ਦੂਜੀ ਉਟ ਨਹੀ ਹੈ ਰਾਈ॥' (ਭਾਈ ਗੁਰਦਾਸ ਜੀ)

ਇਕ ਕੁਲ ਤਾਰਨ ਬੀਬੀ

ਇਹ ਬੀਬੀ ਉਸਦੀ (ਧਰਮ ਪਤਨੀ) ਦੀ ਭੂਆ ਦੀ ਪੋਤਰੀ ਸੀ ਅਤੇ ਬਚਪਨ ਤੋਂ ਹੀ ਇਸ ਬੀਬੀ ਦੇ ਸੰਗ ਸਾਥ ਇਸਦਾ ਰਹਿਣਾ ਸਹਿਣਾ ਬਣਿਆ ਹੋਇਆ ਸੀ। ਏਸ ਬੀਬੀ ਜੈਸੀ ਗੁਰਮੁਖ ਬੀਬੀ ਮੇਰੇ ਦੇਖਣ ਅੰਦਰ ਪੰਥ ਵਿਚ ਕੋਈ ਵਿਰਲੀ ਹੀ ਭਾਵੇਂ ਆਈ ਹੋਵੇ, ਗੁਰਮਤਿ ਦੇ ਸਰਬ ਗੁਣਾਂ ਵਿਚ ਪ੍ਰਬੀਨ ਇਹ ਬੀਬੀ ਸੀ। ਗੁਰਮਤਿ ਵਿੱਦਿਆ ਵਿਚ ਨਿਪੁੰਨ ਸੀ ਕਿ ਜਿਸਦੀ ਦੂਜੀ ਮਿਸਾਲ ਕਿਤੇ ਵਿਰਲੀ ਹੀ ਹੋਵੇਗੀ। ਇਸ ਬੀਬੀ ਦੇ ਜੇ ਗੁਣ ਦੱਸਣ ਲੱਗਾਂ ਤਾਂ ਇਕ ਤਕੜੀ ਪੁਸਤਕ ਤਿਆਰ ਹੋ ਜਾਵੇ। ਅਫ਼ਸੋਸ! ਕਿ ਦਾਸ ਨੂੰ ਇਸ ਬੀਬੀ ਦਾ ਜੀਵਨ ਇਤਿਹਾਸ ਲਿਖਣ ਦਾ ਅਵਸਰ ਨਾ ਮਿਲਿਆ ਅਤੇ ਕੁਲਤਾਰ ਬੀਬੀ ਆਪਣੀ ਛੋਟੀ ਉਮਰ ਵਿਚ ਹੀ ਪ੍ਰਲੋਕ ਗ਼ਮਨ ਕਰ ਗਈ।

(ਜੇਲ੍ਹ ਚਿੱਠੀਆਂ, ਪੰਨਾ 36)

ਵਿਚਾਰ—ਇਸ ਬੀਬੀ ਦੇ ਜੀਵਨ ਦਾ ਖ਼ਿਆਲ ਤਾਂ ਆ ਗਿਆ ਪਰ ਇਹ ਖ਼ਿਆਲ ਨਹੀਂ ਆਇਆ ਕਿ ਮਾਤਾ ਗੂਜਰੀ ਜੀ ਵਰਗੀ ਮਹਾਨ ਔਰਤ ਦੁਨੀਆਂ ਦੇ ਇਤਿਹਾਸ ਵਿਚ ਹੋਰ ਨਹੀਂ ਹੋਈ। ਉਪਰ ਲਿਖਿਆ ਹੈ ਕਿ ਐਸੀ ਬੀਬੀ ਪੰਥ ਵਿਚ ਵਿਰਲੀ ਹੋਈ ਹੈ। ਜਿੰਨ੍ਹਾਂ ਸਿੰਘਣੀਆਂ ਨੇ ਭੁੱਖੀਆਂ ਤਿਹਾਈਆਂ ਰਹਿ ਕੇ ਜ਼ਾਲਮਾਂ ਦੀਆਂ ਜੇਲ੍ਹਾਂ ਅੰਦਰ ਪੀਸਣ ਪੀਸੇ ਅਤੇ ਬੱਚਿਆਂ ਦੇ ਟੋਟੇ ਕਰਾ ਕੇ ਝੋਲੀਆਂ ਵਿਚ ਪਵਾਏ, ਭਾਣਾ ਮੰਨਿਆ। ਇਨ੍ਹਾਂ ਦਾ ਜੀਵਨ ਕਿਹਨੇ ਲਿਖਣਾ? ਕੀ ਇਹਨਾਂ ਦੇ ਗੁਣ ਗਿਣੇ ਜਾ ਸਕਦੇ ਹਨ? ਜਿਹੜੇ ਪੂਰਨੇ ਇਹ ਸਿੰਘਣੀਆਂ ਪਾ ਗਈਆਂ, ਇਹਨਾਂ ਪੂਰਨਿਆਂ ਤੇ ਚੱਲਣ ਵਾਲਾ ਹੀ ਕੋਈ ਹੈ ਕਿ ਨਹੀਂ।

ਸੋ ਇਹ ਤਾਂ ਇਕ ਦੂਜੇ ਦੇ ਗੁਣ ਅਤੇ ਸਿਫ਼ਤਾਂ ਲਿਖਣ ਦੇ ਹੀ ਪੂਰਨੇ ਪਾਈ ਗਏ ਹਨ।

ਅੱਗੇ ਭਾਈ ਸਾਹਿਬ ਰਣਧੀਰ ਸਿੰਘ ਲਿਖਦੇ ਹਨ ਕਿ ਫਿਰ ਅੰਮ੍ਰਿਤ ਛਕਿਆ ਇਸਦੀ ਪ੍ਰੇਰਨਾ ਵੀ ਕਿਸੇ ਗ਼ੈਬੀ ਸ਼ਕਤੀ ਨੇ ਹੀ ਕੀਤੀ ਸੀ। ਅੰਮ੍ਰਿਤ ਛਕਦਿਆਂ ਸਾਰ ਹੀ ਕਾਇਆ ਪਲਟ ਗਈ ਅਤੇ ਸੱਚ ਮੁੱਚ ਨਵਾਂ ਜਨਮ ਹੋ ਗਿਆ। ਪ੍ਰਤੱਖ ਪ੍ਰਤੀਤ ਹੋਇਆ। ਖਾਣਾ ਪੀਣਾ ਬਿਬੇਕੀ ਹੋ ਗਿਆ। ਘਰ ਜਾ ਕੇ ਬੇ-ਅੰਮ੍ਰਿਤੀਆਂ

ਦੇ ਹੱਥੋਂ ਕੁਝ ਨਾ ਛਕਿਆ, ਪ੍ਰਸ਼ਾਦੇ ਵੀ ਹੱਥੀਂ ਤਿਆਰ ਕਰਕੇ ਛਕਦੇ ਰਹੇ। ਯਾਦ ਰਹੇ ਕਿ ਇਥੇ ਅੰਮ੍ਰਿਤ ਛਕਣ ਨਾਲ ਕੇਵਲ ਭਾਈ ਰਣਧੀਰ ਸਿੰਘ ਦਾ ਹੀ ਨਵਾਂ ਜਨਮ ਨਹੀਂ ਹੋਇਆ ਬਲਕਿ ਸਿੱਖ ਪੰਥ ਅੰਦਰ ਇਕ ਨਵਾਂ ਪੰਥ ਪੈਦਾ ਹੋ ਗਿਆ ਜਿਹੜਾ ਇਸ ਵਕਤ ਅਖੰਡ ਕੀਰਤਨੀ ਜਥਾ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਲੋਹੇ ਦੇ ਭਾਂਡਿਆਂ ਵਿਚ ਖਾਂਦੇ ਹਨ, ਆਪਣੇ ਹੱਥੀਂ ਪ੍ਰਸ਼ਾਦੇ ਤਿਆਰ ਕਰਦੇ ਹਨ। ਸੁੱਚ ਭਿੱਟ ਇਹਨਾਂ ਵਿਚ ਵੀ ਬਹੁਤ ਜ਼ਿਆਦਾ ਹੈ। ਇਹ ਖੂਹ ਅਤੇ ਟੂਟੀਆਂ ਦਾ ਪਾਣੀ ਵਰਤਦੇ ਹਨ, ਪਸ਼ੂਆਂ ਦਾ ਦੁੱਧ ਵੀ ਆਪਣੇ ਹੱਥੀਂ ਲੋਹੇ ਦੇ ਭਾਂਡੇ ਵਿਚ ਕੱਢ ਕੇ ਪੀਂਦੇ ਹਨ। ਗੁਰਦਵਾਰੇ ਜਾਂਦੇ ਹਨ ਤਾਂ ਆਪਣੇ ਜਥੇ ਦੇ ਸਿੰਘ ਦੇ ਹੱਥ ਦਾ ਬਣਿਆ ਪ੍ਰਸ਼ਾਦ ਲੈਂਦੇ ਹਨ, ਕਿਸੇ ਦੂਸਰੇ ਅੰਮ੍ਰਿਤਧਾਰੀ ਸਿੰਘ ਦੇ ਹੱਥੋਂ ਇਹ ਪ੍ਰਸ਼ਾਦ ਵੀ ਨਹੀਂ ਲੈਂਦੇ। ਜਦੋਂ ਕਿਸੇ ਕੌਮ ਦੇ ਮਾੜੇ ਦਿਨ ਆਉਂਦੇ ਹਨ ਤਾਂ ਐਸੇ ਵੰਡੀਆਂ ਪਾਉਣ ਵਾਲੇ ਜਥੇ ਕੌਮ ਦੇ ਅੰਦਰੋਂ ਹੀ ਪੈਦਾ ਹੋ ਜਾਇਆ ਕਰਦੇ ਹਨ।

ਹਵਾਲਾ—ਇਹ ਸਰਬ ਲੋਹ ਦੇ ਭਾਂਡਿਆਂ ਵਿਚ ਛਕਦੇ ਸਨ, ਦੁੱਧ ਦੀ ਲੋੜ ਪਈ, ਕਰੋਲ ਬਾਗ ਦਿੱਲੀ ਵਿਚ ਇਕ ਸਰਦਾਰ ਦੀ ਡੇਅਰੀ ਤੋਂ ਉਨ੍ਹਾਂ ਦੇ ਜਥੇ ਦੇ ਪ੍ਰੇਮੀ, ਦੁੱਧ ਲੈਣ ਲਈ ਆਏ ਪਰ ਸ਼ਰਤ ਇਹ ਰੱਖੀ ਕਿ ਦੁੱਧ ਉਹ ਖੁਦ ਚੋਣਗੇ। ਉਨ੍ਹਾਂ ਦਾ ਆਦਮੀ ਨਾ ਚੋਵੇ। ਡੇਅਰੀ ਦੇ ਮਾਲਕ ਸਰਦਾਰ ਜੀ ਨੇ ਆਖਿਆ ਕਿ ਜੀ ਸਦਕੇ ਤੁਸੀਂ ਆਪ ਮੱਝ ਨੂੰ ਚੋਵੋ। ਮੈਂ ਦੁੱਧ ਦਾ ਮੁੱਲ ਵੀ ਨਹੀਂ ਲਵਾਂਗਾ, ਪਰ ਇਹ ਸ਼ੰਕਾ ਨਵਿਰਤ ਕਰੋ ਕਿ ਕੀ ਦੂਜੇ ਸਿੱਖ ਅਛੂਤ ਹਨ ? ਤੇ ਇਹ ਵੀ ਦੱਸਣ ਦੀ ਕ੍ਰਿਪਾ ਕਰੋ ਕਿ ਮੱਝ ਤਾਂ ਲੋਹੇ ਦੀ ਨਹੀਂ ਤੇ ਜਿਸ ਪੇਟ ਅੰਦਰ ਦੁੱਧ ਜਾਏਗਾ, ਉਹ ਲੋਹੇ ਦਾ ਨਹੀਂ, ਚਮੜੇ ਵਿਚੋਂ ਦੁੱਧ ਨਿਕਲ ਕੇ, ਚਮੜੇ ਦੇ ਮੂੰਹ ਵਿਚ ਪੈਣਾ ਹੈ ਫਿਰ ਲੋਹੇ ਦੇ ਭਾਂਡੇ ਵਿਚ ਦੁੱਧ ਦਾ ਕੀ ਭਾਵ ਹੋਇਆ ? ਕੁਝ ਸਮੇਂ ਵਾਸਤੇ ਲੋਹੇ ਦੇ ਭਾਂਡੇ ਵਿਚ ਦੁੱਧ ਰੱਖਣ ਦੀ ਕੀ ਵਿਸ਼ੇਸ਼ਤਾ ਹੋਈ ? ਉਪਰੋਕਤ ਪ੍ਰਸ਼ਨਾਂ ਦੇ ਉੱਤਰ ਡੇਅਰੀ ਦੇ ਮਾਲਕ ਦੀ ਨਿਸ਼ਾ ਨਾ ਕਰਾ ਸਕੇ ਪਰ ਸਰਦਾਰ ਜੀ ਨੇ ਦੁੱਧ ਉਨ੍ਹਾਂ ਦੇ ਹੱਥੀਂ ਉਨ੍ਹਾਂ ਨੂੰ ਚਵਾ ਦਿੱਤਾ।

ਇਸੇ ਜਥੇ ਦਾ ਕੀਰਤਨ ਨੀਊ ਰਾਜਿੰਦਰ ਨਗਰ, ਦਿੱਲੀ ਗੁਰਦਵਾਰੇ ਵਿਚ ਇਕ ਵਾਰੀ ਹੋਇਆ। ਗੁ. ਪ੍ਰਬੰਧਕਾਂ ਨੇ ਕੱਚੀ ਰਸਦ ਜਥੇ ਨੂੰ ਦੇ ਦਿੱਤੀ ਤਾਂ ਕਿ ਜਥੇ ਦੇ ਸੱਜਣ ਆਪ ਹੀ ਲੰਗਰ ਬਣਾ ਲੈਣ। ਨਲਕੇ ਦਾ ਪਾਣੀ ਇਹ ਜਥਾ ਨਹੀਂ ਵਰਤਦਾ। ਖੂਹ ਦਾ ਪਾਣੀ ਲਿਆਏ ਅਤੇ ਇਕ ਵੱਡੇ ਡਰੰਮ ਵਿਚ ਇਕੱਠਾ ਕੀਤਾ। ਖੂਹ ਦੂਰ ਸੀ ਪਰ ਹਿੰਮਤ ਕਰਕੇ ਡਰੰਮ ਭਰ ਲਿਆ। ਅਚਨਚੇਤ ਇਕ 8-10 ਸਾਲ ਉਮਰ ਦੇ ਕਾਕੇ ਦਾ ਹੱਥ ਉਸ ਡਰੰਮ ਨੂੰ ਲਗ ਗਿਆ। ਜਥੇ ਵਾਲਿਆਂ ਨੇ ਸਾਰ ਡਰੰਮ ਭਰਿਆ ਭਰਾਹਿਆ ਡੋਲ੍ਹ ਦਿੱਤਾ। ਕਿਉਂ ? ਇਸ ਲਈ ਕਿ ਇਹ ਡਰੰਮ, ਇਹ ਪਾਣੀ ਭਿੱਟਿਆ ਗਿਆ ਹੈ। ਕੀ ਇਹ ਸਿਖੀ ਹੈ ?

ਗੁ. ਬੰਗਲਾ ਸਾਹਿਬ ਇਸ ਜਥੇ ਦਾ ਰੈਣ ਸਬਾਈ ਕੀਰਤਨ ਹੋਇਆ। ਆਪਣੀ ਮਰਯਾਦਾ ਅਨੁਸਾਰ ਇਹਨਾਂ ਕੜਾਹ ਪ੍ਰਸ਼ਾਦਿ ਆਪੂੰ ਤਿਆਰ ਕੀਤਾ। ਭੋਗ ਲਈ ਤਿਆਰ ਕੀਤਾ ਪ੍ਰਸ਼ਾਦ ਗੁਰੂ ਦੀ ਹਜ਼ੂਰੀ ਵਿਚ ਲਿਆਂਦਾ ਗਿਆ। ਅਚਨਚੇਤ ਬੰਗਲਾ ਸਾਹਿਬ ਦੇ ਗ੍ਰੰਥੀ ਜੀ ਦਾ ਪੱਲਾ, ਸਰਬ ਲੋਹ ਵਿਚ ਰਖੇ ਕੜਾਹ ਪ੍ਰਸ਼ਾਦ ਨੂੰ ਲੱਗ ਗਿਆ। ਜਥੇ ਨੇ ਕੜਾਹ ਪ੍ਰਸ਼ਾਦ ਭਿੱਟਿਆ ਸਮਝ ਕੇ ਮੁੜ ਨਵਾਂ ਤਿਆਰ ਕੀਤਾ। ਕੀ ਇਹ ਸਿੱਖੀ ਹੈ ?

ਲੁਧਿਆਣੇ ਵਿਖੇ ਰੈਣ ਸਬਾਈ ਕੀਰਤਨ ਉਪਰੰਤ ਜਥੇ ਨੇ ਖੁਦ ਲੰਗਰ ਸਜਾਇਆ। ਲੰਗਰ ਛਕਣ ਵੇਲੇ ਪੰਗਤ ਵਿਚ ਸਜੀ ਸੰਗਤ ਵਿਚੋਂ ਇਕ ਅੰਮ੍ਰਿਤਧਾਰੀ ਗੁਰਸਿੱਖ ਦਾ, ਜੋ ਜਥੇ ਦਾ ਮੈਂਬਰ ਨਹੀਂ ਸੀ, ਪਰਸ਼ਾਦੇ ਵਰਤਾਣ ਵਾਲੇ ਦੀ ਲੱਤ ਨਾਲ ਹੱਥ ਲੱਗ ਗਿਆ। ਤਾਂ ਪਰਸ਼ਾਦੇ ਵਰਤਾਉਣ ਵਾਲੇ ਨੇ ਪਰਸ਼ਾਦੇ ਵਗਾਹ ਕੇ ਪਰ੍ਹਾਂ ਮਾਰੇ, ਛੂਹਣ ਵਾਲੇ ਨਾਲ ਜੋ ਬੀਤੀ, ਉਹੀ ਜਾਣਦਾ ਹੈ, ਕੀ ਇਹ ਸਿੱਖੀ ਹੈ ?

('ਕੀ ਇਹ ਸਿੱਖੀ ਹੈ' ਵਿਚੋਂ ਧੰਨਵਾਦ ਸਹਿਤ)

ਪਾਠਕ ਅੰਦਾਜ਼ਾ ਲਾਈ ਜਾਣ ਕਿ ਇਹ ਸੰਤ ਸਾਨੂੰ ਕਿਹੜੇ ਪਾਸੇ ਲਈ ਜਾਂਦੇ ਹਨ। ਜਿਸ ਚਿੱਕੜ ਵਿਚੋਂ ਸਾਨੂੰ ਕਲਗੀਧਰ ਪਾਤਸ਼ਾਹ ਨੇ ਅਪਾਰ ਕ੍ਰਿਪਾ ਦੁਆਰ ਕਢਿਆ ਸੀ, ਉਸੀ ਚਿੱਕੜ ਵਿਚ ਮੁੜ ਧਕੇਲ ਰਹੇ ਹਨ। ਇਹ ਲੋਕ ਗੁਰਬਾਣੀ ਦੀ ਆੜ ਵਿਚ, ਆਪਣੀ ਪ੍ਰਭੁਤਾ ਵਧਾਉਣ ਦਾ ਕੋਹਝਾ ਜਤਨ ਕਰ ਰਹੇ ਹਨ। ਅੰਤਰਯਾਮੀ ਕਹਾਉਂਦੇ ਇਸ ਸੰਤ ਨੇ ਇਸੇ, ਜੇਲ੍ਹ ਚਿੱਠੀਆਂ, ਹੱਥ ਲਿਖਤ ਕਿਤਾਬ ਵਿਚ ਇਕ ਵਾਰੀ ਸਫ਼ਾ 38 ਤੇ ਅੰਮ੍ਰਿਤ ਛਕਿਆ ਹੈ ਅਤੇ ਇਕ ਵਾਰੀ ਸਫ਼ਾ 42 ਤੇ ਫਿਰ ਛੱਕ ਲਿਆ ਹੈ। ਜੇ ਇਹ ਅੰਤਰਯਾਮੀ ਨਾ ਹੁੰਦੇ ਤਾਂ ਫਿਰ ਪਤਾ ਨਹੀਂ ਕੀ ਬਣਦਾ।

ਗੁਰਮਤਿ ਅਸੂਲ ਦੇ ਉਲਟ ਭਾਈ ਰਣਧੀਰ ਸਿੰਘ ਲਿਖ ਰਹੇ ਹਨ ਕਿ ਅੰਮ੍ਰਿਤ ਛਕਦਿਆਂ ਸਾਰ ਹੀ ਦਸਵਾਂ ਦੁਆਰ ਖੁੱਲ ਗਿਆ ਪਰ ਨਾਲ ਹੀ 'ਨਾਮ ਦੀ ਖੋਜ' ਸਿਰਲੇਖ ਅਧੀਨ ਲਿਖਦੇ ਹਨ :

"ਮੈਨੂੰ ਪ੍ਰਾਰਥਨਾ ਕਰਨ ਵਿਚ ਇਕ ਅਨੋਖਾ ਹੀ ਸਵਾਦ ਆਵੇ, ਹਟਣ ਨੂੰ ਜੀਅ ਨਾ ਕਰੇ। ਜਦ ਹੋਰ ਸਭ ਕੁਝ ਔੜਨੋ ਬੰਦ ਹੋ ਗਿਆ ਤਾਂ ਕੇਵਲ ਹੇ ਗੁਰੂ ! ਹੇ ਗੁਰੂ ! ਨਾਮ ਬਖ਼ਸ਼, ਨਾਮ ਦ੍ਰਿੜ੍ਹਾ ਦੇ, ਨਾਮ ਜਪਣ ਲਾ ਦੇ, ਇਤਨੇ ਲਫ਼ਜ਼ ਹੀ ਮੂੰਹੋਂ ਨਿਕਲਦੇ ਰਹੇ ਤੇ ਓੜਕ ਨੂੰ ਹੇ ਗੁਰੂ ! ਹੇ ਗੁਰੂ ! ਇਤਨੀ ਲਾਲਸਾ ਹੀ ਰਹਿ ਗਈ। ਹੇ ਗੁਰੂ। ਹੇ ਗੁਰੂ ਕਰਦੇ ਨੂੰ ਮੈਨੂੰ ਕੁਝ ਪਤਾ ਹੀ ਨਹੀਂ ਰਿਹਾ। ਆਪਣੇ ਸਰੀਰ ਦੀ ਸੁੱਧ ਬੁੱਧ ਨਾ ਰਹੀ ਤੇ ਮੈਨੂੰ ਪਤਾ ਨਹੀਂ ਕਿ ਕਦੋਂ ਮੈਂ ਖੜਾ ਖੜਾ ਡਿੱਗ ਪਿਆ। ਕੇਵਲ ਇਤਨੀ ਸੋਝੀ ਹੈ ਕਿ ਇਕ ਅਗੰਮੀ ਆਵਾਜ਼ ਨੇ ਹੱਲਾਸ਼ੇਰੀ ਦਿੱਤੀ

ਕਿ ਉਠ ਤਕੜਾ ਹੋ, ਤੇਰੇ ਸੱਚੇ ਗੁਰਦੇਵ 'ਗੁਰੂ ਗ੍ਰੰਥ ਸਾਹਿਬ' ਜੀ ਤੈਨੂੰ ਤੜਕੇ ਹੀ ਨਾਮ ਦੇਵਣਗੇ। ਜਿਹੜੀ ਪਹਿਲੀ ਦੋਤੁਕੀ ਗੁਰੂ ਮਹਾਰਾਜ ਦੀ ਗੁਰਦਵਾਰੇ ਵੜ੍ਹਨ ਸਾਰੇ ਤੇਰੇ ਕੰਨਾ ਵਿਚ ਪਵੇਗੀ, ਉਸ ਵਿਚ ਹੀ ਤੇਰਾ ਬੇੜਾ ਪਾਰ ਹੋ ਜਾਣਾਂ ਹੈ। ਤੇ ਨਾਮ ਨੇ ਅੰਦਰ ਨਿਵਾਸ ਕਰ ਜਾਣਾ ਹੈ। ਸਾਵਧਾਨ ਹੋ ਕੇ ਸੰਭਾਲੀਂ। ਫੇਰ ਇਕ ਹੁੱਜ ਜਿਹੀ ਵੱਜੀ। ਮੈਂ ਸਾਵਧਾਨ ਹੋ ਗਿਆ। ਦੇਖਾਂ ਤਾਂ ਪਿਆ ਉਠਿਆ ਹਾਂ। ਪਰ ਬਿਰਤੀ ਮੇਰੀ ਉਸੇ ਤਰ੍ਹਾਂ ਪ੍ਰਾਰਥਨਾ ਵਿਚ ਹੈ। ਗ਼ੈਬੀ ਇਸ਼ਾਰਾ ਮੈਨੂੰ ਹੋ ਚੁੱਕਾ ਸੀ ਤੇ ਇਹ ਗ਼ੈਬੀ ਇਸ਼ਾਰਾ ਮੇਰੇ ਸ਼ਰਧਾਲੂ ਆਤਮੇ ਅੰਦਰ ਡੂੰਘਾ ਉਤਰ ਗਿਆ। ਬਿਰਤੀ ਅਫੁਰ ਸੰਸਕਾਰ ਰਹਿਤ ਹੋ ਚੁੱਕੀ ਸੀ। ਚਾਉ ਚੜ੍ਹਿਆ ਹੋਇਆ, ਮੈਨੂੰ ਮਸਾਂ ਪ੍ਰਭਾਤ ਆਈ। ਮਹਾਰਾਜ ਦੇ ਪ੍ਰਕਾਸ਼ ਹੋਣ ਦੇ ਸਮੇਂ ਤੋਂ ਦਸ ਮਿੰਟ ਪਹਿਲਾਂ ਹੀ ਗੁਰਦਵਾਰੇ ਹੋਇ ਕੇ ਸਾਹਿਬ ਸੰਭਾਲਣ ਦੀ ਠਾਣ ਲਈ। ਤਿਆਰ ਹੋ ਗਿਆ ਤੇ ਪਊਏ ਪਾਈ ਹੌਲੀ ਹੌਲੀ ਗੁਰਦਵਾਰੇ ਵੱਲ ਧਾਈ ਕੀਤੀ। ਇਕ ਜੋਦੜੀ ਸਫੁਰ ਹੋਈ ਕਿ ਗੁਰਮੰਤਰ ਦੇ ਦ੍ਰਿੜ੍ਹ ਕਰਾਉਣ ਹਿੱਤ ਜੋ ਗੁਰਵਾਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੁਆਰਿਓ ਹੁਕਮਾਇਆ ਜਾਵੇਗਾ, ਗੁਰ ਵਾਕ ਅੰਦਰ ਰਮਜ਼ ਮਾਤਰ ਭੀ ਜੋ ਇਸ਼ਾਰਾ ਗੁਰਮੰਤਰ ਪ੍ਰਥਾਇ ਹੋਵੇਗਾ, ਉਹ ਸੰਪੂਰਨ ਗੁਰਮੰਤਰ ਸਿਮਰਨ ਨਮਿਤ ਨਿਸ਼ਚਿਤ ਕੀਤਾ ਜਾਵੇਗਾ। ਗੁਰੂ ਅਤੇ ਵਾਹ ਪਦ ਜੇ ਆਏ, ਜਾ ਇਹਨਾਂ ਵਿਚੋਂ ਕੋਈ ਇਕ ਵੀ ਆਇਆ ਤਾਂ ਉਸ ਤੋਂ ਇਹ ਸੰਭਾਵਨਾ ਹੋਵੇਗੀ ਕਿ ਇਹ ਵਾਹਿਗੁਰੂ ਨਾਮ ਵੱਲ ਇਸ਼ਾਰਾ ਹੈ। ਗੁਰੂ ਗੁਰੂ ਅਤੇ ਵਾਹੁ ਵਾਹੁ ਦਾ ਜਾਪ ਪੂਰਾ ਸ਼ਬਦ ਵਾਹਿਗੁਰੂ ਸਿਮਰਨ ਦਾਰਮਜ਼ੀ ਹੁਕਮ ਹੋਵੇਗਾ। ਜਦ ਮੈਂ ਅਤਿ ਨੇੜੇ ਢੁੱਕਾ ਤਾਂ ਮਧੁਰ ਮਧੁਰ ਪਾਠ ਦੀ ਰਸੀਲੀ, ਅਤਿ ਮਨਮੋਹਣੀ ਦਿਲਖਿੱਚਵੀਂ ਧੁਨੀ ਸੁਣੀ। ਜੋ ਮੈਨੂੰ ਮਸਤ ਕਰਦੀ ਜਾਵੇ, ਪਰ ਬਾਣੀ ਸਪੱਸ਼ਟ ਤੌਰ ਤੇ ਸੁਣੀ ਤੇ ਸਮਝੀ ਨਾ ਜਾਵੇ। ਬੜਾ ਹੈਰਾਨ ਕਿ ਅੱਜ ਸਵੱਖਤੇ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਅਤੇ ਕੌਣ ਐਸੀ ਚਿੱਤ-ਚੀਰਵੀਂ ਪ੍ਰੇਮ ਲਟਕ ਵਿਚ ਅਟਕ ਅਟਕ ਕੇ ਤੇ ਲਮਕ ਲਮਕ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਰੀ ਪਾਸ ਪੁੱਜਾ ਅਤੇ ਅੰਦਰਵਾਰ ਵੜਨ ਲੱਗਾ ਤਾਂ ਮੇਰਾ ਸੀਸ ਇਕਦਮ ਝੁਕ ਗਿਆ ਅਤੇ ਫੜਕ ਮੇਰੇ ਸ੍ਰਵਣ-ਸ੍ਰੋਤ ਦੇ ਦਰਵਾਜ਼ੇ ਅੰਦਰ ਇਹ ਦੋ ਤੁਕਾਂ ਸਪੱਸ਼ਟ ਆ ਪਈਆਂ। ਯਥਾ ਗੁਰਵਾਕ—

ਵੇਮੁਹਤਾਜਾ ਵੇਪਰਵਾਹੁ ॥
ਨਾਨਕ ਦਾਸ ਕਰਹੁ ਗੁਰ ਵਾਹੁ ॥20॥

ਕਹੁਹੁ ਗੁਰ ਵਾਹੁ ਦੀ ਐਸੀ ਜ਼ਬਰਦਸਤ ਚੁੰਬਕ ਕਲਾ ਵਾਲੀ ਸੱਟ ਪਈ ਕਿ ਤੁਰੰਤ ਵਾਹਿਗੁਰੂ! ਵਾਹਿਗੁਰੂ! ਦੀ ਝਰਨਾਟ ਦਾ ਰਾਗ ਮੇਰੇ ਰਗ-ਰੇਸ਼ੇ ਤੇ ਲੂੰ ਲੂੰ ਅੰਦਰ ਛਿੜ ਗਿਆ। ਮੈਂ ਉਭੜ ਕੇ ਮਹਾਰਾਜ ਦੀ ਚਰਨ ਸ਼ਰਨ ਡੰਡੋਤ ਵਿਚ

ਜਾ ਪਿਆ। ਪਰ ਮੈਨੂੰ ਇਹ ਪਤਾ ਨਹੀਂ ਕਿ ਕਿਹੜੀ ਤਾਕਤ, ਕਿਹੜੀ ਅਮਰ ਕਲਾ ਨੇ ਮੈਨੂੰ ਗੁਰਦੁਆਰੇ ਦੀ ਦੇਹੁਲੀ ਵਿਚੋਂ ਉਭੜਾ ਕੇ ਤੇ ਉਛਾਲਾ ਦੇ ਕੇ ਛਿਨ ਮਾਤਰ ਅੱਖ ਦੇ ਫੋਰ ਵਿਚ ਗੁਰੂ ਸਾਹਿਬ ਦੇ ਨਿਕਟ ਸਨਮੁਖੀ ਹਜ਼ੂਰੀ ਸ਼ਰਣਾਗਤਿ ਵਿਚ ਧੜੱਮ ਜਾ ਸਿੱਟਿਆ। ਪਾਠ ਹੋਣਾ ਉਦੋਂ ਹੀ ਬੰਦ ਹੋ ਚੁੱਕਾ ਸੀ। ਮੈਂ ਡੰਡਵਤ ਵਿਚੋਂ ਉੱਠ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਫਤਹਿ ਬੁਲਾਈ ਤਾਂ ਕੀ ਦੇਖਾਂ, ਮਹਾਰਾਜ ਜੀ ਉੱਪਰ ਚਵਰ ਹੋ ਰਿਹਾ ਹੈ ਪਰ ਤਾਬੇ ਕੋਈ ਨਹੀਂ ਅਤੇ ਗੁਰੂ ਸਾਹਿਬ ਦੇ ਉੱਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰ ਅਤੇ ਝਿਲਮਿਕਾਰ ਛਬੰਨੀ ਚਕ੍ਰਿਤ ਚਿੱਤਰਕਾਰੀ ਵਿਚ ਵਾਹਿਗੁਰੂ ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਹਵਾਈ ਪੁਲਾੜ ਵਿਚ ਚਾਰ-ਚੁਫ਼ੇਰੇ ਇਹੋ ਹੀ ਕੌਤਕ ਵਰਤ ਰਿਹਾ ਸਾਂਗੋ-ਪਾਂਗ ਦਿਸੇ। ਰਗੋ-ਰੇਸ਼ੇ ਵਿਚ ਨਾਮ ਪ੍ਰਵੇਸ਼ ਕਰ ਗਿਆ ਅਤੇ ਸਵਾਸ ਆ-ਮੁਹਾਰਾ ਤੋਰ ਤੁਰ ਪਿਆ। ਟੱਕ ਟੱਕ ਦੀ ਚਾਬੀ ਲੱਗ ਗਈ। ਇੰਨੇ ਨੂੰ ਗ੍ਰੰਥੀ ਸਿੰਘ ਦੇ ਅੰਦਰ ਆਉਂਦਿਆਂ ਹੀ ਵਾਹਿਗੁਰੂ ਗੁਰਮੰਤਰ ਦੀ ਝਿਲਮਿਕਾਰ ਚਾਰ ਚੁਫ਼ੇਰੇ ਚਿੱਤਰਕਾਰੀ ਵਾਲਾ ਨਜ਼ਾਰਾ ਅਲੋਪ ਹੋ ਗਿਆ। ਇਹ ਪਤਾ ਨਾ ਲੱਗ ਸਕਿਆ ਕਿ ਗੁਰੂ ਮਹਾਰਾਜ ਦਾ ਪ੍ਰਕਾਸ਼ ਕਿਸ ਨੇ ਕੀਤਾ। ਜਦ ਗ੍ਰੰਥੀ ਸਿੰਘ ਨੇ ਰੁਮਾਲਾ ਚੁੱਕਿਆ ਤਾਂ ਇੰਨ-ਬਿੰਨ ਉਹੋ ਹੁਕਮ ਨਿਕਲਿਆ ਮੈਂ ਸੁਣਿਆ ਸੀ।

ਜੀਵਨ ਚਰਿੱਤਰ ਭਾਈ ਰਣਧੀਰ ਸਿੰਘ, ਪੰਨਾ 30 ਤੋਂ 32

ਵਿਚਾਰ—ਉਕਤ ਭਾਈ ਰਣਧੀਰ ਸਿੰਘ ਦੀ ਲਿਖਤ ਤੋਂ ਇਹ ਸਪੱਸ਼ਟ ਹੈ ਕਿ ਭਾਈ ਸਾਹਿਬ ਨਾਮ ਬਾਰੇ ਗੁਰਮਤਿ ਅਨੁਸਾਰ ਕੁਝ ਵੀ ਨਹੀਂ ਜਾਣਦੇ। ਜੋਗੀਆਂ ਵਾਲੇ ਨਾਮ ਅਤੇ ਦੇਹਧਾਰੀਆਂ ਵਾਲੇ ਨਾਮ ਦੀ ਹੀ ਪ੍ਰੋੜਤਾ ਕੀਤੀ ਹੋਈ ਹੈ। ਪੰਜਾਂ ਪਿਆਰਿਆਂ ਤੋਂ ਗੁਰਮੰਤਰ ਵਾਹਿਗੁਰੂ ਲੈ ਕੇ ਅੰਮ੍ਰਿਤ ਛਕ ਕੇ ਵੀ ਇਹਨਾਂ ਦੀ ਸੋਚ ਮੁਤਾਬਿਕ ਗੁਰਮੰਤਰ ਨਹੀਂ ਮਿਲਿਆ ਅਤੇ ਨਾਲ ਇਹ ਵੀ ਪਿੱਛੇ ਲਿਖ ਰਹੇ ਹਨ ਕਿ ਅੰਮ੍ਰਿਤ ਛਕਦਿਆਂ ਹੀ ਕਪਾਟ ਖੁੱਲ੍ਹ ਗਏ। ਹਰ ਕੰਮ ਵਾਸਤੇ ਭਾਈ ਸਾਹਿਬ ਗ਼ੈਬੀ ਸ਼ਕਤੀਆਂ ਤੋਂ ਪ੍ਰੇਰਨਾ ਲੈ ਰਹੇ ਹਨ ਪਰ ਸਵਰ ਇਹਨਾਂ ਦਾ ਫੇਰ ਵੀ ਕੁਝ ਨਹੀਂ ਰਿਹਾ। ਕੀ 'ਗੁਰੂ ਗੋਬਿੰਦ ਸਿੰਘ ਜੀ' ਅਤੇ ਮਾਤਾ ਗੁਜਰੀ ਜੀ ਨਾਲੋਂ ਭਾਈ ਸਾਹਿਬ ਦੀ ਅਵਸਥਾ ਉੱਚੀ ਹੈ ? ਜਦੋਂ ਗੁਰੂ ਜੀ ਦੇ ਛੋਟੇ ਸਾਹਿਬਜਾਦੇ ਪਰਿਵਾਰ ਵਿਛੋੜੇ ਤੋਂ ਬਾਅਦ ਗੰਗੂ ਬ੍ਰਾਹਮਣ (20 ਸਾਲ ਨਮਕ ਖਾ ਕੇ ਹਰਾਮ ਕਰਨ ਵਾਲਾ) ਦੇ ਨਾਲ ਮਾਤਾ ਜੀ ਸਮੇਤ ਜਾ ਰਹੇ ਸੀ ਤਾਂ ਮਾਤਾ ਜੀ ਅਤੇ ਸਾਹਿਬਜਾਦਿਆਂ ਨੂੰ ਕਿਸੇ ਗ਼ੈਬੀ ਸ਼ਕਤੀ ਨੇ ਆਵਾਜ਼ ਦੇ ਕੇ ਨਾ ਦੱਸਿਆ ਕਿ ਗੰਗੂ ਬ੍ਰਾਹਮਣ ਨੇ ਤੁਹਾਨੂੰ ਪਕੜਾ ਦੇਣਾ ਹੈ ਇਸਦੇ ਨਾਲ ਨਾ ਜਾਇਉ। ਅੱਧ

ਖਿੜੇ ਫੁੱਲ ਮਹਾਨ ਯੋਧੇ ਖ਼ੂਨੀ ਕੰਡਿਆਂ ਨਾਲ ਝਰੀਟ ਗਏ ਸਾਰੀ ਦੁਨੀਆਂ ਨੇ ਦੇਖਿਆ ਹੈ ਸ਼ਹੀਦ ਹੋ ਗਏ ਕੋਈ ਗ਼ੈਬੀ ਆਵਾਜ਼ਾਂ ਨਾ ਆਈਆਂ। ਸਤਿਗੁਰੂ ਜੀ ਨੇ ਦੂਰ ਬੈਠਿਆਂ ਨੂਰੇ ਮਾਹੀ ਨੂੰ ਭੇਜਿਆ ਕਿ ਜਾਹ ਸਾਹਿਬਜਾਦਿਆਂ ਦਾ ਪਤਾ ਲਿਆ। ਉਹਨੇ ਆ ਕੇ ਦੱਸਿਆ ਕਿ ਸ਼ਹੀਦ ਹੋ ਗਏ ਹਨ। ਸੱਚ ਸ਼ਮ੍ਹਾ ਦੇ ਪਰਵਾਨੇ ਡੋਲੇ ਨਹੀਂ। ਇਹ ਭਾਈ ਰਣਧੀਰ ਸਿੰਘ ਕਿਹੜੇ ਨਾਮ ਅਤੇ ਕਿਹੜੀਆਂ ਗ਼ੈਬੀ ਸ਼ਕਤੀਆਂ ਦੀ ਗੱਲ ਕਰ ਰਿਹਾ ਹੈ?

ਗੁਰਬਾਣੀ ਗੁਰਮਤਿ ਅਨੁਸਾਰ ਨਾਮ—ਗੁਰਮਤਿ ਵਿਚ ਨਾਮ ਜਪ ਨਾਲੋਂ ਸਿਮਰਨ ਦੀ ਵੱਡੀ ਮਹਿਮਾ ਹੈ, ਕਿਉਂਕਿ ਮਨ ਦੀ ਇਕਾਗਰਤਾ ਅਤੇ ਸ਼ੁੱਧ ਪ੍ਰੇਮ ਬਿਨ੍ਹਾਂ ਸਿਮਰਨ ਹੋ ਨਹੀਂ ਸਕਦਾ, ਸਿਮਰਨ ਤੋਂ ਚਿੱਤ ਦੀ ਬ੍ਰਿਤ ਨਾਮ ਦੇ ਭਾਵ ਵਿਚ ਜੁੜ ਜਾਂਦੀ ਹੈ, ਇਸੇ ਨੂੰ ਸਤਿਗੁਰੂ ਨੇ ਜਪੁ ਦੇ ਅੰਤਿਮ ਸਲੋਕ ਵਿਚ ਨਾਮ ਧਿਆਉਣਾ ਲਿਖਿਆ ਹੈ, ਅਰ ਨਾਮ ਧਿਆਉਣ ਦੀ ਜੁਗਤਿ ਦੱਸੀ ਹੈ—

"ਗੁਨ ਕਹੁ, ਹਰਿ ਲਹੁ ਕਰਿ ਸੇਵਾ ਸਤਿਗੁਰ,
ਇਵ ਹਰਿ ਹਰਿ ਨਾਮੁ ਧਿਆਈ॥ (ਪੰਨਾ 669)

ਗੁਰੂ ਦੇ ਹੁਕਮ ਮੁਤਾਬਿਕ ਜੋ ਨਿਰਭਉ ਸਿਮਰ ਕੇ ਭੈ ਰਹਿਤ ਨਹੀਂ ਹੋਇਆ, ਨਿਰਵੈਰ ਨੂੰ ਧਿਆ ਕੇ ਕਿਸੇ ਨਾਲ ਦਿਲੀ ਵੈਰ ਰੱਖਦਾ ਹੈ, ਪਤਿਤ ਪਾਵਨ ਆਖਦਾ ਹੋਇਆ ਛੂਤ-ਛਾਤ ਦੇ ਬੰਧਨਾਂ ਵਿਚ ਬੱਧਾ ਹੈ, ਅਕਾਲ ਅਕਾਲ ਉਚਾਰਣ ਕਰਦਾ ਮੌਤ ਦੇ ਭੈ ਤੋਂ ਮੁਕਤ ਨਹੀਂ ਹੋਇਆ, "ਜਾਤਿ ਅਰੁ ਪਾਤਿ ਨਹਿਨ ਜਿਹ" ਨਿੱਤ ਜਪ ਕੇ ਜਾਤਿ ਗੋਤਿ ਦੇ ਭ੍ਰਮਚੱਕ੍ਰ ਵਿਚ ਗੇੜੇ ਖਾਂਦਾ ਹੈ, ਉਸਦਾ ਨਾਮ ਅਥਵਾ ਕਥਨ ਮਾਤਰ ਸਿਮਰਨ ਕੇਵਲ ਪਾਖੰਡ ਹੈ, ਅਸਲ ਵਿਚ ਉਸਨੇ ਨਾਮ ਨੂੰ ਸਮਝਿਆ ਮੰਨਿਆ ਨਹੀਂ। ਭਾਈ ਸਾਹਿਬ ਨੇ ਆਪਣੀ ਲਿਖਤਾਂ ਵਿਚ ਸਾਰਾ ਜ਼ੋਰ ਕੇਵਲ ਤੇ ਕੇਵਲ ਜ਼ਬਾਨ ਨਾਲ ਵਾਹਿਗੁਰੂ ਵਾਹਿਗੁਰੂ ਕਰਨ 'ਤੇ ਲਾ ਦਿੱਤਾ ਹੈ ਸਮਝ, ਮੰਨਣ, ਕਮਾਉਣ ਦੀ ਕੋਈ ਗੱਲ ਹੀ ਨਹੀਂ ਕੀਤੀ। ਇਹ ਕੇਵਲ ਜ਼ਬਾਨ ਨਾਲ ਵੱਧ ਵਾਰ ਬੋਲਣ ਨੂੰ ਹੀ ਕਮਾਈ ਸਮਝਦੇ ਰਹੇ ਹਨ। ਜ਼ਬਾਨ ਨਾਲ ਕੋਈ ਸਾਰਾ ਦਿਨ ਸਾਰੀ ਰਾਤ ਪਿਉ ਪਿਉ ਕਰਦਾ ਰਹੇ ਪਰ ਪਿਉ ਦਾ ਹੁਕਮ ਬਚਨ ਨਾ ਮੰਨੇ ਕੀ ਪੁੱਤਰ ਅਖਵਾਉਣ ਦਾ ਹੱਕਦਾਰ ਹੈ। ਮਾਂ ਮੂੰਹ ਤੋਂ ਬੱਚਾ ਬੱਚਾ ਨਹੀਂ ਉਚਾਰਦੀ ਰਹਿੰਦੀ ਪਰ ਉਸਦੀ ਸੁਰਤ ਕਦੇ ਵੀ ਬੱਚੇ ਵਿਚੋਂ ਨਿਕਲਦੀ ਨਹੀਂ ਹੈ। ਸਿੱਖ ਨੇ ਵੀ ਗੁਰੂ ਦਾ ਹੁਕਮ ਮਨ ਕਰਕੇ ਬਚਨ ਕਰਕੇ ਕਰਮ (ਕੰਮ) ਕਰਕੇ ਹਰ ਹਾਲਤ ਵਿਚ ਖਿੜੇ ਮੱਥੇ ਮੰਨਣਾ ਹੈ ਇਹ ਸਦਾ ਦਾ ਸਿਮਰਨ ਹੈ। ਜਿਹੜੇ ਕੇਵਲ ਦਿਖਾਵੇ ਮਾਤਰ ਮਾਲਾ ਫੇਰਦੇ ਹਨ ਅਤੇ ਮੂੰਹ ਮਾਰਦੇ ਰਹਿੰਦੇ ਹਨ ਉਹਨਾਂ ਬਾਰੇ ਸਤਿਗੁਰ ਬਚਨ ਕਰਦੇ ਹਨ:

"ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਖੋਇ"॥39॥

"ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ" ॥491॥
"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ" ॥565॥
ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ, ਹਿਰਦਾ ਸੁਧ ਨ ਹੋਈ" ॥732॥
ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਈ ਨ ਬਹਰਾ ਹੋਇ।
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ" ॥1374॥
ਏਕ ਚਿੱਤ ਜਿਹ ਇਕ ਛਿਨ ਧਿਆਇਓ।
ਕਾਲ ਫਾਸ ਕੇ ਬੀਚ ਨ ਆਇਓ॥ (ਚੌਪਈ ਪਾ. 10)
ਆਂਖਨ ਮੀਚ ਰਹੈ ਬਕ ਕੀ ਜਿਸ,
ਲੋਗਨ ਏਕ ਪ੍ਰਪੰਚ ਦਿਖਾਯੋ॥ (33 ਸਵੱਯੈ ਪਾ. 10)

ਭਾਈ ਰਣਧੀਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਨਾਮ ਹੋਰ ਹੈ ਬਾਣੀ ਹੋਰ ਹੈ। ਕਿਉਂਕਿ ਇਹਨਾਂ ਨੂੰ ਵੰਡੀਆਂ ਪਾਉਣ ਤੋਂ ਸਿਵਾ ਹੋਰ ਕੁਝ ਸੁੱਝਿਆ ਹੀ ਨਹੀਂ। ਨਾਮ ਦਾ ਅਰਥ ਹੈ ਸੱਚ ਜੇ ਹਿਰਦੇ ਅੰਦਰ ਵੱਸ ਗਿਆ ਤਾਂ ਨਾਮ ਵੱਸ ਗਿਆ। ਜੇ ਸੱਚ ਦੇ ਨਾਲ ਮਨ ਨਹੀਂ ਮੰਨਿਆ ਤਾਂ ਕਰੀ ਜਾਹ ਭਾਵੇਂ ਵਾਹਿਗੁਰੂ ਵਾਹਿਗੁਰੂ ਰਾਤ ਦਿਨ ਕੁਝ ਵੀ ਨਹੀਂ ਹੋਣ ਲੱਗਾ। "ਏਹੁ ਸਚੁ ਸਭਨਾ ਕਾ ਖਸਮੁ ਹੈ॥" (ਪੰਨਾ 922) ਸੱਚ ਹੀ ਪ੍ਰਮਾਤਮਾ ਹੈ, ਪ੍ਰਮਾਤਮਾ ਦੇ ਗੁਣਾਂ ਦਾ ਸਿਮਰਨ ਨਿਰਵੈਰ ਹੋ ਜਾਣਾ, ਨਿਰਭਉ ਹੋ ਜਾਣਾ, ਸ਼ੀਲ, ਸੰਜਮ, ਸਬਰ, ਸੰਤੋਖ, ਦਇਆ, ਨਿਮਰਤਾ, ਮੌਤ ਦਾ ਵੀ ਭੈ ਦੂਰ ਹੋ ਜਾਣਾ ਇਹਨਾਂ ਰੱਬੀ ਗੁਣਾਂ ਦਾ ਸਿਮਰਨ ਨਾਮ ਜਪਣਾ ਹੈ। ਇਹ ਸੱਚ ਪ੍ਰਮਾਤਮਾ ਦੇ ਗੁਣ ਹਨ। "ਗੁਣ ਕਹਿ ਗੁਣੀ ਸਮਾਵਣਿਆ॥" ਇਥੇ ਗੁਣ ਕਹਿ ਦਾ ਇਹ ਮਤਲਬ ਨਹੀਂ ਹੈ ਕਿ ਗੁਣ ਕੇਵਲ ਮੂੰਹ ਨਾਲ ਬੋਲੀ ਜਾਣੇ ਹਨ ਧਾਰਨ ਨਹੀਂ ਕਰਨੇ। ਗੁਰਸਿੱਖ ਹਮੇਸ਼ਾ ਹੀ ਰੱਬੀ ਗੁਣਾਂ ਨੂੰ ਹਿਰਦੇ ਵਿਚ ਵਸਾ ਕੇ ਸੱਚ ਦਾ ਰੂਪ ਹੋ ਜਾਂਦੇ ਹਨ, ਗੁਣੀ ਵਿਚ ਸਮਾ ਜਾਂਦੇ ਹਨ।

"ਹਰਿ ਕਾ ਸੇਵਕ ਸੋ ਹਰਿ ਜੇਹਾ
ਭੇਦੁ ਨ ਜਾਣਹੁ ਮਾਣਸ ਦੇਹਾ॥" (ਪੰਨਾ 1076)

ਖਾਂਡ ਖਾਂਡ ਕਹਿਤ ਜੀਭੋਂ ਨਾ ਸਵਾਦ ਮੀਠੋ ਆਵੈ। (ਭਾਈ ਗੁਰਦਾਸ ਜੀ) ਕੇਵਲ ਖੰਡ ਖੰਡ ਆਖੀ ਜਾਣ ਨਾਲ ਮੂੰਹ ਮਿੱਠਾ ਨਹੀਂ ਹੋ ਜਾਂਦਾ ਖੰਡ ਖਾਣ ਨਾਲ ਮਿੱਠਾ ਹੁੰਦਾ ਹੈ।

ਭਾਈ ਰਣਧੀਰ ਸਿੰਘ ਵਾਲਾ ਨਾਮ ਤਾਂ ਕੇਵਲ ਅਮੀਰ ਅਤੇ ਵਿਹਲੜ ਬੰਦੇ ਜਪੁ ਸਕਦੇ ਹਨ ਪਰ "ਗੁਰੂ ਗ੍ਰੰਥ ਸਾਹਿਬ" ਅੰਦਰ ਨਾਮ ਦੀ ਜੋ ਪਰਿਭਾਸ਼ਾ ਹੈ ਉਹ ਨਾਮ ਗਰੀਬ ਕ੍ਰਿਤੀ ਵੀ ਜਪ ਸਕਦੇ ਹਨ। ਇਕ ਆਰੇ ਤੇ ਲੱਕੜ ਚੀਰਨ ਵਾਲਾ ਕ੍ਰਿਤੀ ਸਿੱਖ ਜੇ ਲੱਕੜ ਚੀਰਦਿਆਂ ਚੀਰਦਿਆਂ ਉਸਦਾ ਸਾਰਾ ਧਿਆਨ

ਭਾਈ ਰਣਧੀਰ ਸਿੰਘ ਦੇ ਦੱਸੇ ਨਾਮ ਵੱਲ ਚਲਾ ਗਿਆ ਤਾਂ ਆਰੀ ਉਸ ਕ੍ਰਿਤੀ ਸਿੱਖ ਦਾ ਹੱਥ ਕੱਟ ਦੇਵੇਗੀ। ਉਹ ਗਰੀਬ ਰੋਟੀ ਤੋਂ ਵੀ ਆਤੁਰ ਹੋ ਜਾਵੇਗਾ। ਭੁੱਖੇ ਨੂੰ ਕੇਵਲ ਰੋਟੀ ਯਾਦ ਆ ਸਕਦੀ ਹੈ, ਪ੍ਰਮਾਤਮਾ ਨਹੀਂ ਯਾਦ ਆ ਸਕਦਾ। ਜੇ ਟਰੈਕਟਰ ਵਾਹੁਣ ਵਾਲੇ ਦਾ ਸਾਰਾ ਧਿਆਨ ਭਾਈ ਰਣਧੀਰ ਸਿੰਘ ਵਾਲੇ ਨਾਮ ਵਿਚ ਚਲਾ ਗਿਆ ਤਾਂ ਟਰੈਕਟਰ ਕਾਬੂ ਤੋਂ ਬਾਹਰ ਹੋ ਜਾਵੇਗਾ। ਗੱਡੀਆਂ ਚਲਾਉਣ ਵਾਲਿਆਂ ਦਾ ਸਾਰੇ ਦਾ ਸਾਰਾ ਧਿਆਨ ਭਾਈ ਰਣਧੀਰ ਸਿੰਘ ਵਾਲੇ ਨਾਮ ਵਿਚ ਚਲਾ ਜਾਵੇ ਤਾਂ ਪਤਾ ਨਹੀਂ ਕਿੰਨੇ ਕੁ ਐਕਸੀਡੈਂਟ ਰੋਜ਼ ਹੋਣ। ਗੁਰ ਵਾਕ ਹੈ "ਹਾਥ ਪਾਉ ਕਰ ਕਾਮ ਸਭ ਚੀਤ ਨਿਰੰਜਨ ਨਾਲ॥" ਇਸ ਦਾ ਮਤਲਬ ਇਹ ਨਹੀਂ ਹੈ ਕਿ 24 ਘੰਟੇ ਚੌਂਕੜੀ ਮਾਰ ਕੇ ਕਿਸੇ ਭੋਰੇ ਵਿਚ ਬਹਿ ਰਹਿਣਾ ਹੈ ਅਤੇ ਮੰਗ ਕੇ ਖਾਣਾ ਹੈ। ਮਹਾਰਾਜ ਕਹਿੰਦੇ ਹੱਥਾਂ ਪੈਰਾਂ ਨਾਲ ਕ੍ਰਿਤ ਕਰ ਅਤੇ ਨਾਲ ਹੀ ਚੇਤਾ ਰੱਖ ਕਿ ਕ੍ਰਿਤ ਵਿਚ ਕੋਈ ਮੈਲ ਨਾ ਹੋਵੇ। ਜੀਵਨ ਭਰ ਹੱਕ ਸੱਚ 'ਤੇ ਪਹਿਰਾ ਦੇਣਾ ਬਾਣੀ ਪੜ੍ਹਨੀ, ਸੁਣਨੀ, ਸਮਝਣੀ, ਮੰਨਣੀ ਕਮਾਉਣੀ ਇਹ ਨਾਮ ਜਪਣਾ ਹੈ। ਵਿਹਲੜਾਂ ਵਾਲੇ ਨਾਮ ਨੂੰ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਕਿਹੜੀ ਮਾਲਾ ਦੀ ਗੱਲ ਕਰਦੇ ਹਨ ਭਾ. ਰਣਧੀਰ ਸਿੰਘ ?

ਸੱਚੇ ਪਾਤਸ਼ਾਹ ਨੂੰ ਕੇਵਲ ਸੱਚ ਪਸੰਦ ਹੈ। ਮਾਲਾ ਨਾਲ ਗਿਣਤੀ ਕਰਕੇ, ਨਾਮ ਜਪਣਾ ਗੁਰਬਾਣੀ ਵਿਚ ਵਿਧਾਨ ਨਹੀਂ। ਮਾਲਾਧਾਰੀ ਕੇਵਲ ਹਿੰਦੂ, ਮੁਸਲਮਾਨ ਆਦਿਕਾਂ ਦੀ ਨਕਲ ਕਰਦੇ ਹਨ ਗੁਰ ਫ਼ੁਰਮਾਨ ਹੈ:

"ਹਰਿ ਹਰਿ ਅਖਰ ਦੁਇ ਇਹ ਮਾਲਾ॥
ਜਪਤ ਜਪਤ ਭਏ ਦੀਨ ਦਇਆਲੁ॥
ਕਰਉ ਬੇਨਤੀ, ਸਤਿਗੁਰ ਅਪੁਨੀ॥
ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ॥?॥ਰਹਾਉ॥
ਹਰਿ ਮਾਲਾ ਉਰ ਅੰਤਰਿ ਧਾਰੈ॥
ਜਨਮ ਮਰਣ ਕਾ ਦੂਖੁ ਨਿਵਾਰੈ॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ ਨਾ ਡੋਲੈ॥
ਕਹੁ ਨਾਨਕ ਜੋ ਰਾਚੈ ਨਾਇ॥
ਹਰਿ ਮਾਲਾ ਤਾ ਕੈ ਸੰਗਿ ਜਾਇ॥ (388 ਆਸਾ ਮ: 4)

ਹੋਰ—

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥
ਹਿਰਦੈ ਫੇਰਿ ਚਲੈ ਤਪੁ ਨਾਲੀ॥ (34 ਭੈਰਉ ਮ: 4)

ਹੋਰ—

ਕਬੀਰੁ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥
ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ॥
(1368 ਸਲੋਕ ਕਬੀਰ)

ਅਕਾਲੀ ਜੋਤ ਦੇ ਦਰਸ਼ਨ—ਸਿਰਲੇਖ ਅਧੀਨ ਭਾਈ ਰਣਧੀਰ ਸਿੰਘ ਲਿਖਦੇ ਹਨ ਕੁਝ ਛਕੇ ਬਿਨ੍ਹਾਂ ਹੀ ਆਪਦੇ ਕਮਰੇ ਅੰਦਰ ਹੀ ਕੁੰਡਾ ਲਾ ਕੇ ਆਸਣ ਜਮਾ ਬੈਠਾ, ਇਕੋ ਪਤੀ ਪ੍ਰਮਾਤਮਾ ਦੀ ਲਿੱਲ ਅਤੇ ਇਕੋ ਸਾਹੇ ਨਾਮ ਜਪੀ ਜਾਣਾ। ਜੇ ਕਿਤੇ ਮਨ ਅੜ ਖਲੋਵੇ ਤਾਂ ਸਰਬ ਲੋਹੀ ਮਾਲਾ ਦਾ ਆਸਰਾ ਲੈ ਲਵਾਂ। ਮੇਰੇ ਇਸ ਦਾਅਵੇ ਦਾ ਲੱਕ ਵੀ ਟੁੱਟ ਗਿਆ ਕਿ ਇਸੇ ਰਾਤ ਅੰਦਰ ਦਰਸ਼ ਪਰਸ਼ ਲੈਣੇ ਹਨ ਤਾਂ ਨਾਲ ਹੀ ਆਸਣ ਵੀ ਟੁੱਟ ਗਿਆ ਮੈਂ ਸਿੱਧਾ ਲੰਮਾ ਪੈ ਗਿਆ ਪਰ ਜਿਹਬਾ ਕਰਕੇ ਨਾਮ ਉਵੇਂ ਜਿਵੇਂ ਹੀ ਹੋ ਰਿਹਾ ਸੀ ਅਤੇ ਹੱਥ ਉੱਚਾ ਕਰਕੇ ਮਾਲਾ ਦਾ ਅਖੰਡ ਚੱਕਰ ਉਸ ਤੋਂ ਭੀ ਅਧਿਕ ਚੱਲ ਰਿਹਾ ਸੀ। ਥੋੜ੍ਹੇ ਹੀ ਚੱਕਰ ਮਾਲਾ ਦੇ ਫਿਰੇ ਹੋਣਗੇ ਕਿ ਅਚਾਨਕ ਹੀ ਮੇਰੇ ਘਟ ਅੰਦਰਿ ਜੋਤਿ ਦਾ ਪ੍ਰਕਾਸ਼ ਹੋ ਗਿਆ। ਮੈਥੋਂ ਝਾਲ ਝੱਲੀ ਨਾ ਗਈ, ਮੇਰੀ ਕਿਲਕਾਰੀਆਂ, ਮੇਰੀਆਂ ਚੀਕਾਂ ਨਿਕਲ ਚੱਲੀਆਂ। ਮੈਂ ਹੌਲਾ ਫੁੱਲ ਵਰਗਾ ਹੋ ਗਿਆ। ਅੱਖਾਂ ਮਿਚ ਗਈਆਂ। ਜਿਉਂ ਉਭੜਿਆ ਉਭੜ ਕੇ ਛੱਤ ਨਾਲ ਜਾ ਲੱਗਾ। ਮੇਰੇ ਹੱਥ ਜੁੜ ਗਏ। ਬੇਨਤੀ ਕੀਤੀ ਸੱਚੇ ਪਾਤਸ਼ਾਹ। ਏਸ ਅਜਰ ਨੂੰ ਆਪੇ ਹੀ ਜਰਾ, ਮੈਥੋਂ ਜਰਿਆ ਨਹੀਂ ਜਾਂਦਾ। ਫਿਰ ਮੈਂ ਫਰਸ਼ 'ਤੇ ਆਣ ਟਿਕਿਆ। ਇਕ ਫੁੱਲ ਦੀ ਸੱਟ ਨਹੀਂ ਲੱਗੀ।

ਜੇਲ੍ਹ ਚਿੱਠੀਆਂ ਪੰਨਾ 60-61

ਵਿਚਾਰੁ—ਪਰ ਗੁਰ ਫੁਰਮਾਨ ਹੈ:

1. ਛੋਡਹਿ ਅੰਨ ਕਰਹਿ ਪਾਖੰਡ॥
   ਨਾ ਉਹਿ ਸੁਹਾਗਣ ਨਾ ਉਹ ਰੰਡ॥ (ਪੰਨਾ 873)
2. ਹੋਨਿ ਨਜ਼ੀਕਿ ਖੁਦਾਇ ਦੈ ਭੇਤ ਨਾ ਕਿਸੈ ਦੇਨ॥ (ਪੰਨਾ 1384)
3. ਹਠ ਕਰ ਮਰੈ ਨ ਲੇਖੈ ਪਾਵੈ॥
4. ਜਿਨ ਹਰਿ ਪਾਇਆ ਤਿਨੇ ਛਪਾਇਆ॥
5. ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡਰਾਜੁ॥ (ਪੰਨਾ 1373)
6. ਏਕ ਜੋਤਿ ਦੁਇ ਮੂਰਤੀ ਧਨ ਪਿਰ ਕਹੀਐ ਸੋਇ॥

ਇਹਨਾਂ ਸਾਰੇ ਗੁਰਮਤਿ ਸਿਧਾਂਤਾਂ ਦੀ ਭਾਈ ਰਣਧੀਰ ਸਿੰਘ ਨੇ ਘੋਰ ਖੰਡਨਾ ਕੀਤੀ ਹੈ ਅਤੇ ਸੋਈ ਅਜਾਨ ਕਹੈ ਮੈ ਜਾਨਿਆ॥ ਸਭਿ ਕਹਤੇ ਹੈ ਪਾਇਆ ਘਾਟ ਨਾ ਕਿਨੰਹੀ ਕਹਾਇਆ ਦੀ ਪ੍ਰੋੜਤਾ ਕੀਤੀ ਹੈ। ਭਾਈ ਸਾਹਿਬ ਦੀਆਂ ਸਾਰੀਆਂ ਲਿਖਤਾਂ ਮੈਂ ਦੇ ਆਧਾਰਿਤ ਹਨ। ਮੈਂ ਮੈਂ ਕਰਨ ਵਾਲਾ ਕਦੇ ਵੀ ਤੂੰ ਦੇ ਵਿਚ

ਲੀਨ ਨਹੀਂ ਹੋ ਸਕਦਾ। ਜੋ 15 ਭਗਤਾਂ ਦੀ ਬਾਣੀ "ਗੁਰੂ ਗ੍ਰੰਥ ਸਾਹਿਬ" ਵਿਚ ਦਰਜ ਹੈ ਉਹਨਾਂ ਦੇ ਜੀਵਨ ਪੜ੍ਹ ਕੇ ਦੇਖੀਏ ਤਾਂ ਕਿਤੇ ਵੀ ਐਸੀਆਂ ਮਨਘੜਤ ਕਹਾਣੀਆਂ ਨਹੀਂ ਮਿਲਦੀਆਂ। ਸੋ ਆਪਣੀਆਂ ਲਿਖਤਾਂ ਵਿਚ ਸਾਰਾ ਜ਼ੋਰ ਭਾਈ ਸਾਹਿਬ ਨੇ ਆਪਦੇ ਆਪ ਨੂੰ ਖ਼ੁਦਾ ਸਿੱਧ ਕਰਨ 'ਤੇ ਲਾ ਦਿੱਤਾ ਹੈ।

ਬਿਸਮਾਦੀ ਦਸ਼ਾ ਅੱਗੇ ਲਿਖਦੇ ਹਨ ਜੇ ਮੈਂ ਗੁਰਬਾਣੀ ਦਾ ਤਕੜਾ ਅਭਿਆਸੀ ਨਾ ਹੁੰਦਾ, ਰਸੀਆ ਨਾ ਹੁੰਦਾ ਅਤੇ ਗੁਰਬਾਣੀ ਦੇ ਗੋਝ ਗੁਣਾਂ ਦਾ ਜਾਣੂ ਤੇ ਇਹਨਾਂ ਗੁਣਾਂ ਕਰ ਅਜਰ ਨੂੰ ਜਰ ਸਕਣ ਲਈ ਬੇਨਤੀਆਂ ਕਰਨਾ ਨਾ ਸਿੱਖਿਆ ਹੁੰਦਾ ਤਾਂ ਉੱਕਾ ਹੀ ਮਦਹੋਸ਼ੀ ਦੀ ਦਸ਼ਾ ਵਾਲਾ ਹੋ ਜਾਂਦਾ ਤੇ ਸਹਿਜ ਅਵਸਥਾ ਵਿਚ ਸਮਾਉਣ ਤੋਂ ਬਹੁਤ ਪ੍ਰੇਡੇ ਰਹਿ ਜਾਂਦਾ।

ਜੇਲ੍ਹ ਚਿੱਠੀਆਂ ਪੰਨਾ 64

ਵਿਚਾਰ—ਇਸ ਪਹਿਰੇ ਵਿਚ ਵੀ ਭਾਈ ਸਾਹਿਬ ਨੇ ਆਪਣੇ ਆਪ ਨੂੰ ਸਹਿਜ ਅਵਸਥਾ ਵਿਚ ਸਮਾਇਆ ਬਹੁਤ ਵੱਡਾ ਨਾਮ ਰਸੀਆ ਸ਼ੋਅ ਕੀਤਾ ਹੈ ਜਦੋਂ ਕਿ "ਧੰਨ ਗੁਰੂ ਨਾਨਕ ਦੇਵ ਜੀ" ਗੁਰਬਾਣੀ ਅੰਦਰ ਆਪਣੇ ਆਪ ਨੂੰ ਨੀਚ, ਨਿਮਾਣੇ, ਨਿਤਾਣੇ, ਅਕੱਥ ਨੂੰ ਨਾ ਕਥ ਸਕਣ ਵਾਲੇ ਨਿਮਰਤਾ ਭਾਵ ਵਾਲੇ ਅਨੇਕਾਂ ਬਚਨ ਕੀਤੇ ਮਿਲਦੇ ਹਨ। ਗੁਰ ਫੁਰਮਾਨ ਹੈ:

"ਕਹੁ ਕਬੀਰ ਛੂਛਾ ਘਟਿ ਬੋਲੈ॥
ਭਰਿਆ ਹੋਇ ਸੁ ਕਬਹੁ ਨ ਡੋਲੈ॥ (ਪੰਨਾ 870)

ਸੋ ਭਾਈ ਸਾਹਿਬ ਵਰਗੇ ਖਾਲੀ ਭਾਂਡੇ ਜ਼ਿਆਦਾ ਖੜਕਦੇ ਹਨ। ਜ਼ਿਆਦਾ ਸ਼ੋਰ ਮਚਾਉਂਦੇ ਹਨ।

ਭਾਈ ਸਾਹਿਬ ਇਕ ਪਾਸੇ ਤਾਂ ਸ਼ੋਅ ਕਰ ਰਹੇ ਹਨ ਕਿ ਪ੍ਰਮਾਤਮਾ ਪਾ ਲਿਆ ਹੈ ਇਕ ਰੂਪ ਹੋ ਗਏ ਹਾਂ ਪਰ ਨਾਲ ਹੀ ਗ਼ੈਬੀ ਸ਼ਕਤੀ ਦੇ ਹੁਕਮ ਇਹਨਾਂ ਨੂੰ ਹੋ ਰਹੇ ਹਨ ਕਿ ਭਾਈ ਸਾਹਿਬ ਹੋਰ ਹੈ ਗ਼ੈਬੀ ਸ਼ਕਤੀ ਹੋਰ ਹੈ। ਹੋਰ ਵੀ ਇਥੇ ਕਈ ਮਨਘੜਤ ਕਹਾਣੀਆਂ ਲਿਖ ਕੇ ਅੱਗੇ ਲਿਖਦੇ ਹਨ-

ਮੈਨੂੰ ਭੀ ਸੋਝੀ ਆ ਗਈ ਕਿ ਕਈ ਦਿਨਾਂ ਤੋਂ ਨਾ ਕੁਝ ਖਾਧਾ ਅਤੇ ਨਾ ਸੁੱਤਾ, ਨਾ ਦਫ਼ਤਰ ਗਿਆ। ਦਫ਼ਤਰੋਂ ਕੋਈ ਛੁੱਟੀ ਵੀ ਨਹੀਂ ਲਈ। ਹੁਣ ਮੈਂ ਕਿਹੜੇ ਮੂੰਹ ਜਾਵਾਂ। ਮੈਨੂੰ ਅਫ਼ਸਰ ਲੋਕ ਕੀ ਆਖਣਗੇ। ਓੜਕ ਦਫ਼ਤਰ ਚਲਾ ਹੀ ਗਿਆ। ਪਰ ਮੇਰੀ ਪਰਮ ਹੈਰਾਨੀ ਸੀ ਕਿ ਮੈਨੂੰ ਕਿਸੇ ਪੁੱਛਿਆ ਹੀ ਨਹੀਂ ਕਿ ਤੂੰ ਕਿੱਥੇ ਸੀ? ਜਦ ਮੈਨੂੰ ਕਿਸੇ ਨਾ ਪੁੱਛਿਆ ਤਾਂ ਮੈਨੂੰ ਕੀ ਲੋੜ? ਮੈਂ ਵੀ ਚੁੱਪ ਰਿਹਾ। ਜਦ ਹਾਜ਼ਰੀ ਵਾਲੇ ਰਜਿਸਟਰ ਪਰ ਹਾਜ਼ਰੀ ਲਾਉਣ ਗਿਆ ਤਾਂ ਵੇਖਿਆ ਕਿ ਸਭ ਹਾਜ਼ਰੀਆਂ ਲੱਗੀਆਂ ਹੋਈਆਂ ਹਨ। ਇਕ ਵੀ ਗ਼ੈਰਹਾਜ਼ਰੀ ਨਹੀਂ। ਕੰਮ ਵੀ ਸਾਰੇ ਪੂਰੇ ਹੋਏ ਪਏ ਸਨ। ਮੈਨੂੰ ਪਤਾ ਲੱਗਾ ਕਿ ਇਹ ਸਭ ਹਾਜ਼ਰੀਆਂ ਰੱਬ ਨੇ

ਲਾਈਆਂ ਹਨ। ਮੈਂ ਇਹ ਕਿਸੇ ਨੂੰ ਦੱਸਿਆ ਭੀ ਨਾ। ਹੁਣ ਮੇਰਾ ਕੰਮ ਕਰਨ ਨੂੰ ਜੀਅ ਨਾ ਕਰੇ। ਜਾਣੀ ਡੱਕਾ ਦੂਹਰਾ ਨਾ ਕਰਾਂ ਅਤੇ ਆਪਣੇ ਰੰਗਾਂ ਵਿਚ ਹੀ ਰਹਾਂ। ਕਿਤੇ ਕਲਮ ਚੁੱਕਾਂ ਤਾਂ ਚੁੱਕੀ ਹੀ ਰਹਿ ਜਾਏ ਕਿਤੇ ਪਹਾੜੀਂ ਜਾ ਚੜ੍ਹਾਂ ਕਿਤੇ ਫਿਰ ਵਾਪਸ ਆ ਜਾਵਾਂ। ਇਸੇ ਤਰ੍ਹਾਂ 2 ਮਹੀਨੇ ਗੁਜ਼ਰ ਗਏ, ਫਿਰ ਸਾਰਾ ਅਖੰਡ ਪਾਠ ਇਕ ਚੌਂਕੜੇ ਸੁਣਨ ਦਾ ਸੰਕਲਪ ਧਾਰ ਲਿਆ ਪਰ ਐਤਕੀਂ ਇਹ ਜਾਚਨਾ ਪੂਰਵਕ ਬੇਨਤੀ ਅਰੰਭ ਵਿਚ ਹੀ ਅਰਦਾਸੀ ਗਈ ਕਿ ਹੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸ਼ੇਮਸ਼ ਕਲਗੀਧਰ ਜੀ ! ਇਸ ਅਖੰਡ ਪਾਠ ਦੇ ਸੁਣਨੇ ਦਾ ਫਲ ਦਾਸ ਨੂੰ ਇਹ ਮਿਲੇ ਕਿ ਮੈਂ ਤੇਰਾ ਉਹ ਸੁੰਦਰ ਮਨਮੋਹਕ ਦਰਸ਼ਨ ਦੀਦਾਰ ਕਰਾਂ ਜੋ ਤੂੰ ਆਪਣੇ ਕਲਾਧਾਰੀ ਜਾਮੇ ਵਿਚ ਆਪਣੀਆਂ ਪਿਆਰੀਆਂ ਸੰਗਤਾਂ ਨੂੰ ਦਿਖਲਾਂਦਾ ਰਿਹਾ ਹੈਂ ਅਤੇ ਜਿਸ ਅਨੂਪ ਸਰੂਪੀ ਦਰਸ਼ਨ ਸਰੂਪ ਵਿਚ ਤੂੰ ਹੁਣ ਸਚਖੰਡ ਵਿਖੇ ਸ਼ੁਸ਼ੋਭਤ ਹੈਂ। ਸੋ ਇਹ ਸਾਰਾ ਅਖੰਡ ਪਾਠ ਸੁਣਿਆ ਅਤੇ ਭੋਗ 'ਤੇ ਜੋ ਵਰਤਾਰਾ ਵਰਤਿਆ ਮੈਨੂੰ ਉਸ ਦੇ ਦੱਸਣੋਂ ਅਸਮਰੱਥਤਾ ਜਿਹੀ ਪ੍ਰਤੀਤ ਹੁੰਦੀ ਹੈ। ਹੁਣ ਮੈਥੋਂ ਦੱਸ ਨਹੀਂ ਹੋਣਾ, ਕਿਉਂਕਿ ਇਸ ਖੇਡ ਨੂੰ ਅਤਿ ਗੋਹਝ ਰੱਖਣ ਦਾ ਹੁਕਮ ਹੈ ਅਤੇ ਆਪ ਨੇ ਤਾਂ ਇਸ ਨੂੰ ਖ਼ਬਰ ਨਹੀਂ ਕਿਥੋਂ ਤਕ ਪਹੁੰਚਾਉਣਾ ਹੈ। ਮੈਨੂੰ ਬੜੀ ਸੰਕੋਚ ਆਉਂਦੀ ਹੈ। ਹੁਣ ਮੈਥੋਂ ਦੱਸ ਨਹੀਂ ਸਕੀਂਦਾ ਅਤੇ ਨਾਲੇ ਮੈਨੂੰ ਉਹੋ ਨਸ਼ਾ ਚੜ੍ਹਦਾ ਜਾਂਦਾ ਹੈ ਤੇ ਮੈਂ ਗਲਤਾਨ ਜਿਹਾ ਹੁੰਦਾ ਜਾਂਦਾ ਹਾਂ। ਮੇਰੀ ਲਿਖਣੀ ਥਿੜਕਦੀ ਹੈ। ਹੁਣ ਸਮਾਂ ਨਹੀਂ ਜੀ। ਨਾਲੇ ਹੁਕਮ ਨਹੀਂ ਹੁੰਦਾ। ਮੈਂ ਕੀ ਕਰਾਂ ? ਲਉ ਮੈਂ ਹੁਣ ਮਗਨ ਹੁੰਦਾ ਜਾਂਦਾ ਹਾਂ। ਏਦੂੰ ਵਧੇਰੇ ਲਿਖਣ ਦੀ ਤਾਕਤ ਨਹੀਂ। ਬਿਰਤੀ ਹੁਣ ਹੋਰੂੰ ਹੀ ਹੋ ਰਹੀ ਹੈ। ਪਿੱਛੇ ਜੋ ਕੁਝ ਲਿਖਿਆ ਹੈ ਉਸਨੂੰ ਲਗਾਂ ਮਾਤਰਾਂ ਸਹਿਤ ਸੋਧ ਲੈਣਾ। ਮੈਥੋਂ ਪੜ੍ਹ ਕੇ ਮੁੜ ਸੋਧ ਨਹੀਂ ਹੁੰਦਾ ਜੀ।

ਜੇਲ੍ਹ ਚਿੱਠੀਆਂ, ਪੰਨਾ 73-74

ਵਿਚਾਰ—ਉਕਤ ਪਹਿਰੇ ਵਿਚ ਭਾਈ ਸਾਹਿਬ ਨੇ ਗੁਰ ਫੁਰਮਾਨ

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ 1245)

ਗੁਰਮਤਿ ਸਿੱਧਾਂਤ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਹਨ। ਦਫ਼ਤਰੀ ਕਾਰ-ਕਿਰਤ ਨੂੰ ਮਿੱਟੀ ਵਿਚ ਰਲਾ ਦਿੱਤਾ ਹੈ। ਗ਼ੈਬੀ ਸ਼ਕਤੀ ਇਹਨਾਂ ਦੀ ਹਾਜ਼ਰੀ ਲਾ ਰਹੀ ਹੈ। ਦਰਅਸਲ ਜਿਸ ਕੌਮ ਵਿਚ ਐਸੇ ਸੰਤ ਪੈਦਾ ਹੋ ਜਾਣ ਉਸਦਾ ਤਰੱਕੀ ਕਰ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੁਖਮਨੀ ਸਾਹਿਬ ਅੰਦਰ ਸਤਿਗੁਰ ਕਹਿੰਦੇ ਹਨ ਕਿ

ਸੇਵਾ ਕਰਤ ਹੋਇ ਨਿਹਕਾਮੀ ।
ਤਿਸ ਕਉ ਹੋਤਿ ਪਰਾਪਤਿ ਸੁਆਮੀ ॥ (ਪੰਨਾ 286)

ਇਕ ਪਾਸੇ ਤਾਂ ਭਾਈ ਸਾਹਿਬ ਨੂੰ ਅਕਾਲੀ ਜੋਤਿ ਦੇ ਦਰਸ਼ਨ ਵੀ ਹੋ ਗਏ ਹਨ ਕਿਧਰੇ ਗ਼ੈਬੀ ਸ਼ਕਤੀਆਂ ਇਹਨਾਂ ਦੇ ਕੰਮ ਕਰ ਰਹੀਆਂ ਹਨ ਪਰ ਇਕ ਪਾਸੇ ਫਿਰ ਪੂਰਾ ਅਖੰਡ ਪਾਠ ਸੁਣ ਕੇ ਫਲ ਦੀ ਇੱਛਾ ਰੱਖੀ ਹੋਈ ਹੈ ਕਿ ਕਲਗੀਧਰ ਦੇ ਦਰਸ਼ਨ ਹੋਣ। ਗੁਰੂ ਗ੍ਰੰਥ ਸਾਹਿਬ ਨੂੰ ਹੋਰ ਸਮਝਦੇ ਹਨ ਦਸਮ ਪਾਤਸ਼ਾਹ ਨੂੰ ਹੋਰ ਸਮਝਿਆ ਹੋਇਆ ਹੈ। ਕੈਸਾ ਮਖੌਲ ਬਣਾਇਆ ਹੋਇਆ ਹੈ ਅਤੇ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਹੋਈ ਹੈ। ਅੱਗੇ ਜੇਲ੍ਹ ਚਿੱਠੀਆਂ ਦੇ ਸਫ਼ਾ 75 'ਤੇ ਅਖੰਡ ਪਾਠਾਂ ਦੇ ਵਰ ਅਤੇ ਹੁਕਮ ਹੋ ਰਹੇ ਹਨ ਅਤੇ ਇਕ ਪਾਗਲ ਮਾਈ ਗੁਲਾਬ ਕੌਰ ਨੂੰ ਬ੍ਰਹਮ ਗਿਆਨੀ ਜਾਣ ਕੇ ਉਸਦੇ ਦਰਸ਼ਨ ਕਰ ਰਹੇ ਹਨ ਇਸ ਮਾਈ ਦੇ ਪ੍ਰਤਾਪ ਦੀ ਝਾਲ ਵੀ ਭਾਈ ਸਾਹਿਬ ਤੋਂ ਝੱਲੀ ਨਹੀਂ ਜਾਂਦੀ। ਭਾਈ ਸਾਹਿਬ ਖ਼ੁਦ ਮਾਈ ਦੇ ਚਰਨਾਂ 'ਤੇ ਡਿੱਗ ਪਏ। ਇਥੇ ਭਾਈ ਸਾਹਿਬ ਨੂੰ ਅਕਾਲੀ ਜੋਤ, ਦਸਵੇਂ ਪਾਤਸ਼ਾਹ ਗ਼ੈਬੀ ਸ਼ਕਤੀਆਂ ਸਭ ਭੁੱਲ ਗਈਆਂ, ਮਾਈ ਦੇ ਚਰਨਾਂ 'ਤੇ ਡਿੱਗ ਪਏ। ਜੇਲ੍ਹ ਚਿੱਠੀਆਂ ਦੇ ਪੰਨਾ 79 'ਤੇ ਇਉਂ ਲਿਖਦੇ ਹਨ-

ਮਾਈ ਇਕ ਫਲਾਂ ਵਾਲੇ ਦੀ ਦੁਕਾਨ 'ਤੇ ਗਈ ਅਤੇ ਇਕ ਟੋਕਰੀ ਲੁਕਾਠਾਂ ਦੀ ਭਰ ਲਿਆਈ ਅਤੇ ਦਾਸ ਉੱਤੇ ਤ੍ਰੁੱਠ ਕੇ ਆਖਣ ਲੱਗੀ ਲਉ ਇਹ ਬਿਬੇਕੀਆਂ ਦਾ ਪ੍ਰਸ਼ਾਦ ਹੈ। ਪਰਵਾਨ ਕਰੋ। ਦਾਸ ਨੇ ਧੰਨ ਭਾਗ ਸਮਝ ਕੇ ਸੰਤ ਪ੍ਰਸ਼ਾਦ ਜਾਣ ਕੇ ਮਾਈ ਜੀ ਦੇ ਪ੍ਰੇਮ ਪ੍ਰਸ਼ਾਦ ਨੂੰ ਪੱਲੇ ਬੰਨ੍ਹ ਲਿਆ। ਫੇਰ ਮਾਈ ਨੇ ਦਾਸ ਵੱਲ ਵਿਗਸ ਕੇ ਨਿਹਾਲ-ਨਿਹਾਲ ਦਾ ਖ਼ੁਸ਼ਾ ਬਖਸ਼ਿਆ। ਇਉਂ ਮਾਈ ਤੋਂ ਵਰ ਲੈ ਕੇ ਅੱਗੇ ਚਲੇ ਗਏ।

ਜੇਲ੍ਹ ਚਿੱਠੀਆਂ, ਪੰਨਾ 79

ਵਿਚਾਰ—ਇਥੇ ਵੀ ਇਸ ਗੁਰਮਤਿ ਸਿੱਧਾਂਤ ਦੀ ਭਾਈ ਸਾਹਿਬ ਖੰਡਨਾ ਕਰ ਰਹੇ ਹਨ।

ਸਤਿਗੁਰ ਸਾਹਿਬ ਛੱਡਿ ਕੈ ਮਨੁਮਖ ਹੋਇ ਬੰਦੇ ਦਾ ਬੰਦਾ ॥

(ਭਾਈ ਗੁਰਦਾਸ ਜੀ)

ਇਸ ਤੋਂ ਅੱਗੇ ਭਾਈ ਸਾਹਿਬ 'ਤੇ ਮੁਕੱਦਮਾ ਬਣ ਗਿਆ ਜੇਲ੍ਹ ਵਿਚ ਚਲੇ ਗਏ ਬਿਬੇਕੀ ਹੋਣ ਕਰਕੇ ਪ੍ਰਸ਼ਾਦ ਕਿਤੋਂ ਛਕਦੇ ਨਹੀਂ ਸੀ ਕਈ ਦਿਨ ਭੁੱਖੇ ਰਹਿਣਾ ਪਿਆ। ਅਨੇਕਾਂ ਸਰੀਰਕ ਕਸ਼ਟ ਸਹਾਰਨੇ ਪਏ। ਹਜਾਰੀ ਬਾਗ਼ ਜੇਲ੍ਹ ਦੇ ਅੰਦਰ ਭਾਈ ਸਾਹਿਬ ਨੇ ਭਾਈ ਹੀਰਾ ਸਿੰਘ ਲਈ ਨਾਮ ਦੀ ਪ੍ਰਾਪਤੀ ਵਾਸਤੇ ਅਰਦਾਸ ਵੀ ਕੀਤੀ। ਹੁਣ ਵੀ ਜਦੋਂ ਅਖੰਡ ਕੀਰਤਨੀ ਜਥੇ ਵਾਲੇ ਅੰਮ੍ਰਿਤ ਛਕਦੇ ਛਕਾਉਂਦੇ ਹਨ ਤਾਂ ਜਿਸਦਾ ਜਾਪ ਚੱਲ ਰਿਹਾ ਹੁੰਦਾ ਹੈ ਉਹ ਦੂਜੇ ਜਾਪ ਖੜ੍ਹੇ ਵਾਲੇ ਨੂੰ ਜੱਫੀ ਪਾ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਹਨ ਅਤੇ ਛੱਡਦੇ ਓਦੋਂ ਹਨ ਜਦੋਂ ਦੂਸਰੇ ਦਾ ਅਖੰਡ ਜਾਪ ਚੱਲਣ ਲੱਗ ਪਏ। ਇਸ ਤਰ੍ਹਾਂ ਇਹ ਜਾਪ ਦਾ ਮਖੌਲ ਉਡਾਉਂਦੇ

ਹੋਏ ਧੱਕੇ ਨਾਲ ਵੀ ਅਗਲੇ ਦਾ ਜਾਪ ਚਲਾ ਦਿੰਦੇ ਹਨ। ਸੋ ਇਸੇ ਜੇਲ੍ਹ ਵਿਚ ਹੀ ਭਾਈ ਹੀਰਾ ਸਿੰਘ ਨੇ ਭਾਈ ਰਣਧੀਰ ਸਿੰਘ ਨੂੰ ਸੋਨਾ ਬਣਾਉਣ ਦਾ ਨੁਖਸਾ ਦਿੱਤਾ ਕਿ ਸੋਨਾ ਬਣਾ ਕੇ ਵੇਚੀ ਜਾਇਉ ਤੁਹਾਡੇ ਕੋਲ ਬਹੁਤ ਮਾਇਆ ਹੋ ਜਾਵੇਗੀ। ਦੱਸੀ ਰਸਾਇਣ ਦੁਆਰਾ ਕੀਮੀਆਂ ਕਰਕੇ ਪ੍ਰਤੱਖ ਸੋਨਾ ਬਣਾ ਕੇ ਵਿਖਾ ਵੀ ਦਿੱਤਾ ਅਤੇ ਸੁਨਿਆਰੇ ਤੋਂ ਪਰਖਵਾ ਵੀ ਦਿੱਤਾ ਕਿ ਅਸਲੀ ਸੋਨਾ ਹੈ। ਸੋ ਭਾਈ ਰਣਧੀਰ ਸਿੰਘ ਦੀ ਸੁਰਤੀ ਨਾਮ ਨਾਲੋਂ ਟੁੱਟ ਕੇ ਮਾਇਆ ਵਿਚ ਖੁੱਭ ਗਈ। ਸਾਰੀ ਰਾਤ ਨਾਮ ਜਪਣ ਦੀ ਬਜਾਏ, ਸੋਨਾ ਬਣਾਉਣ ਦਾ ਨੁਖਸਾ ਕੰਠ ਕਰਦੇ ਰਹੇ ਅਤੇ ਦਿਨਾਂ ਵਿਚ ਕਰੋੜਪਤੀ ਬਣਨ ਦੀਆਂ ਵਿਉਂਤਾਂ ਬਣਾਉਣ ਲੱਗ ਪਏ। ਰੱਬੀ ਪ੍ਰੇਮ ਦਿਲ ਵਿਚੋਂ ਖੰਭ ਲਾ ਕੇ ਉੱਡ ਗਿਆ।

ਜੇਲ੍ਹ ਚਿੱਠੀਆਂ ਦੇ ਸਫ਼ਾ 192-93-94 'ਤੇ ਭਾਈ ਸਾਹਿਬ ਦੇ ਸਾਥੀ ਵੀ ਅੰਤਰਯਾਮੀ ਹੋ ਕੇ ਭਵਿੱਖ ਬਾਣੀਆਂ ਕਰਨ ਦਾ ਦਾਅਵਾ ਕਰਦੇ ਹਨ ਪਰ ਅਜੇ 2 ਅੰਤਰਯਾਮਤਾ ਦਿਖਾਈਆਂ ਹਨ। ਉਹਨਾਂ ਦੀ ਸਾਰੀ ਸ਼ਕਤੀ ਉਡ-ਪੁੱਡ ਗਈ ਹੈ ਉਹ ਵੀ ਸੱਖਣੇ ਹੋ ਗਏ ਤੇ ਅੱਜ ਤਕ ਉਸ ਅਵਸਥਾ ਨੂੰ ਤਰਸਦੇ ਦਿਖਾਏ ਗਏਂ ਹਨ। ਇਸ ਪੁਸਤਕ ਵਿਚ ਅੱਗੇ ਹੋਰ ਵੀ ਬਹੁਤ ਕੁਝ ਲਿਖਣ ਯੋਗ ਹੈ। ਇਸ ਪੁਸਤਕ ਦੇ ਦੂਜੇ ਭਾਗ ਵਿਚ ਜ਼ਿਕਰ ਕਰਾਂਗਾ। ਇਥੇ ਸੰਖੇਪ ਅਰਜ ਕਰ ਰਿਹਾ ਹਾਂ।

ਜੀਵਨ ਚਰਿੱਤਰ ਭਾਈ ਰਣਧੀਰ ਸਿੰਘ ਸਫ਼ਾ 47 'ਤੇ ਇਉਂ ਲਿਖਿਆ ਹੈ ਕਿ ਭਾਈ ਸਾਹਿਬ ਨੇ ਚਿਤਵਿਆ ਕਿ ਗਿਆਨੀ ਹਰਭਜਨ ਸਿੰਘ ਤੇ ਗਿਆਨੀ ਦਲੀਪ ਸਿੰਘ ਦੋਹਾਂ ਨੂੰ ਨਾਮ ਦੇ ਬੜੇ ਰੰਗ ਚੜ੍ਹੇ ਹਨ। ਜੋਤਿ ਦਾ ਝਲਕਾਰ ਇਹਨਾਂ ਦੇ ਅੰਦਰ ਚਮਕ ਰਿਹਾ ਹੈ। ਇਨ੍ਹਾਂ ਦੇ ਚਰਨ ਚੁੰਮੀਏ। ਇਤਨੇ ਨੂੰ ਇਹ ਦੋਨੋਂ ਸੱਜਣ ਢਾਬ ਦੇ ਕੰਡੇ ਸਜ ਕੇ ਨਾਮ ਰੰਗਾਂ ਵਿਚ ਮਸਤ ਹੀ ਸੌਂ ਗਏ। ਇੱਧਰ ਭਾਈ ਸਾਹਿਬ ਨੇ ਅਰਦਾਸਾ ਕੀਤਾ ਕਿ ਅਸੀਂ ਇਹਨਾਂ ਦੇ ਚਰਨ ਚੱਟੀਏ ਤੇ ਇਹਨਾਂ ਨੂੰ ਪਤਾ ਵੀ ਨਾ ਲੱਗੇ। ਜਦ ਇਹ ਦੋਵੇਂ ਸੌਂ ਗਏ ਤਾਂ ਭਾਈ ਸਾਹਿਬ ਨੇ ਚਰਨ ਚੱਟਣ ਤੋਂ ਉਪਰੰਤ, ਇਹਨਾਂ ਦੋਹਾਂ ਦੇ ਚਰਣ ਆਤਮਿਕ ਬਲ ਨਾਲ ਆਪਣੇ ਹਿਰਦੇ ਵਿਚ ਰੱਖ ਲਏ। ਜਦ ਇਹ ਖੇਡ ਵਰਤ ਰਹੀ ਸੀ ਤਾਂ ਭਾਈ ਅਤਰ ਸਿੰਘ ਜੀ ਚਕਵਾਲ ਪਾਸ ਹੀ ਬੈਠੇ ਸਨ। ਜਦੋਂ ਭਾਈ ਹਰਭਰਜਨ ਸਿੰਘ ਤੇ ਦਲੀਪ ਸਿੰਘ ਜੀ ਕੁਝ ਚਿਰ ਪਿੱਛੋਂ ਜਾਗੇ ਤਾਂ ਉਹਨਾਂ ਨੂੰ ਆਪਣੇ ਪੈਰ ਲੱਤਾਂ ਨਾਲ ਲੱਗੇ ਦਿਖਾਈ ਹੀ ਨਾ ਦੇਣ ਤੇ ਨਾ ਭਾਈ ਸਾਹਿਬ ਹੀ ਨਜ਼ਰ ਆਉਣ। ਉਹ ਬੜੇ ਹੈਰਾਨ ਹੋਏ ਤੇ ਉਹਨਾਂ ਭਾਈ ਅਤਰ ਸਿੰਘ ਨੂੰ ਪੁੱਛਿਆ। ਜਿਸਨੇ ਦੱਸਿਆ ਕਿ ਤੁਸੀਂ ਅਰਦਾਸਾਂ ਕਰੋ, ਤੁਹਾਡਾ ਕਾਰਜ ਸਿੱਧ ਹੋ ਜਾਵੇਗਾ। ਜਦ ਇਹਨਾਂ ਨੇ ਅਰਦਾਸਾ ਸੋਧਿਆ

ਤਾਂ ਦੋਹਾਂ ਨੂੰ ਆਪਣੇ ਚਰਨ ਵੀ ਸਰੀਰ ਨਾਲ ਲੱਗੇ ਲੱਭ ਪਏ ਅਤੇ ਭਾਈ ਸਾਹਿਬ ਵੀ ਨਜ਼ਰ ਆ ਗਏ।

ਵਿਚਾਰ—ਹੱਡ, ਮਾਸ, ਚਮੜੇ, ਦੇਹ ਤੋਂ ਉੱਪਰ ਇਹਨਾਂ ਦੀ ਸੁਰਤੀ ਉੱਠ ਨਾ ਸਕੀ ਗੱਲਾਂ ਕਰਦੇ ਅਸਮਾਨ ਨੂੰ ਟਾਕੀਆਂ ਲਾ ਰਹੇ ਹਨ ਅਤੇ ਆਪਣੇ ਆਪ ਨੂੰ ਖ਼ੁਦਾ ਜਣਾ ਰਹੇ ਹਨ। ਇਹ ਸਾਰੇ ਦੇਹਧਾਰੀ ਗੁਰੂ ਅਤੇ ਉਹਨਾਂ ਦੀਆਂ ਗੱਦੀਆਂ, ਇਹਨਾਂ ਹੱਡ, ਮਾਸ, ਚਮੜੇ ਦੇ ਚਰਨਾਂ ਦੇ ਪੁਜਾਰੀਆਂ ਦੀ ਹੀ ਦੇਣ ਹੈ। ਗੁਰ ਫੁਰਮਾਨ ਹੈ:

ਹਿਰਦੈ ਚਰਨ ਸਬਦ ਸਤਗੁਰੁ ਕੋ ਨਾਨਕ ਬਾਧਿਓ ਪਾਲਿ॥ (ਪੰਨਾ 680)

ਸ਼ਬਦ ਗੁਰੂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਗੁਰੂ ਦੇ ਸ਼ਬਦ ਹਨ ਇਹ ਹਿਰਦੇ ਵਿਚ ਵਸਾਉਣ ਦੀ ਇਹਨਾਂ ਨੂੰ (ਭਾਈ ਸਾਹਿਬ) ਨੂੰ ਸਮਝ ਨਾ ਪਈ। "ਗੁਰ ਮੂਰਤਿ ਗੁਰ ਸ਼ਬਦ ਹੈ।" ਇਸ ਸਿੱਧਾਂਤ ਤੋਂ ਇਹ ਕੋਹਾਂ ਦੂਰ ਸਨ। ਗੁਰ ਸ਼ਬਦ ਗੁਰੂ ਬਚਨ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਸਤਿਗੁਰਾਂ ਨੇ ਸਮਝਾਈ ਹੈ। ਹੱਡ ਮਾਸ ਚਮੜੇ ਦੇ ਪੈਰਾਂ ਦਾ ਕੋਈ ਮਤਲਬ ਨਹੀਂ ਹੈ।

ਅੱਗੇ ਗੁਰਮਤਿ ਲੇਖ ਪੁਸਤਕ ਵਿਚ ਆਪਣੇ ਹੀ ਕਹੇ, ਕੀਤੇ ਦਾ ਖੰਡਨ ਕਰਦੇ ਹੋਏ ਭਾਈ ਰਣਧੀਰ ਸਿੰਘ ਲਿਖਦੇ ਹਨ—ਅਸੀਂ ਗੁਰੂ ਦੇ ਸਿੱਖ ਦੀ ਹੈਸੀਅਤ ਵਿਚ ਇਕ ਦੇ ਉਪਾਸਕ ਸਦਾਵਣਹਾਰੇ ਕਦਾਚਿਤ ਬੁੱਤ ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ, ਜਦ ਤਾਈਂ ਅਸੀਂ ਮਾਇਆ ਦੇ ਆਡੰਬਰਾਂ ਵਿਚ ਰਚੇ ਮਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ। 'ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁੱਤ ਪ੍ਰਸਤ' ਗੱਲ ਕੀ, ਮਾਇਆ ਨਾਲ ਮਨੂਰ ਹੋਏ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ, ਉਥੇ 'ਇਕ' ਦੀ ਆਸ ਕਿੱਥੇ? ਉਥੇ ਤਾਂ ਬਸ ਮਾਇਆ ਹੀ ਮਾਇਆ ਹੈ।

ਗੁਰਮਤਿ ਲੇਖ ਪੰਨਾ 13

ਵਿਚਾਰ—ਇਕ ਪਾਸੇ ਆਪਣੇ ਆਪ ਨੂੰ ਰੱਬ ਸਿੱਧ ਕਰਨ ਵਾਲੇ ਭਾਈ ਸਾਹਿਬ, ਬੰਦਿਆਂ ਦੇ ਅੱਗੇ ਡਿੱਗਦੇ ਫਿਰਦੇ ਹਨ, ਹੱਡ, ਮਾਸ ਦੇ ਪੈਰ ਚੱਟ ਕੇ ਬੰਦਿਆਂ ਦੇ ਪੈਰ ਹਿਰਦੇ ਵਿਚ ਰੱਖ ਰਹੇ ਹਨ। ਹਾਂ ਠੀਕ ਹੈ ਕਿਸੇ ਨੇਕ ਪੁਰਸ਼ ਦੀ ਸੰਗਤ ਕੀਤੀ ਜਾ ਸਕਦੀ ਹੈ ਉਸ ਪਾਸੋਂ ਗੁਰੂ ਦੀ ਗੱਲ ਸੁਣਕੇ ਪੱਲੇ ਬੰਨੀ ਜਾ ਸਕਦੀ ਹੈ। ਪਰ ਬੰਦੇ ਨੂੰ ਮੱਥਾ ਟੇਕਣਾ ਅਤੇ ਉਹਦੇ ਪੈਰ ਚੱਟਣੇ ਉਹਦੇ ਹੱਡ ਮਾਸ ਦੇ ਪੈਰ ਹਿਰਦੇ ਵਿਚ ਵਸਾਉਣੇ ਕੇਵਲ ਮਾਇਆ ਦੀ ਪੂਜਾ ਹੈ। ਇਹ ਮੰਨਦੇ ਹਾਂ ਕਿ ਸਾਰੀ ਸਿੱਖ ਕੌਮ ਗੁਰੂ ਨਾਲ ਜੁੜਨ ਦੀ ਬਜਾਏ ਗੋਲਕ ਨਾਲ ਜੁੜ ਗਈ ਹੈ। ਗੁਰਦੁਆਰਿਆਂ ਵਿਚ ਥਾਂ-ਥਾਂ 'ਤੇ ਡੇਰਿਆਂ ਵਿਚ ਥਾਂ-ਥਾਂ 'ਤੇ ਮਾਇਆ ਦੇ ਹੀ ਝਗੜੇ ਹਨ ਪਰ ਜਿਹੜੇ ਮਾਇਆ ਦੇ ਤਿਆਗ ਦੀ ਗੱਲ ਭਾਈ ਰਣਧੀਰ

ਸਿੰਘ ਕਰ ਰਹੇ ਹਨ ਉਹ ਤਾਂ ਸਿੱਖਾਂ ਨੂੰ ਮੰਗਤੇ (ਮੰਗ ਖਾਣ ਵਾਲੇ) ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਿਰਤ ਕਰਕੇ ਖਾਣ ਵਾਲਿਆਂ ਨੂੰ ਭਾਈ ਸਾਹਿਬ ਮਾਇਆ ਵਿਚ ਫਸੇ ਦੱਸ ਰਹੇ ਹਨ। ਸਿੰਘ ਸਭਾ ਲਹਿਰ ਦੇ ਸਿੰਘਾਂ ਨੂੰ ਵੀ ਮਾਇਆ ਵਿਚ ਫਸੇ ਦੱਸ ਰਹੇ ਹਨ। ਇਸੇ ਤਰ੍ਹਾਂ ਭਗਤ ਤ੍ਰਿਲੋਚਨ ਜਦੋਂ ਭਗਤ ਨਾਮਦੇਵ ਜੀ ਕੋਲ ਗਏ ਤਾਂ ਉਹ ਕ੍ਰਿਤ ਕਰ ਰਹੇ ਸੀ ਤਾਂ ਤ੍ਰਿਲੋਚਨ ਜੀ ਨੇ ਵੀ ਇਹੋ ਹੀ ਕਿਹਾ ਸੀ ਕਿ ਭਗਤ ਨਾਮਦੇਵ ਜੀ ਤਾਂ ਮਾਇਆ ਵਿਚ ਫਸੇ ਹੋਏ ਹਨ ਤਾਂ ਅੱਗੋਂ ਭਗਤ ਨਾਮਦੇਵ ਜੀ ਨੇ ਅਸਲੀ ਨਾਮ ਸਿਮਰਨ ਸਮਝਾ ਦਿੱਤਾ ਸੀ ਕਿ ਕਿਵੇਂ ਕਰੀਦਾ ਹੈ? ਸੋ ਭਾਈ ਰਣਧੀਰ ਸਿੰਘ ਨਾਮੀ ਅਤੇ ਤਿਆਗੀ ਹੋਣ ਦਾ ਕੇਵਲ ਨਾਟਕ ਖੇਡਦੇ ਰਹੇ ਹਨ ਅਸਲ ਵਿਚ ਗੁਰਸਿੱਖਾਂ ਵਾਲਾ ਨਾਮ ਸਿਮਰਨ ਅਤੇ ਤਿਆਗ ਉਹਨਾਂ ਨੇ ਸਾਰੀ ਜ਼ਿੰਦਗੀ ਨੇੜੇ ਨਾ ਆਇਆ। ਜਿਹੜੇ ਮਾਇਆ ਦੇ ਤਿਆਗ ਦੀ ਗੱਲ ਭਾਈ ਸਾਹਿਬ ਕਰ ਰਹੇ ਹਨ ਉਸ ਅਨੁਸਾਰ ਤਾਂ ਭਾਈ ਸਾਹਿਬ ਦਾ ਸਰੀਰ ਵੀ ਮਾਇਆ ਹੀ ਸੀ ਤਾਂ ਉਹਨਾਂ ਨੂੰ ਥੋੜ੍ਹੀ ਉਮਰ ਵਿਚ ਸਰੀਰ ਦਾ ਵੀ ਤਿਆਗ ਕਰ ਦੇਣਾ ਚਾਹੀਦਾ ਸੀ। ਭਾਈ ਸਾਹਿਬ ਨੂੰ ਭਗਤ ਕਬੀਰ ਸਾਹਿਬ ਦੇ ਕਹੇ ਬਚਨ ਕਦੇ ਚੇਤੇ ਨਾ ਆਏ "ਕਹੁ ਕਬੀਰ ਜਿਸ ਉਦਰ ਤਿਸੁ ਮਾਇਆ" (ਪੰਨਾ 1160) ਭਗਤ ਕਬੀਰ ਸਾਹਿਬ ਕਹਿੰਦੇ ਹਨ ਕਿ ਜਿਸ ਨੂੰ ਵੀ ਪੇਟ ਲੱਗਾ ਹੈ ਉਹ ਮਾਇਆ ਦਾ ਤਿਆਗੀ ਨਹੀਂ ਹੋ ਸਕਦਾ। ਗੁਰੂ ਦੇ ਸਿੱਖ ਕ੍ਰਿਤ ਕਰਦੇ ਹਨ, ਨਾਮ ਜਪਦੇ ਹਨ ਅਤੇ ਵੰਡ ਛਕਦੇ ਹਨ। ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਰਤਾਰਪੁਰ ਖੇਤੀ ਕੀਤੀ ਹੈ। ਇਹਦਾ ਮਤਲਬ ਭਾਈ ਰਣਧੀਰ ਸਿੰਘ ਤਾਂ ਗੁਰੂ ਨੂੰ ਵੀ ਮਾਇਆ ਵਿਚ ਫਸਿਆ ਕਹੇਗਾ। ਸਿੱਖ ਕੌਮ ਦੀ ਬਦਕਿਸਮਤੀ ਇਹੋ ਹੀ ਹੈ ਕਿ ਸਿੱਖ ਕੌਮ ਵਿਚ ਆਪੂੰ ਬਣੇ ਸਾਧਾਂ ਨੇ ਆਪਣੇ ਆਪ ਨੂੰ ਗੁਰੂਆਂ ਨਾਲੋਂ ਵੀ ਸਿਆਣੇ ਕਹਾਉਣ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਗੁਰਸਿੱਖ ਨੇ ਤਾਂ ਇਸ ਤਰ੍ਹਾਂ ਕਹਿਣਾ ਹੈ "ਵਿਚੇ ਗ੍ਰਿਹ ਸਦਾ ਰਹੇ ਉਦਾਸੀ॥" "ਜਿਉ ਕਮਲ ਰਹੈ ਵਿਚ ਪਾਣੀ ਹੇ॥" (ਪੰਨਾ 1071) ਜਿਉ ਮੁਰਗਾਈ ਪੰਕ ਨ ਭੀਜੈ॥" ਗੁਰਮੁਖ ਮਾਇਆ ਵਿਚ ਉਦਾਸੀ॥" "ਜਿਹ ਗ੍ਰਿਹ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰਿ॥" (ਗੁਰੂ ਗ੍ਰੰਥ ਸਾਹਿਬ)

ਕਲਾਧਾਰੀ ਅਕਾਲ ਪੁਰਖ ਦੇ ਅਚਰਜ ਕੌਤਕ

ਭਾਈ ਸਾਹਿਬ ਅੱਗੇ ਲਿਖਦੇ ਹਨ ਪਿਛਲੇ 30 ਸਾਲ ਦੀ ਗੱਲ ਹੈ ਕਿ ਜਗਰਾਓਂ ਦੇ ਕੋਲ ਪਿੰਡ ਡੱਲੇ ਦੇ ਲਾਗੇ ਪਿੰਡ ਵਿਚ ਇਕ ਨੌਜਵਾਨ 20 ਸਾਲ ਦਾ ਲੜਕੀ ਬਣ ਗਿਆ ਸੀ, ਪਰ ਉਸਦੇ ਦਾੜ੍ਹਾ ਜ਼ਰੂਰ ਰਿਹਾ। ਪਿਛਲੇ ਕੁਝ ਦਿਨਾਂ ਦੀ ਗੱਲ ਹੈ ਕਿ ਇੰਗਲੈਂਡ ਵਿਚ ਇਕ ਅੰਗਰੇਜ਼ ਸਾਇੰਸਦਾਨ 39 ਸਾਲ ਦੀ

ਉਮਰ ਵਿਚ ਔਰਤ ਬਣ ਗਿਆ। ਹਾਲਾਂ ਕਿ ਉਸਦੇ ਘਰ ਔਰਤ ਵੀ ਸੀ ਤੇ ਤਿੰਨ ਬੱਚੇ ਵੀ ਸਨ। ਇਸ ਤਰ੍ਹਾਂ ਸਰੀਰ ਦੇ ਬਦਲ ਜਾਣ ਦੀਆਂ ਕਈ ਵਾਰ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹੀ ਰਹਿੰਦੀਆਂ ਹਨ।

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥

ਗੁਰਮਤਿ ਲੇਖ, ਪੰਨਾ 16-17

ਵਿਚਾਰ—ਇਥੇ ਵੀ ਭਾਈ ਸਾਹਿਬ ਨੇ ਗੁਰਮਤਿ ਬਾਰੇ ਪੂਰਨ ਤੌਰ 'ਤੇ ਅਨਜਾਣ ਹੋਣ ਦਾ ਸਬੂਤ ਦਿੱਤਾ ਹੈ। ਠੀਕ ਹੈ ਪ੍ਰਮਾਤਮਾ ਸਰਬ ਸ਼ਕਤੀਮਾਨ ਹੈ। ਰੋਂਦਿਆਂ ਨੂੰ ਹਸਾ ਦਿੰਦਾ ਹੈ ਹੱਸਦਿਆਂ ਨੂੰ ਰਵਾ ਦਿੰਦਾ ਹੈ। ਵਸਦਿਆਂ ਨੂੰ ਉਜਾੜ ਦਿੰਦਾ ਹੈ, ਉਜੜਿਆਂ ਨੂੰ ਵਸਾ ਦਿੰਦਾ ਹੈ। ਸੁੱਕੇ ਥਾਂ ਪਾਣੀ ਅਤੇ ਪਾਣੀ ਵਾਲੇ ਥਾਂ ਸੁਕਾ ਦਿੰਦਾ ਹੈ ਪਰ ਭਾਈ ਸਾਹਿਬ ਨੇ ਕਦੇ ਧਰਤੀ ਇਸੇ ਰੂਪ ਵਿਚ ਅਕਾਸ਼ 'ਤੇ ਚੜ੍ਹੀ ਦੇਖੀ ਹੈ ਅਤੇ ਨਾ ਹੀ ਦੁਨੀਆਂ ਨੇ ਕਦੇ ਅਸਮਾਨ ਨੂੰ ਇਸੇ ਰੂਪ ਵਿਚ ਧਰਤੀ 'ਤੇ ਡਿੱਗਾ ਦੇਖਿਆ ਹੈ। "ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ ਤੇ ਜੋ ਨਾਰੀ" ਇਸ ਬਚਨ ਦੇ ਅਰਥ ਭਾਈ ਸਾਹਿਬ ਨੇ ਬਿਲਕੁਲ ਗੁਰਮਤਿ ਦੇ ਉਲਟ ਸਮਝੇ ਤੇ ਕੀਤੇ ਹਨ ਭਗਤ ਕਬੀਰ ਸਾਹਿਬ ਕਹਿੰਦੇ ਹਨ ਕਿ ਅਸਚਰਜ ਖੇਡ ਹੈ ਬੰਦੇ ਦੇ ਅੰਦਰ ਵੀਰਜ ਹੈ। ਇਸ ਵੀਰਜ ਤੋਂ ਜ਼ਨਾਨੀਆਂ ਵੀ ਬਣ ਜਾਂਦੀਆਂ ਹਨ ਅਤੇ ਜ਼ਨਾਨੀ ਦੇ ਅੰਦਰੋਂ ਪੁਰਸ਼ ਪੈਦਾ ਹੋ ਰਹੇ ਹਨ। ਸੁਮੇਲ ਹੋਣ ਕਰਕੇ ਇਹ ਹੋ ਰਿਹਾ ਹੈ। ਐਸੇ ਹੋਰ ਵੀ ਕਈ ਕੌਤਕ ਭਗਤ ਕਬੀਰ ਸਾਹਿਬ ਜੀ ਨੇ ਬਿਆਨ ਕੀਤੇ ਹਨ ਜਿਵੇਂ:

ਕਹੁ ਕਬੀਰ ਪਰਗਟ ਭਈ ਖੇਡ।
ਲੇਲੇ ਕਉ ਚੂੰਘੈ ਨਿਤ ਭੇਡੁ॥ (ਪੰਨਾ 326)

ਇਹ ਕਿਹੜੀ ਭੇਡ ਹੈ ? ਇਹ ਕਿਹੜਾ ਲੇਲਾ ਹੈ ? ਇਹ ਕਿਵੇਂ ਚੁੰਘ ਰਿਹਾ ਹੈ ? ਪ੍ਰਮਾਤਮਾ ਨੇ ਕਿਵੇਂ ਵਿਰੋਧੀ ਤੱਤ ਇਕ ਥਾਂ ਇਕੱਠੇ ਕੀਤੇ ਹੋਏ ਹਨ ? ਲੱਕੜ ਦੇ ਵਿਚ ਅੱਗ ਰੱਖੀ ਹੋਈ ਹੈ। ਪਾਣੀ ਅਤੇ ਅੱਗ ਦੇ ਸੁਮੇਲ ਨਾਲ ਗੱਡੀਆਂ ਚਲਦੀਆਂ ਹਨ। ਗੁਰੂ ਦਾ ਦਿੱਤਾ ਹੋਇਆ ਮੀਰੀ ਅਤੇ ਪੀਰੀ ਦਾ ਸਿੱਧਾਂਤ ਕੇਵਲ ਗੁਰੂ ਦੇ ਸਿੱਖ ਹੀ ਸਮਝ, ਮੰਨ, ਕਮਾ ਸਕਦੇ ਹਨ। ਪਰ ਜੋ ਬਗਲੇ ਭਗਤ ਹਨ ਲੋਕਾਂ ਨੂੰ ਅੱਖਾਂ ਮੀਟ ਕੇ ਸਮਾਧੀਆਂ ਲਾ ਕੇ ਦਿਖਾਉਣ ਵਾਲੇ ਇਹਨਾਂ ਨੇ ਆਪਣਾ ਸਾਰਾ ਜੀਵਨ ਸਿੱਖੀ ਨੂੰ ਜਾਦੂ ਦੀ ਖੇਡ ਬਣਾਉਣ ਵਿਚ ਹੀ ਲਾ ਛੱਡਿਆ ਹੈ। ਸਿੱਖ ਕੌਮ ਨੂੰ ਇਹਨਾਂ ਦੀ ਦੇਣ ਕੇਵਲ ਇਹੋ ਹੀ ਹੈ।

ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਇਸੇ ਗੁਰਮਤਿ ਲੇਖ ਪੁਸਤਕ ਵਿਚ ਸਫ਼ਾ 18 'ਤੇ ਭਾਈ ਸਾਹਿਬ, ਨਿਰੰਕਾਰ ਨੂੰ ਹੋਰ ਦੱਸ ਰਹੇ ਹਨ। ਗੁਰੂ ਨਾਨਕ ਸਾਹਿਬ ਨੂੰ ਹੋਰ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਹੋਰ ਦੱਸ ਰਹੇ ਹਨ ਪਰ ਸਤਿਗੁਰਾਂ

ਨੇ ਕਈ ਥਾਂਈਂ ਗੁਰਬਾਣੀ ਨੂੰ ਨਿਰੰਕਾਰ ਆਖਿਆ ਹੈ ਅਤੇ ਦਸਵੇਂ ਪਾਤਸ਼ਾਹ ਕਹਿ ਰਹੇ ਹਨ ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ ਫਿਰ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਵੱਖ ਵੱਖ ਕਿਵੇਂ ਹੋਏ ? ਭਾਈ ਸਾਹਿਬ ਨੇ ਇਕ ਥਾਂ ਇਹ ਵੀ ਆਖਿਆ ਹੈ ਕਿ ਦਰਸ਼ਨ ਕਰਨ ਗਏ ਅਗਲੇ ਪਾਸੇ ਪੀੜ੍ਹੇ 'ਤੇ ਗੁਰੂ ਨਾਨਕ ਬੈਠੇ ਸਨ ਅਤੇ "ਗੁਰੂ ਗ੍ਰੰਥ ਸਾਹਿਬ" ਉਥੇ ਹੈ ਹੀ ਨਹੀਂ ਸਨ। ਕੀ ਇਹ ਵਿਤਕਰੇ ਹੀ ਇਹਨਾਂ ਦੀ ਦੇਣ ਹੈ ਕੌਮ ਨੂੰ ?

ਇਸੇ ਲੇਖ ਵਿਚ ਭਾਈ ਰਣਧੀਰ ਇਹ ਸਿੱਧ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਕਿ ਪ੍ਰਤੱਖ ਵਾਹਿਗੁਰੂ ਦੇ ਦਰਸ਼ਨ ਅੱਜ ਤਕ ਕੇਵਲ ਰਣਧੀਰ ਸਿੰਘ ਨੂੰ ਹੀ ਹੋਏ ਹਨ। ਪਰ ਗੁਰੂ ਦੇ ਸਿੱਖਾਂ ਨੂੰ ਕੌਣ ਭੁਲੇਖਾ ਪਾ ਸਕਦਾ ਹੈ।

ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ ॥

(ਪੰਨਾ 381)

ਗੁਰਮੰਤ੍ਰ ਅਤੇ ਗੁਰਬਾਣੀ

ਅੱਗੇ ਭਾਈ ਸਾਹਿਬ ਲਿਖਦੇ ਹਨ ਗੁਰਬਾਣੀ ਸਵਾਸ ਸਵਾਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ।

ਗੁਰਮਤਿ ਲੇਖ, ਪੰਨਾ 45

ਵਿਚਾਰ—ਸਤਿਗੁਰੂ ਕਹਿੰਦੇ ਹਨ :

ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ ॥ (ਪੰਨਾ 628)

ਹੋਰ—

ਗੁਰਬਾਣੀ ਸੁਣਤ ਮੇਰਾ ਮਨ ਦ੍ਰਵਿਆ।
ਮਨ ਭੀ ਨਾ ਹਰ ਰਸ ਆਵੇਗੋ ॥ (ਗੁਰੂ ਗ੍ਰੰਥ ਸਾਹਿਬ)

ਅਤੇ—

ਗਾਵਿਆ ਸੁਣਿਆ ਹਰਿ ਤਿਨ ਕਾ ਥਾਂਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ (ਪੰਨਾ 669)

ਗੁਰਬਾਣੀ ਗਾਵਣਾ ਕੀ ਹੈ ? ਕੰਨ ਨਾਲ ਸੁਣਨਾ (ਮਨ ਨਾਲ ਹਾਜ਼ਰ ਹੋ ਕੇ) ਸਮਝਣਾ, ਮੰਨਣਾ ਅਤੇ ਕਮਾਉਣਾ। ਇਹ ਗੁਰਮਤਿ ਅਨੁਸਾਰ ਸਵਾਸ ਸਵਾਸ ਜਪਣਾ ਹੈ। ਰੱਬੀ ਗੁਣਾਂ ਦਾ ਸਿਮਰਨ ਰੱਬੀ ਗੁਣਾਂ ਨੂੰ ਹਿਰਦੇ ਵਿਚ ਵਸਾਉਣਾ, ਸਵਾਸ ਸਵਾਸ ਸਿਮਰਨ ਹੈ। ਨਾਮ ਦਾ ਅਸਲ ਅਰਥ ਹੈ ਸੱਚ, ਸੱਚ ਦਾ ਸਿਮਰਨ ਹੀ ਨਾਮ ਜਪਣਾ ਹੈ ਕਿਉਂਕਿ

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥ (ਪੰਨਾ 284)

ਅਤੇ—

ਸਾਚੇ ਤੇ ਪਵਨਾ ਭਇਆ ਪਵਨੈ ਤੈ ਜਲ ਹੋਇ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਪੰਨਾ 19)

ਸੋ ਨਾਮ ਦੇ ਆਸਰੇ ਅਤੇ ਸੱਚ ਦੇ ਆਸਰੇ ਅਰਥ ਇਕ ਹੀ ਹੈ। ਸੱਚ ਹੀ ਪ੍ਰਮਾਤਮਾ ਹੈ ਜਿਵੇਂ ਸਚਿ ਸਭਨਾ ਕਾ ਖਸਮ ਹੈ, "ਸਚਹੁ ਉਰਹਿ ਸਭ ਕੋ ਉਪਰ ਸਚੁ ਅਚਾਰੁ" ਸੱਚ ਪ੍ਰਮਾਤਮਾ ਤੇ ਪ੍ਰਮਾਤਮਾ ਸੱਚ ਹੈ। ਜੀਵਨ ਭਰ ਸੱਚ 'ਤੇ ਚੱਲਣਾ ਹੀ ਸਵਾਸ ਸਵਾਸ ਸਿਮਰਨ ਕਰਨਾ ਹੈ। ਇਸਦੀ ਖੁੱਲ੍ਹੀ ਵਿਚਾਰ ਪਿੱਛੇ ਹੋ ਚੁੱਕੀ ਹੈ। ਭਾਈ ਸਾਹਿਬ ਦੇ ਕਹੇ ਹੋਏ ਸਾਸ ਗ੍ਰਾਸ ਦੀ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਜੇ ਇਹ ਐਸੀਆਂ ਨਾਮ ਦਾਨ ਦੇਣ ਲੈਣ ਵਾਲੀਆਂ ਗੁਰਮਤਿ ਵਿਰੋਧੀ ਗੱਲਾਂ ਨਾ ਕਰਦੇ ਤਾਂ ਅੱਜ ਨਾਮ ਦੇਣ ਵਾਲੇ ਦੇਹਧਾਰੀ ਪੈਦਾ ਨਾ ਹੁੰਦੇ।

ਗੁਰ ਫੁਰਮਾਨ ਹੈ:

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ॥

ਗੁਰ ਕੈ ਸਬਦਿ ਮਨ ਕਉ ਸਮਝਾਵਹਿ॥ (ਗੁਰੂ ਗ੍ਰੰਥ ਸਾਹਿਬ)

ਸੰਨਿਆਸੀ ਉਦਾਸੀ ਜਿਹੜੇ ਅੰਮ੍ਰਿਤ ਨਹੀਂ ਛਕਦੇ ਉਹ ਵੀ ਭਾਈ ਸਾਹਿਬ ਵਾਂਗੂੰ ਹੀ ਕਹਿੰਦੇ ਹਨ ਕਿ ਗੁਰਬਾਣੀ ਹੋਰ ਹੈ ਤੇ ਨਾਮ ਹੋਰ ਹੈ। ਭਾਈ ਸਾਹਿਬ ਵੀ ਨਿਗੁਰਿਆਂ ਦੀ ਪਿੱਠ ਪੂਰ ਰਹੇ ਹਨ।

ਜਦੋਂ ਭਾਈ ਰਣਧੀਰ ਸਿੰਘ ਨੇ "ਗੁਰੂ ਸਰੂਪ" ਵਿਚ ਦਰਜ ਭਗਤ ਬਾਣੀ ਨੂੰ ਕੱਚੀ ਬਾਣੀ ਕਿਹਾ ਅਤੇ ਆਪਣੇ ਪੱਕੇ ਸੁਭਾਅ ਮੁਤਾਬਿਕ ਮਨਮੱਤੀ ਕਹਾਣੀ ਨਾਲ ਜੋੜ ਦਿੱਤੀ। ਆਪਣੀ ਗੁਰਮਤਿ ਲੇਖ ਪੰਨਾ 52, ਭਗਤ ਬਾਣੀ ਕਿਵੇਂ ਉਚਾਰਨ ਹੋਈ ਸਿਰਲੇਖ ਅਧੀਨ ਲਿਖਦੇ ਹਨ ਕਿ ਭਗਤਾਂ ਨੇ ਧਰਤੀ 'ਤੇ ਜਨਮ ਧਾਰ ਕੇ ਜੋ ਬਾਣੀ ਉਚਾਰੀ ਉਹ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਨਹੀਂ ਕੀਤੀ ਕਿਉਂਬ ਉਸ ਵਿਚ ਪਾਰਸ ਕਲਾ ਨਹੀਂ ਸੀ। ਉਣਤਾਈਆਂ ਨਾਲ ਭਰੀ ਪਈ ਸੀ। ਜਗਤ ਵਿਖੇ ਜੰਮੇ ਭਗਤਾਂ ਨੂੰ ਗੁਰੂ ਅਵਤਾਰ ਦੀ ਪਦਵੀ ਨਹੀਂ ਮਿਲੀ। ਉਹ ਭਗਤ ਅਵਤਾਰ ਸਦਾਏ ਉਹ ਗੁਰੂ ਅਵਤਾਰ ਨਹੀਂ ਹੋਏ। ਗੁਰੂ ਅਵਤਾਰ ਦੀ ਪਦਵੀ ਕੇਵਲ ਗੁਰੂ ਨਾਨਕ ਦੇਵ ਜੀ ਨੂੰ ਮਿਲੀ ਹੈ। ਲੋਕਾਚਾਰ ਗੁਰੂ ਪਦਵੀਆਂ ਵਾਲੇ ਗੁਰੂ ਰਾਮਾਨੰਦ, ਗੋਰਖ ਆਦਿ ਬਥੇਰੇ ਆਪੇ ਹੀ ਗੁਰੂ ਬਣ ਬੈਠੇ, ਪਰ ਉਹ ਧੁਰ ਦਰਗਾਹੋਂ ਗੁਰੂ ਨਹੀਂ ਥਾਪੇ ਗਏ। ਇਹਨਾਂ ਵਿਚੋਂ ਕਿਸੇ ਨੇ ਵੀ ਅਕਾਲ ਪੁਰਖ ਨੂੰ ਗੁਰੂ ਧਾਰਨ ਨਹੀਂ ਕੀਤਾ।

ਸੋ ਗੁਰ ਕੀ ਬਾਣੀ ਹੀ ਸੱਚੀ ਬਾਣੀ ਹੈ। ਬਾਕੀ ਬਾਣੀ ਚਾਹੇ ਕਿਸੇ ਭਗਤ ਦੀ ਹੈ, ਚਾਹੇ ਕਿਸੇ ਬ੍ਰਹਮਬੇਤੇ ਦੀ ਉਚਾਰੀ ਹੋਈ ਹੈ ਉਹ ਕੱਚੀ ਬਾਣੀ ਹੈ। "ਸਤਿਗੁਰੂ ਬਿਨ੍ਹਾਂ ਹੋਰ ਕੱਚੀ ਹੈ ਬਾਣੀ" ਬਾਣੀ ਤਾਂ ਕੱਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।"

ਕੱਚੀ ਬਾਣੀ ਸਮਝ ਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਬਾਣੀਆਂ ਸਤਿਗੁਰੂ ਨੇ ਨਹੀਂ ਚੜ੍ਹਾਈਆਂ। ਉਹ ਇਸ ਖ਼ਿਆਲ ਨਾਲ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ ਭੂਤਕੀ ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ 'ਗੁਰੂ ਗ੍ਰੰਥ ਸਾਹਿਬ" ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ ਅਕਾਲ ਕਲਾ ਕ੍ਰਿਸ਼ਮੀ ਤੇਜ ਪ੍ਰਤਾਪ ਉਦੱਤ ਕਰ ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਹਨਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾ ਕੇ, ਸ਼ਬਦਗੁਰ ਸੱਤਾ ਦੇ ਕੇ ਪ੍ਰਤੱਖ ਦਿੱਬ ਸਰੂਪ ਵਿਚ ਸਾਵਧਾਨ ਕੀਤਾ ਅਤੇ ਕਰਮ ਖੰਡ ਵਿਚੋਂ ਸਚਖੰਡ ਵਾਸੀ ਕਰਵਾ ਨਿਰੰਕਾਰੀ ਸਮੀਪਤਾ ਦਾ ਭਾਗ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ ਪਾਰਸ ਕਿਸਮੀ ਪ੍ਰਭਾਵ ਸੰਚਾਰ ਕਰ "ਬੋਲਾਇਆ ਬੋਲੀ/ਤੇਰਾ।" ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ! ਇਉਂ ਧੁਰ ਖਸਮ ਰਜ਼ਾ ਦੁਆਰਾ "ਗੁਰੂ ਗ੍ਰੰਥ ਸਾਹਿਬ" ਵਿਚ ਵਿਦਮਾਨ ਤੇ ਸੁਸ਼ੋਭਤ ਹੋਈ ਭਗਤ ਬਾਣੀ ਆਈ। ਲਿਖਤ ਉਤਾਰਿਆ। ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ, ਗੁਰੂ ਨਾਨਕ ਕਟਾਖਸ਼ੀ-ਭਾਣਿਆਂ ਅੰਦਰ ਹੀ ਧੁਰੋਂ ਉਤਰੀ।

ਇਸੇ ਤਰ੍ਹਾਂ ਸਵੱਯੇ ਲਿਖਣ ਵਾਲੇ ਭੱਟਾਂ ਵਿਚ ਵੀ ਗੁਰਬਾਣੀ ਲਿਖਣ ਦੀ ਕੋਈ ਸ਼ਰਧਾ ਸਮਰੱਥਾ ਨਹੀਂ ਸੀ ਅਤੇ ਸੱਤੇ ਬਲਵੰਡੇ ਦੀ ਕੋਈ ਸ਼ਰਧਾ ਸਮਰੱਥਾ ਨਹੀਂ ਸੀ।

ਗੁਰਮਤਿ ਲੇਖ, ਪੰਨਾ 52-55

ਵਿਚਾਰ—ਇਹਨਾਂ ਅਖੌਤੀ ਬ੍ਰਹਮਗਿਆਨੀਆਂ ਨੂੰ ਸਿੱਖੀ ਦੇ ਥੰਮ੍ਹ ਕਹਿਣ ਵਾਲੇ ਆਮ ਕਹਿੰਦੇ ਹਨ ਕਿ ਵਿਦਵਾਨਾਂ ਅੰਦਰ ਬਾਣੀ ਵਾਸਤੇ ਸ਼ਰਧਾ ਨਹੀਂ ਹੈ, ਪਰ ਤੁਹਾਡੇ ਅਖੌਤੀ ਸਾਧ ਕਹਿ ਰਹੇ ਹਨ ਕਿ ਗੁਰਬਾਣੀ ਲਿਖਣ ਵਾਲਿਆਂ ਵਿਚ ਸ਼ਰਧਾ ਸਮਰੱਥਾ ਨਹੀਂ ਸੀ। ਅਖੇ ਇਹਨਾਂ ਵਿਦਵਾਨਾਂ ਨੇ ਕਿਸੇ ਦਿਨ ਕਹਿ ਦੇਣਾ ਕਿ ਭਗਤਾਂ ਦੀ ਬਾਣੀ, ਗੁਰਬਾਣੀ ਨਹੀਂ ਹੈ। ਪਰ ਤੁਹਾਡੇ ਸਾਧਾਂ ਨੇ ਤਾਂ ਕਹਿ ਵੀ ਦਿੱਤਾ ਹੈ ਕਿ ਇਹ ਬਾਣੀ ਨਹੀਂ ਹੈ ਬਹੁਤ ਵੱਡਾ ਤਰਕ ਤਾਂ ਇਹਨਾਂ ਨੇ ਕਰ ਵੀ ਦਿੱਤਾ ਹੈ। ਹੋਰ ਤਰਕ ਦੀ ਪਰਿਭਾਸ਼ਾ ਤੁਹਾਡੇ ਸਾਧਵਾਦ ਮੁਤਾਬਿਕ ਕੀ ਹੁੰਦੀ ਹੈ ਜੀ?

ਭਾਈ ਰਣਧੀਰ ਸਿੰਘ ਤਾਂ ਇਹ ਵੀ ਸੋਚਦਾ ਹੋਣਾ ਕਿ ਜੇ ਮੈਂ ਓਦੋਂ ਹੁੰਦਾ ਤਾਂ ਇਹ ਸਾਰੀਆਂ ਮਨਮੱਤੀ ਲਿਖਤਾਂ ਗੁਰੂ ਸਾਹਿਬ ਤੋਂ ਗੁਰਬਾਣੀ ਵਿਚ ਦਰਜ ਕਰਵਾ ਲੈਂਦਾ ਕਿਉਂਕਿ ਸ਼ਰਧਾ ਤੇ ਸਮਰੱਥਾ ਭਾਈ ਸਾਹਿਬ ਤੋਂ ਬਿਨ੍ਹਾਂ ਹੋਰ ਕਿਸੇ ਵਿਚ ਹੈ ਹੀ ਨਹੀਂ। ਕਿਉਂਕਿ ਅੱਜ ਤਕ ਸਚਖੰਡ ਵਿਚ ਵੀ ਭਾਈ ਸਾਹਿਬ ਤੋਂ

ਬਿਨ੍ਹਾਂ ਹੋਰ ਕੋਈ ਨਹੀਂ ਅਪੜਿਆ ਕਿਉਂਕਿ ਭਾਈ ਸਾਹਿਬ ਦੇ ਕਹਿਣ ਮੁਤਾਬਿਕ ਗੁਰਬਾਣੀ ਰਚਣਹਾਰ ਪਰਮ ਪਦਵੀ ਨੂੰ ਪਹੁੰਚੇ ਭਗਤ ਵੀ ਕਰਮਖੰਡ ਵਿਚ ਹੀ ਅੜੇ ਪਏ ਸਨ ਉਹਨਾਂ ਤੋਂ ਵੀ ਸੱਚਖੰਡ ਨਹੀਂ ਅਪੜਿਆ ਗਿਆ। ਇੰਜ ਜਾਪਦਾ ਹੈ ਕਿ ਹਿੰਦੂ ਮੱਤ ਵਾਲਾ ਕਲਪਿਆ ਸੱਚਖੰਡ ਭਾਈ ਸਾਹਿਬ ਨੇ ਆਪਣੇ ਇਕੱਲੇ ਵਾਸਤੇ ਸਦਾ ਵਾਸਤੇ ਬੁੱਕ ਕਰਵਾਇਆ ਹੋਇਆ ਹੈ ਕਿਉਂਕਿ ਸਿੱਖ ਮੱਤ ਦਾ ਤਾਂ ਉਸ ਸੱਚਖੰਡ ਨਾਲ ਸੰਬੰਧ ਹੀ ਕੋਈ ਨਹੀਂ ਹੈ। ਇਹ ਠੀਕ ਹੈ ਕਿ ਵਿਦਵਾਨਾਂ ਦੇ ਵਿਚਾਰਾਂ ਦੇ ਮੱਤਭੇਦ ਤਾਂ ਕਿਤੇ-ਕਿਤੇ ਹੋ ਹੀ ਜਾਂਦੇ ਹਨ ਪਰ ਬ੍ਰਹਮਗਿਆਨੀਆਂ ਦੇ ਮੱਤਭੇਦ ਇਹ ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਸਿੱਖ ਕੌਮ ਦੇ ਬ੍ਰਹਮਗਿਆਨੀਆਂ ਦੀ ਸੋਚ ਅਗਿਆਨ ਦੇ ਹਨ੍ਹੇਰੇ ਖੂਹ ਅਤੇ ਫੋਕੇ ਕਰਮਕਾਂਡ ਦੇ ਦਾਇਰੇ ਵਿਚੋਂ ਕਦੇ ਵੀ ਬਾਹਰ ਨਾ ਨਿਕਲੀ। ਇਹਨਾਂ ਬ੍ਰਹਮਗਿਆਨੀਆਂ 'ਤੇ ਭਰੋਸਾ ਕਰਕੇ ਕੌਮ ਨੇ ਬਹੁਤ ਜ਼ਿਆਦਾ ਨੁਕਸਾਨ ਕਰਵਾ ਲਿਆ ਹੈ।

ਜੇ ਭਾਈ ਰਣਧੀਰ ਸਿੰਘ ਦਾ ਭਗਤ ਬਾਣੀ ਬਾਰੇ ਬੋਲਿਆ ਕੁਫ਼ਰ ਸੱਚ ਹੁੰਦਾ ਤਾਂ ਇਹ ਹੇਠ ਲਿਖੇ ਸ਼ਬਦਾਂ ਦੀ ਬਣਤਰ ਇਸ ਤਰ੍ਹਾਂ ਨਾ ਹੁੰਦੀ

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ।
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥ (ਪੰਨਾ 1380)

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ॥
ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ॥
ਜਿਉ ਬੈਸੰਤਰ ਧਾਤੁ ਸੁਧਿ ਹੋਇ ॥
ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥
ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗ ਲਾਇ॥52॥ (ਪੰਨਾ 1380)

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੇ ਸੇਈ ਤੇਸ ਕਰੇਉ॥ (ਪੰਨਾ 1383)

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੇ ਜੇ ਨੀਅਤਿ ਰਾਸਿ ਕਰੇਇ॥ (ਪੰਨਾ 1383)

ਫ਼ਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ।
ਕਰਿ ਸਾਂਈਂ ਸਿਉ ਪਿਰਹੜੀ ਰੰਗ ਨਵੇਲਾ ਹੋਇ॥12॥ (ਪੰਨਾ 1378)

ਫਰੀਦਾ ਕਾਲੀ ਧਉਲੀ ਸਾਹਿਬ ਸਦਾ ਹੈ ਜੇ ਕੋ ਚਿਤ ਕਰੇ।
ਆਪਣਾ ਲਾਇਆ ਪਿਰਮ ਨ ਲਗਈ ਜੇ ਲੋਚੈ ਸਭ ਕੋਇ।
ਇਹੁ ਪਿਰਮ ਪਿਆਲਾ ਖਸਕ ਕਾ ਜੈ ਭਾਵੈ ਤੈ ਦੇਇ ॥13॥ (ਪੰਨਾ 1378)

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਕ ਤਰਣੁ ਦੁਹੇਲਾ॥ (ਪੰਨਾ 794)

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।
ਨਾ ਸਰਵਰੁ ਨਾ ਊਛਲੈ ਐਸਾ ਪੰਥ ਸੁਹੇਲਾ॥ (ਪੰਨਾ 729)

ਰੇ ਕਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।
ਮਿਰਤਕ ਪਿੰਡਿ ਪਦ ਨਾ ਅਹਿਨਿਸ ਏਕੁ ਅਗਿਆਨ ਸੁ ਨਾਗਾ॥
(ਪੰਨਾ 93)

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗ੍ਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਥ ਧਿਆਨ ਲਿਵ ਲਾਗਾ॥
ਨਾ ਮਰਜਾਦੁ ਆਇਆ ਕਲਿ ਭੀਤਰ ਬਾਹੁੜ ਜਾਸੀ ਨਾਗਾ॥
(ਪੰਨਾ 74-75)

ਹੋਰ ਵੀ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ ਪਰ ਪੁਸਤਕ ਦਾ ਆਕਾਰ ਵੱਧ ਰਿਹਾ ਹੈ ਇਸ ਕਰਕੇ ਦੂਸਰੇ ਭਾਗ ਵਿਚ ਲਿਖਾਂਗਾ। ਭਗਤਾਂ ਨੇ ਆਪਣੇ ਜੀਊਂਦੇ ਜੀਅ ਜਾਮੇ ਵਿਚ ਹੀ ਉਚਾਰਨ ਕੀਤੀ। ਧੰਨ ਗੁਰੂ ਨਾਨਕ ਦੇਵ ਜੀ ਆਪਣੇ ਤੋਂ ਪਹਿਲੇ ਹੋਏ ਭਗਤਾਂ ਦੀ ਬਾਣੀ ਅਤੇ ਸਮਕਾਲੀ ਭਗਤਾਂ ਦੀ ਬਾਣੀ ਆਪ ਥਾਂ-ਥਾਂ ਤੋਂ ਲਿਆ ਕੇ ਪੋਥੀ (ਸੈਂਚੀ) ਵਿਚ ਸੰਭਾਲੀ ਅਤੇ ਗੁਰਗੱਦੀ ਦੇਣ ਸਮੇਂ ਇਹ ਬਾਣੀ ਦੀਆਂ ਸੈਂਚੀਆਂ ਹਰ ਗੁਰੂ ਸਾਹਿਬ ਕੋਲ ਵਾਰੀ ਵਾਰੀ ਪਹੁੰਚਦੀਆਂ ਰਹੀਆਂ। ਪੰਜਵੇਂ ਪਾਤਸ਼ਾਹ ਕੋਲ ਸੈਂਚੀਆਂ ਮੌਜੂਦ ਸਨ ਉਹਨਾਂ ਨੂੰ ਮੋਹਨ ਕੋਲੋਂ ਗੋਇੰਦਵਾਲ ਸੈਂਚੀਆਂ ਲੈਣ ਜਾਣ ਦੀ ਕੋਈ ਲੋੜ ਨਹੀਂ ਸੀ। ਗੁਰੂ ਦੇ ਬਚਨਾਂ ਦੀ ਹੁਕਮ ਅਦੂਲੀ ਕਰਕੇ ਗੁਰਗੱਦੀ ਤੋਂ ਵਾਂਝੇ ਰਹਿਣ ਵਾਲਿਆਂ ਦੀ ਸਿਫ਼ਤ ਗੁਰਬਾਣੀ ਵਿਚ ਲਿਖਣ ਦੀ ਪੂਰੇ ਗੁਰੂ ਨੂੰ ਕਦੇ ਲੋੜ ਨਾ ਪਈ। ਇਹ ਕਹਾਣੀ ਵੀ ਝੂਠੀ ਜੋੜੀ ਹੋਈ ਹੈ। ਭਗਤ ਬਾਣੀ ਭਗਤਾਂ ਦੇ ਇਸੇ ਜਾਮੇ ਵਿਚ ਵਿਚ ਉਚਾਰੀ ਹੋਈ "ਗੁਰੂ ਗ੍ਰੰਥ ਸਾਹਿਬ" ਵਿਚ ਦਰਜ ਹੋਈ ਹੈ ਹੇਠ ਲਿਖੇ ਸ਼ਬਦ ਸੱਚ ਦੇ ਗਵਾਹ ਹਨ–

ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ ॥
ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸ ਲਪਟਿਓ ॥1॥

ਹਮਾਰੇ ਕੁਲ ਕਉਨੇ ਰਾਮੁ ਕਹਿਓ। ਜਬ ਕੀ ਮਾਲਾ ਲਈ ਨਿਪੂਤੇ, ਤਬ ਤੇ ਸੁਖੁ ਨਾ ਭਇਓ ॥1॥ਰਹਾਉ॥ ਸੁਨਹੁ ਜਿਠਾਨੀ ਸੁਨਹੁ ਦਿਰਾਨੀ, ਅਚਰਜ ਏਕੁ ਭਇਓ ॥ ਸਾਤ ਸੂਤ ਇਨਿ ਮੁਡੀਏ ਖੋਏ, ਇਹੁ ਮੁਡੀਆ ਕਿਉ ਨਾ ਮੁਇਓ ॥2॥ ਸਰਬ ਸੁਖਾ ਕਾ ਏਕੁ ਹਰਿ ਸੁਆਮੀ, ਸੋ ਗੁਰਿ ਨਾਮੁ ਦਇਓ ॥ ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ, ਹਰਨਾਖਸ਼ ਨਖੁ ਬਿਦਰਿਓ ॥3॥ ਘਰ ਕੇ ਦੇਵ ਪਿਤਰ ਕੀ ਛੋਡੀ, ਗੁਰ ਕੋ ਸ਼ਬਦ ਲਇਓ ॥ ਕਹਤ ਕਬੀਰ, ਸਗਲ ਪਾਪ ਖੰਡਨੁ, ਸੰਤਹ ਲੈ ਉਧਰਿਓ ॥ (ਪੰਨਾ 856)

ਮਾਂ ਦੇ ਗਿਲ੍ਹੇ ਸ਼ਿਕਵੇ ਬਿਆਨ ਕੀਤੇ ਹਨ। ਭਗਤ ਜੀ ਆਪ ਮਾਲਾ ਦੇ ਸਖਤ ਵਿਰੋਧੀ ਸਨ। ਕੋਈ ਮਾਲਾ ਕੋਲ ਨਹੀਂ ਸੀ। ਮਾਂ ਗੁੱਸੇ ਗਿਲ੍ਹੇ ਕਰਦੀ ਰਹਿੰਦੀ ਹੈ ਕਿ ਜਦੋਂ ਦੀ ਇਸਨੇ ਮਾਲਾ ਫੜੀ ਹੈ। ਘਰ ਵਿਚ ਕੋਈ ਸੁੱਖ ਨਹੀਂ ਵੇਖਿਆ। ਕਿਉਂਕਿ ਵਿਰੋਧੀ ਹਮੇਸ਼ਾਂ ਵਧਾ ਕੇ ਗੱਲ ਕਰਦੇ ਹਨ। ਹੁਣ ਵੀ ਜੇ ਕੋਈ ਜ਼ਿਆਦਾ ਗੁਰੂ ਦੀ ਹਜ਼ੂਰੀ ਵਿਚ ਰਹੇ ਤਾਂ ਕਈ ਵਿਰੋਧੀ ਕਹਿ ਦਿੰਦੇ ਹਨ ਇਹ ਤਾਂ ਸਾਰਾ ਦਿਨ ਗੁਰੂ ਨਾਨਕ ਦੀਆਂ ਲੱਤਾਂ ਨਾਲ ਚਿੰਬੜਿਆ ਰਹਿੰਦਾ ਹੈ। ਕੀ ਉਹਨੇ ਗੁਰੂ ਨਾਨਕ ਦੀਆਂ ਲੱਤਾਂ ਹੱਥਾਂ ਵਿਚ ਫੜੀਆਂ ਹੋਈਆਂ ਹਨ॥

ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ॥ (ਪੰਨਾ 851)

ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥
ਹਸਤੀ ਕ੍ਰੋਧ ਮੂੰਡ ਮਹਿ ਮਾਰਿਓ ॥
ਹਸਤਿ ਭਾਗ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥
ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥2॥ਰਹਾਉ॥
ਰੇ ਮਹਾਵਤ ਤੁਝੁ ਡਾਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥
ਹਸਤਿ ਨ ਤੋਰੈ ਧਰੈ ਧਿਆਨੁ ॥ ਵਾਕੈ ਰਿਦੈ ਬਸੈ ਭਗਵਾਨੁ ॥
ਕਿਆ ਅਪਰਾਧੁ ਸੰਤ ਹੈ ਕੀਨਾ॥ ਬਾਂਧਿ ਪੋਟ ਕੁੰਚਰੁ ਕਉ ਦੀਨਾ॥
ਕੁੰਚਰ ਪੋਟ ਲੈ ਲੈ ਨਮਸਕਾਰੈ॥ ਬੂਝੀ ਨਾਹੀ ਕਾਜੀ ਅੰਧਿਆਰੈ ॥
ਤੀਨਿ ਬਾਰ ਪਤੀਆ ਭਰਿ ਲੀਨਾ॥ ਮਨ ਕਠੋਰੁ ਅਜਹੂ ਨ ਪਤੀਨਾ॥
ਕਹਿ ਕਬੀਰ ਹਮਰਾ ਗੋਬਿੰਦ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥
(ਪੰਨਾ 870-71)

ਗੋਂਡ :-

ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥
ਕੂਚ ਬਿਚਾਰੇ ਫੂਏ ਫਾਲ॥ ਇਆ ਮੁੰਡੀਆ ਸਿਰਿ ਚਢਿਬੋ ਕਾਲ॥

ਇਹੁ ਮੁੰਡੀਆ ਸਗਲ ਦ੍ਰਬ ਖੋਈ ॥ ਆਵਤ ਜਾਤ ਨਾਕ ਸਰ ਹੋਈ ॥ਰਹਾਉ॥
ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾਕਾ ਮਨ ਰਾਤਾ॥
ਲਰਿਕੀ ਲਰਿਕਨ ਖੈਬੋ ਨਾਹਿ॥ ਮੁੰਡੀਅਨ ਅਨਦਿਨੁ ਧਾਪੇ ਜਾਹਿ ॥2॥
ਇਕ ਦੁਇ ਮੰਦਰਿ ਇਕ ਦੁਇ ਬਾਟ ॥ ਹਮ ਕਉ ਸਾਥਰੁ ਉਨ ਕਉ ਖਾਟ॥
ਮੂਡ ਪਲੋਸਿ ਕਮਰ ਬਧਿ ਪੋਥੀ॥ ਹਮ ਕਉ ਚਾਬਨੁ ਉਨ ਕਉ ਰੋਟੀ ॥3॥
ਮੁੰਡੀਆ ਮੁੰਡੀਆ ਹੂਏ ਏਕ॥ ਏ ਮੁੰਡੀਆ ਬੂਡਤ ਕੀ ਟੇਕ॥
ਸੁਨਿ ਅੰਧਲੀ ਲੋਈ ਬੇਪੀਰ॥ ਇਨ ਮੁੰਡੀਅਨਿ ਭਜਿ ਸਰਜਿ ਕਬੀਰ॥
॥437॥6॥ (ਪੰਨਾ 871)

ਬਿਲਾਵਲੁ ਗੋਂਡ

ਆਜੁ ਨਾਮੇ ਬੀਠਲੁ ਦੇਖਿਆ, ਮੂਰਖ ਕੋ ਸਮਝਾਊ ਰੇ ॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥
ਪਾਡੇ ਤੁਮਰਾ ਮਹਾਦੇਉ॥ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥
ਪਾਡੇ ਤੁਮਰਾ ਰਾਮ ਚੰਦ ਸੋ ਭੀ ਆਵਤ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥
ਹਿੰਦੂ ਅੰਨਾ ਤੁਰਕੂ ਕਾਣਾ॥
ਦੁਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੇ ਦੇਹੁਰਾ ਮੁਸਲਮਾਨੁ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (ਪੰਨਾ 874)

ਜਉ ਤੂੰ ਬਾਹਮਣ ਬਾਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ (ਪੰਨਾ 324)

ਨਾਮਾ ਕਾਹੈ ਤਿਲੋਚਨਾ ਮੁਖ ਤੇ ਰਾਮ ਸੰਭਾਲ॥
ਹਾਥਿ ਪਾਉ ਕਰ ਕਾਮ ਸਭ ਚੀਤੁ ਨਿਰੰਜਨ ਨਾਲਿ॥ (ਪੰਨਾ 1375)

ਸੋ ਹੋਰ ਵੀ ਕਈ ਸ਼ਬਦ ਲਿਖੇ ਜਾ ਸਕਦੇ ਹਨ। ਭਗਤਾਂ ਨੇ ਇਹ ਬਾਣੀ ਇਸੇ ਜਾਮੇ ਵਿਚ ਉਚਾਰੀ ਅਤੇ ਇਹੀ ਗੁਰਬਾਣੀ "ਗੁਰੂ ਗ੍ਰੰਥ ਸਾਹਿਬ' 'ਚ ਦਰਜ ਹੈ।

ਸੋ ਸਤਿਕਾਰਯੋਗ ਭਗਤਾਂ, ਭੱਟਾਂ ਅਤੇ ਸੱਤਾ ਬਲਵੰਡਾ ਨੂੰ ਸ਼ਰਧਾ ਹੀਣ ਦੱਸ ਕੇ ਭਾਈ ਰਣਧੀਰ ਸਿੰਘ ਨੇ ਸਿੱਖ ਹਿਰਦਿਆਂ 'ਤੇ ਕਰਾਰੀ ਸੱਟ ਮਾਰੀ ਹੈ।

ਗੁਰਮਤਿ ਰਮਜਾਂ ਸਿਰਲੇਖ ਹੇਠ ਗੁਰਮਤਿ ਲੇਖ ਦੇ ਪੰਨਾ 109 'ਤੇ ਭਾਈ

ਰਣਧੀਰ ਸਿੰਘ ਲਿਖਦੇ ਹਨ ਤਦ ਗੁਰਬਾਣੀ ਦੇ ਅਨੁਮਾਨ ਮਾਤਰ ਅਰਥਾਂ ਦਾ ਧਿਆਨ ਧਰਨਾ ਜਾਪ ਸਿਮਰਨ ਪ੍ਰਤੀ ਕੀ ਸਹਾਈ ਹੋ ਸਕਦਾ ਹੈ। ਇਸ ਤੱਤ ਅਲੱਖ ਸਰੂਪ ਨੂੰ ਸਤਿਗੁਰਾਂ ਨੇ ਹੀ ਸਾਗੋ ਪਾਂਗ ਲਖਿਆ ਅਤੇ ਇਸ ਤੱਤ ਲਖਤਾ ਦੀ ਸਾਂਗੋ ਪਾਂਗ ਸ਼ਾਖਸ਼ਾਤ ਕਾਰਤਾ ਅੰਦਰ ਹੀ ਗੁਰਬਾਣੀ ਸ਼ਾਖਸ਼ਾਤਕਾਰ ਹੋਈ। ਤਾਂਤੇ ਗੁਰਬਾਣੀ ਅਕਾਲ ਪੁਰਖ ਦਾ ਸਾਖਿਆਤ ਗਿਆਨ ਹੈ। ਇਸ ਧੁਰ ਕੀ ਬਾਣੀ ਦੇ ਤਤ ਸ਼ਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ। ਇਸ ਤਤ ਵਾਸਤਵੀ ਅਰਥਾਂ ਦੀ ਸ਼ਾਖਸ਼ਾਤ ਲਖਤਾ ਤੋਂ ਬਿਹੂਨ ਅਰਥਾਂ ਦਾ ਧਿਆਨ ਕੀ ਅਰਥ ਰੱਖਦਾ ਹੈ।

ਗੁਰਮਤਿ ਲੇਖ, ਪੰਨਾ 109

ਵਿਚਾਰ—ਭਾਈ ਸਾਹਿਬ ਕਹਿੰਦੇ ਹਨ ਕਿ ਧੁਰ ਕੀ ਬਾਣੀ ਦੇ ਤਤ ਸਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ। ਤਦੇ ਰੰਗ ਲਾ ਦਿੱਤੇ ਹਨ ਇਹਨਾਂ ਅਖੌਤੀ ਬ੍ਰਹਮਗਿਆਨੀਆਂ ਨੇ ਅਰਥ ਸਮਝ ਕੇ, ਜਿੰਨੇ ਅਰਥ ਇਹਨਾਂ ਨੇ ਕੀਤੇ ਹਨ ਅਰਥ ਕਰਦੇ ਸਮੇਂ ਹੋਰ ਕਿਸੇ ਨੇ ਨਹੀਂ ਕੀਤੇ। ਝੂਠੀਆਂ ਕਹਾਣੀਆਂ ਜੋੜ ਜੋੜ ਕੇ ਅਰਥਾਂ ਦੇ ਅਨਰਥ ਕਰੀ ਜਾ ਰਹੇ ਹਨ। ਸਾਰੇ ਦਾ ਸਾਰਾ ਬ੍ਰਾਹਮਣਵਾਦੀ ਕਰਮਕਾਂਡ ਸਿੱਖ ਧਰਮ ਵਿਚ ਇਹਨਾਂ ਸਾਧਾਂ ਦਾ ਹੀ ਫੈਲਾਇਆ ਹੋਇਆ ਹੈ। ਬ੍ਰਾਹਮਣ ਵੀ ਕਹਿੰਦਾ ਸੀ ਕਿ ਗੀਤਾ ਦੇ ਅਰਥ ਮੇਰੇ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਕਰ ਸਕਦਾ। ਸ਼ੂਦਰ ਨੂੰ ਮੰਦਰ ਵਿਚ ਹੀ ਨਹੀਂ ਸੀ ਵੜਨ ਦਿੰਦਾ। ਸਾਰੇ ਅਧਿਕਾਰ ਬ੍ਰਾਹਮਣ ਨੇ ਆਪਣੇ ਵਾਸਤੇ ਰਾਖਵੇਂ ਰੱਖੇ ਹੋਏ ਸਨ। ਇਸੇ ਤਰ੍ਹਾਂ ਦੀ ਗ਼ਲਤ ਬਿਆਨੀ ਇਹ ਸਿੱਖ ਕੌਮ ਦੇ ਅਖੌਤੀ ਸਾਧ ਕਰ ਰਹੇ ਹਨ ਕਿ ਸਾਰੇ ਅਧਿਕਾਰ ਇਹਨਾਂ ਸਾਧਾਂ ਕੋਲ ਹੀ ਹਨ। ਇਹ ਸਾਰੇ ਸਾਧ ਬ੍ਰਾਹਮਣੀ ਮੱਤਾਂ ਦਾ ਹੀ ਪ੍ਰਚਾਰ ਕਰ ਰਹੇ ਹਨ ਅਤੇ ਨਾਮ ਸਿਮਰਨ ਦੀ ਗੱਲ ਨੂੰ ਗੁਰਮਤਿ ਦੇ ਉਲਟ ਐਨੀ ਗੁੰਝਲਦਾਰ ਬਣਾ ਕੇ ਪੇਸ਼ ਕਰਕੇ ਇਹ ਸਿੱਧ ਕਰਨ ਦੇ ਕੋਝੇ ਯਤਨ ਵਿਚ ਹਨ ਕਿ ਇਹ ਨਾਮ ਸਿਮਰਨ ਕੇਵਲ ਭਾਈ ਸਾਹਿਬ ਹੀ ਕਰ ਸਕਦੇ ਹਨ। "ਗੁਰੂ ਨਾਨਕ ਦੇਵ ਜੀ" ਨੇ ਸਾਰਿਆਂ ਨੂੰ ਬਰਾਬਰੀ ਦੇ ਹੱਕ ਦਿੰਦਿਆਂ 'ਭਾਈ' ਲਕਬ ਨਾਲ ਨਿਵਾਜਿਆ। ਜਿਸਦਾ ਮਤਲਬ ਹੈ ਭਰਾ। ਕਿ ਅਸੀਂ ਸਾਰੇ ਭਰਾ ਹਾਂ। ਪਰ ਇਹਨਾਂ ਸਾਧਾਂ ਨੇ ਕਦੇ ਵੀ ਕਿਸੇ ਹੋਰ ਨੂੰ ਬਰਾਬਰੀ 'ਤੇ ਆਉਣ ਹੀ ਨਹੀਂ ਦਿੱਤਾ। ਇਹ ਪਲੰਘਿਆ 'ਤੇ ਚੜ੍ਹ ਕੇ ਬੈਠਦੇ ਹਨ ਦੂਜੀ ਸੰਗਤ ਥੱਲੇ ਜ਼ਮੀਨ 'ਤੇ ਬੈਠਦੀ ਹੈ। ਨਾਮ ਦਾਨ ਦੀਆਂ ਗੱਲਾਂ ਕਰਕੇ ਇਹਨਾਂ ਕਈ ਗੁਰੂ ਦੇ ਸ਼ਰੀਕ ਦੇਹਧਾਰੀ ਪੈਦਾ ਕਰ ਦਿੱਤੇ ਹਨ। ਜੇ ਪ੍ਰੋ. ਸਾਹਿਬ ਸਿੰਘ, ਗਿਆਨੀ ਦਿੱਤ ਸਿੰਘ ਅਤੇ ਹੋਰ ਵਿਦਵਾਨ ਸਿੰਘ ਸੂਰਮੇ ਨਾ ਹੁੰਦੇ ਤਾਂ ਇਹ ਸਾਧ ਆਪ ਹੀ ਗੁਰੂ ਬਣ ਜਾਂਦੇ ਅਤੇ ਸਿੱਖ ਗੁਰਦੁਆਰਿਆਂ ਅੰਦਰ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ

ਹੁੰਦੀਆਂ ਅਤੇ ਟੱਲ ਖੜਕਦੇ। ਇਹਨਾਂ ਸੁਹਿਰਦ ਵਿਦਵਾਨਾਂ ਦੀ ਗੁਰਬਾਣੀ ਗੁਰਮਤਿ ਅਨੁਸਾਰ ਸੋਚ ਮਿਸ਼ਨਰੀ ਕਾਲਜਾਂ ਦੇ ਰਾਹੀਂ ਸੰਗਤਾਂ ਵਿਚ ਫੈਲੀ ਜੋ ਹੁਣ ਵੀ ਗੁਰਮਤਿ ਸਿੱਧਾਂਤਾਂ ਦੀ ਪਹਿਰੇਦਾਰੀ ਦੀ ਸੇਵਾ ਕਰ ਰਹੇ ਹਨ ਅਤੇ ਗੁਰ ਕਿਰਪਾ ਸਦਕਾ ਕਰਦੇ ਰਹਿਣਗੇ।

ਭਾਈ ਸਾਹਿਬ ਅੱਗੇ ਲਿਖਦੇ ਹਨ ਕਿ ਸ੍ਰੀ ਅਕਾਲ ਪੁਰਖ ਦੀ ਬਖਸ਼ੀ ਹੋਈ ਖੰਡਾ ਖੜਗੇਸ਼ੀ ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ।

ਗੁਰਮਤਿ ਲੇਖ, ਪੰਨਾ 191

ਵਿਚਾਰ—ਇਸਦਾ ਮਤਲਬ ਕਿ ਭਾਈ ਸਾਹਿਬ ਵੀ ਦਸਮ ਗ੍ਰੰਥ ਦੇ ਪੱਕੇ ਹਾਮੀ ਹਨ। ਰਿੱਝ ਰਹੀ ਦਾਲ ਦੀ ਦੇਗ ਵਿਚੋਂ ਇਕ ਦਾਣਾ ਟੋਹਿਆਂ ਹੀ ਪਤਾ ਲੱਗ ਜਾਂਦਾ ਹੈ। ਇਥੇ ਟੂਕ ਮਾਤਰ ਵੰਨਗੀਆਂ, ਜਿਸਨੂੰ ਇਹ ਦਸਮ ਗ੍ਰੰਥ ਅਤੇ ਹੁਣ ਆਰ.ਐਸ.ਐਸ. ਦੇ ਆਖੇ ਲਗਾ ਕੇ ਦਸਮ ਗੁਰੂ ਗ੍ਰੰਥ ਸਾਹਿਬ ਵੀ ਕਹਿਣ ਲੱਗ ਪਏ ਹਨ। ਪਰ ਅਖੌਤੀ ਦਸਮ ਗ੍ਰੰਥ ਵਿਚਲੇ ਹੇਠ ਲਿਖੇ ਤ੍ਰੀਆ ਚਰਿੱਤਰ ਆਪਣੇ ਪਰਿਵਾਰ ਵਿਚ ਬੈਠ ਕੇ ਅਰਥਾਂ ਸਮੇਤ ਇਹ ਸਾਧ ਸੁਣਾਉਣ-ਸਵੈਯਾ- ਆਸਨ ਔਰ ਅਲਿੰਗਨ ਚੁੰਬਨ ਆਜ ਭਲੇ ਤੁਮਰੇ ਕਸਿ ਲੈ ਹੈ॥ ਰੀਝ ਹੈ ਜੌਨ ਉਪਾਇ ਗੁਮਾਨੀ ਹੈ ਤਾਹਿ ਉਪਾਇ ਸੋ ਤੋਹਿ ਰਿਝ ਹੈ॥ ਪੋਸਤ, ਭਾਂਗ ਅਫੀਮ, ਸ਼ਰਾਬ ਖੁਵਾਇ ਤੁਮੈ ਤਬ ਆਪ ਚੜੈ ਹੈ। ਕੋਟਿ ਉਪਾਵ ਕਰੋ ਨ ਮੀਤ ਪੈ ਕੇਲ ਕਰੇ ਬਿਨੁ ਜਾਨ ਨ ਦੈ ਹੈ॥13॥

ਅਰਥ—ਅੱਜ ਘੁੱਟ ਘੁੱਟ ਕੇ ਮੈਂ ਤੁਹਾਡੇ ਨਾਲ ਜੱਫੀਆਂ ਪਾਵਾਂਗੀ ਅਤੇ ਚੁੰਬਨ ਲਵਾਂਗੀ ਅਤੇ ਤੁਸੀਂ ਜਿਸ ਉਪਾਵ ਨਾਲ ਵੀ ਖੁਸ਼ ਹੋਵੋਗੇ ਮੈਂ ਉਹੀ ਉਪਾਅ ਕਰਾਂਗੀ। ਪੋਸਤ, ਭੰਗ, ਅਫੀਮ ਅਤੇ ਸ਼ਰਾਬ ਆਦਿ ਦਾ ਤੁਹਾਨੂੰ ਸੇਵਨ ਕਰਾਵਾਂਗੀ। ਫਿਰ ਆਪ ਖੁਦ ਪੀਵਾਂਗੀ। ਪਰ ਅੱਜ ਭੋਗ ਕੀਤੇ ਤੋਂ ਬਿਨ੍ਹਾਂ ਮੈਂ ਤੁਹਾਨੂੰ ਜਾਣ ਨਹੀਂ ਦੇਵਾਂਗੀ॥13॥

ਪੋਸਤ ਭਾਂਗ ਅਫੀਮ ਮਿਲਾਇ॥ ਆਸਨ ਤਾ ਤਰ ਦਿਉ ਬਨਾਇ॥
ਚੁੰਬਨ ਲਏ ਅਲਿੰਗਨ ਲਏ॥ ਲਿੰਗ ਤੇ ਤਿਹ ਭਗ ਮੋ ਭਏ॥28॥

ਅਰਥ—ਪੋਸਤ, ਭੰਗ ਅਤੇ ਅਫੀਮ ਖਾ ਕੇ, ਉਸਨੇ ਕਈ ਪ੍ਰਕਾਰ ਦੇ ਆਸਨ ਬਣਾਏ। ਰਾਜੇ ਨੇ ਚੁੰਮਣ ਲਏ ਅਤੇ ਜੱਫੀਆਂ ਪਾਈਆਂ ਅਤੇ ਨਾਲ ਹੀ ਉਸਦੀ ਭਗ ਵਿਚ ਲਿੰਗ ਵਾੜ ਦਿੱਤਾ।

ਭਗ ਮੋ ਲਿੰਗ ਦਿਉ ਰਾਜਾ ਜਬ॥ ਰੁਚਿ ਉਪਜੀ ਤਰੁਨੀ ਕੇ ਜਿਯ ਤਬ॥
ਲਪਟਿ ਲਪਟਿ ਆਸਨ ਤਰ ਗਈ॥ ਚੁੰਬਨ ਕਰਨ ਭੂਪਨ ਕੇ ਭਈ॥15॥

ਅਰਥ—ਜਦੋਂ ਰਾਜੇ ਨੇ ਇਸਤਰੀ ਦੀ ਜੋਨੀ ਵਿਚ ਲਿੰਗ ਵਾੜਿਆ ਤਾਂ

ਇਸਤਰੀ ਬਹੁਤ ਖੁਸ਼ ਹੋਈ। ਰਾਜੇ ਦੇ ਹੇਠਾਂ ਪਈ ਉਹ ਘੁੱਟ ਘੁੱਟ ਕੇ ਜੱਫੀਆਂ ਪਾਉਣ ਲੱਗੀ ਅਤੇ ਰਾਜੇ ਦੀਆਂ ਚੁੰਮੀਆਂ ਲੈਣ ਲੱਗੀ।

ਸੋ 405 ਚਰਿੱਤਰਾਂ ਵਿਚੋਂ ਕੇਵਲ ਵੰਨਗੀ ਮਾਤਰ ਇਹ ਲਿਖਿਆ ਹੈ। ਕਈ ਦਸਮ ਗ੍ਰੰਥ ਦੇ ਹਾਮੀ ਇਹ ਵੀ ਕਹਿੰਦੇ ਹਨ ਕਿ ਕਲਗੀਧਰ ਨੇ ਇਹਨਾਂ ਚਰਿੱਤਰਾਂ ਦੁਆਰਾ ਵਿਭਚਾਰਨ ਔਰਤਾਂ ਦੇ ਮਕਰ ਫਰੇਬਾਂ ਤੋਂ ਸਾਵਧਾਨ ਰਹਿਣ ਲਈ ਖ਼ਾਲਸੇ ਨੂੰ ਚਿਤਾਵਨੀ ਦਿੱਤੀ ਹੈ।

ਪਰ ਇਹਨਾ ਵਿਦਵਾਨਾਂ ਅਤੇ ਸਾਧਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹਨਾਂ ਚਰਿੱਤਰਾਂ ਵਿਚ ਤਾਂ ਤੁਹਾਡੀ ਮਨੌਤ ਦੇ ਉਲਟ ਸਗੋਂ ਕਾਮ ਪੂਰਤੀ ਹਿਤ ਥਾਂਵੇ ਥਾਂਵੇ ਕੋਕ ਸ਼ਾਸਤ੍ਰ ਦੇ ਹਵਾਲੇ ਦੇ ਕੇ ਪੋਸਤ, ਭੰਗ ਅਤੇ ਅਫੀਮ ਆਦਿਕ ਨਸ਼ਿਆਂ ਦੀ ਖੁੱਲ੍ਹਮ ਖੁੱਲ੍ਹੀ ਵਰਤੋਂ ਦੱਸੀ ਹੈ ਤੇ ਨਾਲ ਹੀ ਵਿਭਚਾਰ ਸਮੇਂ ਕੋਈ ਮਨੁੱਖ ਉਪਰੋਂ ਆ ਜਾਵੇ ਤਾਂ ਉਸਤੋਂ ਮੁਕਰਨ ਦੇ ਕਈ ਤਰੀਕੇ ਦੱਸੇ ਹੋਏ ਹਨ। ਬਲਕਿ ਰੋਮ ਨਾਸ਼ਕ ਪਾਉਡਰਾਂ ਰਾਹੀਂ ਕੇਸਹੀਨ ਹੋ ਕੇ ਮਰਦ ਤੋਂ ਤੀਂਵੀਂ ਬਣ ਕੇ ਬਚ ਜਾਣ ਦੇ ਸੁਝਾਅ ਵੀ ਦਿੱਤੇ ਹੋਏ ਹਨ, ਜਿਸ ਤੋਂ ਇਹ ਰਚਨਾ ਅੰਮ੍ਰਿਤ ਦਾਤਾ ਗੁਰੂ ਪਾਤਸ਼ਾਹ ਵੱਲੋਂ ਸਿੱਧ ਕਰਨੀ ਉਹਨਾਂ ਦੀ ਉੱਚੀ ਸੁੱਚੀ ਸ਼ਾਨ ਨੂੰ ਵੱਟਾ ਲਾਉਣ ਅਤੇ ਸਮੁੱਚੇ ਸਿੱਖ ਪੰਥ ਦੀ ਸੂਝ-ਬੂਝ ਅਤੇ ਸਿਦਕ ਨੂੰ ਸਿੱਧੀ ਵੰਗਾਰ ਹੈ। ਜਿਹੜੇ ਸਾਧ ਅਤੇ ਵਿਦਵਾਨ ਫੋਕੀਆਂ ਅਤੇ ਕੱਚੀਆਂ ਪਿੱਲੀਆਂ ਦਲੀਲਾਂ ਰਾਹੀਂ ਦਸ਼ਮੇਸ਼ ਬਾਣੀ ਸਿੱਧ ਕਰਨੋਂ ਨਹੀਂ ਸੰਗਦੇ। ਉਹਨਾਂ ਕੋਲੋਂ ਡੂੰਘੇ ਭਾਵਾਂ ਵਾਲੀਆਂ ਰਚਨਾਵਾਂ ਦੇ ਯਥਾਰਥ ਦੀ ਕੀ ਆਸ ਹੋ ਸਕਦੀ ਹੈ।

ਜਿਥੋਂ ਤਕ ਭਗਉਤੀ ਦੇ ਅਰਥ ਦਾ ਸੰਬੰਧ ਹੈ। ਇਸ ਪਉੜੀ ਵਿਚ ਕਵੀ ਨੇ ਆਪਣੇ ਇਸ਼ਟ ਭਗਵਤੀ ਦੇਵੀ ਨੂੰ ਹੀ ਮੰਗਲ ਰੂਪ ਵਿਚ ਸੰਬੋਧਿਆ ਹੈ। ਕਿਉਂਕਿ ਦੇਵੀ ਭਗਵਤੀ ਦੀ ਪੂਜਾ ਹਿੰਦੂ ਧਰਮ ਵਿਚ ਇਕ ਵਿਸ਼ੇਸ਼ ਅੰਗ ਹੈ। ਪੁਰਾਣਾਂ ਵਿਚ ਦੇਵੀ ਭਗਵਤੀ ਬੜੀ ਸ਼ਕਤੀਸ਼ਾਲੀ ਮੰਨੀ ਹੈ ਜਿਸ ਦਾ ਕਾਰਣ ਕਿਸੇ ਵੀ ਸੰਕਟ ਸਮੇਂ ਦੇਵਤਿਆਂ ਨੂੰ ਉਸਦੀ ਸਹਾਇਤਾ ਨਾਲ ਹੀ ਆਏ ਸੰਕਟ ਤੋਂ ਛੁਟਕਾਰਾ ਪਾਉਂਦਿਆਂ ਦਰਸਾਇਆ ਗਿਆ ਹੈ।

ਸਕੰਪ, ਪਦਮ ਅਤੇ ਮੱਤਸਯ ਆਦਿ ਪੁਰਾਣਾਂ ਵਿਚ ਦੇਵੀ ਭਗਉਤੀ ਦੇ ਅਨੇਕਾਂ ਪ੍ਰਸੰਗ ਹਨ। ਦੇਵੀ ਭਾਗਵਤ, ਮਾਰਕੰਡੇ ਅਤੇ ਕਾਲਕਾ ਪੁਰਾਣ ਤਾਂ ਲਿਖੇ ਹੀ ਭਗਉਤੀ ਦੀ ਮਹੱਤਤਾ ਦਰਸਾਉਣ ਲਈ ਹਨ। ਬਲਕਿ ਇਹ ਵੀ ਲਿਖਿਆ ਹੈ ਕਿ ਅਜਿਹਾ ਕੋਈ ਪਦਾਰਥ ਨਹੀਂ ਜੋ ਦੁਰਗਾ ਸਤ੍ਰੋਤ ਤੋਂ ਪ੍ਰਾਪਤ ਨਾ ਹੋਵੇ। ਹਿੰਦੂ ਮੱਤ ਦੇ ਪੁਰਾਣ ਮੁਤਾਬਿਕ ਦੇਵੀ ਭਗਵਤੀ ਹੀ ਬ੍ਰਹਮ, ਸ਼ਿਵ ਅਤੇ ਵਿਸ਼ਨੂੰ ਨੂੰ ਜਨਮ ਦੇਣ ਵਾਲੀ ਹੈ।

ਜਿਸ ਤਰ੍ਹਾਂ ਹੁਣ ਵੀ ਆਰ.ਐਸ.ਐਸ. ਇਹ ਕਹਿ ਰਹੀ ਹੈ ਕਿ ਦਸਵੇਂ

ਪਾਤਸ਼ਾਹ ਦੇਵੀ ਪੂਜਕ ਹੋਏ ਹਨ, ਜਾਪਦਾ ਹੈ ਭਗਉਤੀ ਜੀ ਸਹਾਇ ਤੋਂ ਇਹ ਸਿੱਧ ਹੋ ਰਿਹਾ ਹੈ ਕਿ ਇਹ ਕਹਿ ਦੇਣਗੇ ਕਿ ਨੌਂ ਸਿੱਖ ਗੁਰੂਆਂ ਦੀ ਸਹਾਇਤਾ ਕਰਨ ਵਾਲੀ ਵੀ ਇਹ ਭਗਉਤੀ ਦੁਰਗਾ ਹੀ ਹੈ। ਇਹ ਗੁਰੂ ਦੇ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਕਿਸੇ ਖਾਣ ਵਾਲੀ ਚੀਜ਼ ਵਿਚ ਰਤਾ ਕੁ ਵੀ ਜ਼ਹਿਰ ਦਾ ਸ਼ੱਕ ਪੈ ਜਾਵੇ ਉਹ ਪਰ੍ਹਾਂ ਵਗ੍ਹਾ ਸੁੱਟੀ ਦੀ ਹੈ। ਖਾਈ ਦੀ ਨਹੀਂ। ਇਹ ਗੁਰੂ ਪੰਥ ਨੂੰ ਹੱਕ ਹੈ ਕਿ ਉਹ ਨਿਰਪੱਖ ਵਿਦਵਾਨਾਂ ਦੀਆਂ ਗੋਸ਼ਟੀਆਂ (ਵਿਚਾਰ) ਕਰਵਾ ਕੇ ਬੜੇ ਸੁਚੱਜੇ ਢੰਗ ਨਾਲ ਫੈਸਲਾ ਲਿਆ ਜਾਵੇ ਕਿ ਦਸਮ ਗ੍ਰੰਥ ਵਿਚਲੀਆਂ ਕਿਹੜੀਆਂ ਰਚਨਾਵਾਂ "ਸ੍ਰੀ ਗੁਰੂ ਗੋਬਿੰਦ ਸਿੰਘ" ਕ੍ਰਿਤ ਹਨ ਅਤੇ ਕਿਹੜੀਆਂ ਕਵੀਆਂ ਦੀਆਂ ਹਨ।

ਭਾਈ ਰਣਧੀਰ ਸਿੰਘ ਨੇ ਆਪਣੀ ਪੁਸਤਕ 'ਅਣਡਿੱਠੀ ਦੁਨੀਆਂ' ਵਿਚ ਭੂਤਾਂ-ਪ੍ਰੇਤਾਂ ਦੀ, ਮਨੁੱਖਾਂ ਦੀ ਜਾਨ ਕੱਢਣ ਆਏ ਭਿਆਨਕ ਜਮਦੂਤਾਂ ਦੀ, ਧਰਮਰਾਜ ਦੇ ਦਫ਼ਤਰ ਦੀ, ਸੁਰਗ ਨਰਕ ਦੀ, ਪਿਰਤਲੋਕ ਆਦਿ ਦੀ ਅੱਡਰੀ ਹੋਂਦ ਬਾਰੇ ਬੜੀ ਜ਼ੋਰਦਾਰ ਵਕਾਲਤ ਕੀਤੀ ਹੋਈ ਹੈ। ਬ੍ਰਾਹਮਣੀ ਗ੍ਰੰਥਾਂ ਵਾਲੇ ਇਸ ਕੂੜ ਕੁਬਾੜੇ ਨੂੰ ਸੱਚ ਸਿੱਧ ਕਰਨ ਲਈ ਭਾਈ ਸਾਹਿਬ ਨੇ ਵੀ ਗੁਰਬਾਣੀ ਵਿਚੋਂ 200 ਸ਼ਬਦਾਂ ਦੇ ਹਵਾਲੇ ਦਿੱਤੇ ਹੋਏ ਹਨ। ਜਿਸ "ਗੁਰੂ ਗ੍ਰੰਥ ਸਾਹਿਬ" ਨੂੰ ਅਸੀਂ ਸੰਸਾਰ ਭਰ ਦੇ ਧਰਮ ਗ੍ਰੰਥਾਂ ਨਾਲੋਂ ਨਿਆਰੇ ਅਤੇ ਸਦੀਵੀ ਸੱਚ ਵਾਲੇ ਬ੍ਰਹਮ ਗਿਆਨ ਦਾ ਅਥਾਹ ਭੰਡਾਰ ਮੰਨਦੇ ਹਾਂ। ਉਸ "ਗੁਰੂ ਸਾਹਿਬ" ਦੀ ਬਾਣੀ ਇਕੋ ਸਮੇਂ ਦੋ ਵਿਰੋਧੀ ਸਿੱਧਾਂਤ ਕਰਨ ਲਈ ਭਾਈ ਸਾਹਿਬ ਵਰਤ ਰਹੇ ਹਨ, ਇਹੋ ਹੀ ਇਹਨਾਂ ਸਾਧਾਂ ਦੀ ਗੁਰਮਤਿ ਸਿੱਧਾਂਤ ਪ੍ਰਤੀ ਅਗਿਆਨਤਾ ਦਾ ਪੱਕਾ ਸਬੂਤ ਹੈ। ਪਿੱਛੇ ਵੀ ਅਰਜ ਕਰ ਆਇਆ ਹਾਂ ਕਿ ਸਿੱਖ ਕੌਮ ਵਿਚਲੇ ਇਹ ਆਪੂੰ ਬਣੇ ਸਾਧ ਅੱਜ ਤਕ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਹੀ ਪ੍ਰਚਾਰ ਕਰਦੇ ਆ ਰਹੇ ਹਨ। ਭਾਈ ਰਣਧੀਰ ਸਿੰਘ ਖ਼ੁਦ ਆਪਣੀਆਂ ਲਿਖੀਆਂ ਗੱਲਾਂ ਨੂੰ ਆਪ ਹੀ ਕੱਟ ਰਹੇ ਹਨ ਦੇਖੋ—ਪੁਸਤਕ 'ਅਣਡਿੱਠੀ ਦੁਨੀਆਂ' ਦੇ 55 ਸਫ਼ੇ 'ਤੇ ਲਿਖਦੇ ਹਨ—ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇਰੀ ਤੁਕ ਇਹ ਨਿਸ਼ਚਾ ਵੀ ਕਰਾਉਂਦੀ ਹੈ ਕਿ

"ਨਿਜ ਘਰਿ ਮਹਲੁ ਪਾਵਹੁ ਸੁਖ ਸਹਿਜੇ ਬਹੁਰਿ ਨ ਹੋਇਗੋ ਫੇਰਾ॥"

(ਪੰਨਾ 13)

ਇਹ ਵਾਕ ਦੱਸਦਾ ਹੈ ਕਿ ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ ਕਾਇਆ ਅੰਦਰ ਹੀ ਮਹਲੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਛੇਤੀ ਹੀ ਪ੍ਰਾਪਤ ਹੋ ਜਾਂਦਾ ਹੈ। ਐਸੇ ਸੁਖ ਸਹਿਜ ਸੇਤੀ ਨਿਜ ਘਰ ਵਿਚ ਵਾਹਿਗੁਰੂ ਮਹਲੀਸ਼ਰ ਦਾ ਮਹਲ ਪਾਵਣ ਹਾਰਿਆਂ ਦਾ ਜਨਮ ਮਰਨ

ਸਗਲਾ ਮਿਟ ਜਾਂਦਾ ਹੈ। ਉਹਨਾ ਦਾ ਫੇਰ ਇਸ ਸੰਸਾਰ ਵਿਚ ਆਉਣਾ ਨਹੀਂ ਹੁੰਦਾ। ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ ਮਿਟਦਾ ਹੈ। ਗੁਰੂ ਕਰਤਾਰ ਦੇ ਪ੍ਰਤਾਪ ਕਰਕੇ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਿਲ ਦਾ ਮਨ ਵਿਖੇ ਬਸੇਰਾ ਹੁੰਦਾ ਹੈ, ਜਿਸ ਦੀ ਖਾਤਿਰ ਇਹ ਮਨੁੱਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ।

ਸੋ ਇਹ ਗੱਲ ਗੁਰਮਤਿ ਅਨੁਸਾਰ ਕਰਕੇ, ਭਾਈ ਸਾਹਿਬ ਫਿਰ ਦੇਹ ਤੋਂ ਬਾਹਰ ਕਿਸੇ 'ਅੱਗੇ' ਦਾ ਅਥਵਾ ਪ੍ਰਭੂ ਦੀ ਸੱਚੀ ਦਰਗਾਹ ਦੀ ਅੱਡਰੀ ਹੋਂਦ ਦਾ ਜ਼ਿਕਰ ਲੈ ਤੁਰਦੇ ਹਨ ਅਤੇ ਗੁਰਬਾਣੀ ਸ਼ਬਦਾਂ ਦੀ ਅਯੋਗ ਵਰਤੋਂ ਕਰਦੇ ਹਨ ਅਤੇ ਇਸ ਤਰ੍ਹਾਂ ਆਪਣੇ ਕਹੇ ਨੂੰ ਆਪ ਕੱਟਦੇ ਹਨ।

ਸਿੱਧ ਹੋਇਆਂ ਕਿ ਸੱਚੀ ਦਰਗਾਹ ਹੈ। ਇਸ ਸੱਚੀ ਦਰਗਾਹ ਦੀ ਹੋਂਦ ਹਸਤੀ ਤੋਂ ਕੋਈ ਸਿੱਖ ਮਾਤਰ ਇਨਕਾਰ ਨਹੀਂ ਕਰ ਸਕਦਾ। ਇਹ ਸੱਚੀ ਦਰਗਾਹ ਪ੍ਰਲੋਕ ਵਿਚ ਹੈ ਤੇ ਏਸ ਲੋਕ ਦੇ ਪਰੇਡੇ ਅਗਲੇ ਲੋਕ ਵਿਚ ਹੈ। ਸੋ ਗੁਰਮਤਿ ਸਿੱਧਾਂਤ ਅੰਦਰ 'ਅੱਗਾ' ਸਿੱਧ ਹੋਇਆ ਤੇ ਜ਼ਰੂਰ ਸਿੱਧ ਹੋਇਆ।

ਸੋ ਭਾਈ ਸਾਹਿਬ ਇਸ ਪਾਵਨ ਗੁਰਵਾਕ "ਹੈ ਹਜੂਰ ਕਤ ਦੂਰਿ ਬਤਾਵਹੁ" ਦੀ ਖੰਡਨਾ ਕਰਦੇ ਹੋਏ ਕਹਿ ਰਹੇ ਹਨ ਕਿ ਉਹ ਸੱਚੀ ਦਰਗਾਹ ਬਹੁਤ ਦੂਰ ਹੈ, ਬਹੁਤ ਦੂਰ ਹੈ। ਭਾਈ ਸਾਹਿਬ ਆਪਣੀ ਮਨਮੁਖਤਾਈ ਦਾ ਸਬੂਤ ਦੇ ਰਹੇ ਹਨ ਕਿਉਂਕਿ ਗੁਰਬਾਣੀ ਹੈ "ਮਨਮੁਖਾ ਨੋ ਹਰਿ ਦੂਰ ਹੈ ਮੇਰੀ ਜਿੰਦੁੜੀਏ॥"

ਪ੍ਰਮਾਤਮਾ ਦੀ ਕਲਾ, ਪ੍ਰਮਾਤਮਾ ਆਪ ਹੈ, ਉਸਦਾ ਹੁਕਮ ਉਹ ਆਪ ਹੈ। ਉਸਦੀ ਕੁਦਰਤ ਉਹ ਆਪ ਹੈ "ਕੁਦਰਤਿ ਕਰ ਕੈ ਵਸਿਆ ਸੋਇ"॥ ਅਤੇ "ਕਰਤੇ ਕੁਦਰਤੀ ਮੁਸਤਾਕ"॥ ਇਹ ਦਿਸਦਾ ਸੰਸਾਰ ਉਹ ਵਾਹਿਗੁਰੂ ਆਪ ਹੈ, ਜਿਹੜੇ ਗੁਰਸਿੱਖ ਹਾਜ਼ਰਾ ਹਜ਼ੂਰ ਜਾਹਰਾ ਜ਼ਰੂਰ ਦਾ ਅਨਭਉ ਪ੍ਰਕਾਸ਼, ਅੰਤਰ ਆਤਮੇ ਮਾਣਦੇ ਹਨ, ਉਹਨਾਂ ਨੂੰ ਕਿਸੇ ਅਸਮਾਨੀ ਦਰਗਾਹ, ਦਰਬਾਰ ਦੀ ਲੋੜ ਨਹੀਂ ਹੈ। ਅਗਲੀ ਦਰਗਾਹ ਦਾ ਭੈ ਬ੍ਰਾਹਮਣਵਾਦ ਹੈ। ਬ੍ਰਾਹਮਣਵਾਦੀ ਦਰਗਾਹ ਨਾਲ ਗੁਰਮਤਿ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ। ਗੁਰੂ ਦੇ ਸਿੱਖ ਗੁਰੂ ਦੇ ਇਸ ਬਚਨ 'ਤੇ ਪਹਿਰਾ ਦਿੰਦੇ ਰਹਿਣਗੇ—

1. "ਦੂਰ ਨਾਹੀ, ਮੇਰੋ ਪ੍ਰਭ ਪਿਆਰਾ॥" (ਪੰਨਾ 1197)
2. "ਨੇਰੈ, ਨਾਹੀ ਦੂਰ॥ ਨਿਜ ਆਤਮੈ ਰਹਿਆ ਭਰਪੂਰ॥" (ਪੰਨਾ 657)
3. "ਪੁਹਪ ਮਧਿ ਜਿਉ ਬਾਸ ਬਸਤ ਹੈ ਮੁਕਰਿ ਮਾਹਿ ਜੈਸੇ ਛਾਈ॥
   ਤੈਸੇ ਹੀ ਹਰਿ ਬਸੈ ਨਿਰੰਤਰ ਘਟਿ ਹੀ ਖੋਜਹੁ ਭਾਈ॥" (ਪੰਨਾ 684)
4. "ਜਹ ਜਹ ਪੇਖਾ ਤਹ ਹਜੂਰ॥" (ਪੰਨਾ 677)

ਜੇ ਕੋਈ ਕਹੇ ਕਿ ਬਾਣੀ ਵਿਚ ਅੱਗੇ ਦੀ ਪਿੱਛੇ ਦੀ ਗੱਲ ਕੀਤੀ ਹੈ। ਹਾਂ

ਕੀਤੀ ਹੈ ਨਿਰੰਕਾਰ ਅੱਗੇ ਹੈ ਸੰਸਾਰ ਪਿੱਛੇ। ਅਧਰਮ ਪਿੱਛੇ ਹੈ ਧਰਮ ਅੱਗੇ, ਸੱਚ ਅੱਗੇ ਹੈ ਝੂਠ ਪਿੱਛੇ, ਤਨ ਪਿੱਛੇ, ਮਨ ਵਿਚਕਾਰ, ਆਤਮਾ ਅੱਗੇ ਹੈ। ਹਲਤ (ਸੰਸਾਰ) ਤੋਂ ਸੁਰਤੀ ਕਰਕੇ ਉੱਪਰ ਉਠ ਕੇ ਪਲਤ ਨਿਰੰਕਾਰ ਵਿਚ ਲੀਨਤਾ, ਸੁਰਤੀ ਅਧਰਮ ਤੋਂ ਉੱਚੀ ਉੱਠ ਕੇ ਧਰਮ ਵਿਚ ਲੀਨ ਹੋ ਜਾਣੀ ਅੱਗਾ ਹੈ। ਸੁਰਤੀ ਝੂਠ ਤੋਂ ਉੱਚੀ ਉੱਠ ਕੇ ਸੱਚ ਵਿਚ ਲੀਨ ਹੋ ਜਾਣੀ ਅੰਦਰ ਵੱਸਦੇ ਪ੍ਰਮਾਤਮਾ ਨਾਲ ਇਕ-ਮਿਕ ਹੋ ਜਾਣਾ ਹੀ ਹੈ। ਸੱਚ ਦਾ ਰੂਪ ਹੋ ਜਾਣਾ ਹੀ ਰੱਬੀ ਦਰਗਾਹ ਦੀ ਸਦਾ ਹਾਜ਼ਰੀ ਹੈ। ਗੁਰ ਵਾਕ ਹੈ "ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ॥" "ਉਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ॥" ਜਿਹੜੇ ਲੀਨ ਨਹੀਂ ਹੁੰਦੇ ਉਹ ਜੂਨਾਂ ਵਿਚ ਪੈ ਕੇ ਦੁਖ-ਸੁਖ ਭੋਗਦੇ ਹਨ।

ਸੁਆਰਥ ਸਿੱਧੀ ਗ੍ਰਸੀ ਸੋਚ ਦੀ ਉਪਜ, ਬ੍ਰਾਹਮਣੀ ਗਿਆਨ ਨੇ ਹਿੰਦੂ ਕੌਮ ਵਿਚ ਸੈਂਕੜੇ ਫਿਰਕੇ ਪੈਦਾ ਕਰ ਦਿੱਤੇ। ਗੁਰਮਤਿ ਸਿੱਧਾਂਤ ਦੀ ਖੰਡਨਾਂ ਕਰਨ ਵਾਲੇ ਸਾਧਾਂ ਦੇ ਕਾਰਨ ਇਹੀ ਹਾਲਤ ਸਿੱਖ ਕੌਮ ਦੀ ਹੋ ਰਹੀ ਹੈ। "ਧੰਨ ਗੁਰੂ ਗ੍ਰੰਥ ਸਹਿਬ" ਜੀ ਦਾ ਸਿੱਧਾਂਤ ਪੱਕਾ ਅਤੇ ਅਟੱਲ ਹੈ। ਉਹਨਾਂ ਨੇ ਵੱਖ-ਵੱਖ ਸਮਿਆਂ ਤੇ ਅੱਡ-ਅੱਡ ਧਰਮਾਂ ਵਾਲਿਆਂ ਨੂੰ ਗਿਆਨ ਬਖਸ਼ਿਸ਼ ਕਰਦਿਆਂ ਉਪਦੇਸ਼ ਰੂਪੀ ਬਾਣੀ ਉਚਾਰੀ ਹੈ। ਗੁਰਮਤਿ ਗਿਆਨ ਨੂੰ ਸਮਝਣ ਲਈ ਬਹੁਤ ਸਾਵਧਾਨੀ, ਇਕਾਗਰਤਾ ਅਤੇ ਨਿਰੰਤਰ ਲਗਨ ਵਾਲੀ ਸਾਧਨਾ ਦੀ ਲੋੜ ਹੈ। ਬਾਜ਼ਾਰ ਵਿਚ ਵਿਕਦੀ ਸਸਤੀ ਸ਼ੈ ਬੇ-ਕਦਰੀ ਹੁੰਦੀ ਹੈ ਅਤੇ ਮਹਿੰਗੀ ਵਸਤੂ ਕਦਰ ਪਵਾ ਰਹੀ ਹੁੰਦੀ ਹੈ। ਇਸੇ ਤਰ੍ਹਾਂ ਸਸਤੇ ਭਾ ਮਿਲੇ ਗਿਆਨ ਦੀ ਕਦਰ ਵੀ ਘੱਟ ਹੀ ਹੁੰਦੀ ਹੈ। ਗੁਰਬਾਣੀ ਗਿਆਨ ਨਿਰਮੋਲਕ ਹੀਰਾ ਹੈ। ਸਸਤੇ ਭਾਅ ਹੱਥ ਕਿਵੇਂ ਆਵੇ ? ਬਾਰ-ਬਾਰ ਵਿਚਾਰਨ ਦੀ ਲੋੜ ਹੈ। ਇਕੋ ਗੱਲ ਨੂੰ ਕਈ ਵਾਰ ਵਿਚਾਰੀਏ ਤਾਂ 'ਨਾਨਕ' ਦੀਆਂ ਗੁੱਝੀਆਂ ਰਮਜਾਂ ਦੀ ਕੁਝ ਸਮਝ ਪੈਂਦੀ ਹੈ। ਪਰ ਬ੍ਰਾਹਮਣ ਦੀਆਂ ਲਿਖਤਾਂ ਦਾ ਅਸਰ ਕਬੂਲਿਆ ਹੋਣ ਕਰਕੇ, ਸਿੱਖ ਕੌਮ ਵਿਚ ਆਪੂੰ ਬਣੇ ਸਾਧ ਆਪ ਹੀ ਪਾਵਨ ਗੁਰਬਾਣੀ ਦੇ ਪੱਕੇ ਸਿੱਧਾਂਤ ਦੀ ਖੰਡਨਾ ਕਰ ਰਹੇ ਹਨ। ਜੋ ਇਹ ਮਰਜੀ ਲਿਖੀ ਜਾਂਦੇ ਹਨ ਇਹਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ।

ਅੱਗੇ ਭਾਈ ਸਾਹਿਬ ਲਿਖਦੇ ਹਨ—ਇਕ ਖੰਡ ਦਿਬ ਮੰਡਲ ਹੀ ਹਨ। ਬੜੀ ਦੂਰ ਹਨ, ਪਰ ਇਹਨਾਂ ਮੰਡਲਾਂ ਵਿਚ ਇਸ ਸਰੀਰ ਵਿਚ ਹੁੰਦਿਆਂ ਭੀ ਸੂਖਮ ਸਰੀਰ ਸੰਯੁਕਤ ਗੁਰਮਤਿ ਨਾਮ ਅਭਿਆਸ ਦੀ ਬਰਕਤ ਨਾਲ ਬੜੀ ਛੇਤੀ ਪਹੁੰਚ ਜਾਈਦਾ ਹੈ। ਸਰੀਰ ਤਿਆਗਣ ਤੋਂ ਪਿੱਛੋਂ ਤਾਂ ਪਹੁੰਚਣਾ ਹੀ ਹੋਇਆ।

ਸੱਚਖੰਡ ਦਰਸ਼ਨ, ਪੰਨਾ 16

ਵਿਚਾਰ—ਭਾਈ ਸਾਹਿਬ ਦੇ ਇਸ ਘੜੇ ਘੜਾਏ ਅਸਮਾਨੀ ਸੱਚਖੰਡ ਨੂੰ ਗੁਰਬਾਣੀ ਨੇ ਨਹੀਂ ਮੰਨਿਆ। ਐਸੇ ਅਸਮਾਨੀ ਸੱਚਖੰਡ ਵਾਸਤੇ ਗੁਰਮਤਿ ਵਿਚ

ਕੋਈ ਥਾਂ ਨਹੀਂ ਹੈ। 'ਜਪੁਜੀ' ਸਾਹਿਬ ਦੀ 33ਵੀਂ ਪਉੜੀ ਤਕ ਦੇ ਗਿਆਨ ਦੀ ਠੀਕ-ਠੀਕ ਸਮਝ ਆ ਜਾਵੇ ਅਤੇ ਉਸ ਅਨੁਸਾਰ ਵਿਚਰਨ ਦਾ ਅਭਿਆਸ ਪੱਕੀ ਤਰ੍ਹਾਂ ਦ੍ਰਿੜ ਹੋ ਜਾਵੇ ਤਾਂ ਅੱਗੇ 34ਵੀਂ ਪਉੜੀ ਤੋਂ ਆਰੰਭ ਹੋਣ ਵਾਲੇ ਖੰਡਾਂ ਦੇ ਗਿਆਨ ਨੂੰ ਸਮਝਣ ਦੀ ਅਤੇ ਜੀਵਨ ਵਿਚ ਵਸਾਉਣ ਦੀ ਘਾਲਣਾ ਸਹਿਲ ਹੋ ਜਾਂਦੀ ਹੈ। ਹਰ ਪਉੜੀ ਨੂੰ ਸਮਝ ਕੇ ਉਸ ਨੂੰ ਜੀਵਨ ਵਿਚ ਢਾਲਣਾ ਹੈ। ਸੁਆਸ-ਸੁਆਸ ਉਸ ਗਿਆਨ ਦੀ ਰੌਂ ਚਲਾਉਣੀ ਹੈ। 35, 36 ਪਉੜੀਆਂ ਵਿਚਲੇ ਅਭਿਆਸ ਨੇ 37ਵੀਂ ਪਉੜੀ ਨੂੰ ਸਮਝਣ ਯੋਗ ਬਣਾ ਕੇ, ਉਸ ਵਿਚਲੀ ਅਵਸਥਾ ਦਾ ਅਨੰਦ ਬਖਸ਼ਿਸ਼ ਕਰਨਾ ਹੈ। ਗੁਰਸਿੱਖ ਦੀ ਜੀਵਨ ਅਵਸਥਾ ਹੀ ਸੱਚਖੰਡ ਬਣ ਜਾਂਦੀ ਹੈ। ਇਸ ਖੰਡ ਵਿਚ ਅਪੜਿਆ ਆਪਣੇ ਆਪੇ ਦੇ ਅੰਦਰ ਲੱਗੇ ਪ੍ਰਭੂ ਦਰਬਾਰ ਦਾ ਆਤਮਿਕ ਝਲਕਾਰ ਵੱਜਦਾ ਹੈ। ਅਨਹਦ ਧੁਨੀ ਆਰੰਭ ਹੋ ਕੇ ਵਿਸਮਾਦੀ ਆਨੰਦ ਦੀ ਪ੍ਰਾਪਤੀ ਨੂੰ ਸੱਚਖੰਡ ਮੰਨਿਆ ਹੈ। ਐਸੇ ਗੁਰਸਿੱਖਾਂ ਦੀ ਅਵਸਥਾ ਗੁਰਬਾਣੀ ਵਿਚ ਦਰਜ ਹੈ:

ਅਬ ਤਉ ਜਾਇ ਚਢੇ ਸਿੰਘਾਸਨ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥6॥969॥
"ਦਰ ਦਰਸ਼ਨ ਕਾ ਪ੍ਰੀਤਮ ਹੋਵੈ ਮੁਕਤਿ ਬੈਕੁੰਠੇ ਕਰੈ ਕਿਆ॥360॥

ਐਸਾ ਹਰਿ ਦੀਬਾਨੁ ਭਗਤਾਂ ਦੇ ਹਿਰਦੇ ਵਿਚ ਵੱਸਦਾ ਹੈ। ਉੱਪਰ ਅਸਮਾਨਾਂ ਵਿਚ ਐਸੇ ਸੱਚਖੰਡ ਦੀ ਕੋਈ ਹੋਂਦ ਨਹੀਂ ਹੈ। ਉਹ ਅੰਦਰਿ ਮਹਲ ਅਸਰਾਉ ਹੈ। ਗੁਰ ਫੁਰਮਾਨ ਹੈ:

ਨਾ ਜਾਨਾ ਬੈਕੁੰਠ ਕਹਾ ਹੀ॥
ਜਾਨ ਜਾਨੁ ਸਭ ਕਹਹਿ ਤਹਾਹੀ॥1॥ਰਹਾਉ॥
ਕਹਨ ਕਹਾਵਨ ਕਹ ਪਤੀਅਈ ਹੈ॥
ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥
ਜਬ ਲਗੁ ਮਨਿ ਬੈਕੁੰਠ ਕੀ ਆਸ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ॥
ਸਾਧ ਸੰਗਤਿ ਬੈਕੁੰਠੇ ਆਹਿ॥ (ਪੰਨਾ 325)

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥ (ਪੰਨਾ 485)

ਉੱਪਰ ਲਿਖੇ ਕਬੀਰ ਸਾਹਿਬ ਦੇ ਸ਼ਬਦ ਬਾਰੇ ਭਾਈ ਸਾਹਿਬ ਨੇ ਸੱਚਖੰਡ ਦਰਸ਼ਨ ਵਿਚ ਮਨਘੜਤ ਵਿਚਾਰ ਦਿੱਤੇ ਹਨ ਜੋ ਬਿਲਕੁਲ ਨਿਰਮੂਲ ਹਨ। ਗੁਰਮਤਿ ਲੇਖ ਪੁਸਤਕ ਵਿਚ ਵੀ ਭਾਈ ਸਾਹਿਬ ਨੇ ਸਾਰੇ ਭਗਤਾਂ ਕਬੀਰ, ਫ਼ਰੀਦ ਸਾਹਿਬ ਆਦਿ ਨੂੰ ਕਰਮਖੰਡ ਵਿਚ ਲਟਕਦੇ ਲਿਖਿਆ ਹੈ ਕਿ ਇਹ ਵੀ ਸੱਚਖੰਡ ਨਹੀਂ ਪਹੁੰਚੇ। ਕਿਉਂਕਿ ਉਸ ਅਖੌਤੀ ਅਸਮਾਨੀ ਸੱਚਖੰਡ ਵਿਚ ਅਖੌਤੀ ਭਾਈ

ਸਾਹਿਬ ਹੀ ਆ ਜਾ ਸਕਦੇ ਸਨ ਹੋਰ ਤਾਂ ਸਭ ਥੱਲੇ ਹਨ। ਭਗਤ ਕਬੀਰ ਉਕਤ ਸ਼ਬਦ ਵਿਚ ਬਚਨ ਕਰਦੇ ਹਨ ਕਿ ਜਿਨ੍ਹਾਂ ਨੇ ਅਖੌਤੀ ਅਸਮਾਨੀ ਸੱਚਖੰਡ ਦੀ ਆਸ ਆਪਣੇ ਮਨ ਵਿਚ ਰੱਖੀ ਹੋਈ ਹੈ ਉਹਨਾਂ ਦਾ ਕਦੇ ਵੀ ਪ੍ਰਭੂ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ। ਗੁਰੂ ਪ੍ਰਮਾਤਮਾ ਦੇ ਚਰਨ ਕੀ ਹਨ ? ਗੁਰਬਾਣੀ ਸ਼ਬਦ ਇਹ ਚਰਨ ਜਿਹੜੇ ਆਪਣੇ ਹਿਰਦੇ ਵਿਚ ਵਸਾਉਂਦੇ ਹਨ ਉਹ ਸਦਾ ਸੱਚਖੰਡ ਵਿਚ ਨਿਵਾਸ ਰੱਖਦੇ ਹਨ ਉਹਨਾਂ ਗੁਰਸਿੱਖਾਂ ਨੂੰ ਜੀਵਨ ਮੁਕਤ ਕਹਿੰਦੇ ਹਨ।

ਭਾਈ ਗੁਰਦਾਸ ਜੀ ਵੀ ਸਪੱਸ਼ਟ ਕਰਦੇ ਹਨ "ਸਾਧਸੰਗਤ ਸਚਖੰਡ ਹੈ, ਭਗਤਿ ਵਛਲ ਹੁਇ ਵਸਗਤਿ ਆਇਆ॥" ਜਿਥੇ ਬੈਠ ਕੇ ਗੁਰਮੁਖ ਪਿਆਰੇ ਗੁਰਬਾਣੀ ਗੁਰੂ ਪ੍ਰਮਾਤਮਾ (ਸੱਚ) ਦੀ ਸਿਫ਼ਤ ਸਲਾਹ ਵਿਚ ਜੁੜਦੇ ਹਨ ਇਹ ਸੱਚਖੰਡ ਹੈ। ਇੱਥੇ ਇਹਨਾਂ ਸ਼ਬਦਾਂ ਦੇ ਪ੍ਰਮਾਣ ਵੀ ਦਿੱਤੇ ਜਾ ਸਕਦੇ ਹਨ :

1. "ਤਹ ਪਾਵਸ ਸਿੰਧ ਧੂਪ ਨਹੀਂ ਛਹੀਆ ਤਹ ਉਤਪਤਿ ਪਰਲਉ ਨਾਹੀ॥
ਜੀਵਨ ਮਿਰਤੁਕ ਦੁਖ ਸੁਖੁ ਬਿਆਪੇ ਸੁੰਨ ਸਮਾਧਿ ਦੋਊ ਤਹ ਨਾਹੀ॥
(ਕਬੀਰ ਜੀ, ਪੰਨਾ 333)

2. ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥

ਭਾਈ ਰਣਧੀਰ ਸਿੰਘ ਨੇ ਇਹਨਾਂ ਦੋਵਾਂ ਸ਼ਬਦਾਂ ਦੇ ਅਰਥ ਸੱਚਖੰਡ ਦਰਸ਼ਨ ਵਿਚ ਗੁਰਮਤਿ ਸਿੱਧਾਂਤ ਦੇ ਉਲਟ ਆਪਣੀ ਨਿਜਮੱਤ ਅਨੁਸਾਰ ਕੀਤੇ ਹੋਏ ਹਨ। ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾ ਯਉ॥ ਸ਼ਬਦ ਦੇ ਅਰਥ ਵੀ ਗਲਤ ਕੀਤੇ ਹੋਏ ਹਨ।

ਅੰਤ ਵਿਚ ਬੇਨਤੀ ਕਰਦਾ ਹਾਂ ਕਿ ਇਹਨਾਂ ਲਿਖਤਾਂ ਵਿਚ ਭਾਈ ਰਣਧੀਰ ਸਿੰਘ ਨੇ ਗੁਰਮਤਿ ਸਿੱਧਾਂਤ ਜੀਵਨ ਵਿਚ ਵਸਾਉਣ ਵਾਲੇ ਸਿੰਘਾਂ ਨੂੰ ਜੋ ਗਾਲ੍ਹਾਂ ਕੱਢੀਆਂ ਹਨ ਅਸੀਂ ਇਹ ਗਾਲ੍ਹਾਂ ਉਹਨਾਂ ਨੂੰ ਵਾਪਸ ਉਹਨਾਂ ਦੇ ਆਪੇ ਬਣਾਏ ਸੱਚਖੰਡ ਵਿਚ ਗਿਫ਼ਟ ਕਰ ਰਹੇ ਹਾਂ। ਕਿਉਂਕਿ ਅਸੀਂ "ਧੰਨ ਗੁਰੂ ਗ੍ਰੰਥ ਸਾਹਿਬ" ਦੇ ਸਿੱਖ ਹਾਂ ਨਾ ਕਿ ਕਿਸੇ ਮਨੁੱਖ ਦੇ।

ਸੰਤ ਅਤਰ ਸਿੰਘ

ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ)

ਸੰਤ ਅਤਰ ਸਿੰਘ ਮਹਾਰਾਜ ਦਾ ਜਨਮ 23 ਮਾਰਚ 1868 ਈਸਵੀ ਨੂੰ ਰਿਆਸਤ ਪਟਿਆਲਾ ਦੇ ਨਗਰ ਚੀਮਾ ਜ਼ਿਲ੍ਹਾ ਸੰਗਰੂਰ ਵਿਖੇ ਬਾਬਾ ਕਰਮ ਸਿੰਘ ਦੇ ਘਰ ਮਾਤਾ ਭੋਲੀ ਜੀ ਦੀ ਪਵਿੱਤਰ ਕੁੱਖੋਂ ਹੋਇਆ। ਸੰਤ ਜੀ ਮਹਾਰਾਜ ਦੇ ਸਮੇਂ ਮਾਤਾ ਭੋਲੀ ਜੀ ਦੀ ਪਵਿੱਤਰ ਸੇਵਾ ਵਿਚ ਪੈਦਾਂ ਨਾਮ ਵਾਲੀ ਦਾਈ ਹਾਜ਼ਰ ਸੀ। ਜਨਮ ਸਮੇਂ ਦਾਈ ਨੂੰ ਕਰੋੜਾਂ ਸੂਰਜਾਂ ਦੇ ਸਮਾਨ ਪ੍ਰਕਾਸ਼ ਦਿਖਾਈ ਦਿੱਤਾ।

ਦਾਈ ਨੇ ਦੱਸਿਆ, ਦਰਸ਼ਨ ਕਰਨ ਸਾਰ ਮੇਰੇ ਤਨ-ਮਨ ਦੀਆਂ ਪੀੜਾਂ ਦੂਰ ਹੋ ਗਈਆਂ।

ਇਕ ਦਿਨ ਮਾਤਾ ਜੀ ਸੰਤ ਰੂਪ ਨੂੰ ਛਾਤੀ ਨਾਲ ਲਾ ਕੇ ਸੁੱਤੇ ਪਏ ਸੀ। ਢਲੀ ਰਾਤ ਤੋਂ ਦੇਵਤੇ ਆਏ। ਸੰਤ ਜੀ ਦੇਵ ਬਾਣੀ ਸੁਣਨ ਵਾਸਤੇ ਪਲੰਘ ਤੋਂ ਉਤਰ ਕੇ ਫਰਸ਼ 'ਤੇ ਬੈਠ ਗਏ। ਦੇਵਤਿਆਂ ਨੇ ਚਰਨੀਂ ਸੀਸ ਨਿਵਾ ਕੇ ਰਾਗ ਅਲਾਪਣਾ ਸ਼ੁਰੂ ਕੀਤਾ। ਮਾਤਾ ਜੀ ਦੀ ਅੱਖ ਖੁੱਲ੍ਹੀ ਤਾਂ ਪੁੱਤਰ ਨੂੰ ਪਲੰਘ ਤੋਂ ਹੇਠਾਂ ਬੈਠਾ ਵੇਖ ਕੇ ਹੈਰਾਨ ਹੋ ਗਈ। ਮਨ ਵਿਚ ਵਿਚਾਰਿਆ ਕਿ ਮੇਰੇ ਪੁੱਤਰ ਨੂੰ ਲੈਣ ਵਾਸੇਤੇ ਭੂਤ-ਪ੍ਰੇਤ ਆਏ ਹਨ। ਮਾਤਾ ਭੋਲੀ ਜੀ ਨੇ ਬਾਬਾ ਕਰਮ ਸਿੰਘ ਨੂੰ ਦੱਸਿਆ ਪਤੀ ਜੀ ਤੁਸੀਂ ਨਹੀਂ ਵੇਖਿਆ ਅਸਚਰਜ ਹੀ ਕੌਤਕ ਹੋਇਆ ਹੈ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ 'ਭੋਲੀਏ ਕਿਸੇ ਕੋਲ ਦੱਸਣਾ ਨਹੀਂ। ਸਾਧੂ ਨੇ ਬਚਨ ਕੀਤੇ ਸਨ ਕਿ ਤੇਰੇ ਘਰ ਜਗਨਨਾਥ ਅਵਤਾਰ ਹੋਵੇਗਾ।

ਸੰਤ ਸਰੋਵਰ ਪੰਨਾ 9-10

ਵਿਚਾਰ—ਉੱਪਰ ਲਿਖੇ ਵਿਚਾਰ ਵਿਚੋਂ ਗੁਰਮਤਿ ਸੰਬੰਧੀ ਇਕ ਲਾਈਨ ਲੱਭਣੀ ਇੰਜ ਹੈ ਜਿਵੇਂ ਕੋਈ ਰੇਤ ਨੂੰ ਪੀੜ ਕੇ ਤੇਲ ਕੱਢਣ ਦਾ ਯਤਨ ਕਰੇ। ਇਕ ਪਾਸੇ ਤਾਂ ਇਹ ਸਾਧ, ਆਪਣੇ ਆਪ ਨੂੰ ਗੁਰੂਆਂ ਤੋਂ ਵੀ ਵੱਡੇ ਸਾਬਤ ਕਰ ਰਹੇ ਹਨ ਦੂਜੇ ਪਾਸੇ ਗੁਰੂਆਂ ਦਾ ਕਿਹਾ ਭੰਨ ਤੋੜ ਕੇ ਦੇਵੀ-ਦੇਵਤਿਆਂ ਦੀ ਪੂਜਾ ਬ੍ਰਾਹਮਣੀ ਮੱਤ ਸਿੱਖੀ ਦੇ ਵਿਧਾਨ ਵਿਚ ਧੱਕੇ ਨਾਲ ਵਾੜ ਰਹੇ ਹਨ। ਅਵਤਾਰਵਾਦ ਨੂੰ ਗੁਰਬਾਣੀ ਨੇ ਨਹੀਂ ਮੰਨਿਆ ਪਰ ਇਹ ਸਾਧ ਜਗਨਨਾਥ ਅਵਤਾਰ ਧਾਰ ਕੇ ਆ ਰਹੇ ਹਨ। ਜਿਹੜੇ ਜੰਮਦੇ ਹੀ ਅਵਤਾਰ ਹਨ ਉਹ ਵੱਡੇ ਹੋ ਕੇ ਸੰਗਤਾਂ ਨੂੰ ਆਪਣੇ ਨਾਲ ਹੀ ਜੋੜਨਗੇ, ਗੁਰੂ ਪ੍ਰਮਾਤਮਾ ਨਾਲ ਜੋੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ ਕਿ ਸੰਤ ਅਤਰ ਸਿੰਘ ਡੰਗਰ ਚਾਰਨ ਗਏ। ਇਕ ਰੁੱਖ ਦੀ ਛਾਂ ਹੇਠਾਂ ਸੌਂ ਗਏ ਉਥੇ ਇਕ ਵਿਰਕਤ ਸਾਧੂ ਆਇਆ ਉਹ ਵੀ ਠੰਡੀ ਛਾਵੇਂ ਬੈਠ ਗਿਆ। ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਸਾਧੂ ਦੀ ਨਜ਼ਰ ਪਈ। ਸਾਧੂ ਚਰਨ ਦੀ ਰੇਖਾ ਵੇਖ ਕੇ ਕਹਿਣ ਲੱਗਾ ਇਸ ਦੀ ਰੇਖਾ ਦੱਸਦੀ ਹੈ ਕਿ ਕਿਸੇ ਦਿਨ ਚੱਕਰਵਤੀ ਰਾਜਾ ਜਾਂ ਰਾਜਾ ਯੋਗੀ ਹੋਵੇਗਾ। ਸਭ ਧਰਮਾਂ ਦੇ ਲੋਕ ਇਸਨੂੰ ਨਮਸਕਾਰਾਂ ਕਰਨਗੇ।

ਸੰਤ ਸਰੋਵਰ ਪੰਨਾ 11

ਵਿਚਾਰ-ਗੁਰਬਾਣੀ ਨੇ ਕਿਸੇ ਵਰ ਸਰਾਪ ਨੂੰ ਨਹੀਂ ਮੰਨਿਆ। ਗੁਰੂ ਫੁਰਮਾਨ ਹੈ:

"ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਆਪਣੇ ਕਾ ਹੁਕਮ ਪਛਾਨੈ॥"

(ਪੰਨਾ 286)

ਭਾਣਾ ਮੰਨੇ ਸੋ ਸੁਖ ਪਾਏ ॥ (ਪੰਨਾ 1063) ਆਦਿ ਬਚਨ ਕੀਤੇ ਹਨ। ਹੱਥਾਂ ਪੈਰਾਂ ਦੀਆਂ ਰੇਖਾ ਤੋਂ ਕੋਈ ਅੰਦਾਜ਼ਾ ਲਾ ਲੈਣਾ ਇਹ ਗੁਰਮਤਿ ਵਿਚ ਹੈ ਹੀ ਨਹੀਂ। ਉੱਪਰਲੇ ਪਹਿਰੇ ਵਿਚ ਵੀ ਸਭ ਬ੍ਰਾਹਮਣੀ ਮੱਤ ਲਿਖੀ ਹੋਈ ਹੈ। ਇਹ ਸੰਤ ਅਤਰ ਸਿੰਘ ਵੀ ਛੋਟੇ ਹੁੰਦਿਆਂ ਤੋਂ ਹੀ ਬ੍ਰਾਹਮਣੀ ਮੱਤਾਂ ਦੇ ਧਾਰਨੀ ਨਿਰਮਲੇ ਅਤੇ ਹੋਰ ਸਾਧੂਆਂ ਪਾਸੋਂ ਬਗੁਲ ਸਮਾਧੀਆਂ ਅਤੇ ਬ੍ਰਾਹਮਣੀ ਗੀਤਾਂ ਨਾਲ ਭਰੇ ਗ੍ਰੰਥਾਂ ਦੀਆਂ ਕਥਾ ਕਹਾਣੀਆਂ ਸੁਣਦੇ ਰਹੇ। ਕਿਰਤ ਕਰਨਾ, ਗੁਰੂ ਦਾ ਪਹਿਲਾ ਹੁਕਮ ਇਹਨਾਂ ਨਹੀਂ ਮੰਨਿਆ। ਸੰਤ ਸਰੋਵਰ ਵਿਚ ਲਿਖਿਆ ਹੈ ਕਿ ਇਹ ਸੰਤ ਅਤਰ ਸਿੰਘ ਘਰ ਦਾ ਕੋਈ ਕੰਮ ਨਹੀਂ ਸੀ ਕਰਦੇ ਅਤੇ ਜੋਗੀਆਂ ਵਾਂਗੂ ਗ੍ਰਿਹਸਤ ਮਾਰਗ ਤੋਂ ਕੋਹਾਂ ਦੂਰ ਰਹੇ, ਵਿਆਹ ਦਾ ਨਾਂ ਸੁਣਨਾ ਵੀ ਪਸੰਦ ਨਹੀਂ ਸੀ ਕਰਦੇ। ਗੁਰ ਫੁਰਮਾਨ ਹੈ :

"ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰ ॥"
(ਪੰਨਾ 469)

"ਛਿਅ ਜਤੀ ਮਾਇਆ ਕੇ ਬੰਦਾ ॥" (ਪੰਨਾ 1160)

"ਬਿੰਦ ਰਾਖਿ ਜਉ ਤਰੀਐ ਭਾਈ ॥
ਖੁਸਰੈ ਕਿਉ ਨ ਪਰਮਗਤਿ ਪਾਈ ॥" (ਪੰਨਾ 328)
ਜਿਹ ਗ੍ਰਿਹ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥"(ਗੁਰੂ ਗ੍ਰੰਥ ਸਾਹਿਬ)

ਭਾਰਤ ਦੇਸ਼ ਦੇ ਪੁਰਾਤਨ ਮੁਰਦਾ ਸਾਧੂ ਸਮਾਜ ਦੀ ਤਰ੍ਹਾਂ ਮਾਇਆ ਨੂੰ ਹੱਥ ਨਾ ਲਾਉਣ ਦਾ ਢੋਂਗ ਵੀ ਰਚੀ ਰੱਖਿਆ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ ਸੰਤ ਅਤਰ ਸਿੰਘ ਫੌਜ ਵਿਚ ਭਰਤੀ ਹੋ ਗਏ। ਉਥੇ ਵੀ ਡਿਊਟੀ ਕਰਨ ਦੀ ਬਜਾਏ ਕਈ ਕਈ ਘੰਟੇ ਸਮਾਧੀ ਲਾਈ ਰੱਖਦੇ। ਇਕ ਦਿਨ ਫੌਜੀ ਨੇ ਵੇਖਿਆ ਕਿ ਨਦੀ ਕਿਨਾਰੇ ਸਮਾਧੀ ਲਾਈ ਬੈਠੇ ਹਨ ਪਰ ਉਹ ਫੌਜੀ ਜਦੋਂ ਛਾਉਣੀ ਵਿਚ ਆਇਆ ਤਾਂ ਸੰਤ ਜੀ ਬਿਸਤਰੇ ਵਿਚ ਪਏ ਸਨ। ਫੌਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਦੋਈਂ ਥਾਂਈਂ ਕਿਵੇਂ ਹੋਏ ਤਾਂ ਸੰਤਾਂ ਨੇ ਚੁੱਪ ਰਹੋ ਕਹਿ ਕੇ ਹੋਰ ਵੀ ਫੌਜ ਵਿਚ ਕਈ ਕੌਤਕ ਵਰਤਾਏ।

ਪਿੱਛੋਂ ਚਿੱਠੀ ਗਈ ਕਿ ਤੁਹਾਡੇ ਪਿਤਾ ਜੀ ਚਲਾਣੇ ਕਰ ਗਏ ਹਨ। ਨਾਮ ਕਟਾ ਕੇ ਆ ਜਾਉ। ਪਰ ਸੰਤ ਜੀ ਨਾ ਹੀ ਨਾਮ ਕਟਾ ਕੇ ਆਏ ਨਾ ਘਰ ਆਏ, ਇਕ ਹੋਰ ਫੌਜੀ ਨੂੰ ਨਾਲ ਲੈ ਕੇ ਸਿੱਧੇ ਹਜ਼ੂਰ ਸਾਹਿਬ ਚਲੇ ਗਏ ਉਥੇ ਲੰਮੀਆਂ ਲੰਮੀਆਂ ਸਮਾਧੀਆਂ ਲਾਉਂਦੇ ਰਹੇ। ਇਕ ਦਿਨ ਸੰਤ ਜੀ ਗੌਤਮ ਘਾਟ ਦੇ ਨੀਚੇ ਤਪ ਕਰ ਰਹੇ ਸਨ, ਇਕ ਫਨੀਅਰ ਸੱਪ ਨੇ ਆ ਕੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਫਨ ਖਲਾਰ ਕੇ ਨੇੜੇ ਖੜ੍ਹ ਗਿਆ ਜਦ ਪੁਜਾਰੀ, ਸੰਤਾਂ ਵਾਸਤੇ ਪ੍ਰਸ਼ਾਦ ਲੈ

ਕੇ ਆਇਆ ਤਾਂ ਸੱਪ ਤੋਂ ਡਰ ਗਿਆ। ਸੰਤਾਂ ਕਿਹਾ ਆ ਜਾ ਭਾਈ ਇਹ ਤਾਂ ਦਰਸ਼ਨ ਕਰਨ ਆਇਆ ਸੀ।

ਇਕ ਵਾਰੀ ਸੰਤ ਜੀ ਗੋਦਾਵਰੀ ਨਦੀ ਦੇ ਕੰਡੇ 'ਤੇ ਅਲੋਪ ਹੋ ਗਏ, ਅੱਠ ਦਿਨ ਕੇਵਲ ਪਾਣੀ ਪੀ ਕੇ ਤਪ ਕਰਦੇ ਰਹੇ ਤਾਂ ਭਾਈ ਨਾਨੂੰ ਸਿੰਘ ਨੂੰ ਸੁਪਨਾ ਆਇਆ ਕਿ ਤੁਹਾਡੇ ਪ੍ਰੇਮੀ ਰੱਬ ਦੇ ਪਿਆਰੇ ਨੂੰ 8 ਦਿਨ ਹੋ ਗਏ ਭੁੱਖੇ ਬੈਠੇ ਨੂੰ, ਉਸਨੂੰ ਪ੍ਰਸ਼ਾਦ ਛਕਾਉ। ਭਾਈ ਨਾਨੂੰ ਸਿੰਘ ਪ੍ਰਸ਼ਾਦ ਲੈ ਕੇ ਗੋਦਾਵਰੀ ਦੇ ਕੰਡੇ ਫਿਰਦੇ ਰਹੇ ਪਰ ਸੰਤ ਕਿਤੇ ਨਾ ਲੱਭੇ। ਵਾਪਿਸ ਮੁੜ ਆਏ ਦੂਸਰੇ ਦਿਨ ਆਕਾਸ਼ਬਾਣੀ ਨੇ ਐਡਰੈੱਸ ਦਿੱਤਾ ਤਾਂ ਉਥੇ ਪ੍ਰਸ਼ਾਦਾ ਲੈ ਕੇ ਗਿਆ। ਸੰਤ ਜੀ ਅਡੋਲ ਸਮਾਧੀ ਲਾਈ ਬੈਠੇ ਸਨ। ਸੰਤ ਜੀ ਨੇ ਪ੍ਰਸ਼ਾਦ ਛਕਣ ਤੋਂ ਨਾਂਹ ਕਰ ਦਿੱਤੀ ਕਿਹਾ ਕਿ ਰਾਤ ਵਾਲਾ ਸੁਪਨਾ ਕਿਸੇ ਨੂੰ ਨਹੀਂ ਦੱਸਣਾ। ਹਾਂ ਕਰਵਾ ਕੇ ਪ੍ਰਸ਼ਾਦ ਛਕਿਆ। (ਸੰਤ ਸਰੋਵਰ, ਪੰਨਾ 14-16)

ਵਿਚਾਰ—ਇਸ ਲਿਖ ਤੋਂ ਸਿੱਧ ਹੁੰਦਾ ਹੈ ਕਿ ਸੰਤ ਅਤਰ ਸਿੰਘ ਆਪਣੀ ਕਿਰਤ ਕਰਕੇ ਖਾਣ ਵੱਲੋਂ ਬਿਲਕੁਲ ਮੁਨਕਰ ਰਹੇ। ਫੌਜ ਦੀ ਨੌਕਰੀ ਤੋਂ ਭਗੌੜੇ ਹੋ ਕੇ ਨਾ ਘਰ ਹੀ ਗਏ ਸਗੋਂ ਹਜ਼ੂਰ ਸਾਹਿਬ ਜਾ ਕੇ ਅੱਖਾਂ ਮੀਟ ਕੇ ਨਾਟਕੀ ਭਗਤੀ, ਅਤੇ ਅੰਨ ਛੱਡ ਦੇਣ ਦਾ ਪਾਖੰਡ ਕਰਦੇ ਰਹੇ। ਗੁਰ ਫੁਰਮਾਨ ਹੈ:

"ਮਾਇਆ ਕੀ ਕ੍ਰਿਤ ਛੋਡਿ ਗਵਾਈ ਭਗਤੀ ਸਾਰ ਨ ਜਾਨੈ॥"

(ਪੰਨਾ 381)

ਸਤਿਗੁਰ ਕਹਿੰਦੇ ਕ੍ਰਿਤ ਕਰਕੇ ਖਾਣ ਵਾਲੇ ਅਸੂਲ ਨੂੰ ਛੱਡ ਦਿੱਤਾ ਹੈ ਅਤੇ ਸੱਚੀ ਭਗਤੀ ਦੀ ਇਸਨੂੰ ਸਾਰ ਕੋਈ ਨਹੀਂ ਹੈ ਇਸਨੇ ਪਾਖੰਡ ਨੂੰ ਹੀ ਭਗਤੀ ਸਮਝ ਲਿਆ ਹੈ। ਗ਼ੈਬੀ ਸ਼ਕਤੀਆਂ ਅਤੇ ਜੋਗੀਆਂ ਵਾਲੀਆਂ ਰਿੱਧੀਆਂ ਸਿੱਧੀਆਂ ਨੂੰ ਗੁਰੂ ਸਾਹਿਬਾਂ ਨੇ ਪੂਰਨ ਤੌਰ 'ਤੇ ਰੱਦ ਕੀਤਾ ਹੋਇਆ ਹੈ।

"ਰਿਧਿ ਸਿਧ ਅਵਰਾ ਸਾਦੁ॥" (ਪੰਨਾ 6, ਜਪੁਜੀ ਸਾਹਿਬ)

"ਰਿਧਿ ਸਿਧਿ ਸਭਿ ਮੋਹ ਹੈ ਨਾਮ ਨ ਵਸੈ ਮਨਿ ਆਇ॥" (ਪੰਨਾ 593)

ਗੁਰੂ ਦੇ ਇਹ ਬਚਨ ਇਸ ਸਾਧ ਨੂੰ ਕਦੇ ਚੇਤੇ ਹੀ ਨਹੀਂ ਆਏ। ਇਸ ਸਾਧ ਦੇ ਕਹਿਣ ਮੁਤਾਬਿਕ ਦਸਵੇਂ ਪਾਤਸ਼ਾਹ ਆਕਾਸ਼ ਤੋਂ ਉਤਰਦੇ ਹਨ ਅਤੇ ਇਸਨੂੰ ਕਹਿੰਦੇ ਹਨ ਕਿ ਤੂੰ ਕੀਰਤਨ ਕਰ ਅੰਮ੍ਰਿਤ ਛਕਾ। ਇਥੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਇਸ ਸਾਧ ਨੂੰ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਅਤੇ ਦਸਮ ਪਾਤਸ਼ਾਹ ਦੀ ਬਾਣੀ 'ਤੇ ਰਤਾ ਵੀ ਭਰੋਸਾ ਨਹੀਂ ਹੈ। ਗੁਰੂ ਦਾ ਸਿੱਖ ਤਾਂ ਗੁਰਬਾਣੀ ਗੁਰੂ ਦਾ ਬਚਨ ਮੰਨਦਾ ਹੈ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ ਕਿ ਸਾਹਿਬ ਦਾਸ ਨਗਨ ਸਾਧੂ ਮੰਗਵਾਲ ਵਾਲੇ ਇੱਥੇ ਆ ਕੇ ਮਿਲੇ। ਦੋਵੇਂ ਸਾਧੂ ਮਿਲਕੇ ਬੰਦਗੀ ਕਰਦੇ। ਇਕ

ਦਿਨ ਸਾਹਿਬ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ਠਾਕੁਰ ਜੀ, ਜੋਗ ਵਸ਼ਿਸ਼ਟ ਦੀ ਕਥਾ ਸੁਣਾਉ। ਸੰਤ ਜੀ ਮਹਾਰਾਜ ਨੇ ਯੋਗ ਵਸ਼ਿਸ਼ਟ ਦੀ ਪੋਥੀ ਮੰਗਵਾ ਕੇ ਕਥਾ ਆਰੰਭ ਕਰ ਦਿੱਤੀ। ਸੰਤ ਨੇ ਮਾਤਾ ਜੀ ਨੂੰ ਨਾਨਕਸ਼ਾਹੀ ਚਾਂਦੀ ਦਾ ਰੁਪਈਆ ਦੇ ਕੇ ਗੁਰੂ ਮੂਰਤਿ ਦਾ ਧਿਆਨ ਧਰਨ ਦੀ ਜੁਗਤੀ ਦੱਸੀ।

ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਕਰੋ। ਦਸਵਾਂ ਹਿੱਸਾ ਗੁਰੂ ਕੇ ਅਰਥ ਲਾ ਦਿਉ। ਫਿਰ ਹਰੀ ਆਪ ਹੀ ਅੰਦਰ ਵੱਸ ਜਾਏਗਾ। ਮਾਤਾ ਜੀ ਨੇ ਕਿਹਾ ਵਿਆਹ ਕਰਵਾ ਲੈ ਤਾਂ ਸੰਤ ਜੀ ਇਹ ਸੁਣਦੇ ਸਾਰ ਹੀ ਮਾਤਾ ਜੀ ਨੂੰ ਘਰ ਘਲਾ ਕੇ ਕਿਧਰੇ ਦੂਰ ਚਲੇ ਗਏ। ਸੰਤ ਜੀ ਆਪਣੇ ਘਰ ਪੈਰ ਵੀ ਨਹੀਂ ਸੀ ਪਾਉਂਦੇ।

ਸੰਤ ਸਰੋਵਰ, ਪੰਨਾ 22

ਵਿਚਾਰ—ਇਥੋਂ ਇਹ ਸਿੱਧ ਹੋਇਆ ਕਿ ਜਿਨ੍ਹਾਂ ਨਾਂਗੇ ਸਾਧੂਆਂ ਨੂੰ ਗੁਰਬਾਣੀ ਵਿਚ ਫਿਟਕਾਰਾਂ ਪਾਈਆਂ ਗਈਆਂ ਹਨ ਉਹਨਾਂ ਨਾਲ ਇਸ ਸਾਧ ਦਾ ਮੇਲ ਮਿਲਾਪ ਹੈ। ਇਹ ਸੰਤ ਜੀ, ਗੁਰੂ ਦੇ ਸਾਹਿਬਜਾਦਿਆਂ ਦੀ ਕਥਾ ਭੁੱਲ ਕੇ ਯੋਗ ਵਸ਼ਿਸ਼ਟ ਦੀ ਕਥਾ ਸੁਣਾ ਰਹੇ ਹਨ। ਇਹਨਾਂ ਸੰਤਾਂ ਨੇ ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਵੱਲੋਂ ਸਦਾ ਮੂੰਹ ਮੋੜੀ ਰੱਖਿਆ। ਬ੍ਰਾਹਮਣਵਾਦੀ ਕਹਾਣੀਆਂ ਦਾ ਹੀ ਇਹਨਾਂ ਪ੍ਰਚਾਰ ਕੀਤਾ ਹੈ। ਗੁਰ ਸ਼ਬਦ ਤੱਤ ਗੁਰਮਤਿ ਦਾ ਧਿਆਨ ਧਰਨ ਦੀ ਬਜਾਇ ਇਹ ਮੂਰਤੀਆਂ ਦਾ ਧਿਆਨ ਧਰਨ ਦੀਆਂ ਜੁਗਤੀਆਂ ਦੱਸ ਰਹੇ ਹਨ। ਦੂਜਿਆਂ ਨੂੰ ਦਸਾਂ ਨਹੁੰਆਂ ਦੀ ਕ੍ਰਿਤ ਕਰੋ ਦੱਸ ਰਹੇ ਹਨ ਪਰ ਆਪ ਸਦਾ ਘਰੋਂ ਭਗੌੜੇ ਰਹੇ ਅਤੇ ਮੰਗ ਮੰਗ ਕੇ ਟੁਕੜੇ ਖਾਂਦੇ ਰਹੇ ਅਤੇ ਜੋਗ ਮੱਤ ਅਤੇ ਹਿੰਦੂ ਮੱਤ ਵਾਲੇ ਜਾਪਾਂ ਤਪਾਂ ਦਾ ਦਿਖਾਵਾ ਕਰਦੇ ਰਹੇ ਅਤੇ ਹਿੰਦੂ ਮੱਤ ਵਾਲਾ ਹੀ ਤੀਰਥਾਂ 'ਤੇ ਭ੍ਰਮਣ ਅਤੇ ਤੀਰਥ ਇਸ਼ਨਾਨਾਂ ਵਿਚ ਵਿਸ਼ਵਾਸ ਰੱਖਦੇ ਹੋਏ ਗੁਰਮਤਿ ਤੋਂ ਕੋਹਾਂ ਦੂਰ ਰਹੇ।

ਨੋਟ—ਸੰਤ ਅਤਰ ਸਿੰਘ ਦੀ ਸੰਤ ਸਰੋਵਰ ਪੁਸਤਕ ਪਾਠਕ ਆਪ ਪੜ੍ਹ ਕੇ ਦੇਖ ਲੈਣ ਸੰਤ ਨੂੰ ਪੂਰਨ ਮਹਾਰਾਜ ਲਿਖਿਆ ਹੈ ਅਤੇ ਸੰਤਾਂ ਦੇ ਚਰਨ ਘਰਾਂ ਵਿਚ ਪਵਾਏ ਜਾ ਰਹੇ ਹਨ, ਪਰ "ਗੁਰੂ ਗ੍ਰੰਥ ਸਾਹਿਬ" ਦੇ ਚਰਨਾਂ ਦੀ ਕਿਤੇ ਵੀ ਗੱਲ ਨਹੀਂ ਕੀਤੀ ਗਈ। ਇਸ ਸੰਤ ਨੂੰ ਗੁਰੂ ਨਾਲੋਂ ਵੀ ਵੱਡਾ ਦਿਖਾਇਆ ਗਿਆ ਹੈ। ਪਾਠਕ ਆਪ ਫੈਸਲਾ ਕਰਨ ਕਿ ਐਸੀਆਂ ਸੰਤਾਂ ਦੀਆਂ ਕਿਤਾਬਾਂ ਪੜ੍ਹ ਕੇ ਕੀ ਕੋਈ "ਗੁਰੂ ਗ੍ਰੰਥ ਸਾਹਿਬ" ਦੇ ਚਰਨਾਂ ਬਾਰੇ ਸੋਚ ਵੀ ਸਕੇਗਾ ? ਸੰਤ ਦੀ ਇਸ ਕਿਤਾਬ ਵਿਚ ਨਿੱਤਨੇਮ ਦੀਆਂ ਬਾਣੀਆਂ ਅਤੇ ਹੋਰ ਬਾਣੀ ਪੜ੍ਹਨ, ਸੁਣਨ, ਸਮਝਣ, ਮੰਨਣ, ਕਮਾਉਣ ਦੀ ਕਿਤੇ ਕੋਈ ਗੱਲ ਹੀ ਨਹੀਂ ਆ ਰਹੀ।

ਅੱਗੇ ਸੰਤ ਸਰੋਵਰ ਪੁਸਤਕ ਵਿਚ ਲਿਖਿਆ ਹੈ ਮਾਈ ਕੜਾਹ ਪ੍ਰਸ਼ਾਦ ਦੀ ਦੇਗ ਕਰਕੇ ਲੈ ਆਈ ਕੁੰਭ, ਨਰੇਲ, ਜੋਤ ਜਗਾ ਕੇ ਜਪੁਜੀ ਸਾਹਿਬ ਦੀ ਪੋਥੀ

ਨਾਲ ਪ੍ਰਕਾਸ਼ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕੀਤਾ ਅਤੇ ਹੁਕਮਨਾਮਾ ਲੈਣ ਲੱਗਿਆਂ ਮੂਲ ਮੰਤਰ "ਨਾਨਕ ਹੋਸੀ ਭੀ ਸਚੁ" ਤਕ ਪੜ੍ਹਿਆ।

ਸੰਤ ਸਰੋਵਰ, ਪੰਨਾ 30

ਵਿਚਾਰ—ਇਸ ਸੰਤ ਬਾਰੇ ਇਹ ਆਮ ਕਹਾਵਤ ਹੈ ਕਿ ਇਸ ਨੂੰ ਅਕਾਲ ਤਖ਼ਤ ਵੱਲੋਂ 'ਸੰਤ' ਦੀ ਉਪਾਧੀ ਮਿਲੀ ਪਰ ਗੁਰ ਇਤਿਹਾਸ। ਸਿੱਖ ਇਤਿਹਾਸ 'ਤੇ ਝਾਤ ਮਾਰੀਏ ਤਾਂ ਇਹ ਕੋਰਾ ਝੂਠ ਸਪੱਸ਼ਟ ਹੋ ਜਾਂਦਾ ਹੈ ਕਿਉਂਕਿ ਭਾਈ ਮਰਦਾਨਾ ਜੀ ਤੋਂ ਲੈ ਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਦੀਪ ਸਿੰਘ, ਭਾਈ ਮਨੀ ਸਿੰਘ ਅਤੇ ਹੋਰ ਵੀ ਸਾਰੇ ਮਹਾਨ ਆਤਮਾ ਸਿੰਘ 'ਭਾਈ' ਹਨ। ਇਹਨਾਂ ਵਿਚੋਂ ਕਿਸੇ ਇਕ ਦੇ ਨਾਂ ਨਾਲ ਵੀ 'ਸੰਤ' ਅੱਖਰ ਨਹੀਂ ਹੈ ਇਸ ਕਰਕੇ ਅਕਾਲ ਤਖ਼ਤ ਵੱਲੋਂ 'ਸੰਤ' ਦੀ ਉਪਾਧੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਹਿੰਦੇ ਹਨ ਕਿ ਅਕਾਲ ਤਖ਼ਤ 'ਤੇ ਐਸਾ ਰਿਕਾਰਡ ਵੀ ਕੋਈ ਨਹੀਂ ਹੈ ਅਤੇ ਨਾਲੇ ਅਕਾਲ ਤਖ਼ਤ ਸਾਹਿਬ ਦੀ ਪਾਵਨ ਮਰਿਯਾਦਾ ਨੂੰ ਭੰਨਣ ਵਾਲਾ ਫਿਟਕਾਰਿਆ ਤਾਂ ਜਾ ਸਕਦਾ ਹੈ। ਸਤਿਕਾਰਿਆ ਨਹੀਂ ਜਾ ਸਕਦਾ। ਜਿਹੜਾ ਅਖੰਡ ਪਾਠ ਇਥੇ ਸੰਤ ਜੀ ਹਿੰਦੂ ਮੱਤ ਵਾਲੀ ਰਮਾਇਣ ਦੇ ਪਾਠ ਦੀ ਨਕਲ 'ਤੇ ਕਰ ਰਹੇ ਹਨ ਇਸ ਬਾਰੇ ਅਕਾਲ ਤਖ਼ਤ ਸਾਹਿਬ ਦੀ ਸਰਬ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ--ੲ. ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ- ਨਾਲ ਜਾਂ ਵਿਚ-ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

ਸਿੱਖ ਰਹਿਤ ਮਰਿਯਾਦਾ, ਪੰਨਾ 17

ਮੂਲ ਮੰਤਰ ਬਾਰੇ ਵੀ ਇਸੇ ਸਿੱਖ ਰਹਿਤ ਮਰਿਯਾਦਾ ਵਿਚ ਅੰਮ੍ਰਿਤ ਸੰਸਕਾਰ ਸਿਰਲੇਖ ਅਧੀਨ ਲਿਖਿਆ ਹੈ। ਉਪਰੰਤ ਪੰਜ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਨਾਮ ਦੱਸ ਕੇ ਮੂਲ ਮੰਤਰ ਸੁਣਾਉਣ 'ਤੇ ਉਹਨਾਂ ਪਾਸੋਂ ਇਸਦਾ ਰਟਨ ਕਰਾਉਣ :

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"

ਸਿੱਖ ਰਹਿਤ ਮਰਯਿਾਦਾ, ਪੰਨਾ 29

ਸੋ "ਗੁਰੂ ਗ੍ਰੰਥ ਸਾਹਿਬ ਜੀ" ਅੰਦਰ ਗੁਰ ਪ੍ਰਸਾਦਿ ਅੱਗੇ ਦੋ ਡੰਡੀਆਂ ਹਨ ਅਤੇ ਜਪੁ ਦੇ ਪਹਿਲੇ ਵੀ ਦੋ ਡੰਡੀਆਂ ਅਤੇ ਬਾਅਦ ਵੀ ਦੋ ਡੰਡੀਆਂ ਲੱਗੀਆਂ ਹੋਈਆਂ ਹਨ ਪਰ ਗੁਰੂ ਨਾਲੋਂ ਵੱਧ ਸਿਆਣੇ ਕਹਾਉਣ ਵਾਲੇ ਇਹ ਸੰਤ ਆਪਣੀ ਮਰਜੀ ਨਾਲ ਜਪੁ ਦੇ ਪਹਿਲੇ ਵਾਲੀਆਂ ਦੋ ਡੰਡੀਆਂ ਲਾਹ ਰਹੇ ਹਨ ਅਤੇ ਜਪੁ

ਨੂੰ ਨਾਲ ਜੋੜ ਕੇ ਮੂਲ ਮੰਤਰ ਦਾ ਹਿੱਸਾ ਪ੍ਰਚਾਰ ਰਹੇ ਹਨ ਜੋ ਕਿ ਗੁਰਮਤਿ ਦੀ ਘੋਰ ਉਲੰਘਣਾ ਹੈ। ਜਪੁ ਦੇ (ਪੁ) ਲੱਗਾ ਹੋਣ ਕਰਕੇ ਵੀ ਇਹ ਕਦੇ ਵੀ ਮੂਲ-ਮੰਤਰ ਦਾ ਹਿੱਸਾ ਨਹੀਂ ਹੋ ਸਕਦਾ ਕਿਉਂਕਿ 'ਜਪੁ' ਬਾਣੀ ਦਾ ਨਾਮ ਹੈ। ਜਪੁ (ਸਾਹਿਬ) ਸਤਿਕਾਰ ਵਜੋਂ 'ਜਪੁਜੀ ਸਾਹਿਬ' ਕਿਹਾ ਜਾਂਦਾ ਹੈ।

ਸੰਤ ਸ਼ਰੋਵਰ ਵਿਚ ਅੱਗੇ ਲਿਖਿਆ ਹੈ ਕਿ ਸੰਤ ਜੀ ਨੇ ਯੱਗ ਕੀਤਾ। ਇਸ ਯੱਗ ਤੋਂ ਬਾਅਦ ਸੰਤ ਜੀ ਮਹਾਰਾਜ ਨੇ ਚਾਲੀਸਾ ਕੱਟਣ ਦਾ ਵਿਚਾਰ ਕੀਤਾ। ਭਾਈ ਵਜੀਰ ਸਿੰਘ ਨੂੰ ਹੁਕਮ ਕੀਤਾ ਭਾਈ 40 ਦਾਤਨਾਂ ਲੈ ਆਉ। ਸੋ ਲੈ ਆਇਆ, ਦੂਸਰੇ ਦਿਨ ਭਾਈ ਵਜੀਰ ਸਿੰਘ ਪ੍ਰਸ਼ਾਦਾ ਲੈ ਕੇ ਆਇਆ ਤਾਂ ਕੁਟੀਆ ਦਾ ਦਰਵਾਜ਼ਾ ਬੰਦ ਸੀ। ਇਹ ਵੇਖ ਕੇ ਉਹ ਕੁਟੀਆ ਦੀ ਪ੍ਰਕਿਰਮਾ ਕਰਕੇ ਵਾਪਸ ਮੁੜ ਜਾਂਦਾ। ਚਾਲੀ ਦਿਨ ਬਾਅਦ ਕੁਟੀਆ ਦਾ ਦਰਵਾਜ਼ਾ ਖੁੱਲ੍ਹਿਆ। ਭਾਈ ਵਜੀਰ ਸਿੰਘ ਤੇ ਮਾਈ ਭਾਗ ਭਰੀ ਦਰਸ਼ਨ ਕਰਕੇ ਪ੍ਰਸੰਨ ਹੋਏ। ਸੰਤ ਜੀ ਦਾ ਸਰੀਰ ਇਤਨਾ ਕਮਜ਼ੋਰ ਹੋ ਗਿਆ ਕਿ ਖੜ੍ਹੇ ਨਹੀਂ ਸੀ ਹੋਇਆ ਜਾਂਦਾ। ਮਾਈ ਭਾਗ ਭਰੀ ਨਰਮ ਅਤੇ ਹੌਲਾ ਭੋਜਨ ਖਿਚੜੀ ਰਿੰਨ੍ਹ ਕੇ ਖਵਾਉਂਦੀ, ਦੋ ਮਹੀਨੇ ਬੀਤ ਗਏ। ਫਿਰ ਸੰਤ ਮਹਾਰਾਜ ਨੇ ਅੰਨ ਤਜ (ਛੱਡ) ਦਿੱਤਾ। ਸੰਤ ਜੀ ਨੇ ਬਚਨ ਕੀਤਾ ਕਿ ਅੰਨ ਛਕ ਕੇ ਬੈਠਿਆ ਨਹੀਂ ਜਾਂਦਾ ਤੇ ਚਾਲੀਸਾ ਵੀ ਮਨਜ਼ੂਰ ਨਹੀਂ ਹੁੰਦਾ। ਸੰਤ ਜੀ ਕੁਟੀਆ ਅੰਦਰ ਚਲੇ ਗਏ। ਛੇ ਮਹੀਨੇ ਬਾਅਦ ਦਰਵਾਜ਼ਾ ਖੁੱਲ੍ਹਿਆ। ਸਰੀਰ ਕਮਜ਼ੋਰ ਹੋ ਗਿਆ। ਮਾਲਸ਼ਾਂ ਕਰਵਾਈਆਂ। ਫਿਰ ਸੰਤ ਜੀ ਨੇ ਸੰਨ 1895 ਈ: 29 ਸਾਲ ਦੀ ਉਮਰ ਵਿਚ ਇਕ ਸਾਲ ਦਾ ਚਾਲੀਸਾ ਤਪ ਕਰਨ ਵਾਸਤੇ ਕੋਠੜੀ ਦਾ ਦਰਵਾਜ਼ਾ ਬੰਦ ਕਰ ਲਿਆ। ਸੰਤ ਜੀ ਦੇ ਸੇਵਕ ਪੂਰਾ ਸਾਲ ਕੋਠੜੀ ਦੀ ਪ੍ਰਕਿਰਮਾ ਕਰਦੇ ਰਹੇ। ਸਾਲ ਬਾਅਦ ਵਿਸਾਖੀ ਵਾਲੇ ਦਿਨ ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ। ਲੋਕਾਂ ਨੇ ਘਿਉ, ਦਾਲ, ਮਿੱਠਾ ਭੇਟ ਕੀਤਾ। ਫਿਰ ਕੜਾਹ ਪ੍ਰਸ਼ਾਦ ਦਾ ਜੱਗ ਕੀਤਾ ਗਿਆ। (ਸੰਤ ਸਰੋਵਰ, ਪੰਨਾ 33-35)

ਵਿਚਾਰ—ਉੱਪਰ ਲਿਖੀ ਸੰਤ ਸਰੋਵਰ ਦੀ ਲਿਖਤ ਵਿਚੋਂ ਕੋਈ ਰਤਾ ਮਾਤਰ ਵੀ ਗੁਰਮਤਿ ਲੱਭ ਕੇ ਦਿਖਾਵੇ ? ਇਹ ਜੋਗੀਆਂ ਵਾਲੇ ਚਾਲੀਸੇ ਅਤੇ ਯੱਗ ਲਿਖੇ ਹਨ। ਅੰਨ ਛਡ ਕੇ ਐਸੇ ਤਪ, ਸਰੀਰ ਨੂੰ ਕਸ਼ਟ ਦੇਣੇ, ਗੁਰਮਤਿ ਅਨੁਸਾਰ, ਧਰਮ ਦੇ ਨਾਂ 'ਤੇ ਕੇਵਲ ਫੋਕੇ ਕਰਮਕਾਂਡ ਹਨ। ਐਸੇ ਭੇਖੀ ਸੰਤਾਂ ਨੇ ਸਿੱਖ ਧਰਮ ਨੂੰ ਵੀ ਫੋਕਾ ਕਰਮਕਾਂਡੀ ਧਰਮ ਬਣਾਉਣ ਵਾਸਤੇ ਸਾਰਾ ਜ਼ੋਰ ਲਾ ਰੱਖਿਆ ਹੈ। ਜਿਸ ਧਰਮ ਦੇ ਧਾਰਮਿਕ ਆਗੂ ਐਸੇ ਸੰਤ ਹੋਣ ਉਹ ਸਦੀਆਂ ਪੁਰਾਣੀ ਕਰਮਕਾਂਡੀ ਦਲਦਲ ਵਿਚ ਤਾਂ ਡਿੱਗ ਸਕਦਾ ਹੈ ਪਰ ਇਕ ਪੈਰ ਵੀ ਤਰੱਕੀ ਨਹੀਂ ਕਰ ਸਕਦਾ ਸੋ ਐਸਾ ਹੀ ਹੋਇਆ ਹੈ ਅਤੇ ਹੋ ਰਿਹਾ ਹੈ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ-

ਸੰਤ ਅਤਰ ਸਿੰਘ ਪੂਰਾ ਸਤਿਗੁਰ, ਸੱਜੀ ਭੁਜਾ ਉਲਾਰੇ,
ਡੰਗ ਮਾਰਨੋ ਨਾਗ ਰੋਕਿਆ, ਖੜ੍ਹਾ ਫੁਕਾਰੇ ਮਾਰੇ,
ਆਕਾਸ਼ ਮੰਡਲ ਵਿਚ ਗਿਣੇ ਜਾਣਗੇ, ਧਰੂਆ ਮੰਡਲ ਦੇ ਤਾਰੇ।
ਗਿਣੇ ਨਹੀ ਗਏ, ਨਾ ਗਿਣੇ ਜਾਣਗੇ, ਸੰਤ ਜਨਾ ਦੇ ਤਾਰੇ।

ਸੰਤ ਸਰੋਵਰ, ਪੰਨਾ 36

ਵਿਚਾਰ—ਸੰਤ ਅਤਰ ਸਿੰਘ ਪੂਰਾ ਸਤਿਗੁਰ। ਇਹਨਾਂ ਭੇਖੀ ਸਾਧਾਂ ਨੂੰ ਸੰਤ ਅੱਖਰ ਨਾਲ ਵੀ ਸਬਰ ਨਹੀਂ ਆਇਆ। ਇਹ ਪੂਰੇ ਸਤਿਗੁਰ ਹੀ ਬਣ ਗਏ ਸੋ ਇਥੋਂ ਇਹ ਵੀ ਸਿੱਧ ਹੋਇਆ ਕਿ ਜਿੰਨੇ ਵੀ ਦੇਹਧਾਰੀ ਗੁਰੂ, ਸਤਿਗੁਰੂ ਪੈਦਾ ਹੋਏ ਹਨ ਇਹ ਸਭ ਇਹਨਾਂ ਸੰਤਾਂ ਦੇ ਕਾਰਨਾਮਿਆਂ ਵਿਚੋਂ ਹੀ ਪੈਦਾ ਹੋਏ ਹਨ ਅਤੇ ਇਹਨਾਂ ਸੰਤਾਂ ਵਾਂਗੂੰ ਹੀ "ਧੰਨ ਗੁਰੂ ਗ੍ਰੰਥ ਸਾਹਿਬ" ਦੇ ਸ਼ਰੀਕ ਬਣੇ ਹੋਏ ਹਨ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ ਕਿ ਸੰਤ ਬਾਬਾ ਬਿਸ਼ਨ ਸਿੰਘ ਗੜਵਾ ਲੈ ਕੇ ਤੁਰ ਪਏ। ਘਟ-ਘਟ ਦੀ ਜਾਨਣ ਵਾਲੇ ਅੰਤਰਜਾਮੀ ਸੰਤ ਜੀ ਮਹਾਰਾਜ ਨੇ ਸੰਸਾਰ ਦੀ ਮਰਿਯਾਦਾ ਨੂੰ ਕਾਇਮ ਰੱਖਣ ਵਾਸਤੇ ਪੁੱਛਿਆ "ਭਾਈ ਬਿਸ਼ਨ ਸਿੰਘ ਜੀ ਤੁਹਾਡਾ ਪਿੰਡ ਕਿਹੜਾ ਹੈ ? (ਸੰਤ ਸਰੋਵਰ, ਪੰਨਾ 40)

ਵਿਚਾਰ—ਦੇਖੋ ਕਿਸ ਤਰ੍ਹਾਂ ਇਹ ਭੇਖੀ ਸਾਧ ਆਪ ਹੀ ਘਟ ਘਟ ਦੀ ਜਾਨਣਹਾਰ ਬਣੇ ਹੋਏ ਹਨ। ਫਿਰ ਇਹਨਾਂ ਦੀ ਨਜ਼ਰ ਵਿਚ ਗੁਰੂ ਪ੍ਰਮਾਤਮਾ ਤਾਂ ਕੁਝ ਵੀ ਨਹੀਂ ਹਨ। ਇਹ ਆਪ ਹੀ ਰੱਬ ਬਣ ਬੈਠੇ। ਹੂ-ਬ-ਹੂ ਇਸੇ ਤਰ੍ਹਾਂ ਪਾਦਰੀ, ਮੁਲਾਂ ਮੁਲਾਣੇ ਅਤੇ ਧੋਤੀਆਂ ਵਾਲੇ ਬ੍ਰਾਹਮਣ ਵੀ ਆਪ ਹੀ ਖ਼ੁਦਾ ਬਣ ਕੇ ਕਿਸੇ ਨੂੰ ਸਵਰਗ ਅਤੇ ਨਰਕ ਦੀਆਂ ਟਿਕਟਾ ਦੇਈ ਜਾਂਦੇ ਸਨ ਪਰ ਇਹਨਾਂ ਦਾ ਜੋ ਹਸ਼ਰ ਹੋਇਆ ਉਹ ਦੁਨੀਆਂ ਨੇ ਅੱਖਾਂ ਨਾਲ ਦੇਖਿਆ।

ਸੰਤ ਸਰੋਵਰ ਵਿਚ ਲਿਖਿਆ ਹੈ ਕਿ ਰਾਤ ਦੋ ਵਜੇ ਮਸਤੂਆਣੇ ਝਿੜੇ ਵਿਚ ਚਾਨਣ ਹੋਇਆ। ਸੰਤ ਬਿਸ਼ਨ ਸਿੰਘ ਕਹਿਣ ਲੱਗੇ ਭਾਈ ਗੁਲਾਬ ਸਿੰਘ ਤੁਸੀਂ ਡਰੋ ਨਹੀਂ। ਬਾਬਾ ਜਗਤ ਸਿੰਘ ਨੇ ਬਚਨ ਕੀਤਾ ਕਿ ਜਿਹੜਾ ਇਥੇ ਆਪਣੀ ਖੁਸ਼ੀ ਨਾਲ ਬਲੀ ਦੇਵੇਗਾ ਉਸਤੋਂ 12 ਸਾਲ ਬਾਅਦ ਇਥੇ ਮੋਹਣੀ ਅਵਤਾਰ ਆਵੇਗਾ 12 ਸਾਲ ਵੀ ਹੋਣ ਵਾਲੇ ਹਨ ਅਤੇ ਮੋਹਣੀ ਆਉਣ ਦੀ ਨਿਸ਼ਾਨੀ ਜੋ ਰਾਤ 2 ਵਜੇ ਚਾਨਣ ਹੋਇਆ ਹੈ ਇਹ ਹੈ। (ਸੰਤ ਸਰੋਵਰ, ਪੰਨਾ 44)

ਵਿਚਾਰ—ਉੱਪਰ ਜੋ ਬਲੀ ਦੇਣ ਅਤੇ ਅਵਤਾਰਵਾਦ ਦੀ ਗੱਲ ਕੀਤੀ ਗਈ ਹੈ। ਗੁਰਮਤਿ ਨੇ ਇਸਨੂੰ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਨਾ ਹੀ ਕਰੇਗੀ। ਪਾਖੰਡਵਾਦ ਦਾ ਪ੍ਰਚਾਰ ਇਹ ਸੰਤ ਕਰ ਰਹੇ ਹਨ। ਪੁਸਤਕ ਸੰਤ ਸਰੋਵਰ ਦੇ ਪੰਨਾ 49 'ਤੇ ਵੀ ਸੰਤ ਅਤਰ ਸਿੰਘ ਨੂੰ ਪੂਰਾ ਸਤਿਗੁਰੂ ਲਿਖਿਆ ਹੈ ਜਿਸ ਤੋਂ ਇਹ

ਸਿੱਧ ਹੋ ਚੁੱਕਾ ਹੈ ਕਿ ਸਿੱਖੀ ਦੇ ਮਹੱਲ ਨੂੰ ਤਹਿਸ-ਨਹਿਸ ਕਰਨ ਵਾਸਤੇ ਸੰਤ ਅਤਰ ਸਿੰਘ ਦਾ ਬਹੁਤ ਵੱਡਾ ਯੋਗਦਾਨ ਹੈ।

ਸੰਤ ਸਰੋਵਰ ਵਿਚ ਅੱਗੇ ਲਿਖਿਆ ਹੈ ਕਿ ਬਿਜਲੀ ਸਮਾਨ ਝਲਕ ਹੋਈ ਤੇ ਇਕ ਦਿਨ ਵਿਚ ਅਲੋਪ ਹੋ ਗਈ। ਸੰਗਤ ਨੇ ਬੇਨਤੀ ਕੀਤੀ, ਮਹਾਰਾਜ ਇਹ ਕੀ ਕੌਤਕ ਹੋਇਆ ? ਸੰਤਾਂ ਨੇ ਬਚਨ ਕੀਤਾ ਭਾਈ ਬੋਲਣਾ ਨਹੀਂ, ਨਦੀ ਪਾਰ ਵੇਖੋ। ਸਾਰੀ ਸੰਗਤ ਨਦੀ ਪਾਰ ਵੇਖਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਘੋੜੇ 'ਤੇ ਸਵਾਰ ਪੰਜਾਂ ਪਿਆਰਿਆਂ ਸਮੇਤ ਨਦੀ ਪਾਰੋਂ ਪਾਣੀ ਉੱਪਰ ਦੀ ਆਉਂਦੇ ਦਿਖਾਈ ਦਿੱਤੇ ਤਾਂ ਸ਼ਰਧਾ ਨਾਲ ਸਭ ਦੇ ਸਿਰ ਝੁਕ ਗਏ ਅਤੇ ਆਖਣ ਲੱਗੇ, ਮਹਾਰਾਜ ਆਪ ਜੀ ਦੀ ਕ੍ਰਿਪਾ ਨਾਲ ਦਸ਼ਮੇਸ਼ ਪਿਤਾ ਜੀ ਦੇ ਦਰਸ਼ਨ ਹੋ ਗਏ ਹਨ।

ਸੰਤ ਸਰੋਵਰ, ਪੰਨਾ 50

ਵਿਚਾਰ—ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ ਨਿਜ ਧਾਮ ਨੂੰ ਪਰਤਣ ਸਮੇਂ ਜੋ ਬਚਨ ਖ਼ਾਲਸਾ ਜੀ ਨੂੰ ਕਹੇ ਸਨ ਉਹ ਇਹਨਾਂ ਸਾਧਾਂ ਨੇ ਇਕ ਵੀ ਯਾਦ ਨਹੀਂ ਰੱਖਿਆ। ਸਿੱਖਾਂ ਵਾਸਤੇ ਸਭ ਕੁਝ "ਗੁਰੂ ਗ੍ਰੰਥ" ਅਤੇ ਗੁਰੂ ਪੰਥ ਹੈ। ਪਰ ਇਹਨਾਂ ਸਾਧਾਂ ਨੇ ਸਦਾ ਹੀ ਕੁਫ਼ਰ ਤੋਲ ਕੇ ਸਿੱਖਾਂ ਨੂੰ ਗੁਮਰਾਹ ਕੀਤਾ ਹੈ।

ਸੰਤ ਸਰੋਵਰ ਵਿਚ ਲਿਖਿਆ ਹੈ ਕਿ ਸੰਤ ਗੁਲਾਬ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ। ਮਹਾਰਾਜ, ਸੇਵਾ ਬਖ਼ਸ਼ੋ। ਸੰਤ ਜੀ ਮਹਾਰਾਜ ਨੇ ਸੰਤ ਗੁਲਾਬ ਸਿੰਘ ਨੂੰ ਬੁੱਕਲ ਵਿਚ ਲੈ ਕੇ ਬਚਨ ਕੀਤਾ, ਭਾਈ ਇਹ ਧਰਤੀ ਦੇਵਤਿਆਂ ਦੀ ਹੈ। ਇਥੇ ਤੀਰਥ ਪ੍ਰਗਟ ਕਰਨਾ ਹੈ। ਸੰਤ ਆਖਦੇ ਖ਼ਾਲਸਾ ਕਰੋ ਸਫਲ ਕਮਾਈ। ਤੀਰਥ ਰਚਨਾ ਅਸਾਂ ਨੇ, ਸਾਡੇ ਮਨ ਆਈ। (ਸੰਤ ਸਰੋਵਰ, ਪੰਨਾ 59)

ਵਿਚਾਰ—ਗੁਰ ਫ਼ੁਰਮਾਨ ਹੈ :

ਦੇਵੀ ਦੇਵਾ ਮੂਲ ਹੈ ਮਾਇਆ॥ (ਪੰਨਾ 129)

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਭਰਮੇ ਸੁਰਿ ਨਰ ਦੇਵੀ ਦੇਵਾ॥
ਭਰਮੇ ਸਿਧ ਸਾਧਿਕ ਬ੍ਰਹਮੇਵਾ॥ (ਪੰਨਾ 258)

ਦਸ ਅਉਤਾਰ ਤੇਤੀਸ ਧਿਆਇਓ, ਨਹੀ ਜਾਨਿਓ ਹਰਿ ਮਰਮਾਮ॥
ਦਸ ਅਉਤਾਰ ਰਾਜੇ ਹੋਇ ਵਰਤੇ, ਮਹਾਦੇਵ ਅਉਧੂਤਾ॥
ਤਿਨ ਭੀ ਅੰਤੁ ਨ ਪਾਇਓ ਤੇਰਾ, ਲਾਇ ਥਕੇ ਬਿਭੂਤਾ॥ (ਪੰਨਾ 747)

ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ ਉਹੁ ਛਾਰ ਉਡਾਵੈ॥
ਸਿਵ ਸਿਵ ਕਰਤੇ ਜੋ ਨਰੇ ਧਿਆਵੈ॥

ਬਰਦ ਚਢੇ ਡਉਰੂ ਢਮਕਾਵੈ॥
ਮਹਾ ਮਾਈ ਕੀ ਪੂਜ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥
ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥ (ਪੰਨਾ 874)

ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥
ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨਹਿ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥
(ਪੰਨਾ 894)

ਅਤੇ

ਬੇਦ ਭੇਦ ਨਹੀ ਲਖੈ ਬ੍ਰਹਮ, ਬ੍ਰਹਮਾ ਨਹੀਂ ਬੁੱਝੈ॥
ਬਿਆਸ, ਪਾਰਸੁਰ, ਸੁਕ, ਸਨਾਦਿ ਸਿਵ ਅੰਤ ਨ ਸੁੱਝੈ॥
ਗਿਆਨ ਪ੍ਰਬੋਧ, ਪੰਨਾ 130

ਸੋ ਕਿਹੜਾ ਤੀਰਥ ਪਰਗਟ ਕਰਨਾ ਚਾਹੁੰਦੇ ਹਨ ਐਸੇ ਸਾਧ ? ਅਤੇ ਕਿਹੜੇ ਦੇਵੀ ਦੇਵਤਿਆਂ ਦੇ ਤੀਰਥ ਰਚ ਕੇ ਇਹ ਸਾਧ, ਸਿੱਖਾਂ ਪਾਸੋਂ ਦੇਵੀ ਦੇਵਤਿਆਂ ਦੀ ਪੂਜਾ ਕਰਵਾ ਕੇ ਕਿਹੜੀ ਪੰਥਕ ਸੇਵਾ ਕਰ ਰਹੇ ਹਨ ?

ਅੰਤ 1 ਫ਼ਰਵਰੀ 1927 ਨੂੰ ਇਹ ਅਖੌਤੀ ਸੰਤ, ਗੁਰੂ ਦੇ ਸ਼ਰੀਕ, ਗੁਰਮਤਿ ਦੇ ਉਲਟ, ਜੋਗ ਮੱਤਾਂ ਅਤੇ ਬ੍ਰਾਹਮਣੀ ਮੱਤਾਂ ਸਿੱਖਾਂ ਦੇ ਮੱਥੇ ਮੜ੍ਹ ਕੇ ਸ਼ੂਗਰ ਦੀ ਬਿਮਾਰੀ ਕਾਰਨ, ਸੰਗਰੂਰ ਗੋਬਿੰਦਰ ਸਿੰਘ ਸਿਬੀਆ ਦੀ ਕੋਠੀ ਵਿਚ ਚਲਾਣਾ ਕਰ ਗਏ।

ਕੱਚੀਆਂ ਧਾਰਨੀਆਂ ਵਾਲੇ ਕੀਰਤਨ ਦੀ ਪਿਰਤ ਵੀ ਇਹਨਾਂ ਹੀ ਪਾਈ ਹੈ। ਪਾਠਕ ਆਪ ਜਾ ਕੇ ਮਸਤੂਆਣੇ ਜਾ ਕੇ ਵੇਖ ਲੈਣ। 15-20 ਕਿੱਲਿਆਂ ਵਿਚ ਪਤਾ ਨਹੀਂ ਕਿੰਨੇ ਕੁ ਗੁਰਦੁਆਰੇ ਬਣਾਏ ਹਨ। ਇਹਨਾਂ ਦੀ ਮਾਤਾ ਭੋਲੀ ਕੌਰ ਦਾ ਬਹੁਤ ਵੱਡਾ ਗੁਰਦੁਆਰਾ ਬਣਿਆ ਹੈ। ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਰੀਸ ਕਰਕੇ ਉਥੇ ਵੀ ਸ਼ਰੀਕ ਹਰਿਮੰਦਰ ਅਤੇ ਸ਼ਰੀਕ ਸਰੋਵਰ ਬਣਾਈ ਬੈਠੇ ਹਨ। ਕਿਉਂਕਿ ਦਸਾਂ ਗੁਰੂਆਂ ਦਾ ਕੀਤਾ ਹੋਇਆ ਇਹਨਾਂ ਸਾਧਾਂ ਨੂੰ ਕੁਝ ਵੀ ਮਨਜ਼ੂਰ ਨਹੀਂ ਹੈ। ਸੰਤ ਅਤਰ ਸਿੰਘ ਮਸਤੂਆਣੇ ਦੇ ਗੁਰਦੁਆਰੇ ਉੱਪਰ ਲਿਖਿਆ ਹੈ। "ਆਪ ਨਾਰਾਇਣ ਕਲਾਧਾਰਿ ਜਗ ਮਹਿ ਪਰਵਰਿਉ।" ਗੁਰਮਤਿ ਤਾਂ ਮਨੁੱਖ ਨੂੰ ਗੁਰੂ ਮੰਨਣ ਦੇ ਸਖਤ ਵਿਰੁੱਧ ਹੈ। ਪਰ ਇਹ ਸਾਧ ਆਪ ਹੀ ਨਿਰੰਕਾਰ (ਪ੍ਰਮਾਤਮਾ) ਬਣੇ ਹੋਏ ਹਨ। ਸਿੱਖ ਕੌਮ ਦੀ ਤ੍ਰਾਸਦੀ ਦਾ ਕਾਰਨ ਇਹੀ ਹੈ।

ਪਰਮ ਸੰਤ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਗੜ੍ਹੇ ਵਾਲੇ

ਇਹਨਾਂ ਸੰਤਾਂ ਨੇ ਵੀ ਸਿੱਖਾਂ ਨੂੰ ਧੋਤੀ ਵਾਲੇ ਬ੍ਰਾਹਮਣ ਦੀ ਝੋਲੀ ਵਿਚ ਸੁੱਟਣ ਦੀ ਨਿੱਗਰ ਸੇਵਾ ਕੀਤੀ ਹੈ। ਇਹਨਾਂ ਨੇ ਗੁਰਬਾਣੀ, ਗੁਰ ਇਤਿਹਾਸ, ਸਿੱਖ ਇਤਿਹਾਸ ਨੂੰ ਲਾਂਭੇ ਰੱਖ ਕੇ ਜ਼ਿਆਦਾ ਗੱਲ ਬ੍ਰਹਮਾ, ਸ਼ਿਵ ਜੀ, ਵਿਸ਼ਨੂੰ, ਪਾਰਬਤੀ, ਰਾਮ, ਕ੍ਰਿਸ਼ਨ ਨੂੰ ਬਹੁਤ ਸਲਾਹਿਆ ਅਤੇ ਅਸਲੀ ਭਗਵਾਨ ਕਰਕੇ ਸਿੱਖਾਂ ਅੰਦਰ ਪ੍ਰਚਾਰਿਆ ਹੈ। ਜਿਸਦੇ ਸਬੂਤ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵੱਲੋਂ ਪ੍ਰਕਾਸ਼ਿਤ ਮੈਗਜ਼ੀਨਾਂ ਅਤੇ ਪੁਸਤਕਾਂ, ਆਡੀਓ ਕੈਸਟਾਂ ਵਿਚੋਂ ਸੁਖੈਨ ਹੀ ਲੱਭੇ ਜਾ ਸਕਦੇ ਹਨ। ਇਹਨਾਂ ਦੀ ਪੁਸਤਕ 'ਬਾਤ ਅਗੰਮ ਕੀ' ਵਿਚੋਂ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ। ਨਾਲ-ਨਾਲ ਗੁਰਮਤਿ ਵਿਚਾਰਧਾਰਾ ਹਾਜ਼ਿਰ ਹੈ—

ਪੁਸਤਕ 'ਬਾਤ ਅਗੰਮ ਕੀ' ਵਿਚ ਲਿਖਿਆ ਹੈ ਕਿ ਸੰਤ ਮਹਾਰਾਜ 108 ਸੰਤ ਈਸ਼ਵਰ ਸਿੰਘ ਦੀ ਕੁਰਸੀ ਦਿਨ ਵਿਚ ਦੋ ਵਾਰ ਲੱਗਦੀ ਸੀ। ਕਿਉਂਕਿ ਚੰਡੀਗੜ੍ਹ ਸ਼ਹਿਰ ਨਵਾਂ ਬਣਿਆ ਹੋਣ ਕਰਕੇ ਇਸ ਵਿਚ ਬਹੁਤ ਸਾਰੀਆਂ ਸੰਪਰਦਾਵਾਂ ਦੇ ਅਨੁਯਾਈ ਅਤੇ ਬਹੁਤ ਸਾਰੇ ਸਾਧੂਆਂ ਤੋਂ ਵਰੋਸਾਏ ਹੋਏ ਗੁਰਮੁਖ ਪਿਆਰੇ ਰਹਿੰਦੇ ਸਨ। ਉਹਨਾਂ ਨੇ 1960 ਵਿਚ ਲੱਗੇ ਦੀਵਾਨਾਂ ਸਮੇਂ ਮਹਾਂਪੁਰਸ਼ਾਂ ਦੇ ਤੱਤ ਬਚਨ ਸਰਵਣ ਕਰਕੇ ਨਿਸ਼ਚੈ ਕਰ ਲਿਆ ਸੀ ਕਿ ਆਪ ਜੀ ਪੂਰਨ ਬ੍ਰਹਮ ਗਿਆਨੀ, ਪੂਰਨ ਪੁਰਸ਼ ਅਤੇ ਪੂਰਨ ਅਨੁਭਵੀ ਸਨ। ਇਸ ਸਾਲ 1961 ਵਿਚ ਮਹਾਰਾਜ ਨਾਲ ਬਚਨ ਕਰਨ ਵਾਸਤੇ ਸਾਰੀਆਂ ਹੀ ਸੰਪਰਦਾਵਾਂ ਦੇ, ਜਿਨ੍ਹਾਂ ਵਿਚ ਰਾਧਾ ਸਵਾਮੀ, ਨਾਮਧਾਰੀ ਸੰਪਰਦਾ ਦੇ ਪ੍ਰੇਮੀ, ਬਾਬਾ ਜਵਾਲਾ ਸਿੰਘ ਹਰਖੋਵਾਲੀਆ ਤੋਂ ਵਰਸਾਈ ਸੰਗਤ, ਮਸਤੂਆਣੇ ਵਾਲੇ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਨਾਲ ਪਿਆਰ ਕਰਨ ਵਾਲੇ ਜਿਗਿਆਸੂ ਅਤੇ ਭਾਈ ਸਾਹਿਬ ਡਾ. ਭਾਈ ਵੀਰ ਸਿੰਘ ਦੀ ਵਿਦਵਤਾ ਤੋਂ ਮੋਹਿਤ ਹੋਏ ਪ੍ਰੇਮੀ, ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਦੇ ਪ੍ਰੇਮੀ ਹੁੰਮ-ਹੁੰਮਾ ਕੇ ਸਵੇਰ ਵੇਲੇ ਦੀ ਕੁਰਸੀ ਸਮੇਂ ਨਮਸਕਾਰ ਕਰਨ ਆਉਂਦੇ ਅਤੇ ਖਾਸ ਕਰਕੇ ਸ਼ਨਿਚਰਵਾਰ ਅਤੇ ਐਤਵਾਰ ਦੀ ਛੁੱਟੀ ਵੇਲੇ ਕੁਰਸੀ ਦੇ ਸਮੇਂ ਵਿਚ ਹੋਰ ਵਾਧਾ ਹੋਣ ਕਰਕੇ ਬਹੁਤ ਬਚਨ ਮਹਾਂਪੁਰਸ਼ਾਂ ਤੋਂ ਪੁੱਛੇ ਜਾਂਦੇ। (ਬਾਤ ਅਗੰਮ ਕੀ, ਪੰਨਾ 1)

ਵਿਚਾਰ—ਇਹ ਕਿਹੜੀ ਕੁਰਸੀ ਲਾਈ ਬੈਠੇ ਹਨ ? ਕੁਰਸੀ ਲਾਉਣ ਅਤੇ ਗੱਦੀ ਲਾਉਣ ਵਿਚ ਕੀ ਫ਼ਰਕ ਹੈ। ਜੋ ਦੇਹਧਾਰੀ, ਰਾਧਾ ਸਵਾਮੀ, ਨਾਮਧਾਰੀ, "ਗੁਰੂ ਗ੍ਰੰਥ ਸਾਹਿਬ ਜੀ" ਦੇ ਸ਼ਰੀਕ ਹਨ। ਉਹਨਾਂ ਨਾਲ ਇਹਨਾਂ ਦੀ ਰੋਟੀ ਬੇਟੀ ਦੀ ਸਾਂਝ ਹੈ। 'ਬਾਤ ਅਗੰਮ ਕੀ' ਦੇ ਪਹਿਲੇ ਸਫ਼ੇ ਤੋਂ ਹੀ ਅੰਦਾਜ਼ਾ ਲੱਗ ਗਿਆ ਹੈ ਕਿ ਇਹਨਾਂ ਨੇ ਗੁਰਮਤਿ ਸਿੱਧਾਂਤਾਂ ਦਾ ਕਿਹੜੇ ਢੰਗ ਨਾਲ, ਕਿੰਨਾ ਨੁਕਸਾਨ ਕੀਤਾ ਹੋਵੇਗਾ ?

ਬਾਤ ਅਗੰਮ ਕੀ ਵਿਚ ਅੱਗੇ ਲਿਖਿਆ ਹੈ ਕਿ ਸੰਗਤਾਂ ਨੇ ਸੰਤ ਜੀ ਨੂੰ ਪੁੱਛਿਆ ਪੰਜ ਕਲੇਸ਼ ਕਿਹੜੇ ਹਨ ? ਸੰਤਾਂ ਉੱਤਰ ਦਿੱਤਾ ਕਿ ਗੁਰੂ ਮਹਾਰਾਜ ਨੇ ਬਾਣੀ ਵਿਚ ਕਲੇਸ਼ਾਂ ਦੀ ਕੋਈ ਗਿਣਤੀ ਤਾਂ ਨਹੀਂ ਦਿੱਤੀ, ਜ਼ਿਕਰ ਜ਼ਰੂਰ ਕੀਤਾ ਹੈ ਪਰ ਪਾਤੰਜਲ ਰਿਖੀ ਜੀ ਨੇ ਆਪਣੇ ਯੋਗ ਸ਼ਾਸਤਰ ਵਿਚ ਗਿਣਤੀ ਲਿਖੀ ਹੈ।

ਬਾਤ ਅਗੰਮ ਕੀ, ਪੰਨਾ 2

ਵਿਚਾਰ—ਉੱਪਰ ਲਿਖੇ ਮੁਤਾਬਿਕ ਇਹ ਸੰਤ 'ਗੁਰੂ ਬਾਣੀ' ਨਾਲੋਂ ਯੋਗ ਸ਼ਾਸਤਰ ਦੀ ਵੱਧ ਮਹਾਨਤਾ ਦੱਸ ਰਿਹਾ ਹੈ। ਪਾਠਕ ਇਹਨਾਂ ਤੋਂ ਪੁੱਛਣ ਕਿ ਕਿਹੜਾ ਗਿਆਨ ਹੈ ਜੋ "ਧੰਨ ਗੁਰੂ ਗ੍ਰੰਥ ਸਾਹਿਬ" ਵਿਚ ਨਹੀਂ ਹੈ ਤੇ ਯੋਗ ਸ਼ਾਸਤਰ ਵਿਚ ਹੈ ? ਇਹਨਾਂ ਸੰਤਾਂ ਦੀ ਗੁਰੂ ਪ੍ਰਤੀ ਦਿਆਨਤਦਾਰੀ ਦਾ ਪਾਜ ਇਹਨਾਂ ਦੀਆਂ ਆਪਣੀਆਂ ਲਿਖਤਾਂ ਵਿਚੋਂ ਹੀ ਖੁੱਲ੍ਹ ਜਾਂਦਾ ਹੈ।

'ਬਾਤ ਅਗੰਮ ਕੀ' ਵਿਚ ਅੱਗੇ ਲਿਖਿਆ ਹੈ ਮਹਾਤਮਾ ਭਾਵੇਂ ਪੂਰਨ ਬ੍ਰਹਮ ਗਿਆਤਾ ਅਤੇ ਪ੍ਰਭੂ ਵਿਚ ਅਭੇਦ ਅਵਸਥਾ ਵਾਲਾ ਭੀ ਕਿਉਂ ਨਾਂ ਹੋਵੇ, ਪਰ ਜੇ ਜਗਿਆਸੂ ਦੇ ਹਿਰਦੇ ਵਿਚ ਸ਼ਰਧਾ, ਅੰਤਿਮ ਸੀਮਾ ਤਕ ਪੈਦਾ ਨਹੀਂ ਹੁੰਦੀ ਤਾਂ ਮਹਾਤਮਾ ਦਾ ਉਪਦੇਸ਼ ਐਸੇ ਜਿਗਿਆਸੂ ਦੇ ਮਨ ਵਿਚ ਪਏ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦਾ। ਮਹਾਤਮਾ ਉੱਪਰ ਪੂਰਨ ਸ਼ਰਧਾ ਹੋਣੀ ਚਾਹੀਦੀ ਹੈ।

(ਬਾਤ ਅਗੰਮ ਕੀ, ਪੰਨਾ 6)

ਵਿਚਾਰ—ਉੱਪਰ ਲਿਖੀ ਸਾਰੀ ਧਾਰਨਾ ਦੇਹਧਾਰੀ ਗੁਰੂ ਵਾਲੀ ਲਿਖੀ ਹੈ। ਸਵਾਲ ਹੈ ਕਿ ਉਪਦੇਸ਼ 'ਗੁਰੂ ਗ੍ਰੰਥ ਸਾਹਿਬ' ਦਾ ਹੈ ਕਿ ਕਿਸੇ ਬੰਦੇ ਅਖੌਤੀ ਮਹਾਤਮਾ ਦਾ ? ਸ਼ਰਧਾ ਗੁਰੂ 'ਤੇ ਰੱਖਣੀ ਹੈ ਕਿ ਅਖੌਤੀ ਮਹਾਤਮਾ 'ਤੇ ? ਅਗਿਆਨ ਦਾ ਹਨ੍ਹੇਰਾ ਗੁਰੂ ਨੇ ਦੂਰ ਕਰਨਾ ਹੈ ਕਿ ਅਖੌਤੀ ਮਹਾਤਮਾ ਨੇ ? ਇਹ ਲੋਕ ਸ਼ਬਦ ਨੂੰ ਪਿੱਛੇ ਕਰਕੇ ਦੇਹੀ ਨੂੰ ਅੱਗੇ ਕਰਦੇ ਹਨ। ਇਸ ਹੱਥਲੀ ਪੁਸਤਕ ਅੰਦਰ ਪਹਿਲਾਂ ਵੀ ਜ਼ਿਕਰ ਕਰ ਆਇਆ ਹਾਂ ਕਿ ਕੁਝ ਐਸੇ ਸੱਜਣ ਹੁੰਦੇ ਹਨ ਜਿਨ੍ਹਾਂ ਦੇ ਹੁੰਦਿਆਂ ਦੁਸ਼ਮਣਾਂ ਦੀ ਲੋੜ ਨਹੀਂ ਹੁੰਦੀ। ਦੁਸ਼ਮਣ ਤਾਂ ਦੁਸ਼ਮਣ ਹੀ ਹੈ ਪਰ ਜਦੋਂ ਸੱਜਣ ਦੁਸ਼ਮਣ ਬਣਦੇ ਹਨ ਤਾਂ ਕੱਖ ਵੀ ਬਾਕੀ ਨਹੀਂ ਛੱਡਦੇ।

'ਬਾਤ ਅਗੰਮ ਕੀ' ਵਿਚ ਅੱਗੇ ਲਿਖਿਆ ਹੈ ਕਿ ਸੁਕਾਮ ਕਰਮ ਕਰਨ ਦੇ ਨਾਲ ਵੀ ਆਦਮੀ ਨੂੰ ਫਲ ਭੋਗਣਾ ਪੈਂਦਾ ਹੈ। ਇਹ ਫਲ ਸੰਸਾਰ ਵਿਚ ਵੀ ਭੋਗਣੇ ਪੈਂਦੇ ਹਨ। ਇਸੇ ਤਰ੍ਹਾਂ ਪਾਪ ਕਰਮਾਂ ਦਾ ਫਲ ਵੀ ਕੁਝ ਇਸ ਸੰਸਾਰ ਵਿਚ ਭੋਗਿਆ ਜਾਂਦਾ ਹੈ ਅਤੇ ਕੁਝ ਮਰਨ ਉਪਰੰਤ ਕਰੜੀਆਂ ਸਜਾਵਾਂ ਦੇ ਰੂਪ ਵਿਚ ਦਰਗਾਹ ਵਿਚ ਭੋਗਦੇ ਹਾਂ। "ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ"॥1414॥

ਬਾਤ ਅਗੰਮ ਕੀ, ਪੰਨਾ 22

ਵਿਚਾਰ—ਗੁਰਬਾਣੀ ਅੰਦਰ ਗੁਰੂ ਸਾਹਿਬਾਂ, ਭਗਤਾਂ ਅਤੇ ਹੋਰ ਕਵੀਆਂ ਨੇ ਆਪਣੀ ਗੱਲ ਲੋਕਾਂ ਨੂੰ ਸੌਖੇ ਤਰੀਕੇ ਨਾਲ ਸਮਝਾਉਣ ਲਈ ਉਸ ਸਮੇਂ ਪ੍ਰਚਲਤ ਹੋ ਚੁੱਕੀਆਂ ਕਥਾ-ਕਹਾਣੀਆਂ ਅਤੇ ਪੁਰਾਤਨ ਧਰਮਾਂ ਵਿਚ ਪ੍ਰਚਲਿਤ ਸ਼ਬਦਾਵਲੀ ਦੀ ਸੰਕੇਤਕ ਭਾਸ਼ਾ ਵਜੋਂ ਵਰਤੋਂ ਕੀਤੀ। ਪਰ ਪੁਰਾਣੇ ਸਮੇਂ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਨਿਰਮਲੇ, ਉਦਾਸੀ ਹਿੰਦੂਤਵ ਖਾਸੇ ਵਾਲੇ ਲੋਕਾਂ ਦੇ ਹੱਥਾਂ ਵਿਚ ਆ ਗਿਆ। ਉਹਨਾਂ ਨੇ ਗੁਰਮਤਿ ਵਿਚਲੀ ਪੁਰਾਤਨ ਸ਼ਬਦਾਵਲੀ ਜੋ ਸਿਰਫ਼ ਸੰਕੇਤਾਂ ਵਜੋਂ ਗੱਲ ਨੂੰ ਸੌਖਿਆਂ ਕਰਨ ਵਾਸਤੇ ਵਰਤੀ ਸੀ, ਦੇ ਗਰੁੜ ਪੁਰਾਣ ਆਦਿ ਵਾਲੇ ਅਰਥ ਕਰਕੇ ਇਸ ਨੂੰ ਬ੍ਰਾਹਮਣਵਾਦ ਦੀ ਰੰਗਤ ਚਾੜ੍ਹ ਦਿੱਤੀ। ਇਹ ਸੰਤ ਈਸ਼ਰ ਸਿੰਘ ਤੇ (ਸੰਤ ਰਣਧੀਰ ਸਿੰਘ ਦਾ ਜ਼ਿਕਰ ਪਿੱਛੇ ਆ ਚੁੱਕਾ ਹੈ) ਨੇ ਵੀ ਬ੍ਰਾਹਮਣਵਾਦੀ ਦਰਗਾਹ ਉੱਪਰ ਆਕਾਸ਼ ਵਿਚ ਮੰਨੀ ਹੋਈ ਹੈ ਪਰ ਗੁਰਮਤਿ ਦੀ ਦਰਗਾਹ ਸੱਚਖੰਡ, ਸਵਰਗ, ਨਰਕ ਚਿਤਰ ਗੁਪਤ, ਲੇਖਾ ਜੋਖਾ ਕਰਨ ਵਾਲਾ ਧਰਮਰਾਜ ਬ੍ਰਾਹਮਣਵਾਦੀ ਗ੍ਰੰਥਾਂ ਦੇ ਕਹੇ ਮੁਤਾਬਿਕ ਨਹੀਂ ਹੈ, ਬਿਲਕੁਲ ਹੋਰ ਹੈ।

ਜਿਹੜੇ ਗੁਰਸਿੱਖਾਂ ਦੀ ਸੁਰਤੀ ਗੁਰਬਾਣੀ (ਸੱਚ) ਵਿਚ ਜੀਊਂਦੇ ਜੀਅ ਲੀਨ ਹੋ ਜਾਂਦੀ ਹੈ ਉਹ ਗੁਰੂ ਪ੍ਰਮਾਤਮਾ ਦੀ ਗੁਰਮਤਿ ਅਨੁਸਾਰ ਦਰਗਾਹ ਵਿਚ ਪ੍ਰਵਾਨ ਹੋ ਜਾਂਦੇ ਹਨ। ਪਰ ਜਿਨ੍ਹਾਂ ਦੀ ਸੁਰਤੀ ਝੂਠ ਵਿਚ ਗਰਕ ਹੋਈ ਰਹਿੰਦੀ ਹੈ ਉਹਨਾਂ ਦਾ ਆਵਾਗਵਣ ਦਾ ਚੱਕਰ ਬਣਿਆ ਰਹਿੰਦਾ ਹੈ। ਗਰੁੜ ਪੁਰਾਣ ਵਾਲੀ ਦਰਗਾਹ ਨੂੰ ਗੁਰਮਤਿ ਅੰਦਰ ਕੋਈ ਥਾਂ ਨਹੀਂ ਹੈ। ਗੁਰ ਫੁਰਮਾਨ ਹੈ:

ਜਮਿ ਜਮਿ ਮਰੈ ਮਰੈ ਫਿਰਿ ਜੰਮੈ
ਬਹੁਤੁ ਸਜਾਇ ਪਇਆ ਦੇਸਿ ਲੰਮੈ॥ (ਪੰਨਾ 1020)
ਜਿਤਨੇ ਨਰਕ ਸੇ ਮਨਮੁਖ ਭੋਗੈ ਗੁਰਮੁਖ ਲੇਪੁ ਨ ਮਾਸਾ ਹੇ॥ (ਪੰਨਾ 1073)

ਹੋਰ

ਚਉਰਾਸੀ ਲਖ ਨਰਕ ਸਾਕਤ ਭੋਗਾਈਐ॥
ਜੈਸਾ ਕੀਤੈ ਤੈਸੋ ਪਾਈਐ॥ (ਗੁਰੂ ਗ੍ਰੰਥ ਸਾਹਿਬ)

ਸੋ ਸੱਚ ਵਿਚ ਲੀਨ ਹੋਣਾ, ਸੱਚਖੰਡ ਜਾਣਾ ਹੈ ਅਤੇ ਝੂਠ ਵਿਚ ਲੀਨ ਹੋਣਾ, ਆਉਣਾ-ਜਾਣਾ, ਜੰਮਣਾ-ਮਰਨਾ ਹੈ। ਇਹੀ ਸੱਚ (ਧਰਮਰਾਜ) ਦਾ ਫੈਸਲਾ ਹੈ।

ਅੱਗੇ ਬਾਤ ਅਗੰਮ ਕੀ ਵਿਚ 52-56 ਸਫ਼ੇ ਤੇ ਕੁਝ ਕਰਾਮਾਤੀ ਕਹਾਣੀਆਂ ਲਿਖੀਆਂ ਹਨ ਜੋ ਗੁਰਮਤਿ ਦੇ ਉਲਟ ਹਨ ਅਤੇ ਜੋ ਸਫ਼ਾ 59 'ਤੇ ਲਿਖਿਆ ਹੈ ਕਿ ਦਸਵੇਂ ਪਾਤਸ਼ਾਹ ਦੇਹੁਰਾ ਮਸੀਤ ਅਤੇ ਪੂਜਾ ਨਿਮਾਜ਼ ਨੂੰ ਬਰਾਬਰ ਸਤਿਕਾਰ ਦਿੰਦੇ ਸਨ। ਠੀਕ ਤਾਂ ਹੈ ਪਰ ਜਿੰਨਾ ਸਤਿਕਾਰ ਗੁਰੂ ਨੇ ਆਪਣੇ ਖ਼ਾਲਸੇ ਨੂੰ ਦਿੱਤਾ ਹੈ ਦੁਨੀਆਂ ਦੇ ਇਤਿਹਾਸ ਵਿਚ ਹੋਰ ਇਕ ਵੀ ਮਿਸਾਲ ਨਹੀਂ ਮਿਲਦੀ। ਖ਼ਾਲਸਾ

ਪੰਥ ਤੋਂ ਸਾਰਾ ਸਰਬੰਸ ਕੁਰਬਾਨ ਕਰਕੇ, ਦੁਨੀਆਂ 'ਤੇ ਇਕ ਨਵਾਂ ਇਤਿਹਾਸ ਕਾਇਮ ਕਰ ਦਿੱਤਾ। ਆਪੇ ਗੁਰ ਚੇਲਾ ਕਿਹਾ ਹੈ।

ਅੱਗੇ ਸਫ਼ਾ 66 'ਤੇ 'ਬਾਤ ਅਗੰਮ ਕੀ' ਵਿਚ ਲਿਖਿਆ ਹੈ।

ਸੇਵ ਕਰੀ ਇਨਹੀ ਕੀ ਭਾਵਤ, ਅਉਰ ਸੇਵ ਸੁਹਾਤ ਨ ਜੀ ਕੋ॥
ਦਾਨ ਦੀਓ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥
ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ, ਅਉਰ ਸਭ ਫੀਕੋ॥
ਮੋ ਗ੍ਰਹਿ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭਹੀ ਇਨਹੀ ਕੋ॥
ਜੁੱਧ ਜਿਤੇ ਇਨਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਬ ਅਉਘ ਟਰੇ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮਹੈ, ਨਹੀ ਮੋ ਸੇ ਗਰੀਬ ਕਰੋਰ ਪਰੇ॥

ਸੋ ਇਹ ਸਾਧ ਆਪ ਹੀ ਕਹਿ ਰਹੇ ਹਨ ਕਿ ਦਸਮੇਂ ਪਾਤਸ਼ਾਹ ਕਹਿੰਦੇ ਹਨ ਕਿ ਸਾਡਾ ਪ੍ਰੇਮ, ਲੈਣ ਦੇਣ ਸਭ ਕੁਝ ਸੰਬੰਧ ਅੰਮ੍ਰਿਤਧਾਰੀ ਗੁਰਸਿੱਖਾਂ ਨਾਲ ਹੀ ਹੈ। ਹੋਰ ਕਿਸੇ ਨਾਲ ਨਹੀਂ ਪਰ ਆਪ ਖ਼ੁਦ ਇਸੇ ਸੰਪਰਦਾਇ ਦੇ ਸੰਤ ਵਰਿਆਮ ਸਿੰਘ, ਹਿੰਦੂ, ਜੋਗ ਮੱਤ ਦੇ ਧਾਰਨੀ ਮੋਨੇ ਘੋਨੇ ਸੰਤ ਸੁਆਮੀ ਰਾਮ ਜੀ ਨਾਲ ਜੱਫੀਆਂ ਪਾ ਰਹੇ ਇਸ ਫੋਟੋ ਵਿਚ ਦਿਸ ਰਹੇ ਹਨ। ਫੋਟੋ ਦੇ ਥੱਲੇ ਲਿਖਿਆ ਹੈ ਕਿ 'ਗੁਰਮਤਿ ਤੇ ਯੋਗ ਦਾ ਸੁਮੇਲ'

ਡਾ. ਸੁਆਮੀ ਰਾਮ ਜੀ ਤੇ ਸੰਤ ਵਰਿਆਮ ਸਿੰਘ ਜੀ।

ਬਾਤ ਅਗੰਮ ਕੀ, ਪੰਨਾ 75

ਵਿਚਾਰ—ਇਸ ਹੱਥਲੀ ਪੁਸਤਕ **ਵਿਚ** ਪਹਿਲਾਂ ਵੀ ਅਰਜ ਕਰ ਆਇਆ ਹਾਂ ਕਿ ਇਹਨਾਂ ਸਾਧਾਂ ਨੇ ਤੱਤ ਗੁਰਮਤਿ ਨੂੰ ਹਿੰਦੂ ਅਤੇ ਜੋਗ ਮੱਤ ਆਦਿ ਹੋਰ ਮੱਤਾਂ ਦੀ ਰੰਗਤ ਚਾੜ੍ਹਨ ਵਾਸਤੇ ਪੂਰਾ ਟਿੱਲ ਲਾਇਆ ਹੋਇਆ ਹੈ। ਮਹਾਰਾਜ ਦੇ ਇਹ ਬੋਲ (ਬਚਨ) ਇਹਨਾਂ ਨੂੰ ਕਦੇ ਯਾਦ ਹੀ ਨਹੀਂ ਆਏ।

ਬਿਨਾ ਸਸਤਰ ਕੇਸੰ ਨਰੰ ਭੇਡ ਜਾਨੋ॥
ਗਹਿ ਕਾਨ ਤਾ ਕੋ ਕਿਤੈ ਲੈ ਸਿਧਾਨੋ॥
ਬਿਨਾ ਸਸਤਰ ਕੇਸੰ ਦਿਓ ਨ ਦਿਦਾਰੇ॥
ਜਬ ਲਗਿ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥
ਜਬ ਖਾਲਸਾ ਗਲਿ ਮਿਲ ਜਾਈ ਤਾ ਖਾਲਸੇ ਕਾ ਤੇਜ ਘਟ ਜਾਈ॥
ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨ ਕਰਉ ਇਨ ਕੀ ਪ੍ਰਤੀਤੀ॥

ਸਤਿਗੁਰੂ ਕਹਿੰਦੇ ਸ਼ਸਤਰਾਂ ਅਤੇ ਕੇਸਾਂ ਤੋਂ ਬਿਨ੍ਹਾਂ ਬੰਦਾ ਭੇਡੂ ਹੈ, ਕੰਨੋ ਫੜ ਕੇ ਜਿਧਰ ਮਰਜ਼ੀ ਕੋਈ ਇਹਨੂੰ ਲੈ ਜਾਵੇ। ਭਾਵ ਮੋਨਿਆਂ ਘੋਨਿਆਂ ਨਾਲ ਨਹੀਂ ਵਰਤਣਾ। ਸਤਿਗੁਰ ਕਹਿੰਦੇ ਜਿੰਨਾ ਚਿਰ ਇਹ ਖ਼ਾਲਸਾ ਪੰਥ ਦੂਜੇ ਮੱਤਾਂ ਤੋਂ

ਨਿਆਰਾ ਰਹੇਗਾ ਇਸਨੂੰ ਪੂਰਾ ਤੇਜ਼ ਪ੍ਰਤਾਪ ਦੇਵਾਂਗਾ ਜਦ ਇਹ ਦੂਜੇ ਮੱਤਾਂ ਨਾਲ ਰਲ ਮਿਲ ਜਾਵੇਗਾ। ਇਸਦਾ ਤੇਜ ਪ੍ਰਤਾਪ ਖੰਭ ਲਾ ਕੇ ਉੱਡ ਜਾਵੇਗਾ। ਜਦ ਇਹ ਖ਼ਾਲਸਾ ਬ੍ਰਾਹਮਣੀ ਮੱਤਾਂ ਅਤੇ ਹੋਰ ਆਨ ਮੱਤਾਂ ਵਾਲੀਆਂ ਰੀਤਾਂ ਕਰੇਗਾ ਤਾਂ ਮੈਂ ਕਦੇ ਵੀ ਇਸਦੀ ਪ੍ਰਤੀਤ ਨਹੀਂ ਕਰਾਂਗਾ।

ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਕੁੜੀਮਾਰ, ਨੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ। (ਸਿੱਖ ਰਹਿਤ ਮਰਿਯਾਦਾ, ਪੰਨਾ 31)

ਸੋ ਸਦਾ ਵਿਖਾਵੇ ਦੇ ਜਪ ਤਪ ਕਰਨ ਵਾਲਿਆਂ ਇਹਨਾਂ ਸੰਤਾਂ ਨੂੰ ਗੁਰੂ ਦੇ ਉੱਪਰ ਲਿਖੇ ਬਚਨ ਕਦੇ ਵੀ ਯਾਦ ਨਹੀਂ ਆਏ। ਸਿੱਖ ਕੌਮ ਦੀ ਇਹ ਬਦਕਿਸਮਤੀ ਹੈ।

'ਬਾਤ ਅਗੰਮ ਕੀ' ਵਿਚ ਅੱਗੇ ਲਿਖਿਆ ਹੈ ਕਿ—ਮੁਝੇ ਏਕ ਸੰਤ ਮਿਲੇ ਥੇ। ਉਨ ਕਾ ਨਾਮ ਥਾ, ਉਨ ਕਾ ਨਾਮ ਥਾ, ਗੁਦੜੀ ਵਾਲੇ ਬਾਬਾ, ਹਮ ਤੋ ਕੋਈ ਜਾਨਤਾ ਨਹੀਂ ਥਾ, ਪਰ ਅਭੀ ਤਕ ਮੁਝੇ ਸਿੱਖੋਂ ਮੇਂ ਜਾਂ ਹੋਰ ਕਿਸੇ ਧਰਮ ਦੇ ਮਨੁੱਖ ਕੋ ਮੈਨੇ ਨਹੀਂ ਦੇਖਾ ਜਿਸਕੋ ਪੂਰਾ "ਗੁਰੂ ਗ੍ਰੰਥ ਸਾਹਿਬ" ਜ਼ੁਬਾਨੀ ਯਾਦ ਹੋਵੇ। ਵੋ ਲੇਟ ਜਾਤੇ ਥੇ, ਔਰ ਪੂਰਾ "ਗੁਰੂ ਗ੍ਰੰਥ ਸਾਹਿਬ" ਬੋਲ ਦੇਤੇ ਥੇ, ਜ਼ੁਬਾਨੀ। ਔਰ ਯੇ ਰੋਜ਼ ਕਾ ਕਾਰਜ ਥਾ ਉਨ ਕਾ, ਪਾਠ ਕਰਨੇ ਕਾ, ਬਹੁਤ ਜਲਦੀ ਜਲਦੀ ਬੋਲਤੇ ਥੇ। ਉਸ ਮਹਾਂਪੁਰਸ਼ ਕਾ ਭੀ ਮੇਰੇ ਜੀਵਨ ਪਰ ਬੜਾ ਭਾਰੀ ਏਕ ਛਾਪ ਪੜੀ।

ਬਾਤ ਅਗੰਮ ਕੀ, ਪੰਨਾ 71

ਵਿਚਾਰ—ਗੱਲ ਜ਼ੁਬਾਨੀ ਯਾਦ ਕਰਨ ਦੀ ਨਹੀਂ ਹੈ। ਗੁਰਬਾਣੀ ਗੁਰਮਤਿ ਸਿੱਧਾਂਤ (ਗੁਰ-ਬਚਨ) ਹਿਰਦੇ ਵਿਚ ਵਸਾਉਣ ਦੀ ਹੈ। ਹਰ ਵੇਲੇ ਗੁਰੂ ਦੇ ਹਰ ਹੁਕਮ ਨੂੰ ਮੰਨ ਕੇ ਜੀਵਨ ਬਤੀਤ ਕਰਨ ਵਾਲੇ ਪੂਰਨ ਗੁਰਸਿੱਖ ਹਨ। ਜੇ ਜ਼ੁਬਾਨੀ ਯਾਦ ਕਰਨ ਦੀ ਗੱਲ ਹੈ ਤਾਂ ਰਾਵਣ ਨੂੰ ਚਾਰੇ ਵੇਦ ਜ਼ੁਬਾਨੀ ਕੰਠ ਸਨ ਪਰ ਉਸ ਬਾਰੇ ਗੁਰ ਵਾਕ ਹੈ:

"ਲੰਕਾ ਗਢੁ ਸੋਇਨੇ ਕਾ ਭਇਆ॥
ਮੂਰਖੁ ਰਾਵਣੁ ਕਿਆ ਲੇ ਗਇਆ॥" (ਪੰਨਾ 1158)

ਸੋ ਚਾਰ ਵੇਦਾਂ ਦੇ ਜ਼ੁਬਾਨੀ ਪਾਠ ਕਰਨ ਵਾਲੇ ਨੂੰ ਸਤਿਗੁਰਾਂ ਨੇ ਮੂਰਖ ਆਖਿਆ ਹੈ।

'ਬਾਤ ਅਗੰਮ ਕੀ' 'ਚ ਅੱਗੇ ਲਿਖਿਆ ਹੈ—ਭਾਰਤ ਵਰਸ਼ ਤੋਂ ਈਸ਼ਵਰ ਕੀ ਕਿਰਪਾ ਸੇ ਚਲਤਾ ਹੈ, ਸੰਤੋਂ ਕੀ ਕਿਰਪਾ ਕੇ ਊਪਰ ਚਲਤਾ ਹੈ।

ਬਾਤ ਅਗੰਮ ਕੀ, ਪੰਨਾ 71

ਵਿਚਾਰ—ਦੇਖੋ ਇਹ ਸਾਧ ਕਿਸਤਰ੍ਹਾਂ ਰੱਬ ਬਣ ਬਣ ਕੇ ਬਹਿ ਰਹੇ ਹਨ। ਗੁਰੂ ਦੀ ਗੱਲ ਇਹਨਾਂ ਵਿਚੋਂ ਇਕ ਪਾਸੇ ਕਰ ਦਿੱਤੀ ਹੈ।

ਅੱਗੇ ਇਸ ਪੁਸਤਕ ਬਾਤ ਅਗੰਮ ਕੀ ਵਿਚ ਜਪ ਦੀਆਂ ਕਿਸਮਾਂ ਲਿਖੀਆਂ ਹਨ। ਧਿਆਨ ਜੋੜਨ ਦੇ ਆਨ ਮੱਤਾਂ ਵਾਲੇ ਢੰਗ ਤਰੀਕੇ ਲਿਖੇ ਹਨ। ਇਹਨਾਂ ਗੱਲਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ।

ਅੱਗੇ ਸੰਤ ਈਸ਼ਵਰ ਸਿੰਘ ਦੀ ਪੁਸਤਕ ਸੁਰਤਿ ਸ਼ਬਦ ਮਾਰਗ ਵਿਚੋਂ—ਇਸ ਪੁਸਤਕ ਦੇ ਸਫ਼ਾ 35–36 'ਤੇ ਲਿਖਿਆ ਹੈ ਕਿ ਭਗਤ ਕਬੀਰ ਜੀ ਦੀ ਘਰਵਾਲੀ ਮਾਤਾ ਲੋਈ ਨੇ ਤਿੰਨ ਵਾਰੀ ਰਾਮ ਕਹਿ ਕੇ ਇਕ ਰਾਜੇ ਦਾ ਦੀਰਘ ਰੋਗ ਹਟਾ ਦਿੱਤਾ। ਉਸ ਵਕਤ ਕਬੀਰ ਸਾਹਿਬ ਘਰ ਨਹੀਂ ਸੀ। ਜਦ ਉਹ ਘਰ ਆਏ ਤਾਂ ਮਾਤਾ ਲੋਈ ਨਾਲ ਬਹੁਤ ਨਾਰਾਜ਼ ਹੋਏ ਕਿ ਇਕ ਵਾਰ ਹੀ ਰਾਮ ਕਹਾਉਣ ਨਾਲ ਰੋਗ ਖਤਮ ਹੋ ਜਾਣਾ ਸੀ, ਤਿੰਨ ਵਾਰੀ ਕਹਾ ਕੇ ਰਾਮ ਸਵੱਲਾ ਕਿਉਂ ਲਾਇਆ। ਕਬੀਰ ਸਾਹਿਬ ਬਹੁਤ ਗੁੱਸੇ ਵਿਚ ਹਨ। ਅੱਜ ਪਹਿਲੇ ਦਿਨ ਗੁੱਸੇ ਵਿਚ ਆਏ ਹਨ। ਸਾਧੂ ਦਾ ਗੁੱਸਾ ਠੀਕ ਨਹੀਂ ਹੁੰਦਾ ਸਾਧ ਸੰਗਤ ਜੀ। ਪਤਾ ਨਹੀਂ ਕੀ ਕਰ ਦੇਵੇ। ਡਰ ਹੁੰਦਾ ਸਾਧੂ ਦੇ ਗੁੱਸੇ ਤੋਂ। ਸੋ ਮਾਤਾ ਕਹਿਣ ਲੱਗੀ ਤੁਸੀਂ ਮੈਨੂੰ ਮਾਰ ਦਿਉ। ਖਤਮ ਕਰ ਦਿਉ ਜੇ ਤੁਸੀਂ ਆਰੇ ਨਾਲ ਮੈਨੂੰ ਚੀਰ ਦਿਉ, ਮੈਂ ਦੁੱਖ ਨਹੀਂ ਮੰਨਦੀ ਪਰ ਮੇਰੇ ਵੱਲ ਪਿੱਠ ਨ ਕਰੋ, ਮੈਂ ਇਹ ਨਹੀਂ ਸਹਾਰ ਸਕਦੀ।

ਕਹਿਣ ਲੱਗੀ ਮਹਾਰਾਜ—

ਕਰਵਤੁ ਭਲਾ ਨ ਕਰਵਤ ਤੇਰੀ॥
ਲਾਗੁ ਗਲੇ ਸੁਨੁ ਬਿਨਤੀ ਮੇਰੀ॥
ਹਉ ਵਾਰੀ ਮੁਖਿ ਫੇਰਿ ਪਿਆਰੇ॥484॥

ਸੁਰਤਿ ਸ਼ਬਦ ਮਾਰਗ, ਪੰਨਾ 37–38

ਵਿਚਾਰ—ਇਹਨਾਂ ਸੰਤਾਂ ਦੀ ਘੜੀ ਹੋਈ ਕਹਾਣੀ ਇਹ ਦੱਸ ਰਹੀ ਹੈ ਕਿ ਇਕ ਆਦਮੀ ਨੂੰ ਮਾਤਾ ਲੋਈ ਨੇ ਤਿੰਨ ਵਾਰੀ ਰਾਮ ਕਹਾਇਆ ਅਤੇ ਉਸਦੇ ਪਿਛਲੇ ਜਨਮ ਦੇ ਵੀ ਸਾਰੇ ਪਾਪ ਕੱਟੇ ਗਏ, ਹੁਣ ਵਾਲੇ ਵੀ ਸਾਰੇ ਰੋਗ (ਪਾਪ) ਦੂਰ ਹੋ ਗਏ ਅਤੇ ਅਗਲੇ ਜਨਮ ਦੇ ਵੀ ਸਾਰੇ ਰੋਗ ਕੱਟੇ ਗਏ। ਪਰ ਇਹਨਾਂ ਦੇ ਹੀ ਸਕੇ ਭਰਾ ਪਰਮ ਸੰਤ 108 ਸੰਤ ਬ੍ਰਹਮਗਿਆਨੀ ਸੰਤ ਅਤਰ ਸਿੰਘ ਸਮੇਤ ਸੈਂਕੜੇ ਬ੍ਰਹਮਗਿਆਨੀ ਜਿਨ੍ਹਾਂ ਆਪਣੀ ਜ਼ਿੰਦਗੀ ਵਿਚ ਅਰਬਾ-ਖਰਬਾਂ ਵਾਰੀ ਰਾਮ ਆਖਿਆ, ਉਹ ਸ਼ੂਗਰ, ਅਧਰੰਗ, ਕੈਂਸਰ, ਦਮਾ ਆਦਿ ਬਿਮਾਰੀਆਂ ਨਾਲ ਪੀੜਤ ਰਹੇ, ਅੰਤ ਇਹ ਬਿਮਾਰੀਆਂ ਇਹਨਾਂ ਦੀ ਜਾਨ ਲੇਵਾ ਸਾਬਤ ਹੋਈਆਂ। ਸੰਤ ਗੁਰਬਚਨ ਸਿੰਘ, ਸੰਤ ਅਤਰ ਸਿੰਘ, ਬਾਬਾ ਤਾਰਾ ਸਿੰਘ ਅਤੇ ਹੋਰ ਕਈਆਂ ਨੇ ਬਿਮਾਰੀ ਕਾਰਨ ਸਰੀਰ ਛੱਡਿਆ। ਸੋ ਦੇਖਣ ਵਿਚ ਆਇਆ ਹੈ ਝੂਠ ਨੂੰ ਗਹਿਣੇ ਪਾ ਕੇ ਸ਼ਿੰਗਾਰ ਕੇ (ਸੱਚ ਬਣਾਉਣ ਦੀ ਕੋਸ਼ਿਸ਼ ਕਰਕੇ) ਜਿੰਨਾ ਝੂਠ ਧਾਰਮਿਕ ਦੁਨੀਆਂ ਵਿਚ ਧਰਮ ਦੇ ਨਾਂ 'ਤੇ ਧਰਮੀ ਕਹਾਉਣ ਵਾਲਿਆਂ ਬੰਦਿਆਂ ਵੱਲੋਂ

ਬੋਲਿਆ ਜਾ ਰਿਹਾ ਹੈ ਏਨਾ ਸ਼ਾਇਦ ਆਮ ਦੁਨੀਆਂ ਵਿਚ ਵੀ ਨਹੀਂ ਬੋਲਿਆ ਜਾ ਰਿਹਾ। ਜੇ ਗੁਰਧਾਮਾਂ ਤੋਂ ਬਿਨ੍ਹਾਂ ਹੋਰ ਡੇਰੇ ਆਦਿ ਨਾ ਬਣਦੇ ਤਾਂ ਧਾਰਮਿਕ ਦੁਨੀਆਂ ਵਿਚ ਇਤਨਾ ਝੂਠ ਨਹੀਂ ਸੀ ਬੋਲਿਆ ਜਾਣਾ।

ਸੁਰਤਿ ਸ਼ਬਦਿ ਮਾਰਗ ਵਿਚ ਅੱਗੇ ਲਿਖਿਆ ਹੈ, "ਸੰਸਾਰ ਵਾਲਾ ਜੋ ਪੜ੍ਹਦਾ ਉਹ ਰੋਟੀ ਵਾਸਤੇ ਪੜ੍ਹਿਆ ਕਰਦਾ ਹੈ। ਮਹਾਰਾਜ ਕਹਿੰਦੇ ਨੇ, ਜੋ ਰੋਟੀ ਵਾਸਤੇ ਪੜ੍ਹਾਈ ਕਰਦੈ ਉਹ ਮੂਰਖ ਬੰਦਾ ਹੈ ਕਿਉਂਕਿ ਰੋਟੀ ਤਾਂ ਰੱਬ ਨੇ ਦੇਣੀ ਹੈ।"

ਸੁਰਤਿ ਸ਼ਬਦ ਮਾਰਗ, ਪੰਨਾ 41

ਵਿਚਾਰ—ਇਸ ਹੱਥਲੀ ਪੁਸਤਕ ਵਿਚ ਪਿੱਛੇ ਅਰਜ ਕਰ ਆਇਆ ਹਾਂ ਕਿ ਇਹ ਸਾਧ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਵਾਲੇ ਗੁਰ ਹੁਕਮ ਨੂੰ ਉੱਕਾ ਨਹੀਂ ਮੰਨਦੇ, ਗੁਰਵਾਕ ਹੈ:

"ਕ੍ਰਿਤ ਵਿਰਤ ਕਰ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥"

"ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹ ਪਛਾਣਹਿ ਸੇਇ॥" (ਪੰਨਾ 1245)

ਗੁਰੂ ਜੀ ਦਾ ਬਚਨ (ਹੁਕਮ) ਹੈ ਹੱਥੀਂ ਦਸਾਂ ਨਹੁੰਆਂ ਦੀ ਕ੍ਰਿਤ (ਰੋਟੀ ਵਾਸਤੇ ਕਮਾਈ) ਕਰਨੀ ਅਤੇ ਧਰਮ ਅਰਥ ਲੋੜਵੰਦਾਂ ਦੀ ਸਹਾਇਤਾ, ਪੰਥਕ ਕਾਰਜਾਂ ਵਾਸਤੇ ਦਸਵੰਧ ਕੱਢਣਾ, ਐਸਾ ਜੋ ਗੁਰਸਿੱਖ ਕਰਦੇ ਹਨ ਉਹ ਸੱਚ ਧਰਮ ਦੇ ਮਾਰਗ 'ਤੇ ਚੱਲ ਕੇ ਜੀਵਨ ਮੁਕਤ ਹੋ ਜਾਂਦੇ ਹਨ ਜਨਮ ਸਫਲ ਕਰ ਲੈਂਦੇ ਹਨ। ਪਰ ਇਹ ਪਰਮ 108 ਸੰਤ, ਉਗਰਾਹੀਆਂ ਕਰਕੇ, ਮੰਗ ਕੇ ਟੁਕੜੇ ਖਾ ਕੇ, ਕੁਰਸੀਆਂ ਲਾ ਕੇ, ਗੱਦੀਆਂ ਲਾ ਕੇ ਬੈਠੇ, ਕਿਹੜਾ ਧਰਮ ਮਾਰਗ ਸਿੱਖਾਂ ਨੂੰ ਦ੍ਰਿੜ ਕਰਵਾ ਰਹੇ ਹਨ। ਜਿਹੜੇ ਕਹਿੰਦੇ ਅਸੀਂ ਤਾਂ ਜੀ ਗੁਰੂ ਵਾਸਤੇ ਮੰਗਦੇ ਹਾਂ। ਕਿਹੜੇ ਗੁਰ ਵਾਸਤੇ ਮੰਗਦੇ ਹਨ? ਗੁਰੂ ਦਾ ਹੁਕਮ ਤਾਂ ਸਿੰਘਾਂ ਤਾਂਈਂ ਇਹ ਹੈ—ਗੁਰੂ ਪੀਰ ਸਦਾਏ ਮੰਗਣ ਜਾਇ ਤਾ ਕੈ ਮੂਲਿ ਨ ਲਗੀਐ ਪਾਇ॥" ਹੋਰ ਬਚਨ ਹੈ "ਜੋ ਮਾਗੈ ਸੋ ਭੂਖਾ ਰਹੈ॥" "ਧੰਨ ਗੁਰੂ ਨਾਨਕ ਦੇਵ ਜੀ" ਨੇ ਖ਼ੁਦ ਕਰਤਾਰਪੁਰ ਖੇਤੀ ਕੀਤੀ, ਜੋ ਗੁਰੂ ਨੇ ਕਿਹਾ, ਉਹ ਕਰਕੇ ਦਿਖਾਇਆ, ਮਹਾਰਾਜ ਨੇ ਆਪਣੇ ਤਨ ਤੇ ਹੰਡਾ ਕੇ ਦਿਖਾਇਆ। ਇਹ ਪਰਮ ਸੰਤ ਕਹਿ ਰਹੇ ਹਨ ਰੋਟੀ ਰੱਬ ਨੇ ਦੇਣੀ ਹੈ। ਇਹ ਮੰਨਦੇ ਹਾਂ ਕਿ ਓਵਰ ਆਲ ਕਰਤਾ ਧਰਤਾ ਪ੍ਰਮਾਤਮਾ ਹੈ। ਪਰ ਇਹ ਪਰਮ ਸੰਤ ਗਰੀਬ ਵਰਗ ਕੋਲ ਜਾ ਕੇ ਪਤਾ ਤਾਂ ਲੈਣ ਕਿ ਗਰੀਬ ਦੀ ਰੋਟੀ ਕਿੰਨੇ ਪਾਪੜ ਵੇਲ ਕੇ ਵੀ ਪੂਰੀ ਹੁੰਦੀ ਹੈ। ਗ਼ਰੀਬ, ਖ਼ੂਨ-ਪਸੀਨੇ ਦੀ ਕਮਾਈ ਕਰਦੇ ਹਨ ਸਾਰੀ ਸਾਰੀ ਦਿਹਾੜੀ ਖੇਤਾਂ 'ਚ ਹੱਲ, ਵਾਢੀ, ਟੋਕਰੀ, ਫੈਕਟਰੀਆਂ ਵਿਚ ਸਖਤ ਮਿਹਨਤ, ਸੜ੍ਹਕਾਂ 'ਤੇ ਮਿਹਨਤ, ਕਹਿਰ ਦੀ ਗਰਮੀ ਅਤੇ ਸਰਦੀ ਗਰੀਬ ਦੇ ਸਿਰ ਵਿਚ ਦੀ ਲੰਘਦੀ ਹੈ। ਗਰੀਬ, ਅਮੀਰ, ਬੇਈਮਾਨ, ਠੱਗ ਆਦਿ ਹਰ

ਵਰਗ ਪਾਸੋਂ ਧਰਮ ਦੇ ਨਾਂ 'ਤੇ ਠੱਗੀ ਮਾਰ ਕੇ 40 ਲੱਖ ਦੀ ਕਾਰ ਵਿਚ ਬੈਠਾ ਪਰਮ ਸੰਤ ਕਹਿ ਰਿਹਾ ਕਿ ਰੋਟੀ ਤਾਂ ਰੱਬ ਨੇ ਦੇਣੀ ਹੈ। ਇਹਨਾਂ ਚਿੱਟੇ ਚੋਲਿਆਂ ਵਾਲਿਆਂ ਨੂੰ ਨਿਸਰਦੇ ਝੋਨੇ ਵਿਚ ਜ਼ਹਿਰੀਲੀ ਸਪਰੇਅ ਦੀ ਟੈਂਕੀ ਚੁਕਾ ਕੇ ਵਾੜ੍ਹਿਆ ਹੋਵੇ ਤਾਂ ਇਹਨਾਂ ਨੂੰ ਸਮਝ ਆਵੇ ਕਿ ਰੋਟੀ ਤਾਂ ਰੱਬ ਦਿੰਦਾ ਹੈ ਪਰ ਉਸਦਾ ਰੋਟੀ ਦੇਣ ਦਾ ਤੌਰ ਤਰੀਕਾ ਕਿਹੋ ਜਿਹਾ ਹੈ ?

ਸੁਰਤਿ ਸਬਦਿ ਮਾਰਗ ਵਿਚ ਅੱਗੇ ਲਿਖਿਆ ਹੈ ਕਿ ਪੰਜਵੇਂ ਪਾਤਸ਼ਾਹ ਜੀ ਦੇ ਮਹਿਲ ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਪਾਸੋਂ ਪੁੱਤਰ ਵਰ ਲੈਣ ਗਏ। ਪਹਿਲਾਂ ਸਰਾਪ ਲੈ ਲਾਏ ਫਿਰ ਦੁਬਾਰਾ ਵਰ ਲੈ ਆਏ।

ਸੁਰਤਿ ਸਬਦਿ ਮਾਰਗ, ਪੰਨਾ 49

ਵਿਚਾਰ—ਇਸ ਪਰਮ ਸੰਤ ਨੇ ਇਹ ਕਹਾਣੀ ਚਰਚਿਤ ਕਿਤਾਬ ਗੁਰ ਬਿਲਾਸ ਪਾ: ਛੇਵੀਂ, ਜੋ ਗੁਰਮਤਿ ਸਿੱਧਾਂਤਾਂ ਦਾ ਖੰਡਨ ਕਰਨ ਵਾਲੀ ਕਿਸੇ ਬੇਨਾਮ ਲਿਖਾਰੀ ਦੀ ਲਿਖਤ ਹੈ ਉਸ ਵਿਚੋਂ ਲਈ ਹੈ। ਇਹ ਪਰਮ ਸੰਤ ਲੋਕਾਂ ਦੇ ਦਿਲਾਂ ਦੀਆਂ ਬੁੱਝਦੇ ਰਹੇ ਪਰ ਇਹਨਾਂ ਤੋਂ ਆਪਣੇ ਗੁਰ ਗੁਰਬਾਣੀ ਦਾ ਸਿੱਧਾਂਤ ਬਿਲਕੁਲ ਨਹੀਂ ਬੁੱਝਿਆ ਗਿਆ। ਸੁਖਮਨੀ ਸਾਹਿਬ ਅੰਦਰ ਪੰਜਵੇਂ ਪਾਤਸ਼ਾਹ ਕਹਿੰਦੇ ਹਨ :

"ਮਾਨੁਖ ਕੀ ਟੇਕ ਬਿਰਥੀ ਸਭ ਜਾਨੁ ॥
ਦੇਵਨ ਕਉ ਏਕੈ ਭਗਵਾਨੁ ॥" (ਪੰਨਾ 281)

ਇਹਨਾਂ ਪਰਮ ਸੰਤਾਂ ਦੇ ਦਿਮਾਗ ਨੇ ਰਤਾ ਵੀ ਕੰਮ ਨਹੀਂ ਕੀਤਾ ਕਿ ਗੁਰੂ ਨੇ ਆਪਣਾ ਕਿਹਾ ਬਚਨ ਆਪ ਹੀ ਭੰਨ ਦੇਣਾ ਸੀ ? ਸੱਚ ਪ੍ਰਮਾਤਮਾ ਦਾ ਓਟ ਆਸਰਾ ਛੱਡ ਕੇ ਪੁੱਤਰ ਪ੍ਰਾਪਤੀ ਵਾਸਤੇ ਮਾਤਾ ਜੀ ਨੂੰ ਇਕ ਮਨੁੱਖ ਪਾਸ ਕਦੇ ਵੀ ਨਹੀਂ ਸੀ ਭੇਜ ਸਕਦੇ। ਤੱਤ ਗੁਰਮਤਿ ਨੇ ਅੱਜ ਤਕ ਨਾ ਕਿਸੇ ਵਰ ਅਤੇ ਸਰਾਪ ਨੂੰ ਬਿਲਕੁਲ ਨਹੀਂ ਮੰਨਿਆ ਹੈ। ਵਰ ਸਰਾਪ ਦੀ ਗੱਲ ਹਿੰਦੂ ਮੱਤ ਹੈ। ਗੁਰੂ ਘਰ ਵਿਚ ਕਹਿਣੀ, ਕਰਣੀ ਪ੍ਰਧਾਨ ਹੈ।

ਐਸੇ ਸੁਰਤਿ ਸ਼ਬਦ ਮਾਰਗ ਵਿਚ ਪੰਨਾ 50-57 ਉੱਪਰ ਮਨਮੱਤੀ ਘੜੀਆਂ ਘੜਾਈਆਂ ਕਹਾਣੀਆਂ ਜੋ ਗੁਰਮਤਿ ਸਿੱਧਾਂਤਾਂ ਦਾ ਖੰਡਨ ਕਰ ਰਹੀਆਂ ਹਨ ਇਹ ਲਿਖੀਆਂ ਹੋਈਆਂ ਹਨ, ਸੰਤਾਂ ਕੋਲੋਂ ਦੇਹਧਾਰੀਆਂ ਵਾਲੀ ਤਰਜ਼ 'ਤੇ ਨਾਮ ਲੈਣ ਅਤੇ ਦੇਣ ਦੀਆਂ ਕਹਾਣੀਆਂ ਲਿਖੀਆਂ ਹੋਈਆਂ ਹਨ। ਇਹਨਾਂ ਕਹਾਣੀਆਂ ਵਿਚ ਸੰਤ, ਮੁੰਡੇ ਬਖਸ਼ਦੇ ਦਿਖਾਏ ਗਏ ਹਨ। ਕੁੜੀ ਇਹ ਕਿਸੇ ਨੂੰ ਵੀ ਨਹੀਂ ਦਿੰਦੇ। ਮੁੰਡਾ ਜੰਮਣ 'ਤੇ ਸੰਤਾਂ ਦੀ ਕੁਟੀਆਂ ਵਿਚ ਉਹ ਚਰਾਗ ਜਗਾਏ ਜਾ ਰਹੇ ਹਨ। ਜਿਨ੍ਹਾਂ ਵਿਚ ਇਕ ਮਣ ਤੇਲ ਪੈ ਜਾਂਦਾ ਹੈ। ਇਕ ਪਰਮ ਸੰਤ ਕੋਲ ਇਕ ਬੰਦਾ ਨਾਮ ਲੈਣ ਜਾਂਦਾ ਹੈ ਪਰ ਸੰਤ ਉਸਨੂੰ ਸਵੇਰੇ 8 ਵਜੇ ਨਾਮ ਦੇਣ ਦਾ ਵਚਨ ਕਰ ਰਹੇ ਹਨ ਸਵੇਰੇ ਕੋਈ ਰਾਜਾ ਸੰਤਾਂ ਕੋਲ ਆ ਰਿਹਾ ਹੈ ਸੁੰਦਰ ਗਲੀਚੇ ਵਿਛਾਏ

ਹੋਏ ਹਨ। 8 ਵਜੇ ਵਕਤ ਨਾਲ ਉਹ ਨਾਮ ਲੈਣ ਵਾਲਾ ਬੰਦਾ ਲਿਬੜੇ ਪੈਰੀਂ ਤੁਰਿਆ ਆਉਂਦਾ ਸੰਤਾਂ ਨੇ ਵੇਖ ਲਿਆ, ਫੱਟ ਸੋਚਿਆ ਕਿਤੇ ਗਦੇਲੇ ਨਾ ਲਬੇੜ ਦਿੰਦਾ ਹੋਵੇ ਤਾਂ ਸੰਤਾਂ ਨੇ ਦੂਰੋਂ ਕਿਹਾ ਪਰ੍ਹੇ, ਪਰ੍ਹੇ, ਪਰ੍ਹੇ ਪਰ੍ਹੇ ਬੱਸ ਇਹੋ ਨਾਮ ਉਸ ਬੰਦੇ ਨੂੰ ਮਿਲ ਗਿਆ ਲੱਗਾ, ਪਰ੍ਹੇ ਪਰ੍ਹੇ ਪਰ੍ਹੇ ਜਪਣ, ਕੁਝ ਦਿਨਾਂ ਵਿਚ ਹੀ ਕਪਾਟ ਖੁੱਲ੍ਹ ਗਏ, ਉਹ ਵੀ ਬ੍ਰਹਮਗਿਆਨੀ ਹੋ ਗਿਆ, ਪਰਮ ਸੰਤ ਬਣ ਗਿਆ।

ਸੋ ਵਿਚੇ ਹੀ ਇਹ ਪਰਮ ਸੰਤ ਅੰਮ੍ਰਿਤ ਛਕਣ ਛਕਾਉਣ ਦੀ ਗੱਲ ਕਰੀ ਜਾਂਦੇ ਹਨ ਵਿਚੇ ਨਾਮ ਲੈਣ ਦੇਣ ਦੀਆਂ ਕਰੀ ਜਾਂਦੇ ਹਨ। ਸਿਆਣੇ ਕਹਿੰਦੇ ਹਨ ਕਿ ਦੋ ਬੇੜੀਆਂ ਵਿਚ ਲੱਤਾਂ ਰੱਖਣ ਵਾਲੇ ਬੰਦੇ ਡੁੱਬ ਜਾਂਦੇ ਹਨ। ਪਰ ਇਹਨਾਂ ਪਰਮ ਸੰਤਾਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਲੱਤਾਂ ਹਨ ਤੇ ਕਿੰਨੀਆਂ ਬੇੜੀਆਂ ਵਿਚ ਰੱਖੀਆਂ ਹੋਈਆਂ ਹਨ। ਇਹਨਾਂ ਦਾ ਪਤਾ ਨਹੀਂ ਕੀ ਬਣੇਗਾ ? ਇਹਨਾਂ ਦੀ ਪੁਸਤਕ ਸੁਰਤਿ ਸਬਦਿ ਮਾਰਗ ਵਿਚ ਲਿਖਿਆ ਹੈ ਕਿ ਸੰਤਾਂ ਦੇ ਦਿੱਤੇ ਪਰ੍ਹੇ ਪਰ੍ਹੇ ਪਰ੍ਹੇ ਨਾਲ ਵੀ ਬੰਦਾ ਪਰਮ ਸੰਤ ਬਣ ਜਾਂਦਾ ਹੈ ਪਰ ਗੁਰੂ ਗ੍ਰੰਥ ਪੰਥ ਪੰਜਾਂ ਪਿਆਰਿਆਂ ਦਾ ਦਿੱਤਾ ਵਾਹਿਗੁਰੂ ਪਿੱਛੇ ਰਹਿ ਜਾਂਦਾ ਹੈ ਬੰਦਾ ਇਸਤੋਂ ਵੀ ਅੱਗੇ ਨਿਕਲ ਜਾਂਦਾ ਹੈ।

ਸੁਰਤਿ ਸਬਦਿ ਮਾਰਗ ਪੁਸਤਕ ਵਿਚ ਅੱਗੇ ਇਹ ਪਰਮ ਸੰਤ ਲਿਖਦੇ ਹਨ ਕਿ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਮਹਾਰਾਜ ਜੀ ਇਉਂ ਵੀ ਦੱਸਿਆ ਕਰਦੇ ਸੀ ਕਿ ਛੇ ਮਹੀਨੇ ਮੂਲਮੰਤਰ ਦੇ ਪਾਠ, ਮਾਲਾ ਵੀ 30 ਦੱਸਦੇ ਸੀ, ਰੋਜ਼ ਦੀਆਂ 30 ਮਾਲਾ ਮੂਲਮੰਤਰ ਦੀਆਂ ਫੇਰ। ਫੇਰ ਆ ਜਾਈਂ ਫੇਰ ਤੈਨੂੰ ਅੰਮ੍ਰਿਤ ਛਕਾ ਦੇਵਾਂਗੇ। ਨਤੀਜਾ ਕੀ ਹੁੰਦੈ ? ਜਦ ਨਾਮ ਮਹਾਪੁਰਸ਼ਾਂ ਨੇ ਦੇਣਾ ਪੰਜਾਂ ਪਿਆਰਿਆਂ ਵਿਚ, ਉਹ ਅੰਦਰ ਹੀ ਚਲਿਆ ਜਾਣਾ ਨਾਮ, ਫੇਰ ਚੌਂਕੜਾ ਮਾਰ ਕੇ ਨਾਮ ਜਪਣਾ ਸ਼ੁਰੂ ਕਰ ਦੇਣਾ। ਹੁਣ ਤਾਂ ਗੱਲ ਹੀ ਹੋਰ ਹੋ ਗਈ ਹੈ।

ਸੁਰਤਿ ਸਬਦਿ ਮਾਰਗ, ਪੰਨਾ 104

ਵਿਚਾਰ—ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਕਿਸ ਤਰ੍ਹਾਂ ਇਹ ਸਾਧ, ਲੋਕਾਂ ਨੂੰ ਗੁਮਰਾਹ ਕਰਨ ਵਾਸਤੇ ਕਿੰਨੀ ਹੁਸ਼ਿਆਰੀ (ਚਲਾਕੀ) ਤੋਂ ਕੰਮ ਲੈ ਰਹੇ ਹਨ। ਨਾਲ ਹੀ ਹਿੰਦੂ ਮੱਤ ਵਾਲੀ ਮਾਲਾ ਫੇਰਨ ਦੀ ਗੱਲ ਕਰੀ ਜਾਂਦੇ ਹਨ ਨਾਲ ਹੀ ਮਹਾਂਪੁਰਸ਼ਾਂ ਵੱਲੋਂ ਨਾਮ ਦੇਣ ਦੀ ਗੱਲ ਕਰੀ ਜਾਂਦੇ ਹਨ। ਨਾਲ ਹੀ ਅੰਮ੍ਰਿਤ ਦੀ ਗੱਲ ਕਰ ਰਹੇ ਹਨ। ਇਹ ਸਾਧ, ਗੁਰੂਆਂ ਨੂੰ ਪਿੱਛੇ ਕਰ ਰਹੇ ਹਨ ਆਪਣੇ ਆਪ ਨੂੰ ਅੱਗੇ ਕਰ ਰਹੇ ਹਨ। ਯਾਦ ਰੱਖਣਾ ਕਿ ਜਿਸ ਘਰ ਵਿਚ ਕੁਬੁੱਧੀ ਜ਼ਨਾਨੀ ਦੀ ਮੁਖਤਿਆਰੀ ਹੋਵੇ ਉਹ ਘਰ ਬਰਬਾਦ ਹੋ ਜਾਂਦਾ ਹੈ। ਸਿੱਖ ਕੌਮ ਨਾਲ ਐਸਾ ਹੀ ਹੋਇਆ ਹੈ। ਸੰਤਾਂ ਦੀ ਸੁਰਤਿ ਸਬਦਿ ਪੁਸਤਕ ਦੇ ਵਿਚ ਇਹ ਵੀ ਲਿਖਿਆ ਹੈ ਕਿ ਮਾਤਾ ਜੀਤੋ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਨਾਮ ਦਾਨ ਮੰਗਿਆ

ਸੀ। ਸੋ ਇਹ ਸਾਧ, ਅੰਮ੍ਰਿਤ ਛਕਣ ਛਕਾਉਣ ਨਾਲੋਂ ਨਾਮ ਦਾਨ ਨੂੰ ਪਹਿਲ ਦੇ ਰਹੇ ਹਨ ਅਤੇ ਜਪਣ ਦੀਆਂ ਜੁਗਤੀਆਂ ਸਾਰੀਆਂ ਹੀ ਦੇਹਧਾਰੀ ਨਕਲੀ ਗੁਰੂਆਂ ਵਾਲੀਆਂ ਹੀ ਦੱਸ ਰਹੇ ਹਨ। ਇਹ ਰੇਸ਼ਮ ਵਿਚ ਵਲ੍ਹੇਟ ਕੇ ਇੱਟ ਮਾਰ ਰਹੇ ਹਨ, ਖੰਡ ਵਿਚ ਵਲ੍ਹੇਟ ਕੇ ਜ਼ਹਿਰ ਦੇ ਰਹੇ ਹਨ। ਸਮਝਣ ਦੀ ਲੋੜ ਹੈ।

ਅੱਗੇ ਸੁਰਤਿ ਸ਼ਬਦ ਮਾਰਗ ਵਿਚ ਲਿਖਿਆ ਹੈ ਕਿ ਹੁਣ ਪ੍ਰਕਿਰਤੀ ਨੂੰ ਕਿੰਨਾ ਔਖਾ ਹੋ ਗਿਆ ਇਕ ਖੇਤ ਵਿਚ ਮੀਂਹ ਪਾਉਣਾ, ਸਿੱਧਾ ਪੈਣੇ ਤੇ ਨਾਲ ਦੇ ਖੇਤ ਵਿਚ ਇਕ ਛਿੱਟ ਵੀ ਨਹੀਂ ਪੈਣੀ। ਕਿੱਡਾ ਕਰੜਾ ਬਚਨ ਕਰ ਦਿੱਤਾ ਮੰਨਦੀ ਹੈ ਪ੍ਰਕਿਰਤੀ। ਪ੍ਰਕਿਰਤੀ ਦੀ ਤਾਕਤ ਨਹੀਂ ਕਿ ਮਹਾਤਮਾ ਦੇ ਮੁਖ੍ਹ ਵਿਚੋਂ ਬਚਨ ਨਿਕਲ ਜਾਵੇ ਤੇ ਪ੍ਰਕਿਰਤੀ ਉਹਦੇ ਮੂਹਰੇ ਰਾਹ ਰੋਕ ਕੇ ਖੜ੍ਹ ਜਾਵੇ।

ਸੁਰਤਿ ਸਬਦਿ ਮਾਰਗ, ਪੰਨਾ 177

ਵਿਚਾਰ—ਗੁਰ ਫੁਰਮਾਨ ਹੈ: 1. "ਕਰਤੇ ਕੁਦਰਤੀ ਮੁਸਤਾਕ॥" 2. "ਕੁਦਰਤਿ ਕਰ ਕੈ ਵਸਿਆ ਸੋਇ॥" 3. 'ਗੁਰਮੁਖ ਤੇਰਾ ਭਾਣਾ ਭਾਵਹਿ॥" 4. ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜ ਚੋਟਾ ਖਾਵੈ॥ 5. "ਰਬ ਕੀ ਰਜਾਇ ਮੰਨੈ ਸਿਰ ਊਪਰ॥"

ਕੋਈ ਦੱਸੇ ਕਿ ਇਹਨਾਂ ਸਾਧਾਂ ਨੇ ਕੀ ਭਾਣਾ ਮੰਨਿਆ ? ਇਹਨਾਂ ਕਿਹੜੀ ਰਜ਼ਾ ਮੰਨੀ ਹੈ ? ਇਹ ਸਾਧ ਤਾਂ ਕਹਿ ਰਹੇ ਹਨ ਕਿ ਸਾਧ ਦੇ ਮੂੰਹੋਂ ਬਚਨ ਨਿਕਲ ਜਾਵੇ ਤਾਂ ਰੱਬ (ਕੁਦਰਤ) ਵੀ ਇਹਨਾਂ ਦੇ ਅੱਗੇ ਅੜ੍ਹ ਨਹੀਂ ਸਕਦਾ। ਕਿਉਂਕਿ ਜਿਹੜੇ ਆਪ ਹੀ ਰੱਬ ਬਣ ਗਏ, ਉਹ ਰੱਬ ਨੂੰ ਕੀ ਜਾਣਦੇ ਹਨ ? ਸਾਡੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ ਅਤੇ ਹੋਰ ਲੱਖਾਂ ਸਿੰਘ, ਸੱਚ ਸ਼ਮ੍ਹਾ ਤੋਂ ਕੁਰਬਾਨ ਹੋ ਗਏ। ਗੁਰੂ ਬਾਣੀ ਨੂੰ ਘਰ-ਘਰ ਪਹੁੰਚਾਉਣ ਵਾਸਤੇ ਇਹਨਾਂ ਸਾਧਾਂ ਤੋਂ ਇਕ ਬਚਨ ਵੀ ਨਹੀਂ ਕੀਤਾ ਗਿਆ। ਸਿੱਖ ਕੌਮ ਇਹਨਾਂ 50 ਧੜਿਆਂ ਵਿਚ ਵੰਡ ਦਿੱਤੀ ਹੋਈ ਹੈ। ਏਕਤਾ ਕਰਾਉਣ ਵਾਸਤੇ ਇਕ ਬਚਨ ਵੀ ਇਹਨਾਂ ਨਹੀਂ ਕੀਤਾ। ਫੋਕੀ ਸਿਆਸਤ ਧਰਮ ਉੱਪਰ ਭਾਰੂ ਹੋ ਗਈ ਹੈ। ਇਹਨਾਂ ਦੇ ਮੂੰਹੋਂ ਇਕ ਬਚਨ ਵੀ ਨਹੀਂ ਨਿਕਲਿਆ। ਅਕਾਲੀ ਦਲ ਪੰਜਾਬੀ ਪਾਰਟੀ ਬਣ ਗਿਆ ਹੈ, ਨਕਲੀ ਗੁਰੂ ਥਾਂ-ਥਾਂ ਪੈਦਾ ਹੋ ਗਏ ਹਨ। 90% ਸਿੱਖ ਨੌਜਵਾਨ ਮੋਨੇ ਹੋ ਗਏ ਹਨ। ਸਿੱਖ ਸਮਾਜ ਪੂਰੀ ਤਰ੍ਹਾਂ ਵਹਿਮਾਂ-ਭਰਮਾਂ, ਕਰਮਕਾਂਡਾਂ ਵਿਚ ਫਸਿਆ ਹੋਇਆ ਹੈ ਪਰ ਇਹਨਾਂ ਦੇ ਮੂੰਹੋਂ ਕੋਈ ਬਚਨ ਨਾ ਨਿਕਲਿਆ। ਸਿੱਖੀ ਦੇ ਕਿਸੇ ਪਹਿਲੂ 'ਤੇ ਵੀ ਇਹਨਾਂ ਸਾਧਾਂ ਦਾ ਕੋਈ ਯੋਗਦਾਨ ਨਹੀਂ ਹੈ। ਜਿਹੜੇ ਭੁੱਲੜ ਵੀਰ, ਗੁਰਮਤਿ ਤੋਂ ਪੂਰੀ ਤਰ੍ਹਾਂ ਅਣਜਾਣ ਹਨ ਉਹ ਇਹਨਾਂ ਸਾਧਾਂ ਨੂੰ ਪੰਥਕ ਸਖਸ਼ੀਅਤਾਂ ਦਾ ਨਾਂ ਦੇ ਕੇ ਸਿੱਖ ਕੌਮ ਨਾਲ ਬਹੁਤ ਵੱਡਾ ਧੋਖਾ ਕਰ ਰਹੇ ਹਨ। ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ 'ਤੇ ਹਮਲਾ

ਹੋ ਗਿਆ ਪਰ ਇਹਨਾ ਸਾਧਾਂ ਦੇ ਮੂੰਹੋਂ ਇਕ ਬਚਨ ਨਾ ਨਿਕਲਿਆ। "ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ" ਦੇ ਸਰੂਪ ਅਗਨ ਭੇਟ ਹੋ ਗਏ ਇਹਨਾਂ ਸਾਧਾਂ ਦੇ ਮੂੰਹੋਂ ਕੋਈ ਬਚਨ ਨਾ ਨਿਕਲਿਆ ਕਿਉਂਕਿ "ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ" ਨੂੰ ਪਾਸੇ ਕਰਕੇ ਇਹ ਸਾਧ ਖ਼ੁਦ ਦੇਹਧਾਰੀ ਗੁਰੂ ਬਣਨਾ ਚਾਹੁੰਦੇ ਹਨ। ਗੁਰੂ ਕੇ ਅੰਮ੍ਰਿਤ ਵੱਲੋਂ ਮੂੰਹ ਮੋੜ ਕੇ ਇਹ ਨਾਮ ਦਾਨ ਦੇਣਾ ਚਾਹੁੰਦੇ ਹਨ। ਇਹਨਾਂ ਦੀਆਂ ਖ਼ੁਦ ਲਿਖੀਆਂ ਲਿਖਤਾਂ ਤੋਂ ਇਹ ਸਾਰਾ ਕੁਝ ਸਪੱਸ਼ਟ ਹੈ।

ਅੱਗੇ ਸੁਰਤਿ ਸਬਦਿ ਦੇ ਪੰਨਾ 178 'ਤੇ ਲਿਖਿਆ ਹੈ ਕਿ ਆਨੰਦਪੁਰ ਸਾਹਿਬ ਦੇ ਕਿਲ੍ਹੇ ਅੰਦਰ ਦਸਮ ਪਾਤਸ਼ਾਹ ਕਹਿੰਦੇ ਸਿੰਘੋ ਸੱਤ ਦਿਨ ਠਹਿਰ ਜਾਵੋ। ਤੁਹਾਡੇ ਸਾਰੇ ਕਸ਼ਟ ਜਿਹੜੇ ਦੋ ਢਾਈ ਸੌ ਸਾਲ ਵਿਚ ਆਉਣੇ ਨੇ ਹੁਣੇ ਨਵਿਰਤ ਹੋ ਜਾਣਗੇ, ਨਹੀਂ ਤੁਹਾਨੂੰ ਐਨਾ ਖੁਆਰ ਹੋਣਾ ਪੈਣਾ। ਕਹਿੰਦੇ "ਮਹਾਰਾਜ! ਉਹ ਤਾਂ ਅਸੀਂ ਝੱਲ ਲਵਾਂਗੇ ਪਰ ਸੱਤ ਦਿਨ ਸਾਥੋਂ ਕੱਟੇ ਨਹੀਂ ਜਾਣੇ। ਮਹਾਰਾਜ ਕਹਿੰਦੇ ਫਿਰ ਤੁਸੀਂ ਇਉਂ ਕਰੋ ਕਿ ਲਿਖ ਕੇ ਦਿਉ ਕਿ ਅਸੀਂ ਤੁਹਾਡੇ ਸਿੱਖ ਨਹੀਂ ਤੁਸੀਂ ਸਾਡੇ ਗੁਰੂ ਨਹੀਂ। ਕਾਗਜ਼ 'ਤੇ ਲਿਖ ਦਿੱਤਾ, ਫਟਾ ਫਟ ਦਸਤਖਤ ਕਰ ਦਿੱਤੇ। ਵਿਗਾੜ ਲਈ ਸਾਰੀ ਜ਼ਿੰਦਗੀ ਦੀ ਬਣਾਈ ਹੋਈ ਇਕ ਸਕਿੰਟ ਵਿਚ ਵਿਗਾੜ ਲਈ।

ਸੁਰਤਿ ਸਬਦਿ ਮਾਰਗ, ਪੰਨਾ 178

ਵਿਚਾਰ—ਮਨ ਮੰਨਦਾ ਨਹੀਂ ਹੈ ਕਿ ਦਸਵੇਂ ਪਾਤਸ਼ਾਹ ਦੇ ਸਿੰਘ ਬੇਦਾਵਾ ਦੇ ਕੇ ਚਲੇ ਗਏ ਜੇ ਗੁਰੂ ਦੇ ਸਿੰਘ ਖੋਪਰੇ ਲਹਾ ਸਕਦੇ ਹਨ, ਚਰਖੜੀਆਂ 'ਤੇ ਚੜ੍ਹ ਗਏ, ਬੰਦ-ਬੰਦ ਕਟਾ ਦਿੱਤੇ ਉਬਲਦੀਆਂ ਦੇਗਾਂ ਵਿਚ ਉਬਲ ਕੇ ਵੀ ਨਹੀਂ ਡੋਲੇ ਤਾਂ ਉਸੇ ਗੁਰੂ ਦੇ ਸਿੰਘ ਸੱਤ ਦਿਨ ਭੁੱਖ, ਕਸ਼ਟ ਵੀ ਸਹਾਰ ਸਕਦੇ ਸਨ। ਇਸ ਸਾਖੀ ਪਿੱਛੇ ਵੀ ਕਿਸੇ ਸਾਧ ਦਾ (ਨਿੱਜੀ) ਮੁਫਾਜ਼ ਛਿਪਿਆ ਹੋਇਆ ਜਾਪਦਾ ਹੈ। ਪਰ ਫਿਰ ਵੀ ਇਸ ਸਾਧ ਦਾ ਬੋਲਿਆ ਕੁਫਰ ਮੰਨ ਵੀ ਲਈਏ ਤਾਂ ਉਹਨਾਂ ਸਿੰਘਾਂ ਨੇ ਮੁਕਤਸਰ ਜਾ ਕੇ ਜੰਗ ਦੇ ਮੈਦਾਨ ਵਿਚ ਬੇਦਾਵਾ ਪੜ੍ਹਵਾ ਕੇ ਗੁਰੂ ਦੀਆਂ ਸਦੀਵੀ ਖੁਸ਼ੀਆਂ ਪ੍ਰਾਪਤ ਕੀਤੀਆਂ। ਨਾਲ ਹੀ ਵਿਚਾਰਨਾ ਬਣਦਾ ਹੈ ਕਿ ਜਿਹੜੇ ਬੇਦਾਵੇ ਇਹਨਾਂ ਸਾਧਾਂ ਨੇ ਆਪਣੀਆਂ ਹੱਥ ਲਿਖਤਾਂ ਕਿਤਾਬਾਂ ਵਿਚ ਥਾਂ-ਥਾਂ 'ਤੇ "ਗੁਰੂ ਗ੍ਰੰਥ ਸਾਹਿਬ" ਜੀ ਨੂੰ ਦਿੱਤੇ ਹਨ ਅਤੇ ਹੋਰ ਵੀ ਦੇ ਰਹੇ ਹਨ ਇਹ ਸਾਧ ਇਹ ਬੇਦਾਵੇ ਕਦੋਂ, ਕਿੱਥੇ ਅਤੇ ਕਿਹੜੇ ਮੈਦਾਨ ਵਿਚ ਪੜ੍ਹਵਾਉਣਗੇ। ਬਹੁਤ ਸਾਰੇ ਸਾਧ ਇਹ ਬੇਦਾਵੇ ਨਾਲ ਹੀ ਲੈ ਕੇ ਮਰ ਚੁੱਕੇ ਹਨ ਅਤੇ ਕੁਝ ਬੇਦਾਵਿਆਂ ਸਮੇਤ ਮਰਨ ਦੀਆਂ ਤਿਆਰੀਆਂ ਵਿਚ ਹਨ। ਬਹੁਤ ਐਸੇ ਸਿੱਖ ਹਨ ਜੋ ਇਹਨਾਂ ਸਾਧਾਂ ਦੇ ਪਿੱਛੇ ਚੱਲ ਕੇ ਗੁਰਬਾਣੀ ਗੁਰੂ (ਗੁਰਮਤਿ ਸਿੱਧਾਂਤ) ਨੂੰ ਬੇਦਾਵੇ ਦੇਈ ਬੈਠੇ ਹਨ ਪਰ ਬਦਕਿਸਮਤੀ ਇਹ ਕਿ ਉਹ ਫਿਰ ਵੀ ਆਪਣੇ ਆਪ ਨੂੰ ਗੁਰੂ ਦੇ ਸਿੱਖ ਦੱਸ ਰਹੇ ਹਨ।

ਅੱਗੇ ਸੁਰਤਿ ਸਬਦਿ ਪੁਸਤਕ ਦੇ ਪੰਨਾ 180 'ਤੇ ਇਹ ਵੀ ਲਿਖਿਆ ਹੈ ਕਿ ਬਾਬਾ ਈਸ਼ਰ ਸਿੰਘ ਨੇ ਘੋਰ ਤਪੱਸਿਆ ਕੀਤੀ। ਕਰੀਬ 9 ਸਾਲ ਵਿਚ ਇਕ ਦਿਨ ਵੀ ਲੰਮੇ ਪੈ ਕੇ ਸੌਂ ਕੇ ਨਹੀਂ ਦੇਖਿਆ ਅਤੇ ਨਾ ਹੀ ਆਪਣੇ ਘਰ (ਪਿੰਡ) ਗਏ।

ਪਰ ਵਿਚਾਰ ਇਹ ਹੈ ਕਿ ਗੁਰਮਤਿ ਅੰਦਰ, ਸਿੱਖਇਜ਼ਮ ਅੰਦਰ, ਜੋਗ ਮੱਤ, ਬ੍ਰਾਹਮਣੀ ਮੱਤਾਂ ਵਾਲੇ ਤਪਾਂ ਵਾਸਤੇ ਕੋਈ ਥਾਂ ਨਹੀਂ ਹੈ ਕੇਵਲ ਗੁਰੂ ਦਾ ਹੁਕਮ ਬਚਨ ਭਾਣਾ (ਰਜ਼ਾ) ਮੰਨਣ ਵਾਲੇ ਗੁਰਸਿੱਖ ਲੋਕ ਸੁਖੀਏ ਪ੍ਰਲੋਕ ਸੁਹੇਲਾ ਕਰ ਜਾਂਦੇ ਹਨ।

ਗੁਰਵਾਕ ਹੈ:

"ਜਾਪ ਤਾਪ ਕੋਟ ਲਖ ਪੂਜਾ ਹਰਿ ਸਿਮਰਣ ਤੁਲ ਨ ਲਾਇਣ॥"
(ਪੰਨਾ 979)

"ਮਨ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥"
(ਪੰਨਾ 286)

"ਗੁਰਮੁਖ ਆਪਣਾ ਮਨ ਮਾਰਿਆ ਸਬਦਿ ਕਸਵਟੀ ਲਾਇ॥"
(ਪੰਨਾ 87)

"ਹੁਕਮ ਬੂਝਿ ਪਰਮਪਦ ਪਾਈ॥" (ਪੰਨਾ 292)

ਇਸ ਪਰਮ ਸੰਤ ਦੀ ਸੁਰਤਿ ਸਬਦਿ ਮਾਰਗ ਪੁਸਤਕ ਵਿਚ ਸਫ਼ਾ 180 'ਤੇ ਇਕ ਕਹਾਣੀ ਲਿਖੀ ਹੈ ਜਿਸ ਵਿਚ ਇਹ ਸਪੱਸ਼ਟ ਕੀਤਾ ਹੈ ਕਿ ਰੱਬ ਕੁਝ ਵੀ ਨਹੀਂ ਹੈ ਨਾ ਕੁਝ ਕਰ ਸਕਦਾ ਹੈ। ਸਭ ਕੁਝ ਸੰਤ ਹੀ ਹਨ ਜੋ ਮਰਜ਼ੀ ਨਾਲ ਜਿਸਨੂੰ ਮਰਜ਼ੀ ਮਾਰ ਦਿੰਦੇ ਹਨ ਜਿਸਨੂੰ ਮਰਜ਼ੀ ਬਚਾ ਲੈਂਦੇ ਹਨ। ਇਹ ਉਸ ਪੁਰਾਣੇ ਧੋਤੀ ਵਾਲੇ ਬ੍ਰਾਹਮਣ ਦੀ ਨਕਲ ਕਰ ਰਹੇ ਹਨ ਉਹ ਬ੍ਰਾਹਮਣ ਵੀ ਜਿਸਨੂੰ ਮਰਜ਼ੀ ਨਰਕ ਵਿਚ ਭੇਜ ਦਿੰਦਾ, ਜਿਸਨੂੰ ਮਰਜ਼ੀ ਸਵਰਗ ਦੀਆਂ ਟਿਕਟਾਂ ਦੇਈ ਜਾਂਦਾ ਸੀ। ਇਹਨਾਂ ਸਾਧਾਂ ਦੇ ਜਿੰਨੇ ਡੇਰੇ ਹਨ ਸਭ ਰੱਬ ਦੀ ਦਰਗਾਹ ਬਣਾ ਛੱਡੇ ਹਨ। ਧਰਮਰਾਜ ਇਹ ਸਾਧ ਆਪ ਬਣੇ ਹੋਏ ਹਨ, ਇਹ ਡੇਰਿਆਂ ਵਿਚ ਬੈਠੇ ਹੀ ਸਾਰੇ ਫੈਸਲੇ ਕਰੀ ਜਾ ਰਹੇ ਹਨ। ਇਹਨਾਂ ਸਾਧਾਂ ਨੇ ਹੋਰ ਵੀ ਬਹੁਤ ਮਨਮੱਤਿ ਲਿਖੀ ਹੈ। ਇਹਸ ਹੱਥਲੀ ਪੁਸਤਕ ਦੇ ਦੂਸਰੇ ਭਾਗ ਅੰਦਰ ਬਿਆਨ ਕਰਾਂਗਾ।

ਹੁਣ ਇਸ ਵਕਤ ਵੀ ਰਾੜੇ ਸਾਹਿਬ ਵਿਚ ਇਸ ਸਾਧ ਦੇ ਚੇਲੇ ਇਕ ਕਮਰਾ ਬਣਾ ਕੇ ਉਸ ਵਿਚ ਇਸ ਸਾਧ ਦੀਆਂ ਜੁੱਤੀਆ (ਅਣਗਿਣਤ ਜੋੜੇ) ਲੈਟਰੀਨਾਂ, ਖੂੰਡੀ, ਸੋਟੀ ਆਦਿ ਵਸਤੂਆਂ ਦੇ ਦਰਸ਼ਨ ਕਰਵਾ ਰਹੇ ਹਨ ਅਤੇ ਜੋੜਿਆਂ ਦੀ ਪੂਜਾ ਕਰਵਾ ਰਹੇ ਹਨ।



ਗੁਰਮਤਿ ਤੇ ਯੋਗਾ ਦਾ ਸੁਮੇਲ
ਡਾਕਟਰ ਸਵਾਮੀ ਰਾਮ ਜੀ ਤੇ ਸੰਤ ਭਰਿਆਮ ਸਿੰਘ ਜੀ

ਰਾੜਾ ਸਾਹਿਬ ਸੰਪ੍ਰਦਾਇ ਵਿਚੋਂ ਖੁੰਬਾਂ ਵਾਗੂੰ ਜਲਦੀ ਜਲਦੀ ਪੈਦਾ ਹੋਏ ਪਰਮ ਸੰਤ :-ਇਹਨਾਂ ਦੇ ਖਾਸ ਸ਼ਰਧਾਲੂਆਂ ਤੋਂ ਪਤਾ ਲੱਗਾ ਹੈ ਕਿ ਇਹਨਾਂ ਦੇ ਵੱਡੇ ਸੰਤ ਅਤਰ ਸਿੰਘ ਰੇਰੂ ਵਾਲੇ ਬਾਰੇ ਲਿਖਤ ਸਾਮੱਗਰੀ ਲੱਭੀ ਜਾਵੇ। ਇਸ ਪੁਸਤਕ ਦੀ ਦੂਸਰੀ ਜਿਲਦ ਵਿਚ ਆ ਜਾਵੇਗਾ। ਕਹਿੰਦੇ ਹਨ ਕਿ ਪੱਕੇ ਰਾਗਾਂ ਦੇ ਕੀਰਤਨ ਦੇ ਉਲਟ ਸਿੱਧੀਆਂ ਕੱਚੀਆਂ ਧਾਰਨਾ ਨਾਲ ਕੀਰਤਨ ਇਹਨਾਂ ਨੇ ਆਪਣੀ ਮਰਜ਼ੀ ਨਾਲ ਸ਼ੁਰੂ ਕੀਤਾ। ਹੁਣ ਤਾਂ ਕੱਚੀਆਂ ਧਾਰਨਾ ਲਾ ਕੇ, ਬ੍ਰਾਹਮਣੀ ਮੱਤਾਂ ਨਾਲ ਭਰੀਆਂ ਕਹਾਣੀਆ ਸੁਣਾ ਸੁਣਾ ਕੇ ਆਡੀਓ ਵੀਡੀਓ ਕੈਸਟਾਂ ਭਰਨ ਦੀ ਦੌੜ ਲੱਗੀ ਹੋਈ ਹੈ। ਹੁਣ ਤਾਂ ਇਹਨਾਂ ਪਰਮ ਸੰਤਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਗਈ ਹੈ ਫਿਰ ਵੀ ਇਹਨਾਂ ਦੀਆਂ ਲਿਖਤਾਂ ਅਤੇ ਕੈਸਟਾਂ ਵਿਚ ਭਰੇ ਹੋਏ ਕੂਫਰ ਨੂੰ ਸੱਚ ਦੀ ਕਚਿਹਰੀ ਵਿਚ ਪੇਸ਼ ਕਰ ਰਿਹਾ ਹਾਂ।

ਸੰਤ ਵਰਿਆਮ ਸਿੰਘ ਰਤਵਾੜੇ ਵਾਲੇ

ਇਹ ਵੀ ਰਾੜੇ ਵਾਲਿਆਂ ਦੀ ਸੰਪ੍ਰਦਾ ਵਿਚੋਂ ਹਨ। ਚੰਡੀਗੜ੍ਹ ਦੇ ਨੇੜੇ ਇਹਨਾਂ ਦਾ ਬਹੁਤ ਵੱਡਾ ਡੇਰਾ ਹੈ। ਦੇਹਧਾਰੀਆਂ ਅਤੇ ਡੰਮੀ ਗੁਰੂਆਂ ਨਾਲ ਇਹਨਾਂ ਦੇ ਪੱਕੇ ਯਾਰਾਨੇ ਸਨ। ਇਹਨਾਂ ਦੇ ਡੇਰੇ ਸਾਲਾਨੇ ਸਮਾਗਮ ਵੱਡੇ ਪੱਧਰ 'ਤੇ ਕੀਤੇ ਜਾਂਦੇ ਹਨ। ਬਹੁਤ ਵੱਡੀ ਸਟੇਜ਼ 'ਤੇ "ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ" ਦਾ ਪ੍ਰਕਾਸ਼ ਕਰਕੇ, ਸਟੇਜ਼ 'ਤੇ ਦੇਹਧਾਰੀਆਂ ਨੂੰ ਬੁਲਾਉਂਦੇ ਹਨ। ਮੋਨੇ ਘੋਨੇ ਸੁਆਮੀਆਂ ਦੇ ਲੈਕਚਰ ਕਰਾਉਂਦੇ ਹਨ। ਮੈਂ ਖੁਦ ਪਹਿਲੀ ਅਤੇ ਆਖਰੀ ਵਾਰ ਇਹਨਾਂ ਦੇ ਸਮਾਗਮ 'ਤੇ ਗਿਆ ਤਾਂ ਉਥੇ ਦੇਹਧਾਰੀ ਗੁਰੂ ਦਾ ਪ੍ਰਚਾਰਕ ਕਹਿ ਰਿਹਾ ਸੀ ਕਿ ਦੇਹਧਾਰੀ ਗੁਰੂ ਧਾਰਨ ਕੀਤੇ ਤੋਂ ਬਿਨਾਂ ਕਿਸੇ ਦੀ ਵੀ ਗਤੀ ਨਾ ਹੋਈ ਅਤੇ ਨਾ ਹੋਣੀ ਹੈ, ਪਰ ਇਹਨਾਂ ਪਰਮ ਸੰਤਾਂ ਵਿਚੋਂ ਕਿਸੇ ਦਾ ਹੌਂਸਲਾ ਨਾ ਪਿਆ, ਕਿ ਉਸਨੂੰ ਰੋਕੇ ਜਾਂ ਟੋਕੇ। ਰੋਕਦਾ ਕੌਣ ? ਇਹਨਾਂ ਦੇ ਤਾਂ ਆਪ ਸਾਰੇ ਕੰਮ ਦੇਹਧਾਰੀ ਗੁਰੂਆਂ ਵਾਲੇ ਹੀ ਹਨ। ਕੇਵਲ ਲੇਬਲ ਅਜੇ ਨਹੀਂ ਲਾਇਆ। ਇਹਨਾਂ ਦਾ ਇਕ ਮੈਗਜ਼ੀਨ 'ਆਤਮ ਮਾਰਗ' ਹਰ ਮਹੀਨੇ ਨਿਕਲਦਾ ਹੈ। ਉਹ ਅਸਲ ਵਿਚ ਤਾਂ 'ਦੇਹ ਮਾਰਗ' ਹੈ। ਉਸ ਵਿਚ 90% ਵੇਦਾਂ ਸ਼ਾਸਤਰਾਂ, ਰਾਮ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਹੁੰਦੀਆਂ ਹਨ ਅਤੇ ਅਸੰਤਾਂ ਨੂੰ ਸੰਤ ਸਿੱਧ ਕਰਨ ਅਤੇ ਗੁਰੂਆਂ ਨਾਲੋਂ ਵੀ ਵੱਡੇ ਸਾਬਤ ਕਰਨ 'ਤੇ ਕਾਫੀ ਜ਼ੋਰ ਦਿੱਤਾ ਹੁੰਦਾ ਹੈ। ਮਹਾਨ ਸਤਿਗੁਰਾਂ ਦੀ ਗੁਰਬਾਣੀ ਨੂੰ ਇਹ ਸਾਧ ਵੇਦਾਂ ਦਾ ਸਾਰ ਦੱਸਦਾ ਹੋਇਆ ਬ੍ਰਾਹਮਣੀ ਮੱਤ ਦਾ ਪ੍ਰਚਾਰ ਕਰਦਾ ਰਿਹਾ। ਕਾਂਗਰਸ ਅਤੇ ਹੋਰ ਰਾਜਨੀਤਕ ਬੰਦਿਆਂ ਨਾਲ ਵੀ ਇਹਨਾਂ ਦੀ ਨੇੜੇ ਦੀ ਸਾਂਝ ਸੀ। ਉਂਜ ਵੀ ਬਹੁਤ ਸਾਧ ਐਸੇ ਹਨ ਜਿਨ੍ਹਾਂ ਦੀਆਂ ਫੋਕੇ ਰਾਜਨੀਤਕਾਂ ਨਾਲ ਗੂੜ੍ਹੀਆਂ ਸਾਂਝਾਂ ਹਨ।

ਇਹ ਸਾਧ ਅਤੇ ਰਾਜਨੀਤਕ ਕਦਮ ਦੇ ਨਾਲ ਕਦਮ ਮਿਲਾ ਕੇ ਚਲਦੇ ਹਨ ਕਿਉਂਕਿ ਸਾਧ ਨੂੰ ਨੋਟ ਚਾਹੀਦੇ ਹਨ ਅਤੇ ਰਾਜਨੀਤਕ ਨੂੰ ਵੋਟ ਚਾਹੀਦੇ ਹਨ। ਇਹਨਾਂ ਦਾ ਤਾਲਮੇਲ ਕਾਫੀ ਹੱਦ ਤਕ ਫਿੱਟ ਬੈਠ ਜਾਂਦਾ ਹੈ।

ਸੰਤ ਵਰਿਆਮ ਸਿੰਘ ਦੇ ਲੜਕੇ ਵੀ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਦੱਸੇ ਜਾਂਦੇ ਹਨ ਤੇ ਵਿਲੱਖਣ ਗੱਲ ਇਹ ਹੈ ਕਿ ਉਹ ਲੜਕੇ ਪਤਿਤ ਹਨ। ਇਹ ਸੰਤ ਆਪਣੇ ਲੈਕਚਰਾਂ ਵਿਚ ਇਹ ਵੀ ਕਿਹਾ ਕਰਦੇ ਸਨ ਕਿ "ਨਿਗੁਰੈ ਦਾ ਹੈ ਨਾਉ ਬੁਰਾ।" ਕੁਝ ਹੀ ਸਮਾਂ ਪਹਿਲਾਂ ਇਹਨਾਂ ਦੇ ਚੜ੍ਹਾਈ ਕਰਦਿਆਂ ਸਾਰ ਹੀ ਪੱਗ ਅਤੇ ਡੇਰੇ ਦੀ ਜਾਇਦਾਦ ਤੋਂ ਪਏ ਝਗੜੇ ਦੀ ਖਿੱਲੀ ਉੱਡਦੀ ਅਖ਼ਬਾਰਾਂ ਵਿਚ ਸਾਰਿਆਂ ਨੇ ਦੇਖੀ ਹੈ। ਸੰਤ ਲਖਬੀਰ ਸਿੰਘ ਨੂੰ ਉਥੋਂ ਕੱਢ ਕੇ ਸੰਤ ਵਰਿਆਮ ਸਿੰਘ ਦਾ ਪਰਿਵਾਰ ਹੁਣ ਉਥੇ ਕਾਬਜ਼ ਹੈ।

ਸੰਤ ਲਖਬੀਰ ਸਿੰਘ

ਰਤਵਾੜੇ ਵਾਲੇ ਵੱਡੇ ਡੇਰੇ ਵਿਚੋਂ ਕੱਢੇ ਜਾਣ ਤੋਂ ਬਾਅਦ ਇਹਨਾਂ ਸੰਤਾਂ ਨੇ ਡੇਰਾ ਚੰਡੀਗੜ੍ਹ ਵਿਖੇ ਹੀ ਵੱਖਰਾ ਬਣਾ ਲਿਆ। ਕਾਫ਼ੀ ਸਮਾਂ ਪਹਿਲਾਂ ਮੈਂ ਪਿੰਡ ਸੰਗਵਾਂ ਦੇ ਅੱਡੇ 'ਤੇ ਖੜ੍ਹਾ ਸੀ ਤਾਂ ਇਕ ਸਿੰਘ ਮਿਲਿਆ ਕਹਿੰਦਾ ਰਾਤ ਨੂੰ ਪੱਟੀ ਨੂੰ ਜਾਣਾ ? ਮੈਂ ਕਿਹਾ ਕਾਹਦੇ ਵਾਸਤੇ ? ਕਹਿੰਦਾ ਉਥੇ ਭਾਈ ਲਖਬੀਰ ਸਿੰਘ ਰਤਵਾੜੇ ਵਾਲੇ ਆਏ ਹਨ ਰੋਜ਼ ਰਾਤ ਨੂੰ ਦੀਵਾਨ ਲੱਗਦਾ ਹੈ। ਪ੍ਰੋਗਰਾਮ ਬਣਾ ਕੇ ਰਾਤ ਉਥੇ ਕੀਰਤਨ ਸੁਣਨ ਗਏ। ਚੰਗੇ ਸਿਹਤਮੰਦ ਭਾਈ ਲਖਬੀਰ ਸਿੰਘ ਦੁੱਧ ਚਿੱਟੇ ਬਾਣੇ ਵਿਚ, ਨਾਲ ਦੇ ਸਿੰਘ ਵੀ ਚਿੱਟੇ ਬਾਣੇ ਵਿਚ ਦੇਖਣ ਨੂੰ ਲੱਗਦਾ ਸੀ ਕਿ ਜਿਵੇਂ ਫਰਿਸ਼ਤੇ ਹਨ। ਕੱਚੀਆਂ ਸਿੱਧੀਆਂ ਧਾਰਨਾਂ ਦਾ ਕੀਰਤਨ ਸੁਣਿਆ, ਕੀਰਤਨ ਕਰਨ ਵਾਲਿਆਂ ਚੰਗੀ ਢੋਲਕੀ ਤੇ ਚਿਮਟੇ ਖੜਕਾਏ। ਸਮਾਪਤੀ ਕਰਨ ਲੱਗਿਆਂ ਭਾਈ ਲਖਬੀਰ ਸਿੰਘ ਨੇ ਕਿਹਾ "ਮੈਂ ਕੋਈ ਸੰਤ ਨਹੀਂ ਹਾਂ ਵੱਡੇ ਸੰਤ ਵ਼ਰਿਆਮ ਸਿੰਘ ਤਾਂ ਰਤਵਾੜੇ ਬੈਠੇ ਸੰਗਤਾਂ ਨੂੰ ਤਾਰ ਰਹੇ ਹਨ। ਮੇਰੇ ਗੋਡੀ ਪੈਰੀਂ ਹੱਥ ਕਿਸੇ ਨੇ ਨਹੀਂ ਲਾਉਣਾ ਜੋ ਪੰਜਾਂ ਪਿਆਰਿਆਂ ਦਾ ਹੁਕਮ ਤੁਹਾਨੂੰ ਹੈ ਉਹ ਹੀ ਮੈਨੂੰ ਹੈ ਮੈਂ ਨਿਸ਼ਕਾਮ ਹਾਂ। ਮੈਂ ਕੋਈ ਪੈਸਾ ਚੜ੍ਹਾਵਾ ਆਦਿ ਨਹੀਂ ਲੈਂਦਾ। ਪਰ ਜਦੋਂ ਦੂਜੀ ਵਾਰ ਸਾਡੇ ਇਲਾਕੇ ਵਿਚ ਆਏ ਗੱਲਾਂ ਕੁਝ ਬਦਲ ਗਈਆਂ। ਜਦੋਂ ਤੀਜੀ ਵਾਰ ਆਏ ਤਾਂ ਹੋਰ ਬਦਲ ਗਈਆਂ। ਸਾਡੇ ਪਿੰਡ ਸਭਰਾ 5 ਦਿਨ ਦਾ ਦੀਵਾਨ ਰੱਖ ਲਿਆ। ਅਸੀਂ ਲੱਖਾਂ ਰੁਪਏ ਖਰਚ ਕੇ ਸਮਾਗਮ ਕਰਵਾਇਆ, ਸਮਾਪਤੀ 'ਤੇ ਸੁਣਿਆ ਕਿ ਅੱਗੇ ਨਾਲੋਂ ਹੋਰ ਵੀ ਬਦਲ ਗਿਆ ਹੈ। ਗਿਆਰਾਂ ਹਜ਼ਾਰ ਨਕਦ ਅਤੇ ਹੋਰ ਕਿਰਪਾਨ ਸਰੋਪੇ ਵੱਖਰੇ ਲੈ ਕੇ ਚਲੇ ਗਿਆ। ਕਾਫ਼ੀ ਚਿਰ ਬਾਅਦ ਫਿਰ ਪੰਜ ਦਿਨ ਦਾ ਦੀਵਾਨ ਸਾਡੇ ਪਿੰਡ ਸਭਰਾ ਹੋਇਆ। ਇਸ ਵਾਰੀ

ਕੇਵਲ 2100 ਰੁਪਏ ਨਕਦ, ਕਿਰਪਾਨ ਸਰੋਪੇ ਦਿੱਤੇ ਗਏ। ਫਿਰ ਜਦੋਂ ਸਭਰਾ ਦੇ ਬੰਦੇ ਰਤਵਾੜੇ ਸਾਹਿਬ ਦੀਵਾਨ ਲੈਣ ਗਏ ਤਾਂ ਸੰਤ ਸਿੱਧੇ ਮੂੰਹ ਗੱਲ ਨਾ ਕਰੇ ਕਿਉਂਕਿ ਪਹਿਲੇ ਦੀਵਾਨ ਵਿਚ ਗਿਆਰਾਂ ਹਜ਼ਾਰ ਅਤੇ ਦੂਜੇ ਵਿਚ ਕੇਵਲ 2100 ਰੁਪਏ ਹੀ ਮਿਲੇ ਸਨ। ਕਾਫ਼ੀ ਚਿਰ ਫਿਰ ਸਮਾਂ ਹੀ ਨਹੀਂ ਦਿੱਤਾ। ਸਾਲਾਂ ਬਾਅਦ ਦੋ ਦਿਨ ਦਾ ਦੀਵਾਨ ਮਿਲਿਆ। ਇਹਨਾਂ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਜਿਥੇ ਇਹਨਾਂ ਦਾ ਦੀਵਾਨ ਹੋਵੇ ਉਥੇ ਹੋਰ ਕੋਈ ਕਥਾਵਾਚਕ, ਪ੍ਰਚਾਰਕ ਨਹੀਂ ਬੋਲ ਸਕਦਾ। ਕੋਈ ਬੋਲੇ ਤਾਂ ਕੇਵਲ ਇਹਨਾਂ ਸੰਤਾਂ ਦੀ ਸਿਫ਼ਤ ਹੀ ਕਰ ਸਕਦਾ ਹੈ, ਹੋਰ ਗੁਰਬਾਣੀ ਗੁਰੂ ਪ੍ਰਮਾਤਮਾ ਦੀ ਗੱਲ ਉਹ ਨਹੀਂ ਕਰ ਸਕਦਾ। ਭਾਈ ਲਖਬੀਰ ਸਿੰਘ ਦੇ ਟਾਈਮ ਤੋਂ ਪਹਿਲਾਂ ਸਾਡਾ ਪ੍ਰਚਾਰਕ ਕਥਾ ਕਰ ਰਿਹਾ ਸੀ। ਉਸਨੇ ਗੁਰਬਾਣੀ ਬੋਲੀ :

ਗਲੀ ਜਿਨਾ ਜਪ ਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸ ਕੇ ਠਗ॥

(ਰਾਗ ਆਸਾ ਕਬੀਰ ਜੀ)

ਇਹ ਗੁਰਬਾਣੀ ਸੁਣ ਕੇ ਜਦ ਭਾਈ ਲਖਬੀਰ ਸਿੰਘ ਬਹੁਤ ਗੁੱਸੇ ਵਿਚ ਆ ਗਿਆ ਅਤੇ ਵਾਜਾ ਫੜਦਿਆਂ ਸਾਰ ਹੀ ਕਿਹਾ "ਜਿਨ ਮਨ ਹੋਰ ਮੁਖ ਹੋਰ ਸਿ ਕਾਂਡੇ ਕਚਿਆ॥" ਇਸੇ ਗੱਲ 'ਤੇ ਸਾਰਾ ਟਾਈਮ ਲਾ ਦਿੱਤਾ। ਜੇ ਸਾਡਾ ਪ੍ਰਚਾਰਕ ਇਹ ਕਹਿ ਦਿੰਦਾ ਕਿ ਭਾਈ ਲਖਬੀਰ ਸਿੰਘ ਪੂਰਨ ਬ੍ਰਹਮ ਗਿਆਨੀ ਹੈ ਤਾਂ ਸਾਡੇ ਸਾਰਿਆਂ ਦੇ ਮਨ ਹੋਰ ਮੁਖੁ ਹੋਰ ਨਹੀਂ ਸੀ ਹੋਣੇ। ਇਹਨਾਂ ਦਾ ਇਹ ਗੁੱਸਾ ਕਰਨਾ ਤੇ ਔਖੇ ਹੋਣਾ ਹੀ ਇਸ ਗੱਲ ਦਾ ਸਬੂਤ ਹੈ ਕਿ ਇਹ ਬੰਦੇ ਸੱਚ ਤੋਂ ਕੋਹਾਂ ਦੂਰ ਹਨ "ਧੰਨ ਗੁਰੂ ਨਾਨਕ ਦੇਵ ਜੀ" ਅਤੇ ਹੋਰ ਗੁਰੂਆਂ, ਭਗਤਾਂ ਨੇ ਸੰਪੂਰਨ ਨਿਮਰਤਾ ਭਾਵ ਵਾਲੇ 'ਨੀਚ', 'ਗਰੀਬ', 'ਨਿਮਾਣਾ' ਲਫ਼ਜ਼ ਵਰਤੇ ਹਨ।

ਹੁਣ ਇਹ ਗੋਡੀ ਪੈਰੀਂ ਹੱਥ ਵੀ ਲਵਾ ਰਹੇ ਹਨ। ਪੱਗ ਅਤੇ ਡੇਰੇ ਦੀ ਜਾਇਦਾਦ ਦਾ ਝਗੜਾ ਇਹਨਾਂ ਦੇ ਗਲ ਪੈ ਗਿਆ। ਮਜ਼ਬੂਰੀ ਵੱਸ ਇਹਨਾਂ ਨੂੰ ਡੇਰਾ ਵੱਖਰਾ ਬਣਾਉਣਾ ਪਿਆ ਹੈ। ਇਹ ਅਤੇ ਇਹਨਾਂ ਦੇ ਵੱਡੇ ਕੋਈ ਵੀ 'ਸਿੱਖ ਰਹਿਤ ਮਰਿਯਾਦਾ' ਨੂੰ ਮੰਨਣ ਨੂੰ ਤਿਆਰ ਨਹੀਂ ਹਨ। ਇਹ ਅਜੇ ਵੀ ਕੱਚੀਆਂ ਸਿੱਖੀਆਂ ਧਾਰਨ ਲਾ ਕੇ ਦੀਵਾਨ ਲਾ ਰਹੇ ਹਨ। ਇਹਨਾਂ ਦੇ ਇਕ ਸ਼ਰਧਾਲੂ ਦਾ ਕਹਿਣਾ ਹੈ ਕਿ ਸੰਤ ਲਖਬੀਰ ਸਿੰਘ ਤਾਂ "ਗੁਰੂ ਗ੍ਰੰਥ ਸਾਹਿਬ" ਦਾ ਚਲਦਾ ਫਿਰਦਾ ਸਰੂਪ ਹੈ। ਇਹਨਾਂ ਨੇ ਕਈ ਅਨਅਧਿਕਾਰੀਆਂ ਨੂੰ ਅੰਮ੍ਰਿਤ ਛਕਾ ਕੇ, ਗਿਣਤੀ ਆਪਣੇ ਡੇਰਿਆਂ ਵਿਚ ਲੱਗੇ ਹੋਏ ਬੋਰਡਾਂ 'ਤੇ ਲਿਖ ਦਿੱਤੀ। ਇਹ ਸਾਧ, ਲੱਖਾਂ ਨੂੰ ਅੰਮ੍ਰਿਤ ਛਕਾ ਦੇਣ ਦੇ ਦਾਅਵੇ ਕਰ ਰਹੇ ਹਨ। ਸਾਡੇ ਪਿੰਡ ਜਿਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਇਹ ਗਏ ਹਨ ਉਹਨਾਂ ਵਿਚੋਂ ਬਹੁਤਿਆਂ ਦੇ ਤਨ 'ਤੇ ਇਕ ਵੀ ਕਕਾਰ

ਫੋਨ : [redacted] (Fdk)
.... ਡੱਲੇਵਾਲਾ

ਸ੍ਰੀ ਅਕਾਲ ਜੀ ਸਹਾਇ ।

ਕਾਰ ਸੇਵਾ

ਸੰਤ ਬਾਬਾ ਹਰਨੇਕ ਸਿੰਘ ਜੀ (ਸੰਪ੍ਰਦਾ ਰਾੜਾ ਸਾਹਿਬ)

ਗੁ: ਸ਼ਹੀਦ ਬੁੰਗਾ ਸਿੰਘ ਸਰ ਧਨੌਰੀ ਡਾ: ਧਨੌਰੀ [ਰੋਪੜ] [illegible]

ਡੇਰਾ ਕਿਸ਼ਨਪੁਰੀ ਖਿਲਚੀਆਂ, ਡੱਲੇਵਾਲਾ, ਨਜ਼ਦੀਕ ਘੋਨੀ ਵਾਲਾ (ਫ਼ਰੀਦਕੋਟ)

ਨੰ: [illegible] ਮਿਤੀ..........

[illegible] ਹਵਨ [illegible] ਪਦਾਰਥ ਸਮਾਨ, ਹਵਨ [illegible], [illegible], 2 ਸਾਬਤ [illegible] ਨਾਰੀਅਲ, ½ ਮੀ: [illegible] ਕੱਪੜਾ, ½ ਮੀ: [illegible] ਰੇਸ਼ਮੀ ਕੱਪੜਾ, [illegible], [illegible], [illegible], 5 [illegible], 1½ ਕਿਲੋ [illegible], 100 ਗ੍ਰਾਮ [illegible], 200 ਗ੍ਰਾਮ [illegible], 250 ਗ੍ਰਾਮ [illegible] ਦਾ [illegible], 250 ਗ੍ਰਾਮ ਜੌਂ, 200 ਗ੍ਰਾਮ [illegible], 100 ਗ੍ਰਾਮ [illegible] ਦਾ [illegible], 100 ਗ੍ਰਾਮ [illegible], 100 ਗ੍ਰਾਮ [illegible], 100 ਗ੍ਰਾਮ [illegible], 100 ਗ੍ਰਾਮ [illegible], 100 ਗ੍ਰਾਮ [illegible], 100 ਗ੍ਰਾਮ [illegible], 100 ਗ੍ਰਾਮ [illegible], 200 ਗ੍ਰਾਮ [illegible], 200 ਗ੍ਰਾਮ [illegible], 5 [illegible], 2 [illegible], 2 [illegible], 1 [illegible], 200 ਗ੍ਰਾਮ [illegible], 5 ਕਿਲੋ [illegible], 5 ਕਿਲੋ ਕਾਲੇ ਛੋਲੇ, 2½ ਕਿਲੋ ਦੇਸੀ ਘਿਓ, 5½ ਮੀ: [illegible] ਕੱਪੜਾ, 5 [illegible] ਰੇਸ਼ਮੀ, 11 ਮੀ: ਕੱਪੜਾ [illegible] ਦਾ, 5 ਦੀਵੇ, 5 [illegible], [illegible], ¼ ਕਿਲੋ ਮਖਾਣੇ, ¼ ਕਿਲੋ [illegible], 1 ਕਿਲੋ ਬਦਾਮ, ½ ਕਿਲੋ [illegible], 1 ਕਿਲੋ ਮਿਸ਼ਰੀ, 7 ਫਲ, ਅਤੇ ਫੁੱਲ, ਅੰਬ ਅਤੇ ਬੇਰੀ ਦੀਆਂ ਲੱਕੜਾਂ [illegible] 25 ਕਿਲੋ, ਅੰਬ ਅਤੇ [illegible] ਦੇ ਪੱਤੇ / [illegible] ਅਤੇ [illegible] ਲਈ ਦੇਸੀ ਘਿਓ /

[illegible signature]

ਨਹੀਂ ਹੈ, ਕਈ ਸ਼ਰਾਬਾਂ ਪੀਂਦੇ ਹਨ, ਰਹਿਤ ਦਾ ਪਤਾ ਕੋਈ ਨਹੀਂ। ਬਾਣੀ ਦਾ ਪਤਾ ਕੋਈ ਨਹੀਂ। ਸੋ ਇਹ ਸਾਧ ਅੰਮ੍ਰਿਤ ਦਾ ਮਖੌਲ ਉਡਾ ਰਹੇ ਹਨ, ਬਾਣੀ ਦਾ ਵੀ ਮਖੌਲ ਉਡਾ ਰਹੇ ਹਨ, ਸਿੱਧੀਆਂ ਕੱਚੀਆਂ ਧਾਰਨਾ ਗੁਰਮਤਿ ਅੰਦਰ ਪ੍ਰਵਾਨ ਨਹੀਂ। ਇਹਨਾਂ ਸਾਧਾਂ ਨੇ ਆਪਣੇ ਆਪ ਨੂੰ ਕਦੇ ਵੀ ਗੁਰੂ ਪੰਥ ਦਾ ਅੰਗ ਨਹੀਂ ਸਮਝਿਆ। ਇਹ ਸਾਰੇ ਸਾਧ ਆਪਣੇ 2 ਪੰਥ ਚਲਾ ਕੇ ਆਪਣੀ ਹੀ ਪੂਜਾ ਕਰਵਾਉਣੀ ਚਾਹੁੰਦੇ ਹਨ।

ਸੰਤ ਹਰਨੇਕ ਸਿੰਘ ਰਾੜੇਵਾਲਾ

ਇਹ ਵੀ ਰਾੜੇ ਵਾਲੀ ਸੰਪ੍ਰਦਾ ਦਾ ਮੈਂਬਰ ਹੈ। ਸਿੱਧੀਆਂ ਧਾਰਨਾ ਦਾ ਕੀਰਤਨ ਕਰਦਾ ਹੈ। ਕੀਰਤਨ ਦੌਰਾਨ ਬ੍ਰਾਹਮਣੀ ਮੱਤ ਦਾ ਮੰਡਨ ਕਰਦੀਆਂ ਮਨਘੜਤ ਕਹਾਣੀਆਂ ਸੁਣਾਉਣ ਦਾ ਆਦੀ ਹੈ। ਲੜਾਈ ਝਗੜੇ ਦੇ ਕਾਰਨ ਹੀ ਇਸਨੇ ਵੱਖਰਾ ਡੇਰਾ ਬਣਾਇਆ। ਸਾਡੇ ਨੇੜੇ ਇਕ ਬੰਦੇ ਨੂੰ ਇਸਨੇ ਅਖੰਡ ਪਾਠ ਦੀ ਸਾਮੱਗਰੀ ਲਿਖਕੇ ਦਿੱਤੀ ਜੋ ਇਸਦੇ ਡੇਰੇ ਦੇ ਪੈਡ ਦੇ ਦਸਤਖਤਾਂ ਸਮੇਤ ਇਸ ਪੁਸਤਕ ਵਿਚ ਛਾਪ ਰਹੇ ਹਾਂ।

ਇਹ ਐਸੇ ਸਾਮੱਗਰੀਆਂ ਵਾਲੇ ਪਾਠ ਕਰਕੇ ਸਿੱਖਾਂ ਦੇ ਕਾਰਜ ਰਾਸ ਕਰਾ ਰਹੇ ਹਨ ਕਿ ਸਿੱਖਾਂ ਨੂੰ ਕਰਜਾਈ ਕਰ ਰਹੇ ਹਨ ? ਇਹ ਸੋਨੇ ਦੇ ਕੜੇ ਛਾਪਾਂ ਹੱਥਾਂ ਵਿਚ ਪਾ ਕੇ ਰੱਖਦੇ ਹਨ, ਇਕ ਵਿਦਿਆਲੇ ਦਾ ਨੀਂਹ ਪੱਥਰ ਰੱਖਣੇ ਸਮੇਂ ਇਹਨਾਂ ਦਾ ਸੋਨੇ ਦਾ ਕੜਾ ਇਕ ਸਿਆਣੇ ਆਦਮੀ ਨੇ ਲੁਹਾਇਆ ਸੀ। ਅਸੀਂ ਅੱਖੀਂ ਦੇਖਿਆ ਕਿ ਜਦੋਂ ਕਿਸੇ ਨਾਲ ਮੋਬਾਇਲ ਫੋਨ 'ਤੇ ਗੱਲਾਂ ਕਰਦਾ ਤਾਂ ਪਹਿਲਾਂ ਫਤਹਿ ਬੁਲਾਉਣ ਦੀ ਬਜਾਏ ਨਮਸਕਾਰ ਕਹਿੰਦਾ ਫਿਰ ਗੱਲ ਸ਼ੁਰੂ ਕਰਦਾ। ਇਹ ਸਿੱਖ ਮੱਤ ਦੀ ਬਜਾਏ ਹਿੰਦੂ ਮੱਤ ਦਾ ਪ੍ਰਚਾਰ ਕਰਦੇ ਅੱਜ ਵੀ ਦੇਖਿਆ ਜਾ ਸਕਦਾ ਹੈ। ਗੁਰਮਤਿ, ਗੁਰੂ ਗ੍ਰੰਥ ਪੰਥ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ। ਇਹ ਆਪਣੇ ਹੀ ਪੰਥ ਚਲਾ ਰਹੇ ਹਨ।

ਪਰਮ ਸੰਤ 1008 ਪੂਰਨ ਬ੍ਰਹਮ ਗਿਆਨੀ ਸ੍ਰੀ ਮਾਨ ਸੰਤ ਮਾਨ ਸਿੰਘ ਪਿਹੋਵਾ ਵਾਲੇ

ਇਹ ਵੀ ਰਾੜੇ ਵਾਲਿਆਂ ਦੇ ਵਿਚੋਂ ਹਨ, ਇਹ ਤਾਂ ਆਪਣੇ ਆਪ ਨੂੰ ਰੱਬ ਤੋਂ ਰਤਾ ਵੀ ਘੱਟ ਨਹੀਂ ਸਮਝਦੇ। ਅੰਦਰਲੇ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਜਾਂਦੇ ਆਉਂਦੇ ਹਨ ਆਪਣੇ ਜੀਊਂਦੇ ਜੀ ਇਹ ਸਾਰੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਵੇਖਣ ਦੀ ਚਾਹਤ ਰੱਖਦੇ ਹਨ ਪਰ ਪੰਜਾਬੀ ਦੀ ਕਹਾਵਤ ਮੁਤਾਬਿਕ ਦੇਖੋ ਊਠ ਕਿਸ ਕਰਵਟ ਬੈਠਦਾ ਹੈ। ਇਹ ਸਿੱਧੀਆਂ ਧਾਰਨਾ ਦਾ ਕੀਰਤਨ ਕਰਦੇ ਹਨ। ਜ਼ਿਆਦਾਤਰ ਇਹਨਾਂ ਨੇ ਬ੍ਰਾਹਮਣੀ ਮੱਤਾਂ ਨੂੰ ਹੀ ਸਿੱਖੀ ਸਮਝਿਆ ਹੋਇਆ ਹੈ

ਕਈ ਕੈਸਟਾਂ ਵੀ ਇਹਨਾਂ ਭਰੀਆਂ ਹਨ। ਮਨਮੱਤਾਂ ਨਾਲ ਭਰੀ ਕੈਸਟ ਦੀ ਕਹਾਣੀ ਇਸ ਤਰ੍ਹਾਂ ਸੁਣਾ ਰਹੇ ਹਨ—ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਮਾਤਾ ਚੜ੍ਹਾਈ ਕਰ ਗਈ। ਜਦ ਉੱਪਰ ਧਰਮਰਾਜ ਕੋਲ ਗਈ ਤਾਂ ਧਰਮਰਾਜ ਨੇ ਦੇਖਿਆ ਮਾਤਾ ਨੇ ਤਾਂ ਅੰਮ੍ਰਿਤ ਨਹੀਂ ਛਕਿਆ। ਧਰਮਰਾਜ ਕਹਿੰਦੇ ਮਾਤਾ ਜੀ ਤੁਸੀਂ ਸੰਤਾਂ ਦੀ ਮਾਂ ਹੋ ਇਸ ਕਰਕੇ ਨਰਕਾਂ ਨੂੰ ਨਹੀਂ ਭੇਜ ਸਕਦਾ, ਪਰ ਸਵਰਗਾਂ ਵਿਚ ਵੀ ਕਿਵੇਂ ਭੇਜਾਂ ਕਿਉਂਕਿ ਤੂੰ ਅੰਮ੍ਰਿਤ ਨਹੀਂ ਛਕਿਆ। ਫੈਸਲਾ ਕਰਨਾ ਧਰਮਰਾਜ ਨੂੰ ਵੱਸੋਂ ਬਾਹਰ ਜਾਪਿਆ ਪਰ ਇਕ ਦਮ ਧਰਮਰਾਜ ਬੋਲਿਆ ਕਿ ਮਾਤਾ ਜੀ ਧਰਤੀ 'ਤੇ ਵਾਪਸ ਜਾਉ। ਅੰਮ੍ਰਿਤ ਛਕ ਕੇ ਆਉ। ਮਾਤਾ ਜੀ ਵਾਪਸ ਧਰਤੀ 'ਤੇ ਉਤਰ ਆਏ। ਉੱਪਰ ਜੋ ਬੀਤੀ ਉਹ ਸੁਣਾਈ ਕਿ ਅੰਮ੍ਰਿਤ ਵਾਸਤੇ ਆਈ ਹਾਂ ਤਾਂ ਕਹਿੰਦਾ ਪੰਜਾਂ ਪਿਆਰਿਆਂ ਅੰਮ੍ਰਿਤ ਤਿਆਰ ਕੀਤਾ ਸੰਗਤ ਬਹੁਤ ਜ਼ਿਆਦਾ ਹੋਣ ਕਾਰਨ ਅੰਮ੍ਰਿਤ ਥੁੜ੍ਹ ਗਿਆ। ਸੰਤ ਕਹਿੰਦਾ ਫਿਰ ਖੂਹੀ ਵਿਚ ਹੀ ਪਤਾਸੇ ਸੁੱਟ ਕੇ ਖੂਹ ਵਿਚੋਂ ਹੀ ਛਕਾਈ ਗਏ। ਮਾਤਾ ਵੀ ਅੰਮ੍ਰਿਤਧਾਰੀ ਹੋ ਕੇ ਵਾਪਸ ਉੱਪਰ ਚਲੀ ਗਈ। ਇਸ ਕਹਾਣੀ ਵਿਚ ਸੰਤ ਨੇ ਗੁਰਮਤਿ ਦਾ ਰਤਾ ਵੀ ਖਿਆਲ ਨਹੀਂ ਰੱਖਿਆ। ਅੰਮ੍ਰਿਤ ਨੂੰ ਮਖੌਲ ਬਣਾਇਆ ਹੈ। ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਧ ਹੀ ਸਭ ਕੁਝ ਹਨ, ਰੱਬ ਕੁਝ ਵੀ ਨਹੀਂ। ਜਿਸ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦਾ ਲੱਖਾਂ ਨੂੰ ਅੰਮ੍ਰਿਤ ਛਕਾਉਣ ਦਾ ਦਾਅਵਾ ਹੈ ਪਰ ਉਹਨਾਂ ਦੀ ਆਪਣੀ ਮਾਤਾ ਹੀ ਨਿਗੁਰੀ ਹੈ। ਨਿਗੁਰੀ ਮਾਤਾ ਭੋਲੀ ਦਾ ਵੀ ਮਸਤੂਆਣੇ ਬਹੁਤ ਵੱਡਾ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਕੇਵਲ ਗੁਰੂਆਂ ਦੇ ਹੀ ਚਾਹੀਦੇ ਸੀ ਪਰ ਸਾਧਾਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੇ ਬੇਲੋੜੇ ਗੁਰਦੁਆਰਿਆਂ ਉੱਪਰ ਸਿੱਖ ਕੌਮ ਦਾ ਕੀਮਤੀ ਸਰਮਾਇਆ ਬਰਬਾਦ ਹੋਇਆ ਅਤੇ ਹੋ ਰਿਹਾ ਹੈ। ਜਿਸ ਪੈਸੇ ਨਾਲ ਸੈਂਕੜੇ ਪੰਥਕ ਕਾਰਜ ਕੀਤੇ ਜਾ ਸਕਦੇ ਹਨ। ਪਰ ਉੱਜੜੇ ਬਾਗਾਂ ਦੇ ਗਾਲੜ ਪਟਵਾਰੀ ਵਾਲੀ ਕਹਾਵਤ ਇਹ ਸਾਧ ਸੱਚ ਕਰ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਸੰਤ ਮਾਨ ਇਸ ਦੇਸ਼ ਵਿਚ ਅੰਮ੍ਰਿਤ ਤਿਆਰ ਕਰਕੇ ਬੋਤਲਾਂ ਆਦਿ ਵਿਚ ਪਾ ਕੇ ਬਾਹਰਲੇ ਦੇਸ਼ਾਂ ਵਿਚ ਭੇਜ ਦਿੰਦਾ ਹੈ ਉਥੇ ਰਹਿਣ ਵਾਲਿਆਂ ਨੂੰ ਘਰੇ ਬੈਠੇ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ। ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਸਾਧ ਅੰਮ੍ਰਿਤ ਦੀ ਮਹਾਨਤਾ ਵਧਾ ਰਹੇ ਹਨ ਕਿ ਘਟਾ ਰਹੇ ਹਨ।

ਸੰਤ ਹਰਦੇਵ ਸਿੰਘ ਲੂਲੋਂਵਾਲ

ਇਹ ਸੰਤ ਵੀ ਰਾੜੇ ਵਾਲਿਆਂ ਵਿਚੋਂ ਹੀ ਹੈ ਆਪਣੇ ਵੱਡਿਆਂ ਵਾਂਗੂੰ ਸਿੱਖੀ ਦੇ ਨਾਲ-ਨਾਲ ਬ੍ਰਾਹਮਣੀ ਮੱਤਾਂ ਦਾ ਪ੍ਰਚਾਰ ਪੂਰੇ ਜ਼ੋਰਾਂ 'ਤੇ ਕਰਦਾ ਹੈ। ਸਿੱਖ ਰਹਿਤ ਮਰਿਯਾਦਾ ਦੀ ਕਦਰ ਕਰਨ ਵਾਲੇ ਸਿੱਖਾਂ 'ਤੇ ਇਹ ਨੁਕਤਾਚੀਨੀ ਕਰਕੇ, ਸਿੱਖ

ਸੰਗਤਾਂ ਨੂੰ ਗੁਮਰਾਹ ਕਰਨ ਵਾਸਤੇ ਯੋਗ ਹਿੱਸਾ ਪਾ ਰਿਹਾ ਹੈ। ਇਕ ਕੈਸਟ ਵਿਚ ਇੰਜ ਕਹਿ ਰਿਹਾ ਹੈ—"ਕਹਿੰਦੇ ਪਾਠ ਨਾਲ ਨਾਰੀਅਲ ਨਹੀਂ ਰੱਖਣਾ, ਖਜੂਰਾਂ ਮੁਸਲਮਾਨਾਂ ਨੂੰ ਦੇ ਦਿਉ, ਨਾਰੀਅਲ ਬ੍ਰਾਹਮਣਾਂ ਨੂੰ ਦੇ ਦਿਉ ਅਤੇ ਤੁਸੀਂ ਸਿੱਖੋ ਟੱਲੀਆਂ ਵਜਾਉ।" ਪਰ ਇਸ ਸੰਤ ਨੂੰ ਅਸੀਂ ਸਲਾਹ ਦਿੰਦੇ ਹਾਂ ਕਿ ਇਹ ਨਾਰੀਅਲ ਨੂੰ ਬਹੁਤ ਜੱਫਾ ਮਾਰੀ ਬੈਠਾ ਹੈ ਤਾਂ ਕਿਸੇ ਨਾਰੀਅਲਾਂ ਦੇ ਬਾਗ ਵਿਚ ਬੈਠ ਜਾਵੇ ਤੇ ਨਾਰੀਅਲਾਂ ਨੂੰ ਧੂਪ ਦਿੰਦਾ ਰਿਹਾ ਕਰੇ, ਸਿੱਖਾਂ ਕੋਲ ਤਾਂ ਗੁਰਬਾਣੀ ਦਾ ਸਮੁੰਦਰ ਹੈ, ਗੁਰ ਇਤਿਹਾਸ ਹੈ, ਸਿੱਖ ਇਤਿਹਾਸ ਹੈ ਅਤੇ ਹੋਰ ਵੀ ਜਿੰਨ੍ਹਾਂ ਨੇ ਗੁਰੂ ਦੀ ਸੇਵਾ ਵਾਸਤੇ ਰਾਤ ਦਿਨ ਇਕ ਕਰ ਛੱਡਿਆ ਹੈ ਉਹਨਾਂ ਦੀਆਂ ਲਿਖਤਾਂ ਹਨ, ਪੜ੍ਹਨ, ਸੁਣਨ, ਸਮਝਣ, ਮੰਨਣ ਅਤੇ ਕਮਾਉਣ ਵਾਸਤੇ ਗੁਰੂ ਦਾ ਬਚਨ ਸਿੱਖਾਂ ਦੇ ਕੋਲ ਹੈ। ਬ੍ਰਾਹਮਣੀ ਮੱਤਾਂ ਦੇ ਧਾਰਨੀ, ਨਰੇਲਾਂ ਦੇ ਪੁਜਾਰੀ ਟੱਲੀਆਂ ਵਜਾਉਣਗੇ, ਗੁਰਸਿੱਖਾਂ ਦਾ ਟੱਲੀਆਂ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ।

ਕਈ ਕਹਿੰਦੇ ਹਜ਼ੂਰ ਸਾਹਿਬ ਦਸਵੇਂ ਪਾਤਸ਼ਾਹ ਨੇ 5 ਪੈਸੇ ਅਤੇ ਨਾਰੀਅਲ ਰੱਖ ਕੇ ਗੁਰਗੱਦੀ ਦਿੱਤੀ। ਪਰ ਕੋਈ ਦੱਸੇ ਕਿ ਉਸ ਵਕਤ ਦੀਆਂ ਸਾਰੀਆਂ ਚੀਜ਼ਾਂ ਸ਼ਸ਼ਤਰ, ਕਿਰਪਾਨਾਂ, ਚੋਲਿਆਂ ਦੇ ਦਰਸ਼ਨ ਉਸ ਪਵਿੱਤਰ ਅਸਥਾਨ 'ਤੇ ਸੰਗਤਾਂ ਨੂੰ ਕਰਾਏ ਜਾਂਦੇ ਹਨ ਪਰ ਇਹ ਨਰੇਲ ਅਤੇ 5 ਪੈਸੇ ਕਿੱਧਰ ਚਲੇ ਗਏ ? ਯਾਦ ਰਹੇ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਕਿਰਪਾਨ ਹਜ਼ੂਰੀ ਵਿਚ ਰੱਖ ਕੇ ਗੁਰਗੱਦੀ ਬਖਸ਼ੀ ਹੈ।

ਇਹੋ ਸੰਤ ਇਕ ਹੋਰ ਕੈਸਟ ਵਿਚ ਬੋਲ ਰਿਹਾ ਹੈ ਕਿ "ਗੁਰੂ ਨਾਨਕ ਦੇਵ ਜੀ" ਦੀ ਬਹੁਤ ਬਾਣੀ "ਗੁਰੂ ਗ੍ਰੰਥ ਸਾਹਿਬ ਜੀ" ਤੋਂ ਬਾਹਰ ਹੈ। ਉਹ 'ਗੋਝ ਗ੍ਰੰਥ' ਵਿਚ ਦਰਜ ਹੈ। ਉਹ ਗ੍ਰੰਥ ਮੇਰੇ ਕੋਲ ਹੈ।

ਇਸ ਸੰਤ ਨੂੰ ਅਸੀਂ ਪੁੱਛਿਆ (ਚਿੱਠੀ ਰਾਹੀਂ) ਕਿ ਉਹ ਕਿਹੜੀ ਬਾਣੀ ਹੈ ਜੋ "ਧੰਨ ਗੁਰੂ ਅਰਜਨ ਦੇਵ" ਜੀ ਮਹਾਰਾਜ ਦੇ ਨੋਟਿਸ ਵਿਚ ਤਾਂ ਆਈ ਨਹੀਂ ਪਰ ਤੇਰੇ ਨੋਟਿਸ ਵਿਚ ਆ ਗਈ ? ਇਸ ਸੰਤ ਨੇ ਅਜੇ ਤਕ ਕੋਈ ਜਵਾਬ ਨਹੀਂ ਦਿੱਤਾ। ਸੋ ਇਹਨਾਂ ਸਾਧਾਂ ਦੇ ਵਖਿਆਨਾਂ ਵਿਚੋਂ ਇਕ ਅੱਖਰ ਵੀ ਗੁਰਮਤਿ ਪ੍ਰਤੀ ਕਿਹਾ, ਲੱਭਣਾ ਇੰਜ ਹੈ ਜਿਵੇਂ ਕੋਈ ਰੇਤ ਨੂੰ ਪੀੜ ਕੇ ਤੇਲ ਕੱਢਣ ਦਾ ਯਤਨ ਕਰੇ। ਇਸ ਰਾੜੇ ਵਾਲੀ ਸੰਪ੍ਰਦਾਇ ਦੇ ਹੋਰ ਵੀ ਕਈ ਪਰਮ ਸੰਤ ਬਣੇ ਫਿਰਦੇ ਹਨ। ਇਹਨਾਂ ਬਾਰੇ ਹੋਰ ਲਿਖਤਾਂ ਅਤੇ ਕੈਸਟਾਂ ਦੀ ਭਾਲ ਕਰ ਰਹੇ ਹਾਂ। ਇਸ ਪੁਸਤਕ ਦੇ ਦੂਸਰੇ ਭਾਗ ਵਿਚ ਜ਼ਿਕਰ ਕਰਨ ਦੀ ਕੋਸ਼ਿਸ਼ ਕਰਾਂਗੇ।

ਬਾਬਾ ਨੰਦ ਸਿੰਘ ਨਾਨਕਸਰ ਵਾਲੇ

ਇਹ ਸੰਤ ਨਾਨਕਸਰ ਸੰਪ੍ਰਦਾਇ ਦੇ ਮੁਖੀ ਦੇ ਤੌਰ 'ਤੇ ਜਾਣੇ ਜਾਂਦੇ ਹਨ। ਇਹ ਵੀ ਕਹਿੰਦੇ ਹਨ ਕਿ ਇਹਨਾਂ ਤੋਂ ਵੱਡੇ ਸੰਤ ਹਰਨਾਮ ਸਿੰਘ ਭੁੱਚੋ ਵਾਲੇ

ਸੀ। ਇਹ ਗੱਲ ਤਾਂ ਠੀਕ ਹੈ ਕਿ ਇਹਨਾਂ ਕੋਈ ਡੇਰਾ ਨਹੀਂ ਬਣਾਇਆ। ਕੱਖਾਂ ਦੀ ਕੁੱਲੀ ਬਣਾਉਂਦੇ, ਜਾਣ ਲੱਗੇ ਅੱਗ ਲਾ ਕੇ ਸਾੜ ਜਾਇਆ ਕਰਦੇ ਸੀ ਪਰ ਗੁਰਮਤਿ ਦਾ ਅਸੂਲ ਤਾਂ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਹੈ। ਸਾਰੀ ਜ਼ਿੰਦਗੀ ਕਿਰਤ ਇਹਨਾਂ ਕੋਈ ਨਹੀਂ ਕੀਤੀ। ਨਾਮ ਬ੍ਰਾਹਮਣੀ ਮੱਤ ਵਾਲਾ ਜਪਿਆ ਅਤੇ ਜਦੋਂ ਕਿਰਤ ਹੀ ਨਹੀਂ ਕੀਤੀ ਵੰਡ ਛਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਸੰਪ੍ਰਦਾਇ ਦੇ ਸੰਤਾਂ ਦੀ ਅੱਜ ਦੀ ਹਾਲਤ ਅੱਗੇ ਚੱਲ ਕੇ ਬਿਆਨ ਕਰਾਂਗਾ ਪਰ ਟੂਕ ਮਾਤਰ ਇੱਥੇ ਲਿਖਣਾ ਜ਼ਰੂਰੀ ਸਮਝਦਾ ਹਾਂ। ਡੇਰਿਆਂ ਨੂੰ ਠਾਠ ਕਹਿੰਦੇ ਹਨ, ਨਿਸ਼ਾਨ ਸਾਹਿਬ ਨਹੀਂ ਝੁਲਾਉਂਦੇ, ਲੰਗਰ ਨਹੀਂ ਪਕਾਉਂਦੇ। ਚਾਹ ਦਾ ਥਾਲ (ਭੋਗ) ਦਿਨ ਵਿਚ ਤਿੰਨ ਵਾਰੀ "ਗੁਰੂ ਗ੍ਰੰਥ ਸਾਹਿਬ" ਨੂੰ ਲਵਾਉਂਦੇ ਹਨ। ਗੁਰਮਤਿ ਸਿੱਧਾਂਤ ਮੁਤਾਬਿਕ ਮੂਰਤੀ ਪੂਜਾ ਮਨ੍ਹਾ ਹੈ ਪਰ ਇਹ ਪਹਿਲੇ ਪਾਤਸ਼ਾਹ ਦੀ ਫੋਟੋ "ਗੁਰੂ ਗ੍ਰੰਥ ਸਾਹਿਬ" ਅੱਗੇ ਰੱਖਦੇ ਹਨ। ਇਹ ਬ੍ਰਾਹਮਣੀ ਰੀਤਾਂ ਫੋਕੇ ਕਰਮਕਾਂਡਾਂ ਦੇ ਧਾਰਨੀ ਹਨ। ਬੁੱਤ ਪ੍ਰਸਤੀ ਕਰਨ ਵਿਚ ਇਹ ਸਭ ਤੋਂ ਅੱਗੇ ਹਨ। ਇਹ ਗੁਰਮਤਿ ਦੇ ਵਿਰੁੱਧ ਸੰਪਟ ਪਾਠ ਕਰਦੇ ਕਰਾਉਂਦੇ ਰਹਿੰਦੇ ਹਨ। ਇਹ 101 ਅਖੰਡ ਪਾਠਾਂ ਦੀਆਂ ਲੜੀਆਂ ਪਿੰਡਾਂ ਵਿਚੋਂ ਅਨਪੜ੍ਹ ਪਾਠੀ ਸੱਦ ਕੇ ਕਰਾਉਂਦੇ ਹਨ। ਇਹਨਾਂ ਸਾਧਾਂ ਦੇ ਕਹਿਣ ਮੁਤਾਬਿਕ ਇਕ ਵਾਰ ਬਾਬਾ ਨੰਦ ਸਿੰਘ ਨੇ ਆਪਣੇ ਉੱਪਰ ਪਾਣੀ ਦਾ ਜੱਗ ਪਾਇਆ ਤਾਂ ਧਿਆਨ "ਗੁਰੂ ਗ੍ਰੰਥ ਸਾਹਿਬ" ਵੱਲ ਜਾਣ ਕਰਕੇ ਰੁਮਾਲੇ ਗੁਰੂ ਗ੍ਰੰਥ ਸਾਹਿਬ ਦੇ ਪਾਣੀ ਨਾਲ ਭਿੱਜ ਗਏ। ਨਾਨਕਸਰੀਆਂ ਦੀ ਇਕ ਪੋਥੀ ਵਿਚ ਲਿਖਿਆ ਹੈ ਕਿ ਇਕ ਵਾਰੀ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲੇ, ਬਾਬਾ ਨੰਦ ਸਿੰਘ ਕੋਲ ਆ ਗਏ ਤਾਂ ਭਿੰਡਰਾਂਵਾਲੇ ਸੰਤਾਂ ਨੇ ਬਾਬਾ ਨੰਦ ਸਿੰਘ ਨੂੰ ਕਿਹਾ ਕਿ ਮੂਰਤੀ ਪੂਜਾ ਸਿੱਖ ਧਰਮ ਵਿਚ ਮਨ੍ਹਾ ਹੈ। ਬੁੱਤ ਪ੍ਰਸਤੀ ਵੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ। ਤਾਂ ਅੱਗੋਂ ਬਾਬਾ ਨੰਦ ਸਿੰਘ ਕਹਿੰਦੇ ਹਨ ਕਿ ਤੂੰ 'ਗੁਰੂ ਨਾਨਕ' ਦੇ ਸਰੂਪ (ਫੋਟੋ) ਨੂੰ ਨਹੀਂ ਮੰਨਦਾ, ਜਿਹੋ ਜਿਹੀ ਤੇਰੀ ਭਾਵਨਾ ਹੈ, ਉਹੋ ਜਿਹਾ ਤੈਨੂੰ ਫਲ ਮਿਲ ਜਾਵੇਗਾ। ਤੇ ਪੋਥੀ ਵਿਚ ਲਿਖਿਆ ਹੈ ਕਿ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਹਾਰ ਗਏ ਅਤੇ ਬਾਬਾ ਨੰਦ ਸਿੰਘ ਜਿੱਤ ਗਏ। ਕੋਈ ਦੱਸੇ ਕਿ ਬਾਬਾ ਨੰਦ ਸਿੰਘ ਨੇ ਗੁਰਮਤਿ ਦੀਆਂ ਧੱਜੀਆਂ ਉਡਾ ਕੇ ਕਿਹੜਾ ਵਰਲਡ ਕੱਪ ਜਿੱਤਿਆ ਸੀ।

ਇਕ ਸਿੰਘ ਭਾਈ ਗੁਰਮੁਖ ਸਿੰਘ ਉੜੀਸਾ ਜੋ ਸੰਤ ਗੁਰਬਚਨ ਸਿੰਘ ਦੇ ਮਚਦੇ ਅੰਗੀਠੇ ਵਿਚ ਛਾਲ ਮਾਰ ਗਿਆ ਸੀ ਉਸ ਬਾਰੇ ਨਾਨਕਸਰੀਏ ਆਪਣੀ ਇਕ ਪੋਥੀ ਵਿਚ ਲਿਖਦੇ ਹਨ ਕਿ ਉਹ ਕੋਈ ਸਿੰਘ ਨਹੀਂ ਸੀ ਉਹ ਤਾਂ ਯੂ.ਪੀ. ਦਾ ਭਈਆ ਸੀ। ਸੋ ਕਹਿਣ ਤੋਂ ਭਾਵ ਕਿ ਇਹ ਸੰਤ ਆਪਸ ਵਿਚ ਵੀ ਇਕ ਦੂਸਰੇ ਦੇ ਵੈਰੀ ਹਨ। ਨਾਨਕਸਰੀਆਂ ਦੇ ਹੁਣ ਕਈ ਸੰਤ ਬਣ ਗਏ ਹਨ, ਡੇਰਿਆਂ

ਵਿਚ ਇਕ ਦੂਜੇ ਦੀ ਜਾਨ ਦੇ ਵੈਰੀ ਬਣੇ ਹੋਏ ਹਨ, ਗੋਲੀਆਂ ਚਲਦੀਆਂ ਹਨ। ਸੰਤ ਜੋਗਿੰਦਰ ਸਿੰਘ ਨਾਨਕਸਰੀਏ ਦੇ ਚੇਲਿਆਂ ਦਾ ਬਲਾਤਕਾਰ ਕਿੱਸਾ ਅਖ਼ਬਾਰਾਂ ਵਿਚ ਛਪਿਆ ਦੁਨੀਆਂ ਨੇ ਦੇਖਿਆ ਹੈ। ਇਹਨਾਂ ਨੇ ਆਪਣੇ ਡੇਰੇ ਵਿਚ ਇਕ ਮਨਘੜ੍ਹਤ ਸੱਚਖੰਡ ਵੀ ਬਣਾਇਆ ਹੋਇਆ ਹੈ। ਐਸੇ ਸੱਚਖੰਡ ਦੇ ਦਰਸ਼ਨ ਇਹ ਭੋਲੀਆਂ ਭਾਲੀਆਂ ਸੰਗਤਾਂ ਨੂੰ ਕਰਵਾ ਰਹੇ ਹਨ ਜਦੋਂ ਕਿ ਐਸੇ ਸੱਚਖੰਡ ਦੀ ਗੁਰਮਤਿ ਵਿਚ ਕੋਈ ਮਹਾਨਤਾ ਨਹੀਂ ਹੈ।

ਇਲਾਹੀ ਜੋਤ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਮੀ ਪੁਸਤਕ ਵਿਚ ਲਿਖਦੇ ਹਨ—ਆਪ ਦੇ ਚਿਹਰੇ ਵਿਚੋਂ ਪ੍ਰਕਾਸ਼ ਨਿਕਲ ਰਿਹਾ ਹੈ ਤੇ ਇਹ ਚਿੱਟੇ ਕੱਪੜਿਆਂ ਵਾਲੇ ਕੁਝ ਲਿਖ ਰਹੇ ਹਨ। "ਇਹ ਤੇਰਾ ਸਰਟੀਫ਼ਿਕੇਟ ਤਿਆਰ ਹੋ ਰਿਹਾ ਹੈ। ਇਹ ਤੇਤੀ ਕਰੋੜ ਦੇਵਤਾ ਸ਼ਾਮਿਲ ਹੋ ਕੇ ਜਾਮਨੀ ਭਰਨਗੇ। ਇਹਨਾਂ ਦੇ ਸਾਹਮਣੇ ਤੈਨੂੰ ਗੁਰੂ ਨਾਨਕ ਦੇ ਪੱਲੇ ਲਗਾ ਰਹੇ ਹਾਂ।"

ਇਲਾਹੀ ਜੋਤ ਬਾਬਾ ਨੰਦ ਸਿੰਘ, ਪੰਨਾ 1

ਵਿਚਾਰ—ਇਸ 33 ਕਰੋੜ ਦੇਵਤੇ ਵਾਸਤੇ ਗੁਰਮਤਿ ਅੰਦਰ ਕੋਈ ਥਾਂ ਨਹੀਂ ਹੈ। ਹੱਥਲੀ ਪੁਸਤਕ ਵਿਚ ਪਿੱਛੇ ਦਰਜ ਕਰ ਆਏ ਹਾਂ। ਇਹ ਸਾਰਾ ਕੁਝ ਬ੍ਰਾਹਮਣੀ ਮੱਤ ਦਾ ਹੀ ਪ੍ਰਚਾਰ ਕਰ ਰਹੇ ਹਨ। ਅੱਗੇ ਕੁਝ ਕਹਾਣੀਆਂ ਐਸੀਆਂ ਲਿਖਦੇ ਹਨ ਕਿ ਉਹਨਾਂ ਦਾ ਗੁਰਮਤਿ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ। ਕੇਵਲ ਸਿੱਖੀ ਨੂੰ ਜਾਦੂ ਦਾ ਖੇਲ, ਗੁਰਮਤਿ ਨੂੰ ਬ੍ਰਾਹਮਣੀ ਮੱਤ ਦੀ ਰੰਗਤ ਦੇਣ ਅਤੇ ਆਪਣੇ ਆਪ ਨੂੰ "ਗੁਰੂ ਨਾਨਕ" ਸਿੱਧ ਕਰਨ 'ਤੇ ਇਹਨਾਂ ਸਾਧਾਂ ਨੇ ਸਾਰਾ ਜ਼ੋਰ ਲਾ ਦਿੱਤਾ ਹੈ।

ਅੱਗੇ ਇਲਾਹੀ ਜੋਤ ਬਾਬਾ ਨੰਦ ਸਿੰਘ ਪੁਸਤਕ ਭਾਗ 11 ਦੇ ਪੰਨਾ 22 'ਤੇ ਲਿਖਿਆ ਹੈ ਕਿ ਸੰਤ ਨੰਦ ਸਿੰਘ ਨੇ ਗੰਗਾ 'ਤੇ ਇਸ਼ਨਾਨ ਕੀਤਾ ਅਤੇ "ਗੁਰੂ ਨਾਨਕ ਦੇਵ ਜੀ" ਦਾ ਚਰਨ ਇਕ ਹੱਡੀ ਨੂੰ ਲੱਗ ਗਿਆ ਉਹ ਹੱਡੀ ਬੰਦਾ ਬਣ ਗਈ ਅਤੇ ਉਹ ਹੱਡੀ ਤੋਂ ਬਣਿਆ ਬੰਦਾ ਤੁਰੰਤ ਸਵਰਗ ਨੂੰ ਚਲੇ ਗਿਆ।

ਪੰਨਾ 22-23

ਵਿਚਾਰ—ਐਸੇ ਤੀਰਥ ਇਸ਼ਨਾਨਾਂ ਵਾਸਤੇ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਸਤਿਗੁਰੂ ਦੀ ਬਾਣੀ ਨੇ ਹਿੰਦੂ ਮੱਤ ਵਾਲੇ ਨਰਕਾਂ ਸਵਰਗਾਂ ਨੂੰ ਕਿਤੇ ਵੀ ਨਹੀਂ ਮੰਨਿਆ। ਇਸ ਬਾਰੇ ਖੁੱਲ੍ਹੀ ਵਿਚਾਰ ਹੱਥਲੀ ਪੁਸਤਕ ਵਿਚ ਪਿੱਛੇ ਹੋ ਚੁੱਕੀ ਹੈ।

ਜੋਤ ਇਲਾਹੀ ਪੁਸਤਕ ਵਿਚ ਅੱਗੇ ਲਿਖਿਆ ਹੈ ਕਿ ਬਾਬਾ ਨੰਦ ਸਿੰਘ, "ਗੁਰੂ ਗ੍ਰੰਥ ਸਾਹਿਬ" ਜੀ ਦੇ ਅੱਗੇ ਪਰਚੀਆਂ ਸੁੱਟ ਕੇ ਫੈਸਲਾ ਲੈਂਦੇ ਸਨ ਕਿ ਕੀ ਕਰਨਾ ਹੈ ਤੇ ਕਿੱਧਰ ਨੂੰ ਜਾਣਾ ਹੈ।

ਇਲਾਹੀ ਜੋਤ ਬਾਬਾ ਨੰਦ ਸਿੰਘ, ਪੰਨਾ 29

ਵਿਚਾਰ—ਗੁਰੂ ਨੇ ਗੁਰਬਾਣੀ ਅੰਦਰ ਸਾਰਾ ਕੁਝ ਲਿਖਤੀ ਦੱਸਿਆ ਹੈ ਕਿ

ਕਿੱਧਰ ਜਾਣਾ ਹੈ ਕਿੱਧਰ ਨਹੀਂ ਜਾਣਾ, ਕੀ ਕਰਨਾ ਹੈ, ਕੀ ਨਹੀਂ ਕਰਨਾ, ਇਹ ਪਰਚੀਆਂ ਵਾਲੀ ਗੱਲ ਗੁਰੂ ਨੇ ਕਿਤੇ ਨਹੀਂ ਲਿਖੀ। ਸਾਰੇ ਦੇ ਸਾਰੇ ਫੈਸਲੇ "ਗੁਰੂ ਗ੍ਰੰਥ" ਅਤੇ "ਗੁਰੂ ਪੰਥ" ਦੇ ਹੱਥ ਵਿਚ ਹਨ। ਇਹ ਸਾਧ ਕਿਹੜੀਆਂ ਪਰਚੀਆਂ ਲਈਂ ਫਿਰਦੇ ਹਨ ? ਇਕ ਪਾਸੇ ਇਹ ਸਾਧ ਅਖੌਤੀ ਬ੍ਰਹਮ ਗਿਆਨੀ ਹਨ ਦੂਜੇ ਪਾਸੇ ਇਹ ਪਰਚੀਆਂ ਸੁੱਟ ਕੇ ਪਤਾ ਕਰਦੇ ਹਨ ਕਿ ਕੀ ਕਰਨਾ ਹੈ ਕੀ ਨਹੀਂ ਕਰਨਾ। ਪਰਚੀਆਂ ਤਾਂ ਗੂੰਗੇ ਬੋਲਿਆਂ ਦਾ ਕੰਮ ਹੈ। "ਗੁਰੂ ਗ੍ਰੰਥ ਸਾਹਿਬ" ਬੋਲਦੇ ਹਨ "ਠਾਕੁਰ ਹਮਰਾ ਸਦਾ ਬੋਲੰਤਾ॥" ਸਿੱਖਾਂ ਦਾ ਗੁਰੂ ਸਦਾ ਬੋਲਦਾ ਹੈ, ਪਰ ਪਰਚੀਆਂ ਲਿਖ ਕੇ ਪਾਉਣ ਵਾਲੇ ਬੋਲਿਆਂ ਨੇ ਕਦੇ ਸਤਿਗੁਰੂ ਦਾ ਬਚਨ ਆਵਾਜ਼ ਨਹੀਂ ਸੁਣੀ। ਪਰਚੀਆਂ ਪਾਉਂਦੇ ਫਿਰਦੇ ਹਨ। ਇਕ ਦਿਨ ਮੈਂ ਅਤੇ ਨਾਲ ਦੇ ਗੁਰੂ ਦੇ ਸਿੱਖਾਂ ਨੇ "ਗੁਰੂ ਗ੍ਰੰਥ ਸਾਹਿਬ ਮਹਾਰਾਜ" ਤੋਂ ਸਨਿਮਰ ਪੁੱਛ ਕੀਤੀ ਕਿ ਮਹਾਰਾਜ ਆਪ ਦੱਸੋ ਕਿ ਬ੍ਰਹਮਗਿਆਨੀ ਕੌਣ ਹੈ? ਇਥੇ ਤਾਂ ਅਖੌਤੀ ਬ੍ਰਹਮਗਿਆਨੀਆਂ ਦਾ ਹੜ੍ਹ ਆਇਆ ਹੋਇਆ ਹੈ ਤਾਂ ਗੁਰੂ ਜੀ ਇਕ ਦਮ ਕਹਿੰਦੇ :

ੳ. "ਬ੍ਰਹਮ ਗਿਆਨੀ ਆਪਿ ਨਿਰੰਕਾਰ॥" (ਪੰਨਾ 274)

ਅ. "ਬ੍ਰਹਮ ਗਿਆਨੀ ਆਪਿ ਪਰਮੇਸ਼ਰ॥" (ਪੰਨਾ 274)

ੲ. ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ॥" (ਗੁਰੂ ਗ੍ਰੰਥ ਸਾਹਿਬ)

ਸੋ ਗੁਰੂ ਜੀ ਨੇ ਫੱਟ ਦੱਸਿਆ ਕਿ ਆਪ ਨਿਰੰਕਾਰ, ਪ੍ਰਮਾਤਮਾ ਤੋਂ ਬਿਨ੍ਹਾਂ ਹੋਰ ਕੋਈ ਬ੍ਰਹਮਗਿਆਨੀ ਹੋ ਹੀ ਨਹੀਂ ਸਕਦਾ, ਹੇ ਸੰਤ, ਬ੍ਰਹਮਗਿਆਨੀ ਕਹਾਉਣ ਵਾਲਿਓ, ਹਰੀ (ਪ੍ਰਮਾਤਮਾ) ਹੀ ਕੇਵਲ ਬ੍ਰਹਮਗਿਆਨੀ ਹੈ ਉਸਦੀ ਖੋਜ ਕਰੋ। ਸੋ ਪਰਚੀਆਂ ਪਾਉਣ ਦੀ ਕਾਢ ਦੁਬਿਧਾ, ਵੰਡੀਆਂ ਪਾਉਣ ਵਾਲਿਆਂ ਦੀ ਹੈ। ਇਹਨਾਂ ਪਰਚੀਆਂ ਨਾਲ ਗੁਰੂ ਦੇ ਸਿੱਖਾਂ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ।

ਇਲਾਹੀ ਜੋਤ ਪੁਸਤਕ ਵਿਚ ਅੱਗੇ ਲਿਖਿਆ ਹੈ ਕਿ ਸਵੇਰੇ ਹੁਕਮਨਾਮਾ ਹੋਰ ਥਾਉਂ ਲੈਣਾ ਹੈ, ਦੁਪਹਿਰੇ ਹੋਰ ਥਾਉਂ ਅਤੇ ਰਾਤ ਰਾਤ ਨੂੰ ਹੋਰ ਥਾਉਂ ਲੈਣਾ ਹੈ। (ਪੰਨਾ 30)

ਵਿਚਾਰ—ਇਹ ਜਿਹੜੇ ਆਪ ਸਮੇਂ ਵਿਚ ਬੱਧੇ ਹਨ ਇਹਨਾਂ ਨੇ ਗੁਰਬਾਣੀ ਨੂੰ ਵੀ ਸਮੇਂ ਵਿਚ ਬੰਨ੍ਹਣ ਦੀ ਵਿਅਰਥ ਕੋਸ਼ਿਸ਼ ਕੀਤੀ ਹੈ। ਇਹਨਾਂ ਨੂੰ ਇਹ ਵੀ ਸੋਝੀ ਨਹੀਂ ਹੈ ਕਿ ਬਾਣੀ ਅਕਾਲ ਹੈ। ਅਕਾਲ ਦਾ ਮਤਲਬ ਸਮੇਂ ਤੋਂ ਪਰ੍ਹੇ। ਕਹਿੰਦੇ ਹਨ ਕਿ ਇਕ ਵਾਰੀ ਭਗਤ ਕਬੀਰ ਸਾਹਿਬ ਨੂੰ ਪੰਡਤਾਂ ਨੇ ਪੁੱਛਿਆ ਕਿ ਜਿਥੇ ਤੁਸੀਂ ਪਹੁੰਚੇ ਹੋ ਉਥੇ ਕੀ ਹੈ ? ਭਗਤ ਜੀ ਕਹਿੰਦੇ ਜਿਥੇ ਮੈਂ ਪਹੁੰਚਿਆਂ ਹਾਂ ਉਥੇ ਕੀ ਹੈ, ਇਹ ਤਾਂ ਮੈਂ ਨਹੀਂ ਦੱਸ ਸਕਦਾ ਪਰ ਉਥੇ ਕੀ ਨਹੀਂ ਹੈ ਉਹ ਸੁਣ ! ਉਥੇ ਦਿਨ ਨਹੀਂ ਹੈ, ਉਥੇ ਦੁਪਹਿਰ ਨਹੀਂ ਹੈ, ਉਥੇ ਰਾਤ ਨਹੀਂ, ਉਥੇ ਤਾਰੇ ਨਹੀਂ, ਸੂਰਜ ਨਹੀਂ, ਦੁੱਖ ਨਹੀਂ, ਸੁੱਖ ਨਹੀਂ, ਧਰਤੀ ਨਹੀਂ, ਆਕਾਸ਼ ਨਹੀਂ। ਸੋ ਅਸਲੀ ਬ੍ਰਹਮ

ਗਿਆਨੀ ਭਗਤ ਕਬੀਰ ਜੀ ਤਾਂ ਉੱਪਰ ਲਿਖਿਆ ਸੱਚ ਕਹਿ ਰਹੇ ਹਨ ਪਰ ਇਹਨਾਂ ਅਖੌਤੀ ਬ੍ਰਹਮ ਗਿਆਨੀਆਂ ਦੇ ਦਿਨੇ ਹੁਕਮਨਾਮੇ ਹੋਰ, ਰਾਤ ਨੂੰ ਹੋਰ। ਇਹ ਕਿਸੇ ਹੁਕਮਨਾਮੇ ਨੂੰ ਸਖਤ ਅਤੇ ਕਿਸੇ ਨੂੰ ਨਰਮ ਦੱਸਦੇ ਹਨ, ਗੁਰੂ ਵਾਸਤੇ ਵੀ ਇਹਨਾਂ ਦੀ ਦ੍ਰਿਸ਼ਟੀ ਇਕ ਨਹੀਂ ਹੈ, ਦੁਨੀਆਂ ਦਾ ਇਹ ਕੀ ਸਵਾਰ ਦੇਣਗੇ ?

ਇਲਾਹੀ ਜੋਤ ਬਾਬਾ ਨੰਦ ਸਿੰਘ ਦੀ ਪੁਸਤਕ ਵਿਚ ਅੱਗੇ ਜਾ ਕੇ ਲਿਖਿਆ ਹੈ ਕਿ ਭੂਤ-ਪ੍ਰੇਤ, ਧਾਗੇ ਤਬੀਤ ਵੀ ਹੁੰਦੇ ਹਨ। ਕਬਰ ਨੌਂ ਗਜੀਆ ਪੀਰ ਦੀ ਲਿਖੀ ਹੈ। ਕਿਸੇ ਦੀ ਥਾਂ 'ਤੇ ਕਬਜ਼ਾ ਠੀਕ ਨਹੀਂ, ਰਾਤ ਨੂੰ ਨੌਂਗਜੇ ਪੀਰ ਨੇ ਪ੍ਰਗਟ ਹੋ ਕੇ ਕਿਹਾ। ਅੱਧੀ ਰਾਤ ਨੂੰ ਬਹੁਤ ਭਿਆਨਕ ਆਵਾਜ਼ ਹੋਈ ਅਤੇ ਇਕ ਵੱਡਾ ਵਾਵਰੋਲਾ ਉੱਠਿਆ। ਬਾਬਾ ਜੀ ਨੇ ਨੇਤਰ ਖੋਲ੍ਹੇ। ਰੰਗ ਵਿਚ ਭੰਗ ਜਾਣ ਕੇ ਆਪ ਜੀ ਨੇ ਰੱਖਿਆ ਦੇ ਸ਼ਬਦ ਪੜ੍ਹ ਕੇ ਆਪਣੇ ਆਲੇ-ਦੁਆਲੇ ਲਕੀਰ ਖਿੱਚ ਲਈ। ਕੁਝ ਸਮੇਂ ਬਾਅਦ ਇਕ ਸੂਰਾਂ ਦਾ ਇੱਜੜ ਬਹੁਤ ਤੇਜ਼ੀ ਨਾਲ ਧੂੜਾਂ ਉਡਾਉਂਦਾ ਹੋਇਆ ਆਇਆ ਅਤੇ ਲਕੀਰ ਦੇ ਆਸੇ-ਪਾਸੇ ਦੀ ਅਗਾਂਹ ਲੰਘ ਗਿਆ। ਬੜਾ ਭਿਆਨਕ ਚੀਕ-ਚਿਹਾੜਾ ਪਾਇਆ ਪਰ ਬਾਬਾ ਜੀ ਆਪਣੇ ਰੰਗ ਵਿਚ ਬੈਠੇ ਰਹੇ। ਨੌਂਗਜੇ ਨੇ ਬਹੁਤ ਵਾਹ ਲਾਈ, ਪਰ ਜਦੋਂ ਬਾਬਾ ਜੀ ਅੱਗੇ ਉਸਦੀ ਇਕ ਨਾ ਚੱਲੀ ਤਾਂ ਪ੍ਰਗਟ ਹੋ ਕੇ ਵਾਦ-ਵਿਵਾਦ ਕਰਨ ਲੱਗਾ।

ਇਲਾਹੀ ਜੋਤ ਬਾਬਾ ਨੰਦ ਸਿੰਘ, ਪੰਨਾ 52

ਵਿਚਾਰ—ਇਹ ਕਿਹੜੇ ਭੂਤ-ਪ੍ਰੇਤਾਂ, ਧਾਗੇ, ਤਵੀਤਾਂ, ਪੀਰਾਂ, ਫ਼ਕੀਰਾਂ ਦੀਆਂ ਗੱਲਾਂ ਕਰਦੇ ਹਨ ? ਇਹਨਾਂ ਸਾਧਾਂ ਨੇ ਐਸੀਆਂ ਕਹਾਣੀਆਂ ਘੜ ਕੇ ਲੋਕਾਂ ਨੂੰ ਭੂਤਾਂ-ਪ੍ਰੇਤਾਂ, ਧਾਗੇ, ਤਵੀਤਾਂ, ਪੀਰਾਂ ਫ਼ਕੀਰਾਂ ਅਤੇ ਕਬਰਾਂ ਦੇ ਪੂਜਾ ਚੱਕਰਾਂ ਵਿਚ ਪਾਇਆ ਹੈ। ਗੁਰਬਾਣੀ ਅੰਦਰ ਇਹ ਸਾਰਾ ਕੁਝ ਮਨ੍ਹਾ ਹੈ। ਇਹ ਸਾਧ ਧਰਮ ਦੇ ਠੇਕੇਦਾਰ, ਲੋਕਾਂ ਨੂੰ ਗੁਰਬਾਣੀ ਗੁਰੂ ਦੇ ਚਰਨੀਂ ਲਾਉਣ ਦੀ ਬਜਾਏ ਡਰਾ ਧਮਕਾ ਕੇ ਵਹਿਮਾਂ-ਭਰਮਾਂ, ਪੀਰਾਂ-ਫ਼ਕੀਰਾਂ ਦੇ ਚੱਕਰਾਂ ਵਿਚ ਪਾ ਰਹੇ ਹਨ। ਦੁਸ਼ਮਣ ਤਾਂ ਦੁਸ਼ਮਣ ਹੀ ਹਨ ਪਰ ਜਦੋਂ ਸੱਜਣ, ਦੁਸ਼ਮਣ ਬਣਦੇ ਹਨ ਕੱਖ ਵੀ ਬਾਕੀ ਨਹੀਂ ਰਹਿਣ ਦਿੰਦੇ। ਸਿੱਖੀ ਦੇ ਨਾਲ ਐਸਾ ਹੀ ਹੋਇਆ ਅਤੇ ਹੋ ਰਿਹਾ ਹੈ।

ਅੱਗੇ ਇਲਾਹੀ ਜੋਤ ਪੁਸਤਕ ਅੰਦਰ ਲਿਖਿਆ ਹੈ ਕਿ ਗੁੱਜਰ ਤੇ ਸਿੱਖ ਦਾ ਕੀ ਮੇਲ ? ਕੋਈ ਨਿਵੇਕਲੀ ਥਾਂ ਦੱਸ ਜਿਥੇ ਕੋਈ ਖੂਹ ਟੋਬਾ ਹੋਵੇ।

ਇਲਾਹੀ ਜੋਤ ਬਾਬਾ ਨੰਦ ਸਿੰਘ, ਪੰਨਾ 55

ਵਿਚਾਰ—ਗੁਰ ਫ਼ੁਰਮਾਨ ਤਾਂ ਹੈ "ਜਿਹ ਗ੍ਰਿਹ ਬਨ ਸਮਸਰ ਕੀਆ ਤੇ ਪੂਰੇ ਸੰਸਾਰ ॥" ਗੁਰੂ ਜੀ ਤਾਂ ਕਹਿ ਰਹੇ ਹਨ ਜਿਨ੍ਹਾਂ ਘਰ ਨੂੰ ਹੀ ਜੰਗਲ ਸਮਝ ਲਿਆ, ਇਕਾਂਤ ਸਮਝ ਲਿਆ ਉਹ ਪੂਰੇ। ਪਰ ਇਹ ਸਾਧ ਕਿਹੜੇ ਜੰਗਲਾਂ ਵਿਚ ਇਕਾਂਤ ਭਾਲਦੇ ਫਿਰਦੇ ਹਨ। ਇਹ ਮੰਗ ਕੇ ਖਾ ਰਹੇ ਹਨ। ਕੋਈ ਕ੍ਰਿਤ ਇਹਨਾਂ ਕਦੇ ਨਹੀਂ ਕੀਤੀ, ਭੁੱਖਾਂ, ਤ੍ਰੇਹਾਂ, ਸਰੀਰਕ ਕਸ਼ਟ ਝੱਲ ਕੇ, ਜ਼ਿਆਦਾ ਜੋਗ ਮੱਤ ਅਤੇ

ਬ੍ਰਾਹਮਣੀ ਮੱਤ ਦਾ ਹੀ ਪ੍ਰਚਾਰ ਕੀਤਾ ਹੈ। ਭਗਤ ਕਬੀਰ ਸਾਹਿਬ ਕਹਿੰਦੇ, "ਕਹੁ ਕਬੀਰ ਜਿਸ ਉਦਰ ਤਿਸ ਮਾਇਆ॥" ਕਬੀਰ ਸਾਹਿਬ ਕਹਿੰਦੇ ਜਿਸ ਨੂੰ ਪੇਟ ਲੱਗਾ ਹੈ ਉਹ ਮਾਇਆ ਦਾ ਤਿਆਗੀ ਹੋ ਹੀ ਨਹੀਂ ਸਕਦਾ। ਪਰ ਇਹ ਸਾਧ ਬਹੁਤ ਵੱਡੇ ਤਿਆਗੀ ਹੋਣ ਦੇ ਫੋਕੇ ਦਾਅਵੇ ਪਏ ਕਰਦੇ ਹਨ। ਇਹਨਾਂ ਸਾਧਾਂ ਨੇ ਤਿਆਗੀ ਤੋਂ ਭਾਵ ਗ੍ਰਹਿਸਥੀ ਨਾ ਹੋਣਾ ਲਿਖਿਆ ਹੈ ਜੋ ਕਿ ਸਰਾਸਰ ਗਲਤ ਅਰਥ ਕਰ ਰਹੇ ਹਨ।

ਇਲਾਹੀ ਜੋਤ ਵਿਚ ਅੱਗੇ ਲਿਖਿਆ ਹੈ ਕਿ ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ 101 ਅਖੰਡ ਪਾਠਾਂ ਦੀ ਇਕੋਤਰੀ ਚਲਾਈ। ਪੰਜਾਬ ਦੇ ਸਾਰੇ ਵੱਡੇ-ਵੱਡੇ ਮਹਾਂਪੁਰਸ਼ ਸੱਦੇ ਗਏ। ਸੰਤ ਨੰਦ ਸਿੰਘ, ਸੰਤ ਭਾਗ ਸਿੰਘ, ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ, ਸੰਤ ਖੜਗ ਸਿੰਘ, ਸੰਤ ਗੁਲਾਬ ਸਿੰਘ ਘੋਲੀਆ ਵਾਲੇ ਪਹੁੰਚੇ। ਉਥੇ ਬ੍ਰਹਮ ਗਿਆਨੀਆਂ ਦੀ ਸਭਾ ਵਿਚ ਇਕ ਸਵਾਲ ਉੱਠਿਆ ਕਿ ਮੁਰੀਦ ਵੀ ਪੜ੍ਹਿਆ ਲਿਖਿਆ ਹੋਵੇ, ਮੁਰਸ਼ਦ ਵੀ ਪੂਰਾ ਹੋਵੇ, ਫਿਰ ਵੀ ਗੱਲ ਨਾ ਬਣੇ ਕੀ ਕਾਰਨ ਹੈ? ਸਵਾਲ ਦਾ ਸਹੀ ਜਵਾਬ ਨੰਦ ਸਿੰਘ ਨਾਨਕਸਰੀਏ ਹੀ ਦੇ ਸਕੇ। (ਇਲਾਹੀ ਜੋਤ ਬਾਬਾ ਨੰਦ ਸਿੰਘ, ਪੰਨਾ 62-63)

ਵਿਚਾਰ—ਜੇ ਸਵਾਲ ਦਾ ਜਵਾਬ ਕੇਵਲ ਨੰਦ ਸਿੰਘ ਨਾਨਕਸਰੀਏ ਨੇ ਹੀ ਦਿੱਤਾ ਤਾਂ ਇਸਦਾ ਮਤਲਬ ਕਿ ਬਾਕੀ ਸਾਰੇ ਸੰਤ ਕੱਖ ਵੀ ਨਹੀਂ ਤਾਂ ਫਿਰ ਇਹ ਵੀ ਠੀਕ ਹੈ ਕਿ ਸੱਚ ਗੁਰਮਤਿ ਦੀ ਕਸਵੱਟੀ ਮੁਤਾਬਿਕ ਬਾਬਾ ਨੰਦ ਸਿੰਘ ਵੀ ਕੱਖ ਨਹੀਂ ਹੈ। ਇਸ ਤਰ੍ਹਾਂ ਇਹ ਸਾਧ ਇਕ ਦੂਸਰੇ ਨੂੰ ਈਰਖਾ ਵੱਤ ਨੀਂਵਾਂ ਅਕਸਰ ਦਿਖਾਉਂਦੇ ਰਹਿੰਦੇ ਹਨ।

ਇਲਾਹੀ ਜੋਤ ਵਿਚ ਅੱਗੇ ਲਿਖਿਆ ਹੈ ਕਿ ਬਾਬਾ ਨੰਦ ਸਿੰਘ, ਪਿੰਡ ਢੁੱਡੀਕੇ ਨੇੜੇ ਇਕ ਝਿੜੀ ਵਿਚ ਬੈਠੇ ਸਨ ਅਚਾਨਕ ਰਾਤ ਨੂੰ ਮੀਂਹ, ਹਨ੍ਹੇਰੀ ਗੜੇ ਆ ਗਏ। ਕਈ ਦਰਖੱਤ ਜੜ੍ਹੋਂ ਪੁੱਟੇ ਗਏ। ਬਾਬਾ ਜੀ ਨੂੰ ਆਕਾਸ਼ ਵਿਚੋਂ ਆਵਾਜ਼ ਸੁਣਾਈ ਦਿੱਤੀ ਜੋ ਖਾਸ ਸੀ ਤਾਂ ਬਾਬਾ ਜੀ ਨੇ ਅੱਖਾਂ ਖੋਲ੍ਹੀਆਂ, ਦੇਖਿਆ ਸਾਹਮਣੇ ਦਸਵੇਂ ਪਾਤਸ਼ਾਹ ਖੜ੍ਹੇ ਪੁੱਛ ਰਹੇ ਹਨ, ਰਿਖੀ ਜੀ, ਕੋਈ ਤਕਲੀਫ਼ ਤਾਂ ਨਹੀਂ ਹੈ।

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 66

ਵਿਚਾਰ—"ਦਸਮ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ" ਜੀ ਨੇ ਤਾਂ ਜੰਗ ਵਿਚ ਸ਼ਹੀਦ ਹੋਏ ਸਾਹਿਬਜ਼ਾਦਿਆਂ ਉੱਪਰ ਕਫ਼ਨ ਤਕ ਵੀ ਨਾ ਪਾਇਆ। ਗੁਰੂ ਦੇ ਸਿੰਘ ਚਰਖੜੀਆਂ ਤੇ ਚੜ੍ਹ ਗਏ, ਬੰਦ ਬੰਦ ਕੱਟੇ ਗਏ, ਛੋਟੇ ਸਾਹਿਬਜ਼ਾਦੇ ਨੀਂਹਾਂ ਵਿਚ ਚਿਣੇ ਗਏ। ਜਿਗਰ ਦੇ ਟੋਟੇ ਸਰਹੰਦ ਨੀਂਹਾਂ 'ਚ ਚਿਣੇ ਗਏ ਪਰ ਕਿਤੇ ਇਤਿਹਾਸ ਵਿਚ ਐਸਾ ਜ਼ਿਕਰ ਨਹੀਂ ਹੈ ਕਿ ਦਸਵੇਂ ਪਾਤਸ਼ਾਹ ਆ ਕੇ ਕੋਈ ਬਚਨ ਉਹਨਾਂ ਨਾਲ ਕਰ ਰਹੇ ਹੋਣ। ਕੀ ਇਹ ਸਾਧ ਵਿਹਲਾ ਬੈਠਾ,

ਸਾਹਿਬਜ਼ਾਦਿਆਂ ਨਾਲੋਂ ਔਖਾ ਸੀ, ਕੀ ਇਹ ਸਾਧ ਭਾਈ ਮਨੀ ਸਿੰਘ ਨਾਲੋਂ ਵੀ ਔਖਾ ਸੀ ਕਿ ਜਾਂ ਇਹ ਬਹੁਤ ਲਾਡਲਾ ਸੀ ਕਿ ਦਸਵੇਂ ਪਾਤਸ਼ਾਹ ਨੂੰ ਇਸਦਾ ਹਾਲ ਪੁੱਛਣ ਆਉਣਾ ਪਿਆ ? ਇਹਨਾਂ ਸਾਧਾਂ ਦੀਆਂ ਐਸੀਆਂ ਸਾਰੀਆਂ ਲਿਖਤਾਂ ਗੁਰਮਤਿ ਦੇ ਆਧਾਰ 'ਤੇ ਨਹੀਂ ਹਨ ਇਹ ਧਰਮ ਦੇ ਨਾਂ 'ਤੇ ਪਾਖੰਡ ਦੇ ਆਧਾਰ 'ਤੇ ਲਿਖੀਆਂ ਹਨ। ਇਥੇ ਇਹ ਵੀ ਲਿਖਿਆ ਹੈ ਕਿ ਐਨਾ ਮੀਂਹ, ਹਨ੍ਹੇਰੀ, ਗੜੇ ਪਏ ਪਰ ਜਿਥੇ ਸੰਤ ਬੈਠੇ ਸਨ ਉਥੇ ਇਕ ਕਣੀ ਵੀ ਨਹੀਂ ਪਈ।

ਇਲਾਹੀ ਜੋਤ ਕਿਤਾਬ 'ਚ ਲਿਖਿਆ ਹੈ ਕਿ ਬਾਬਾ ਨੰਦ ਸਿੰਘ ਹਰਿਦੁਆਰ ਗਏ ਉਥੇ ਮਾਇਆ ਦੇ ਤਿਆਗੀ ਸਾਧੂਆਂ ਦੀ ਵਿਚਾਰ ਹੋ ਰਹੀ ਸੀ। ਇਕ ਸਾਧੂ ਕਹਿ ਰਿਹਾ ਸੀ ਕਿ ਮੇਰੇ ਅੱਗੇ ਸਾਰੀ ਦੁਨੀਆਂ ਦਾ ਧਨ ਦੌਲਤ ਕੋਈ ਰੱਖ ਦੇਵੇ ਮੈਂ ਨਹੀਂ ਡੋਲਾਂਗਾ, ਪਰ ਚੇਤਨ ਮਾਇਆ ਅੱਗੇ ਸ਼ਾਇਦ ਡੋਲ ਜਾਵਾਂ। ਫਿਰ ਸਾਧੂ ਕਹਿੰਦੇ ਕੋਈ ਐਸਾ ਵੀ ਹੈ ਜੋ ਚੇਤਨ ਮਾਇਆ ਅੱਗੇ ਵੀ ਨਾ ਡੋਲੇ। ਸੰਤ ਭਾਗ ਸਿੰਘ ਨੇ ਅੱਖਾਂ ਮੀਟੀਆਂ, ਦਿਸਿਆ ਕਿ ਬਾਬਾ ਨੰਦ ਸਿੰਘ ਹੈ, ਪਰ ਬਾਬਾ ਨੰਦ ਸਿੰਘ ਨਾਂਹ ਵਿਚ ਸਿਰ ਹਿਲਾਉਂਦੇ ਉਥੋਂ ਚਲਦੇ ਬਣੇ।

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 69

ਵਿਚਾਰ—ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਇਹ ਸਾਧ ਕਿਹੜੇ ਤਿਆਗ ਅਤੇ ਕਿਹੜੀ ਸਿੱਖੀ ਸਿਖਾ ਰਹੇ ਹਨ ?

ਇਲਾਹੀ ਜੋਤ ਬਾਬਾ ਨੰਦ ਸਿੰਘ 'ਚ ਲਿਖਿਆ ਹੈ ਜਦ ਬਾਬਾ ਨੰਦ ਸਿੰਘ ਜੀ ਭੁੱਚੋ ਤੋਂ ਦਰਗਾਹੀ ਦਾਤਿ ਲੈ ਕੇ ਗਏ ਤਾਂ ਭੁੱਚੋ ਵਾਲੇ ਮਹਾਂਪੁਰਖਾਂ ਨੇ ਤਾੜੀ ਮਾਰ ਕੇ ਬਚਨ ਕੀਤਾ, ਲੈ ਗਿਆ ਨੰਦ ਸਿੰਘ...ਲੈ ਗਿਆ...ਲੈ ਗਿਆ।

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 75

ਵਿਚਾਰ—ਇਹਨਾਂ ਸਾਧਾਂ ਨੇ ਦਰਗਾਹਾਂ ਪਤਾ ਨਹੀਂ ਕਿੰਨੀਆਂ ਕੁ ਬਣਾਈਆਂ ਹੋਈਆਂ ਹਨ, ਸੰਤ ਰਣਧੀਰ ਸਿੰਘ ਦੀ ਦਰਗਾਹ ਅਸਮਾਨੀ ਅਕਾਸ਼ ਵਿਚ ਹੈ ਪਰ ਸੰਤ ਬਾਬਾ ਨੰਦ ਸਿੰਘ ਦੀ ਦਰਗਾਹ ਭੁੱਚੋ ਮੰਡੀ ਹੈ ਕਿਸੇ ਦੀ ਦਰਗਾਹ ਕਿਤੇ ਅਤੇ ਕਿਸੇ ਦੀ ਕਿਤੇ। ਮੁਸਲਮਾਨ ਪੀਰਾਂ ਦੀਆਂ ਕਬਰਾਂ 'ਤੇ ਕਈ ਵਾਰੀ ਲਿਖਿਆ ਪੜ੍ਹਿਆ ਹੈ, ਪੀਰ ਮੌਲਾ ਬਖ਼ਸ਼ ਦੀ ਦਰਗਾਹ। ਕਿਤੇ ਲਿਖਿਆ ਪੀਰ ਦੌਲੇ ਸ਼ਾਹ ਦੀ ਦਰਗਾਹ। ਕਿਸੇ ਦੀ ਕੋਈ ਦਰਗਾਹ ਕਿਸੇ ਦੀ ਕੋਈ ਦਰਗਾਹ। ਇਹ ਵੰਨ ਸੁਵੰਨੀਆਂ ਦਰਗਾਹਾਂ ਹੀ ਇਹਨਾਂ ਸੰਤਾਂ ਦੀ ਸਿੱਖ ਕੌਮ ਨੂੰ ਦੇਣ ਹੈ। ਇਹਨਾਂ ਸੰਤਾਂ ਨੇ ਸੰਸਾਰ ਪ੍ਰਸਿੱਧ ਆਧੁਨਿਕ ਸਿੱਖ ਧਰਮ ਦੀ ਐਸੀ ਖਿੱਲੀ ਉਡਾਈ ਕਿ ਸਿੱਖ ਧਰਮ ਇਸ ਵਕਤ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ।

ਇਲਾਹੀ ਜੋਤ ਵਿਚ ਅੱਗੇ ਲਿਖਿਆ ਹੈ ਕਿ ਜੇਕਰ ਉਸ ਸਮੇਂ ਗੁਰੂ ਸਾਹਿਬ ਆਪਣੇ ਪਿਆਰਿਆਂ ਦੇ ਪ੍ਰਸ਼ਾਦੇ ਦਾ ਆਧਾਰ ਪ੍ਰਾਪਤ ਕਰਦੇ ਸਨ ਤਾਂ ਹੁਣ ਕਿਉਂ

ਨਹੀਂ ? ਜੇਕਰ ਧੰਨੇ ਦੀ ਭਾਵਨਾ ਨਾਲ, ਨਾਮਦੇਵ ਦੀ ਭਾਵਨਾ ਨਾਲ ਪੱਥਰ ਵਿਚੋਂ ਭੋਗ ਲਾਇਆ ਤਾਂ "ਗੁਰੂ ਗ੍ਰੰਥ ਸਾਹਿਬ" ਭੋਗ ਕਿਉਂ ਨਹੀਂ ਲਾ ਸਕਦੇ ?

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 89

ਵਿਚਾਰ—ਸਤਿਗੁਰਾਂ ਨੇ ਕਿਹੜੇ ਭੋਗ ਦੀ ਗੱਲ ਕੀਤੀ ਹੈ। ਸਿੱਖਾਂ ਨੂੰ ਕਿਹੜੇ ਭੋਗ ਲਵਾਉਣ ਵਾਸਤੇ ਕਿਵੇਂ ਅਤੇ ਕੀ ਹੁਕਮ ਕੀਤੇ ਹਨ, ਹੱਥਲੀ ਪੁਸਤਕ ਵਿਚ ਪਿੱਛੇ ਖੁੱਲ੍ਹੀ ਵਿਚਾਰ ਹੋ ਚੁੱਕੀ ਹੈ। ਮਨਘੜ੍ਹਤ ਸਾਖੀਆਂ ਵਾਸਤੇ ਗੁਰਮਤਿ ਅੰਦਰ ਕੋਈ ਥਾਂ ਨਹੀਂ ਹੈ।

ਜੋਤਿ ਇਲਾਹੀ ਬਾਬਾ ਨੰਦ ਸਿੰਘ ਵਿਚ ਅੱਗੇ ਲਿਖਿਆ ਹੈ ਕਿ ਬਾਬਾ ਜੀ ਜਾਣਦੇ ਸਨ ਕਿ ਬਾਬਾ ਹਰਨਾਮ ਸਿੰਘ ਜੀ ਨੇ ਡਰੋਲੀ ਨੂੰ ਇਸ਼ਾਰਾ ਕੀਤਾ ਹੈ ਕਿ ਮਹਾਂਪੁਰਖਾਂ ਦੀ ਸੇਵਾ ਕਰੋ ਉਹ ਮਿਹਰ ਕਰਨਗੇ।

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 92

ਵਿਚਾਰ—ਇਹ ਸਾਧ ਕਿਤੇ ਵੀ ਗੁਰੂ ਪ੍ਰਮਾਤਮਾ ਦੀ ਸੇਵਾ ਦੀ ਗੱਲ ਨਹੀਂ ਕਰ ਰਹੇ ਕੇਵਲ ਮਹਾਂਪੁਰਖਾਂ ਦੀ ਸੇਵਾ ਦੀ ਗੱਲ ਕਰ ਰਹੇ ਹਨ।

ਇਲਾਹੀ ਜੋਤ ਬਾਬਾ ਨੰਦ ਸਿੰਘ 'ਚ ਅੱਗੇ ਲਿਖਿਆ ਹੈ ਕਿ ਜਿਸ ਸਾਧੂ ਕੋਲ ਮਾਇਆ ਹੈ ਉਹ ਕੌਡੀ ਦਾ ਨਹੀਂ ਹੈ ਅਤੇ ਜਿਸ ਗ੍ਰਿਹਸਤੀ ਕੋਲ ਮਾਇਆ ਨਹੀਂ ਉਹ ਕੌਡੀ ਦਾ ਨਹੀਂ ਹੈ। ਜਿਸ ਕੋਲ ਮਾਇਆ ਹੈ, ਉਸ ਸਾਧੂ ਨੂੰ ਦਰਗਾਹੀ ਦਾਤਿ ਨਹੀਂ ਮਿਲ ਸਕਦੀ।

ਇਲਾਹੀ ਜੋਤ ਬਾਬਾ ਨੰਦ ਸਿੰਘ ਪੰਨਾ 94

ਵਿਚਾਰ—ਇਹਨਾਂ ਸਾਧਾਂ ਦੀ ਆਪੇ ਘੜੀ ਫ਼ਿਲਾਸਫੀ ਇਕ ਦੂਜੇ ਨਾਲ ਨਹੀਂ ਰਲਦੀ। ਇਹ ਕਹਿੰਦੇ ਹਨ ਜਿਸ ਸਾਧ ਕੋਲ ਮਾਇਆ ਹੈ ਉਹ ਕੌਡੀ ਦਾ ਨਹੀਂ ਪਰ ਬਹੁਤ ਸਾਧ ਇਹ ਕਹਿ ਰਹੇ ਹਨ ਕਿ ਸਾਧਾਂ ਤੋਂ ਬਿਨ੍ਹਾਂ ਇਹ ਮਾਇਆ ਸਫਲੀ ਨਹੀਂ ਹੋ ਸਕਦੀ। ਅੱਜ ਦੇ ਸਾਧਾਂ ਕੋਲ ਜੋ ਮਾਇਆ, ਕਾਰਾਂ, ਡੇਰੇ ਹਨ ਪਾਠਕ ਆਪ ਅੰਦਾਜ਼ਾ ਲਾਉਣ। ਬਾਬਾ ਨੰਦ ਸਿੰਘ ਦੇ ਕਹਿਣ ਮੁਤਾਬਕ ਇਕ ਵੀ ਸਾਧ ਕੋਲ ਦਰਗਾਹੀ ਦਾਤਿ ਨਹੀਂ ਹੈ। ਇਹ ਸਾਰੇ ਸਾਧ, ਸਿੱਖ ਧਰਮ ਨੂੰ ਪੱਥਰ ਯੁਗ ਦਾ ਧਰਮ ਬਣਾਉਣ ਵਾਸਤੇ ਪੰਥ ਦੋਖੀਆਂ ਅਤੇ ਬੇਰੁਜ਼ਗਾਰੀ ਨੇ ਪੈਦਾ ਕੀਤੇ ਹਨ। ਇਹਨਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।

ਬਾਬਾ ਈਸ਼ਰ ਸਿੰਘ ਨਾਨਕਸਰ ਵਾਲੇ

ਬਾਬਾ ਨੰਦ ਸਿੰਘ ਤੋਂ ਬਾਅਦ ਬਾਬਾ ਈਸ਼ਰ ਸਿੰਘ ਹੋਏ ਹਨ, ਇਹ ਕਾਫ਼ੀ ਚਿਰ ਬਾਬਾ ਨੰਦ ਸਿੰਘ ਦੇ ਨਾਲ ਰਹੇ ਦੱਸੇ ਜਾ ਰਹੇ ਹਨ। ਇਹ ਸਾਰੇ ਸੰਤ ਆਪਣੇ ਪੱਕੇ ਸੁਭਾ ਦੇ ਮੁਤਾਬਕ ਆਪਣੇ ਸਾਰੇ ਚੇਲਿਆਂ ਨੂੰ ਪਿਛਲੇ ਜਨਮ ਦੇ ਸੰਬੰਧਾਂ

ਕਰਕੇ ਮਿਲੇ ਦੱਸਦੇ ਹਨ। ਇਹ ਵੀ "ਧੰਨ ਧੰਨ ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਮੰਨਣ ਦੀ ਬਜਾਏ ਬਾਬਾ ਨੰਦ ਸਿੰਘ ਨੂੰ ਆਪਣਾ ਪੂਰਾ ਗੁਰੂ ਮੰਨਦੇ ਰਹੇ। 29 ਅਗਸਤ 1943 ਨੂੰ ਬਾਬਾ ਨੰਦ ਸਿੰਘ ਦੀ ਪੱਗ ਬਾਬਾ ਈਸ਼ਰ ਸਿੰਘ ਨੂੰ ਬੱਝ ਗਈ ਅਤੇ ਨਾਲ ਹੀ ਡੇਰੇ ਵਿਚ ਈਰਖਾ ਦੇ ਭਾਂਬੜ ਮਚ ਗਏ। ਸੰਤ ਈਸ਼ਰ ਸਿੰਘ ਇਥੋਂ ਦੇਹਰਾਦੂਨ ਚਲੇ ਗਏ। ਫਿਰ 1944 ਵਿਚ ਪਿੰਡ ਝੋਰੜੀ ਆ ਗਏ ਇਥੇ ਆ ਕੇ 101 ਅਖੰਡ ਪਾਠ ਅਤੇ ਇਕ ਵੱਡਾ 28 ਦਿਨ ਵਾਲਾ ਸੰਪਟ ਅਖੰਡ ਪਾਠ ਕਰਾਇਆ।

ਨੋਟ—(ਪਾਠਕ ਪਿੱਛੇ ਪੜ੍ਹ ਆਏ ਹਨ ਕਿ ਗੁਰਮਤਿ ਵਿਚ ਐਸੀਆਂ ਰਮਾਇਣ ਦੀ ਤਰਜ਼ 'ਤੇ ਕੀਤੀਆਂ ਇਕੋਤਰੀਆਂ ਅਤੇ ਸੰਪਟ ਪਾਠਾਂ ਵਾਸਤੇ ਕੋਈ ਥਾਂ ਨਹੀਂ ਹੈ।)

ਸੰਨ 1950 ਵਿਚ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਨਾਨਕਸਰ ਠਾਠ ਆ ਗਏ ਅਤੇ ਉਥੇ ਇਕ ਸਰੋਵਰ ਬਣਾਉਣਾ ਸ਼ੁਰੂ ਕਰ ਦਿੱਤਾ। ਬਾਬਾ ਨੰਦ ਸਿੰਘ ਨੇ ਜ਼ਿੰਦਗੀ ਭਰ ਕੱਖਾਂ ਦੀ ਕੁੱਲੀ ਵੀ ਨਾ ਬਣਾਈ, ਪਰ ਇਹਨਾਂ ਨੇ ਸ਼ਾਹੀ ਠਾਠ ਬਣਾ ਦਿੱਤੇ, ਸਰੋਵਰ ਬਣਾ ਦਿੱਤੇ, ਜਦੋਂ ਕਿ ਗੁਰਮਤਿ ਅੰਦਰ ਦੋਵੇਂ ਹੀ ਅਪ੍ਰਵਾਨ ਹਨ। ਗੁਰੂ ਘਰ ਅੰਦਰ "ਗੁਰੂ ਨਾਨਕ ਦੇਵ ਜੀ" ਦੇ ਸਮੇਂ ਤੋਂ ਚਲਦੀ ਆ ਰਹੀ ਲੰਗਰ ਦੀ ਪ੍ਰਥਾ ਨੂੰ ਸਦਾ ਵਾਸਤੇ ਖਤਮ ਕਰਨ ਦੀ ਅਸਫਲ ਕੋਸ਼ਿਸ਼ ਇਹਨਾਂ ਨਾਨਕਸਰੀਆਂ ਨੇ ਕੀਤੀ ਹੈ। ਡੇਰੇ ਵਿਚ ਲੰਗਰ ਨਹੀਂ ਸੀ ਪਕਾਉਂਦੇ ਬਾਹਰੋਂ ਆਉਣ ਵਾਲਾ ਲੰਗਰ ਇਹ ਸਦਾ ਉਡੀਕਦੇ ਰਹੇ। ਸਾਧਾਂ ਵਿਚੋਂ ਸਭ ਤੋਂ ਦਲਿਦਰੀ ਹੋਣ ਦਾ ਸਬੂਤ ਇਹਨਾਂ ਨੇ ਦਿੱਤਾ ਹੈ। ਇਹ ਮੱਸਿਆ ਅਤੇ ਪੂਰਨਮਾਸ਼ੀਆਂ ਬੜੀਆਂ ਮਨਾਉਂਦੇ ਹਨ ਕਿਉਂਕਿ ਇਹ ਸਦਾ ਹਿੰਦੂ ਮਤ ਦੇ ਧਾਰਨੀ ਰਹੇ ਹਨ। ਇਹ ਜਿਨ੍ਹਾਂ ਨੂੰ ਅੰਮ੍ਰਿਤ ਛਕਾਉਂਦੇ ਉਹਨਾਂ ਦੀ ਗਿਣਤੀ ਲਿਸਟਾਂ ਜ਼ਰੂਰ ਸਾਂਭ ਕੇ ਰੱਖਦੇ ਜਦੋਂ ਕਿ ਇਹਨਾਂ ਤੋਂ ਅੰਮ੍ਰਿਤ ਛਕਣ ਵਾਲਿਆਂ ਨੇ ਅੰਮ੍ਰਿਤ ਰਹਿਤ ਨੂੰ ਕਦੇ ਵੀ ਸੰਭਾਲਣ ਦੀ ਜ਼ਰੂਰਤ ਨਾ ਸਮਝੀ।

ਇਹਨਾਂ ਦੀ ਪੁਸਤਕ 'ਅਮੁਲੀਕ ਬਚਨ' ਵਿਚੋਂ ਪਾਠਕਾਂ ਨਾਲ ਵਿਚਾਰ ਸਾਂਝੇ ਕਰ ਰਿਹਾ ਹਾਂ।

ਅਮੁਲੀਕ ਬਚਨ ਦੇ ਅੰਦਰ ਇਹ ਲਿਖਦੇ ਹਨ—ਵਾਪਸ ਆਉਂਦੇ ਹੋਏ ਹਰੀਕੇ ਪੱਤਣ ਦਰਿਆ ਦੇ ਪੁਲ ਨੂੰ ਪੈਦਲ ਪਾਰ ਕੀਤਾ ਜਾਏ ਅਤੇ ਫੁਰਮਾਇਆ ਕਿ ਇਹ ਜਗ੍ਹਾ ਸਾਨੂੰ ਬੜੀ ਚੰਗੀ ਲੱਗਦੀ ਹੈ। ਇਥੇ ਆ ਕੇ ਕਦੇ ਠਹਿਰਾਂਗੇ। ਇਥੇ ਪਾਣੀ ਬਾਬਾ ਨੰਦ ਸਿੰਘ ਦੇ ਚਰਨਾਂ ਨਾਲ ਛੋਹ ਕੇ ਆਉਂਦਾ ਹੈ।

ਅਮੁਲੀਕ ਬਚਨ ਪੰਨਾ 19

ਵਿਚਾਰ—ਪਾਠਕ ਆਪ ਅੰਦਾਜ਼ਾ ਲਾਉਣ ਇਹ ਇਹਨਾਂ ਗੁਰੂਆਂ ਦੇ ਚਰਨਾਂ

ਦੀ ਕੋਈ ਯਾਦ ਨਹੀਂ ਆ ਰਹੀ ਪਰ ਬਾਬਾ ਨੰਦ ਸਿੰਘ ਦੇ ਚਰਨਾਂ ਦੀ ਯਾਦ ਬਾਰ-ਬਾਰ ਆ ਰਹੀ ਹੈ। ਸਮਝਦਾਰ ਬੰਦੇ ਸਮਝ ਜਾਂਦੇ ਹਨ ਕਿ ਇਹਨਾਂ ਸਾਧਾਂ ਨੇ ਲੋਕਾਂ ਨੂੰ ਗੁਰੂ ਨਾਲੋਂ ਤੋੜ ਕੇ ਮਨੁੱਖਾਂ ਨਾਲ ਜੋੜ ਦਿੱਤਾ ਹੈ।

ਅਮੁਲੀਕ ਬਚਨ ਵਿਚ ਅੱਗੇ ਇੰਜ ਲਿਖਿਆ ਹੈ ਕਿ 20 ਮਿੰਟ ਪਹਿਲਾ ਫੁਰਨਾ ਬਣ ਗਿਆ ਮਹਾਂਪੁਰਸ਼ਾਂ ਦਾ ਕਿ ਮਾਲਾ ਚਾਹੀਦੀ ਹੈ, ਪਰ ਵੱਡੀ ਦੇਣ, ਸ਼ਾਇਦ ਹੋਵੇ ਨਾ। ਲਿਆਉ ਭਾਈ ਮਹਾਂਪੁਰਸ਼ਾਂ ਨੂੰ ਜੰਗਲ 'ਚ ਬੈਠੇ ਹਾਂ। ਮਹਾਂਪੁਰਸ਼ਾਂ ਨੂੰ ਗਹਿਣਾ ਦੇਈਏ। ਮਹਾਂਪੁਰਸ਼ਾਂ ਦਾ ਗਹਿਣਾ ਹੈ ਇਹ ਮਾਲਾ ਇਹ ਸ਼ਿੰਗਾਰ ਹੈ। ਮੈਂ ਕਿਹਾ ਮਹਾਂਪੁਰਸ਼ੋ ਫ਼ਕੀਰੀ ਠਾਠ ਹੈ, ਮਹਾਂਪੁਰਸ਼ਾਂ ਦੀ ਬਾਂਹ ਹੈ ਮਾਲਾ ਜੇ ਤੁਸੀਂ ਮਨਜ਼ੂਰ ਕਰੋ। ਮਹਾਂਪੁਰਸ਼ਾਂ ਨੇ ਮਾਲਾ ਫੜ ਲਈ।

ਅਮੁਲੀਕ ਬਚਨ ਪੰਨਾ 48

ਵਿਚਾਰ—ਇਹ ਕਿਹੜੀ ਮਾਲਾ ਦੀਆਂ ਗੱਲਾਂ ਕਰਦੇ ਹਨ ਹੱਥਲੀ ਪੁਸਤਕ ਵਿਚ ਪਿੱਛੇ ਇਸ ਬਾਰੇ ਖੁੱਲ੍ਹੀ ਵਿਚਾਰ ਹੋ ਚੁੱਕੀ ਹੈ ਕਿ ਇਸ ਮਾਲਾ ਦਾ ਗੁਰਮਤਿ ਅੰਦਰ ਕੋਈ ਵਿਧਾਨ ਨਹੀਂ ਹੈ ਇਹ ਹਿੰਦੂ ਮਤ ਹੈ। ਇਹਨਾਂ ਸਾਧਾਂ ਨੇ ਆਪਣੀਆਂ ਲਿਖਤਾਂ ਵਿਚ ਅੰਤਰਯਾਮਤਾ ਅਤੇ ਬਾਹਰਯਾਮਤਾ, ਅੰਦਰ ਦੀਆਂ ਬੁੱਝਣ ਵਾਲੀਆਂ ਗੱਲਾਂ ਕੀਤੀਆਂ ਹਨ ਜੋ ਕੇਵਲ ਆਪਣੇ ਆਪ ਦੀ ਪ੍ਰਭਤਾ ਵਧਾਉਣ ਵਾਸਤੇ ਇਹਨਾਂ ਕੀਤੀਆਂ ਹਨ। ਗੁਰਦੁਆਰਿਆਂ ਅੰਦਰ ਰਹਿ ਰਹੇ ਸਿੱਖ ਗੁਰੂ ਤੋਂ ਕੋਹਾਂ ਦੂਰ ਹੋ ਗਏ, ਧਰਮ ਉੱਤੇ ਸਿਆਸਤ ਭਾਰੂ ਹੋ ਗਈ। 90% ਨੌਜਵਾਨ ਮੋਨੇ ਹੋ ਗਏ ਪਰ ਲੰਮੇ ਸਮੇਂ ਤੋਂ ਇਹਨਾਂ ਸਾਧਾਂ ਦੀ ਅੰਤਰਯਾਮਤਾ ਕਿਸੇ ਹਨ੍ਹੇਰੇ ਡੂੰਘੇ ਖੂਹ ਵਿਚ ਡਿੱਗੀ ਪਈ ਹੈ। ਗੁਰਬਾਣੀ ਅੰਦਰ ਜਿੰਨੇ ਵੀ ਸੰਤੁ, ਸੰਤ, ਸੰਤਨ, ਸੰਤ ਸੰਗਤਿ, ਸਾਧੁ, ਸਾਧ, ਸਾਧਨ, ਸਾਧ ਸੰਗਤਿ ਅੱਖਰ ਆਏ ਹਨ ਇਹਨਾਂ ਸਾਧਾਂ ਨੇ ਇਹਨਾਂ ਅੱਖਰਾਂ ਦੇ ਗਲਤ ਅਰਥ ਕਰਕੇ ਸਾਰੇ ਆਪਣੇ ਆਪ ਨਾਲ ਢੁਕਾਏ ਹੋਏ ਹਨ। ਜੇ ਕੋਈ ਕਹੇ 'ਬਨਾਰਸ ਕੇ ਠਗਿ' ਤਾਂ ਇਹ ਕਹਿੰਦੇ ਹਨ ਕਿ ਇਹ ਸਾਡੇ ਵਾਸਤੇ ਨਹੀਂ ਹੈ। ਇਹ ਹਮੇਸ਼ਾਂ 'ਸਾਧ ਕੀ ਮਹਿਮਾ' ਵਾਲੀਆਂ ਪੰਗਤੀਆਂ ਸੁਣਾਉਂਦੇ ਹਨ ਪਰ 'ਗੁਰ ਕੀ ਮਹਿਮਾ' ਵਾਲੀਆਂ ਪੰਗਤੀਆਂ ਇਹ ਸੰਗਤਾਂ ਦੇ ਇਕੱਠ ਵਿਚ ਕਦੇ ਵੀ ਨਹੀਂ ਸੁਣਾਉਂਦੇ। ਇਹ ਸਾਰੇ ਭੁਲੇਖੇ ਇਹਨਾਂ ਨੇ ਆਪ ਹੀ ਸੰਗਤਾਂ ਅੰਦਰ ਪਾਏ ਹੋਏ ਹਨ।

ਅਮੁਲੀਕ ਬਚਨ ਵਿਚ ਅੱਗੇ ਲਿਖਿਆ ਹੈ ਕਿ ਬਾਬਾ ਜੀ ਨਿੱਤ ਨਵੇਂ, ਬਾਬਾ ਜੀ ਦੀ ਮਰਿਯਾਦਾ, ਬਾਬਿਆਂ ਦਾ ਨਾਉਂ ਵੀ ਨਿੱਤ ਨਵਾਂ ਹੈ। ਪਰ ਕਿਸਦੇ ਲਈ ਨਵਾਂ ਹੈ? ਭਾਵਨਾ ਵਾਲੇ ਲਈ।

ਅਮੁਲੀਕ ਬਚਨ ਪੰਨਾ 169

ਵਿਚਾਰ—ਗੁਰ ਫੁਰਮਾਨ ਹੈ "ਸਚੁ ਪਰਮੇਸਰੁ ਨਿਤ ਨਵਾ" ਗੁਰ ਕਿਰਪਾ

ਤੇ ਨਿਤਚਵ੍ਾ। 'ਸਾਹਿਬ ਮੇਰਾ ਨੀਤ ਨਵਾਂ' ਗੁਰੂ ਨੇ ਬਚਨ ਕੀਤੇ ਹਨ ਪਰ ਇਹ ਸਾਧ, ਗੁਰੂ ਪ੍ਰਮਾਤਮਾ ਨੂੰ ਵਿਚੋਂ ਖਤਮ ਹੀ ਕਰੀ ਜਾ ਰਹੇ ਹਨ। ਇਹ ਕਹਿ ਰਹੇ ਹਨ ਬਾਬਾ ਜੀ ਨਿੱਤ ਨਵੇਂ, ਬਾਬਾ ਜੀ ਦੀ ਮਰਯਾਦਾ ਨਵੀਂ, ਬਾਬਿਆਂ ਦਾ ਨਾਓਂ ਵੀ ਨਿੱਤ ਨਵਾਂ। ਇਹ ਸਾਧ ਗੁਰੂ ਪ੍ਰਮਾਤਮਾ ਵੀ ਆਪ ਹੀ ਬਣੇ ਹੋਏ ਹਨ।

ਅਮੁਲੀਕ ਬਚਨ 'ਚ ਅੱਗੇ ਲਿਖਿਆ ਹੈ ਕਿ "ਮੁਖ ਤੇ ਨਿਮਖ ਬੁਲਾਈ" ਕੀ ਕਿਤਨੇ ਸੁਖ ? ਇਕ ਰਾਜ ਨਹੀਂ, ਕਰੋੜਾਂ ਸੁਖ ਪਾਏ, ਖੁਸ਼ੀ। ਮੁਖ ਤੇ ਨਿਮਖ ਬੁਲਾਈ।

ਅਮੁਲੀਕ ਬਚਨ ਪੰਨਾ 175

ਵਿਚਾਰ—ਗੁਰਬਾਣੀ "ਕੋਟਿ ਸੂਖ ਆਨੰਦ ਰਾਜ ਪਾਏ ਮੁਖਤੇ ਨਿਮਖ ਬੁਲਾਈ।" ਇਸਦੇ ਵੀ ਅਰਥ ਇਹਨਾਂ ਸਾਧਾਂ ਨੇ ਆਪਣੀ ਮਰਜ਼ੀ ਨਾਲ ਕੀਤੇ ਹਨ ਕਿ ਬਾਬਾ ਨੰਦ ਸਿੰਘ ਜੀ ਜਿਸਨੂੰ ਬੁਲਾ ਲੈਂਦੇ ਸੀ ਉਹ ਕਰੋੜਾਂ ਸੁੱਖਾਂ ਦਾ ਮਾਲਕ ਬਣ ਜਾਂਦਾ ਸੀ। ਕਿੱਥੇ ਉਹ ਕਰੋੜਾਂ ਸੁਖ, ਖੁਸ਼ੀਆਂ ? ਸਿੱਖ ਕੌਮ ਨੂੰ ਤਾਂ ਇਹ ਸਾਧ ਕੰਗਾਲ ਕਰਕੇ ਸੁੱਟ ਗਏ ਹਨ। ਸਿੱਖ ਕੌਮ ਅੰਦਰ ਥਾਂ-ਥਾਂ ਮਨਮਤਾਂ ਅਤੇ ਧੜੇਬੰਦੀਆਂ ਬਣੀਆਂ ਪਈਆਂ ਹਨ। ਅਮੁਲੀਕ ਬਚਨ 'ਚ ਅੱਗੇ ਲਿਖਿਆ ਹੈ ਕਿ ਜਿੰਨਾ ਚਿਰ ਗੁਰੂ ਮਹਾਂਪੁਰਖ ਬਚਨ ਨਾ ਕਰੇ, ਕਦੇ ਮਹਾਂ ਸੰਤੋਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕਦੇ ਪੂਰਨ ਧਿਆਨ ਨਹੀਂ ਲੱਗ ਸਕਦਾ।

ਅਮੁਲੀਕ ਬਚਨ ਪੰਨਾ 177

ਵਿਚਾਰ—ਗੁਰਵਾਕ ਹੈ "ਮਹਾਂ ਸੰਤੋਖ ਹੋਵੈ ਗੁਰਬਚਨੀ ਪ੍ਰਭ ਸਿਉ ਲਾਗੈ ਪੂਰਨਿ ਧਿਆਨ॥" ਗੁਰ ਕੇ ਬਚਨ ਦੀ ਗੱਲ ਹੈ, ਇਹ ਮਹਾਂਪੁਰਖ ਐਵੇ ਵਿਚ ਵੜੇ ਫਿਰਦੇ ਹਨ। ਐਸੀਆਂ ਗੱਲਾਂ ਕਰਕੇ ਇਹ ਸਾਧ, ਦੇਹਧਾਰੀ ਨਕਲੀ ਗੁਰੂਆਂ ਨੂੰ ਉਤਸ਼ਾਹਿਤ ਕਰਨ ਦਾ ਕੋਝਾ ਜਤਨ ਕਰ ਰਹੇ ਹਨ। ਇਹ ਸਾਰੇ ਸਾਧ ਹਮੇਸ਼ਾ ਇਹ ਕੋਸ਼ਿਸ਼ਾਂ ਕਰਦੇ ਆਏ ਹਨ ਕਿ "ਗੁਰੂ ਗ੍ਰੰਥ ਸਾਹਿਬ ਜੀ" ਨੂੰ ਪਿੱਛੇ ਅਤੇ ਮਹਾਂਪੁਰਖਾਂ ਨੂੰ ਅੱਗੇ ਕੀਤਾ ਜਾਵੇ। ਸਿੱਖ ਕੌਮ ਦੀ ਸਭ ਤੋਂ ਵੱਡੀ ਬਦਕਿਸਮਤੀ ਇਹੋ ਹੈ।

ਅਮੁਲੀਕ ਬਚਨ ਵਿਚ ਅੱਗੇ ਹੋਰ ਲਿਖਦੇ ਹਨ ਹਾਂ ਤੂੰ ਮਹਾਂਪੁਰਖ ਨੂੰ ਸੱਜਣ ਬਣਾ ਲੈ ਮਹਾਂਪੁਰਖ ਆਪੇ ਤੇਰੇ ਸੱਜਣ ਬਣ ਜਾਣਗੇ, ਨਾਲੇ ਲੋਕ ਦੇ ਅਤੇ ਪ੍ਰਲੋਕ ਦੇ, ਬਾਕੀ ਸਾਰੇ ਝੂਠੇ ਸੱਜਣ ਹਨ।

ਅਮੁਲੀਕ ਬਚਨ ਪੰਨਾ 179

ਵਿਚਾਰ—ਗੁਰ ਫੁਰਮਾਨ ਹੈ "ਇਕ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਬਾਦਿ॥" ਸੱਜਣ ਸਚਾ ਪਾਤਸ਼ਾਹ, ਸੱਜਣ ਦਾ ਗੁਰੂ, ਪ੍ਰਮਾਤਮਾ ਹੈ ਹੋਰ ਤਾਂ ਕਿਸੇ ਦੀ ਗੱਲ ਹੀ ਵਿਚ ਨਹੀਂ ਆਈ। ਇਹ ਮਹਾਂਪੁਰਖ ਵਿਚ ਕਿੱਥੋਂ ਆਏ ? ਇਹ

ਸਾਧ ਕਹਿੰਦੇ ਹਨ ਕਿ ਮਹਾਂਪੁਰਖਾਂ ਦੀ ਸੰਗਤ ਤੋਂ ਬਿਨ੍ਹਾਂ ਬੰਦਾ ਕਿਸੇ ਪਾਸੇ ਨਹੀਂ ਲੱਗ ਸਕਦਾ ਕੀ ਇਹ ਦੱਸਣਗੇ ਕਿ ਗੁਰੂ ਨਾਨਕ ਦੇਵ ਜੀ ਤੋਂ ਦਸਵੇਂ ਪਾਤਸ਼ਾਹ ਤਕ ਸਿੱਖ ਕੌਮ ਅੰਦਰ ਇਕ ਵੀ ਸੰਤ ਨਾਮ ਵਾਲਾ ਵਿਅਕਤੀ ਨਹੀਂ ਹੈ। ਕੇਵਲ ਗੁਰੂ ਹੈ, ਸਿੱਖ ਸਿੰਘ ਹੈ, ਤੀਜਾ ਤਾਂ ਵਿਚ ਹੈ ਹੀ ਕੋਈ ਨਹੀਂ। ਹੁਣ "ਗੁਰੂ ਗ੍ਰੰਥ ਸਾਹਿਬ" ਜੀ ਹਨ। ਅਸੀਂ ਇਹਨਾਂ ਦੇ ਸਿੰਘ ਹਾਂ। ਹੋਰ ਕਿਸੇ ਮਹਾਂਪੁਰਖ ਵਿਚੋਲੇ ਦੀ ਤਾਂ ਕੋਈ ਲੋੜ ਹੀ ਨਹੀਂ ਹੈ। ਪੰਜਾਬੀ ਦੀ ਕਹਾਵਤ ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ। ਇਹਨਾਂ ਦੀ ਤਾਂ ਇਹ ਗੱਲ ਬਣੀ ਹੋਈ ਹੈ।

ਅਮੁਲੀਕ ਬਚਨ 'ਚ ਅੱਗੇ ਲਿਖਿਆ ਹੈ ਰੱਬ ਭਗਤਾਂ ਦੇ ਅਧੀਨ ਹੈ। ਰੱਬ ਦਾ ਕਿਹਾ ਭਗਤ ਮੋੜ ਸਕਦੇ ਹਨ, ਪਰ ਰੱਬ, ਭਗਤਾਂ ਦਾ ਕਿਹਾ ਨਹੀਂ ਮੋੜ ਸਕਦਾ।

ਅਮੁਲੀਕ ਬਚਨ ਪੰਨਾ 193

ਵਿਚਾਰ—ਜਿਹੜੇ ਤਾਂ ਰੱਬ ਦੇ ਭਗਤ ਹਨ ਉਹ ਤਾਂ ਹਰ ਹਾਲਤ ਭਾਣਾ ਮੰਨਦੇ ਹਨ। ਰੱਬ ਦਾ ਕਿਹਾ ਕਦੇ ਨਹੀਂ ਮੋੜਦੇ। ਪਰ ਜਿਹੜੇ ਕਹਿੰਦੇ ਹਨ ਕਿ ਭਗਤ ਰੱਬ ਦਾ ਕਿਹਾ ਮੋੜ ਦਿੰਦੇ ਹਨ ਉਹ ਬਗਲੇ ਭਗਤ ਹੋ ਸਕਦੇ ਹਨ, ਉਹ ਮਾਇਆ ਦੇ ਭਗਤ ਹੋ ਸਕਦੇ ਹਨ। ਐਸੇ ਭਗਤ, ਹਰਨਾਖਸ਼ ਦੇ ਅਵਤਾਰ ਹੋ ਸਕਦੇ ਹਨ।

ਅਮੁਲੀਕ ਬਚਨ ਵਿਚ ਅੱਗੇ ਲਿਖਿਆ ਹੈ ਰੱਬ ਦੇ ਫੋਟੋ ਨੂੰ ਕਈ ਬੁੱਤ ਪ੍ਰਸਤੀ ਵੀ ਕਹਿ ਦਿੰਦੇ ਹਨ।

ਅਮੁਲੀਕ ਬਚਨ ਪੰਨਾ 203

ਵਿਚਾਰ—ਰੱਬ ਦਾ ਫੋਟੋ ਕੌਣ ਬਣਾ ਸਕਦਾ ਹੈ। ਸਿੱਖ ਧਰਮ ਅੰਦਰ ਮੂਰਤੀ ਪੂਜਾ, ਬੁੱਤ ਪ੍ਰਸਤੀ ਮਨ੍ਹਾ ਹੈ ਪਰ ਇਹਨਾਂ ਨਾਨਕਸਰੀਆਂ ਨੇ ਗੁਰੂਆਂ ਦੇ, ਪੱਥਰ ਦੇ ਬੁੱਤ ਬਣਾ ਕੇ ਡੇਰਿਆਂ ਵਿਚ ਖੜੇ ਕੀਤੇ ਹਨ। "ਗੁਰੂ ਨਾਨਕ" ਦੀ ਮਨਘੜਤ ਫੋਟੋ ਨੂੰ ਇਹ "ਗੁਰੂ ਗ੍ਰੰਥ ਸਾਹਿਬ" ਦੇ ਨੇੜੇ ਰੱਖਕੇ ਪੂਜਦੇ ਹਨ। ਇਹਨਾਂ ਨੂੰ ਗੁਰੂ 'ਤੇ ਪ੍ਰਤੀਤ ਨਹੀਂ ਹੈ ਪਰ ਫੋਟੋਆਂ 'ਤੇ ਪ੍ਰਤੀਤ ਹੈ। ਇਹ ਜ਼ਿਆਦਾ ਪ੍ਰਚਾਰ ਬ੍ਰਾਹਮਣੀ ਮੱਤ ਦਾ ਹੀ ਕਰਦੇ ਹਨ। ਜੋ ਸਿੱਖੀ ਵਾਸਤੇ ਘਾਤਕ ਹੈ। ਕਾਫੀ ਸਮਾਂ ਪਹਿਲਾਂ ਸਿੱਖੀ 'ਤੇ ਹਮਲੇ ਕਾਬਲ ਕੰਧਾਰ ਵਾਲੇ ਪਾਸਿਉਂ ਹੁੰਦੇ ਸਨ ਪਰ ਹੁਣ ਦਰਿਆ ਤੋਂ ਪਾਰੋਂ ਨਾਨਕਸਰੀਆਂ ਵੱਲੋਂ ਹੋ ਰਹੇ ਹਨ। ਫੋਕੇ ਸਿਆਸੀ ਲੋਕਾਂ ਨਾਲ ਰਲ ਕੇ ਇਹ ਲੋਕ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੇ ਹਨ। ਸਿੱਖ ਸੰਗਤਾਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ।

ਨੋਟ—ਇਹ ਇਕ ਫੋਟੋ ਵੀ ਲਈ ਫਿਰਦੇ ਹਨ ਜਿਸ ਬਾਰੇ ਕਹਿੰਦੇ ਹਨ ਕਿ 'ਗੁਰੂ ਨਾਨਕ ਦੇਵ ਜੀ' ਨੂੰ ਸਾਹਮਣੇ ਬਿਠਾ ਕੇ ਬਾਬਾ ਨੰਦ ਸਿੰਘ ਨੇ ਚਿਤਰਕਾਰ

ਤੋਂ ਬਣਵਾਈ ਸੀ ਅਤੇ ਇਹ ਇਸ ਮਨਤੜਤ ਫੋਟੋ ਨੂੰ 'ਗੁਰੂ ਨਾਨਕ ਦੇਵ ਜੀ' ਦੀ ਅਸਲੀ ਫੋਟੋ ਕਹਿ ਕੇ ਮਨਮੱਤ ਪ੍ਰਚਾਰ ਰਹੇ ਹਨ ਅਤੇ ਆਪਣੀ ਦੁਕਾਨਦਾਰੀ ਚਲਾ ਰਹੇ ਹਨ।

ਇਸ ਨਾਨਕਸਰ ਸੰਪ੍ਰਦਾਇ ਦੇ ਹੋਰ ਕਈ ਸੰਤ ਸਾਧੂ ਸਿੰਘ, ਜੋਗਿੰਦਰ ਸਿੰਘ, ਮਾਧੋ ਸਿੰਘ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਹਨ ਇਹਨਾਂ ਦੀ ਗਿਣਤੀ ਕਰਨੀ ਵੀ ਔਖੀ ਹੈ ਸਭ ਤੋਂ ਵੱਡਾ ਹੈੱਡਕੁਆਟਰ ਇਹਨਾਂ ਦਾ ਨਾਨਕਸਰ ਹੈ। ਰਾਈਫ਼ਲਾਂ ਰੱਖੀਆਂ ਹੋਈਆਂ ਹਨ ਆਪਸ ਵਿਚ ਇਹਨਾਂ ਦੀ ਹੱਦੋਂ ਵੱਧ ਈਰਖਾ ਹੈ ਆਪਸ ਵਿਚ ਗੋਲੀ ਚਲਦੀ ਹੈ। ਇਹਨਾਂ ਦੀ ਆਪਣੀ ਹੀ ਹੱਥ ਲਿਖਤ ਅੰਦਰ ਇਕ ਥਾਂ ਲਿਖਿਆ ਹੈ ਕਿ ਇਹ ਲੰਗਰ ਇਸ ਕਰਕੇ ਨਹੀਂ ਪਕਾਉਂਦੇ ਕਿ ਖਾਣ ਤੋਂ ਸਿੱਖ ਲੜ ਪੈਂਦੇ ਹਨ ਤਾਂ ਨਾਲ ਹੀ ਕਹਿੰਦੇ ਹਨ ਕਿ "ਗੁਰੂ ਗ੍ਰੰਥ ਸਾਹਿਬ" ਨੂੰ ਮਾਇਆ ਪੈਸਾ ਇਸ ਕਰਕੇ ਮੱਥਾ ਨਹੀਂ ਟੇਕਣ ਦਿੰਦੇ ਕਿ ਸਿੱਖ ਮਾਇਆ ਤੋਂ ਲੜ ਪੈਂਦੇ ਹਨ ਪਰ ਹੁਣ ਸਿੱਖ ਕੌਮ ਜਾਗ ਰਹੀ ਹੈ ਇਕ ਦਿਨ ਇਹਨਾਂ ਨੂੰ ਜ਼ਰੂਰ ਪੁੱਛੇਗੀ ਕਿ ਲੰਗਰ ਤੁਸੀਂ ਨਹੀਂ ਲਾਉਂਦੇ, ਪੈਸਿਆਂ ਦਾ ਮੱਥਾ ਤੁਸੀਂ "ਗੁਰੂ ਗ੍ਰੰਥ ਸਾਹਿਬ" ਨੂੰ ਨਹੀਂ ਟੇਕਣ ਦਿੰਦੇ ਪਰ ਤੁਹਾਡੀ ਆਪਸ ਵਿਚ ਗੋਲੀ ਕਿਸ ਗੱਲ ਤੋਂ ਚੱਲ ਰਹੀ ਹੈ ? ਮਾਇਆ ਤੋਂ ਬਿਨ੍ਹਾਂ ਕਿਸੇ ਝਗੜੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸੰਤ ਜਗਰੂਪ ਸਿੰਘ ਨਾਨਕਸਰੀਆ ਅਤੇ ਹੋਰ ਇਹਨਾਂ ਦੇ ਕਈ ਕੀਰਤਨੀਏ ਸਮੇਤ ਗੁਰ-ਇਕਬਾਲ ਸਿੰਘ ਸਭ ਬ੍ਰਾਹਮਣੀ ਮਤਾਂ ਦਾ ਪ੍ਰਚਾਰ ਕਰ ਰਹੇ ਹਨ। ਇਹਨਾਂ ਦੀਆਂ ਲਿਸਟਾਂ ਅਤੇ ਲਿਖਤੀ/ਕੇਸਿਟ ਸਮੱਗਰੀ ਇਕੱਠੀ ਕਰਨ ਵਾਸਤੇ ਅਜੇ ਟਾਈਮ ਲੱਗਣਾ ਹੈ। ਉਹ ਹੱਥਲੀ ਪੁਸਤਕ ਦੇ ਦੂਸਰੇ ਭਾਗ ਵਿਚ ਲਿਖ ਕੇ ਸਿੱਖ ਸੰਗਤਾਂ (ਸੱਚ ਦੀ) ਕਚਿਹਰੀ ਵਿਚ ਹਾਜ਼ਰ ਕਰ ਦੇਵਾਂਗੇ।

ਬਾਬਾ ਪਿਤਾ ਸ਼ਹੀਦ ਫਾਬਸਰ ਪੱਧਰੀ ਵਾਲਾ

ਇਸਨੂੰ ਮਿਲਣ 'ਤੇ ਪਤਾ ਲੱਗਾ ਇਹ ਇਕ ਸੜਿਆ ਨਿਹੰਗ ਹੈ ਜੇ ਇਹ ਡੇਰੇ ਨਾ ਵੜਦਾ ਤਾਂ ਸੱਚ ਜਾਣਿਉ, ਇਹਨੂੰ ਕਿਸੇ ਨੇ ਦਿਹਾੜੀ 'ਤੇ ਵੀ ਨਹੀਂ ਸੀ ਖੜਨਾ। ਇਸਦੇ ਹੀ ਡੇਰੇ ਦੇ ਇਹਦੇ ਮੰਗ ਦੇ ਟੁਕੜਿਆਂ 'ਤੇ ਪਲਣ ਵਾਲੇ ਦਰਸ਼ਨ ਸਿੰਘ ਕੀਰਤੋਵਾਲ ਨੇ ਇਸ ਸਾਧ ਦੇ ਬਾਰੇ ਇਕ ਕਿਤਾਬ ਲਿਖੀ ਹੈ ਕਿਤਾਬ ਦਾ ਨਾ ਰੱਖਿਆ (ਗੁਰੂ ਗਰੀਬ ਨਿਵਾਜ਼) ਇਹ ਗੁਰੂ ਗਰੀਬ ਨਿਵਾਜ਼ ਇਸ ਲਿਖਾਰੀ ਨੇ ਇਸ ਸਾਧ ਨੂੰ ਕਿਹਾ ਹੈ ਜੋ ਕਿ ਲਿਖਾਰੀ ਨੇ ਇਸ ਸਾਰੀ ਲਿਖਤ ਵਿਚ ਇਕ ਵੀ ਅੱਖਰ ਗੁਰਮਤਿ ਨਾਲ ਸੰਬੰਧਤ ਨਹੀਂ ਲਿਖਿਆ। ਇਸ ਲਿਖਾਰੀ ਨੇ ਇਸ ਸਾਧ ਬਾਰੇ ਇਸ ਤਰ੍ਹਾਂ ਦੀ ਕਿਤਾਬ ਲਿਖਕੇ ਘੋਰ ਪਾਪ ਕੀਤਾ ਹੈ। ਜਾਗੀ ਹੋਈ ਸਿੱਖ-ਕੌਮ ਮੂੰਹ ਤੋੜਵਾਂ ਜਵਾਬ ਦੇਵੇਗੀ। ਇਸ ਸਾਧ ਦੀ ਕਿਤਾਬ ਬੈਨ ਹੋਵੇਗੀ ਅਤੇ ਜਾਗੀ

ਜਮੀਰ ਵਾਲੇ ਸਿੰਘ ਇਸ ਕਿਤਾਬ ਦੀਆਂ ਕਾਪੀਆਂ, ਅਖ਼ਬਾਰ ਪੱਤਰਕਾਰਾਂ ਦੇ ਸਾਹਮਣੇ ਸਾੜ ਕੇ ਅਖ਼ਬਾਰਾਂ ਰਾਹੀਂ ਇਹ ਮਨਮੱਤ ਜੋ ਧਰਮ ਦਾ ਬੁਰਕਾ ਪਾ ਕੇ ਕੀਤੀ ਜਾ ਰਹੀ ਹੈ। ਇਸਦਾ ਪਾਜ ਖੋਲ੍ਹ ਕੇ ਛੱਡਣਗੇ। ਲਿਖਾਰੀ ਨੇ ਇਸ ਸਾਧ ਨੂੰ ਗੁਰੂ ਗੋਬਿੰਦ ਸਿੰਘ ਖ਼ੁਦ, ਖ਼ੁਦ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਖਿਆ ਹੈ। ਕੀ ਇਹ ਸਾਧ ਆਪ ਹੀ ਸ੍ਰਿਸ਼ਟੀ ਦਾ ਕਰਤਾ ਹੈ। ਗੁਰੂ ਗਰੀਬ ਨਿਵਾਜ਼ ਦਾ ਲਿਖਾਰੀ ਸ਼ੁਰੂ ਵਿਚ ਹੀ ਕਈ ਮਨਮੱਤਾਂ ਲਿਖਣ ਤੋਂ ਬਾਅਦ ਲਿਖਦਾ ਹੈ ਕਿ ਛੇਵੇਂ ਪਾਤਸ਼ਾਹ ਨੇ ਵਰ ਦਿੱਤਾ ਕਿ ਇਸ ਛਪੜੀ 'ਤੇ ਇਕ ਅਵਤਾਰ ਪੈਦਾ ਹੋਵੇਗਾ ਤੇ ਇਸ ਢਾਕ ਨੂੰ ਢਾਬਸਰ ਪਵਿੱਤਰ ਅਸਥਾਨ ਸਾਰੀ ਦੁਨੀਆਂ ਤੋਂ ਆਲੀਸ਼ਾਨ ਸਚਖੰਡ ਸਥਾਨ ਬਣਾਏਗਾ। ਇਸ ਛੱਪੜੀ ਦਾ ਪਾਣੀ ਛਿੜਕ ਕੇ ਮਰਿਆਂ ਨੂੰ ਜਿਊਂਦੇ (ਉਠਾ ਕੇ ਬੈਠਾ) ਦਿਆ ਕਰੇਗਾ।

ਗੁਰੂ ਗਰੀਬ ਨਿਵਾਜ ਪੰਨਾ 10

ਵਿਚਾਰ—ਗੁਰੂ ਦੀ ਸਿੱਖੀ ਅੰਦਰ ਕਹਿਣੀ ਅਤੇ ਕਰਣੀ ਪ੍ਰਧਾਨ ਹੈ। ਇਹ ਵਰ ਸਰਾਪ ਹਿੰਦੂ ਮਤ ਹਨ। ਵਰਾਂ ਸਰਾਪਾਂ ਨਾਲ ਗੁਰਮਤਿ ਦਾ ਕੋਈ ਸੰਬੰਧ ਨਹੀਂ ਅਵਤਾਰਵਾਦ ਨੂੰ ਵੀ ਗੁਰਮਤਿ ਅੰਦਰ ਕੋਈ ਥਾਂ ਨਹੀਂ ਹੈ। ਕੀ ਇਹ ਸਾਧ ਦੱਸੇਗਾ ਕਿ ਇਹ ਢਾਬਸਰ, ਹਰਿਮੰਦਰ ਸਾਹਿਬ ਅੰਮ੍ਰਿਤਸਰ ਨਾਲੋਂ ਵੀ ਵੱਡਾ ਆਲੀਸ਼ਾਨ ਹੈ। ਗੁਰੂ ਦੇ ਪਵਿਤੱਰ ਸਥਾਨ ਲਾਹੌਰ ਜਿਥੇ ਪੰਜਵੇਂ ਪਾਤਸ਼ਾਹ ਤੱਤੀ ਤਵੀ 'ਤੇ ਬੈਠੇ, ਸਰਹੰਦ, ਚਮਕੌਰ ਸਾਹਿਬ, ਹਜ਼ੂਰ ਸਾਹਿਬ, ਮੁਕਤਸਰ ਸਾਹਿਬ ਅਤੇ ਹੋਰ ਕਈ ਪਵਿੱਤਰ ਸਥਾਨਾਂ ਨਾਲੋਂ ਵੱਡਾ ਸੱਚਖੰਡ ਇਸ ਸਾਧ ਨੇ ਕਿੱਥੋਂ ਲੈ ਆਂਦਾ। ਸੰਨ 84 ਵਿਚ ਦਰਬਾਰ ਸਾਹਿਬ 'ਤੇ ਹਮਲਾ ਹੋ ਗਿਆ। ਇਸ ਸਾਧ ਨੇ ਲੁਕ ਕੇ ਜਾਨ ਬਚਾਈ, ਕਿਹੜਾ ਮਰਿਆ, ਜਿੰਦਾ ਕੀਤਾ ਇਸਨੇ ? ਇਕ ਪ੍ਰਮਾਤਮਾ ਤੋਂ ਬਿਨਾਂ ਕੌਣ ਹੈ ਮਾਰਨ ਰੱਖਣ ਵਾਲਾ ? ਜਿਸ ਛਪੜੀ ਦੇ ਪਾਣੀ ਦੀ ਇਹ ਸਾਧ ਗੱਲ ਕਰਦਾ ਹੈ ਉਸ ਪਾਣੀ ਵੱਲ ਤਾਂ ਵੇਖਣ ਨੂੰ ਵੀ ਦਿਲ ਨਹੀਂ ਕਰਦਾ। ਪੀਣਾ ਉਹ ਕਿਸੇ ਨੇ ਕੀ ਹੈ ? ਇਹ ਸਾਧ ਹਰਨਾਖਸ਼ ਦੁਸਟ ਦਾ ਸਰੂਪ ਤਾਂ ਹੋ ਸਕਦਾ ਹੈ। ਪਰ "ਗੁਰੂ ਗੋਬਿੰਦ ਸਿੰਘ ਜੀ" ਅਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਦਾ ਰੂਪ ਹੋਣ ਦਾ ਇਹ ਕਿਤੇ ਸੁਪਨਾ ਵੀ ਨਾ ਲਵੇ, ਸਿੱਖ ਕੌਮ ਜਿਊਂਦੀ ਹੈ ਇਹਨੂੰ ਸਾਧ ਨੂੰ ਮੂੰਹ ਤੋੜਵਾਂ ਜਵਾਬ ਦੇਵੇਗੀ।

ਲਿਖਾਰੀ ਅੱਗੇ ਲਿਖਦਾ ਹੈ ਉਥੇ ਬੇਰ ਸਾਹਿਬ ਨਾਲ ਘੋੜਾ ਬੰਨ੍ਹ ਕੇ ਆਪ ਬਾਬਾ ਬਿਧੀ ਚੰਦ ਨੇ ਇਸ ਜਗ੍ਹਾ ਦੇਗ ਦਾ ਰਗੜਾ ਲਾਇਆ।

ਗੁਰੂ ਗਰੀਬ ਨਿਵਾਜ ਪੰਨਾ 11

ਵਿਚਾਰ—ਇਹ ਸਾਧ ਆਪ ਵੀ ਸੁੱਖਾ ਪੀਂਦਾ ਹੈ। ਇਹ ਸਭ ਨਸ਼ੇ ਖਾਣ ਦੇ ਬਹਾਨੇ ਹਨ ਗੁਰਸਿੱਖੀ ਅੰਦਰ, ਜਿੰਨੇ ਵੀ ਸੰਸਾਰ 'ਤੇ ਨਸ਼ੇ ਹਨ ਇਹ ਸਾਰੇ ਮਨ੍ਹਾਂ

ਹਨ। ਕੋਈ ਵੀ ਨਸ਼ਾ ਸੁੱਖਾ ਆਦਿਕ ਵੀ ਨਹੀਂ ਖਾਧਾ ਪੀਤਾ ਜਾ ਸਕਦਾ। ਐਸੇ ਵੀ ਗੁਰੂ ਦੇ ਸਿੱਖ ਹਨ ਜੋ ਚਾਹ ਵੀ ਨਹੀਂ ਛਕਦੇ। ਇਹ ਕਿਹੜੇ ਰਗੜਿਆਂ ਦੀਆਂ ਗੱਲਾਂ ਕਰਦੇ ਹਨ ?

ਲਿਖਾਰੀ ਅੱਗੇ ਲਿਖਦਾ ਹੈ ਕਿ ਬਾਬਾ ਮੌਤਾ ਸਿੰਘ ਜੀ ਇਥੇ ਹੋਏ ਹਨ ਕਈ ਵਾਰੀ ਉਹਨਾਂ ਦਾ ਸਰੀਰ ਟੁਕੜੇ-ਟੁਕੜੇ ਹੋਇਆ ਹੁੰਦਾ ਸੀ, ਕੋਈ ਲੱਤ ਕਿਤੇ ਪਈ, ਕੋਈ ਸਿਰ ਕਿਤੇ ਪਿਆ, ਕੋਈ ਬਾਂਹ ਕਿਤੇ, ਹੱਡੀਆਂ ਕਿਤੇ, ਲਹੂ ਕਿਤੇ। ਫਿਰ ਉਹ ਜਦੋਂ ਮਰਜ਼ੀ ਆਪਣਾ ਸਰੀਰ ਇਕੱਠਾ ਕਰ ਲੈਂਦੇ।

ਗੁਰੂ ਗਰੀਬ ਨਿਵਾਜ ਪੰਨਾ 12

ਵਿਚਾਰ—ਇਹਨਾਂ ਸਾਧਾਂ ਦੇ ਸਰੀਰ ਦੇ ਟੁਕੜੇ ਤਾਂ ਨਾ ਕਦੇ ਹੋਏ ਅਤੇ ਨਾ ਕਿਸੇ ਨੇ ਦੇਖੇ ਤੇ ਨਾ ਦੇਖਣੇ ਹਨ। ਇਹ ਆਪਸ ਵਿਚ ਜ਼ਰੂਰ ਟੁਕੜੇ-ਟੁਕੜੇ ਹੋਏ ਹਨ, ਇਕ ਦੂਜੇ ਵਾਸਤੇ ਈਰਖਾ ਇਹਨਾਂ ਦੇ ਅੰਦਰ ਕੁੱਟ-ਕੁੱਟ ਕੇ ਭਰੀ ਹੋਈ ਹੈ। ਇਕ ਦੂਜੇ 'ਤੇ ਗੋਲੀਆਂ ਚਲਾਉਂਦੇ ਹਨ। ਸਿੱਖ ਕੌਮ ਦੇ ਵੀ ਇਹਨਾਂ ਟੁਕੜੇ ਕਰ ਦਿੱਤੇ ਹਨ। ਕਿਸੇ ਸਾਧ ਵੱਲੋਂ ਕਦੇ ਵੀ ਸਿੱਖ ਕੌਮ ਦੇ ਟੁਕੜੇ ਜੋੜਨ ਵਾਸਤੇ ਇਕੱਠੇ ਕਰਨ ਵਾਸਤੇ ਇਕ ਵੀ ਕਦਮ ਨਹੀਂ ਚੁੱਕਿਆ ਗਿਆ। ਕੀ ਇਹਨਾਂ ਸਾਧਾਂ ਨੂੰ "ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ" ਗੁਰੂ ਪੰਥ (ਗੁਰਸਿੱਖੀ) ਦੀ ਆਨ-ਸ਼ਾਨ ਨਾਲੋਂ ਆਪਣੇ ਸਰੀਰ ਦੇ ਟੁਕੜੇ ਵੱਧ ਪਿਆਰੇ ਹਨ ?

ਅੱਗੇ ਲਿਖਾਰੀ ਲਿਖਦਾ ਹੈ ਕਿ ਸੰਤ ਬਾਬਾ ਮੌਤਾ ਸਿੰਘ ਜੀ ਦੇ ਥਾਣੇਦਾਰ ਨੇ ਡੰਡਾ ਮਾਰਿਆ ਤਾਂ ਥਾਣੇਦਾਰ ਨੂੰ ਬੰਨ੍ਹ ਪੈ ਗਿਆ।

ਗੁਰੂ ਗਰੀਬ ਨਿਵਾਜ ਪੰਨਾ 16

ਵਿਚਾਰ—ਗੁਰੂ ਦੇ ਸਿੱਖਾਂ ਵਾਸਤੇ ਤਾਂ ਕਿਹਾ "ਬੈਰੀ ਮੀਤ ਸਮਾਨ॥" "ਨਾ ਕੋ ਬੈਰੀ ਨਹੀ ਬੇਗਾਨਾ ਸਗਲ ਸੰਗਿ ਹਮ ਕਉ ਬਨਿਆਈ॥" ਸਿੰਘ ਨੇ ਤਾਂ ਗੁਰੂ ਦੀ ਆਨ-ਸ਼ਾਨ ਵਾਸਤੇ, ਗੁਰੂ ਪੰਥ ਦੀ ਆਨ-ਸ਼ਾਨ ਵਾਸਤੇ, ਜ਼ੁਲਮ ਦੇ ਖਿਲਾਫ਼ ਸਦਾ ਜੂਝਣਾ ਹੈ। ਨਿੱਜੀ ਰੰਜਸ਼ਾਂ ਤੋਂ ਖ਼ਾਲਸਾ ਸਦਾ ਉੱਪਰ ਰਿਹਾ ਹੈ। ਇਹ ਨਿੱਜੀ ਵੈਰ ਵਾਲੇ ਹਰਨਾਖਸ਼ ਮੱਤ ਦੇ ਸਾਧ ਕਿਧਰੋਂ ਜੰਮ ਪਏ ?

ਲਿਖਾਰੀ ਅੱਗੇ ਲਿਖਦਾ ਹੈ ਕਿ ਮਹਾਂਪੁਰਖ ਬਾਬਾ ਮੌਤਾ ਸਿੰਘ 22 ਸਾਲ ਦੀ ਲੜਕੀ ਵਿਚ ਪਹਿਰੇ ਦੇ ਰੂਪ ਆਉਂਦਾ ਰਿਹਾ ਹੈ, ਸਿਰ 'ਤੇ ਆ ਕੇ ਬੋਲਦਾ ਹੈ।

ਗੁਰੂ ਗਰੀਬ ਨਿਵਾਜ ਪੰਨਾ 17

ਵਿਚਾਰ—ਇਹ ਬਾਬਿਆਂ ਦਾ ਸਿਰ ਚੜ੍ਹ ਬੋਲਣਾ ਇਹ ਪਹਿਰੇ ਆਉਣਾ ਸਭ ਹਰਨਾਖਸ਼ ਮੱਤ ਹੈ। ਗੁਰਮਤਿ ਅੰਦਰ ਇਹ ਗੱਲਾਂ ਕਦੇ ਵੀ ਨਹੀਂ ਮੰਨੀਆਂ ਜਾ ਸਕਦੀਆਂ। ਇਹ ਬਾਬੇ ਜ਼ਿਆਦਾ ਲੜਕੀਆਂ ਵਿਚ ਆਉਂਦੇ ਦਸਦੇ ਹੋ ਕਦੇ

ਕਿਸੇ ਖੋਤੇ, ਸੂਰ, ਸੱਪ, ਮੱਝ, ਗਾਂ 'ਚ ਨਹੀਂ ਆਏ। ਧਰਮ ਦਾ ਬੁਰਕਾ ਪਾ ਕੇ ਇਹਨਾਂ ਸਾਧਾਂ ਨੇ ਐਸੀਆਂ ਗੱਲਾਂ ਕਿਤਾਬਾਂ ਵਿਚ ਲਿਖਕੇ ਘੋਰ ਪਾਪ ਕੀਤਾ ਹੈ।

ਅੱਗੇ ਲਿਖਾਰੀ ਲਿਖਦਾ ਹੈ ਕਿ ਇਹ ਜੋ ਬਾਬਾ ਪਿਤਾ ਸ਼ਹੀਦ ਜਿਸਦਾ ਛੋਟੇ ਹੁੰਦੇ ਦਾ ਨਾਂ ਬਾਬਾ ਪਿਆਰ ਹੈ। ਇਹ 'ਗੁਰੂ ਗੋਬਿੰਦ ਸਿੰਘ' ਦਾ ਖਾਸ ਅਵਤਾਰ ਹੈ ਕਿਉਂਕਿ ਬਾਬੇ ਸ਼ਹੀਦ ਦੀ ਮਾਤਾ ਨੇ ਕਿਸੇ ਸਾਧ ਕੋਲੋਂ ਵਰ ਲਿਆ ਸੀ ਕਿ ਮੇਰੇ ਘਰ ਕਲਗੀਧਰ ਅਵਤਾਰ ਜਨਮ ਲਵੇ ਜੋ ਦੁਨੀਆਂ ਨੂੰ ਤਾਰੇ ਗਲੋਂ ਗੁਲਾਮੀ ਲਾਹ ਜੁੱਗ ਪਲਟ ਦਏ। ਤਾਂ ਉਸ ਸਾਧ ਦੇ ਵਰ ਨਾਲ ਇਹ ਬਾਬਾ ਸ਼ਹੀਦ (ਪਹਿਲਾ ਨਾ ਬਾਬਾ ਪਿਆਰ) ਇਹ ਦਸਵਾਂ ਪਾਤਸ਼ਾਹ ਹੀ ਜੰਮ ਪਿਆ। ਜੰਮਦਿਆਂ ਸਾਰ ਹੀ ਦੇਵਤਿਆਂ ਫੁੱਲ ਬਰਸਾਏ, ਪਰੀਆਂ ਗੀਤ (ਮੰਗਲ) ਗਾਏ। ਚਾਰੇ ਪਾਸੇ ਚਾਨਣ ਹੀ ਚਾਨਣ ਹੋ ਗਿਆ। ਇਤਨਾਂ ਪ੍ਰਤਾਪ ਕਿ ਸੂਰਜ ਵੀ ਲੁਕਦਾ ਫਿਰੇ। ਰਿਸ਼ੀਆਂ ਮੁਨੀਆਂ ਨੇ ਵੀ ਆਪ ਆ ਕੇ ਵਧਾਈਆਂ ਦਿੱਤੀਆਂ। ਇਹ ਮਾਸ ਦਾ ਲੋਥੜਾ (ਰੱਬ) ਅਜੇ ਡੇਢ ਸਾਲ ਦਾ ਹੋਇਆ ਸੀ ਤਾਂ ਮਾ ਇਸਨੂੰ ਕਹਿੰਦੀ, ਚੰਗਾ! ਹੁਣ ਮੈਂ ਸੱਚਖੰਡ ਨੂੰ ਚਲਦੀ ਹਾਂ, ਨਾ ਤੂੰ ਕਿਸੇ ਦਾ ਗੁਲਾਮ ਹੋਵੀਂ ਤੇ ਨਾ ਦੁਨੀਆਂ ਨੂੰ ਕਿਸੇ ਦੀ ਗੁਲਾਮ ਹੋਣ ਦੇਵੀਂ। ਜ਼ੁਲਮ ਰਾਜ ਨੂੰ ਖਤਮ ਕਰੀਂ, ਸੱਚ ਦਾ ਪ੍ਰਕਾਸ਼ ਚਲਾਵੀਂ। ਸੋ ਮਾਤਾ ਡੇਢ ਸਾਲ ਦੇ ਇਸ ਰੱਬ ਨੂੰ ਛੱਡ ਕੇ ਸੱਚਖੰਡ ਚਲੀ ਗਈ।

ਗੁਰੂ ਗਰੀਬ ਨਿਵਾਜ ਪੰਨਾ 31-32

ਵਿਚਾਰ—ਲਿਖਾਰੀ ਨੇ ਇਸ ਸਾਧ ਨੂੰ 'ਗੁਰੂ ਗੋਬਿੰਦ ਸਿੰਘ' ਦਾ ਅਵਤਾਰ ਲਿਖ ਕੇ ਗੁਰਸਿੱਖਾਂ ਦੇ ਹਿਰਦੇ ਛਲਨੀ ਕਰ ਦਿੱਤੇ ਹਨ ਇਹ ਮਸਲਾ ਹਾਈ ਲੈਵਲ 'ਤੇ ਉਠਾ ਕੇ ਫਿਰ ਇਸਦਾ ਅਸਲੀ ਜਵਾਬ ਇਸ ਸਾਧ ਨੂੰ ਦੇਵਾਂਗੇ।

ਅੱਗੇ ਲਿਖਾਰੀ ਲਿਖਦਾ ਹੈ ਕਿ ਇਹ ਬਾਬਾ ਜੀ ਸਕੂਲ ਵੀ ਇਕ ਦਿਨ ਨਹੀਂ ਗਏ ਆਕਾਸ਼ ਵਿਚੋਂ ਰੈਡੀਮੇਡ ਪੜ੍ਹਾਈ ਇਹਨਾਂ ਵਾਸਤੇ ਉਤਰੀ। ਅੱਗੇ ਇਹ ਲਿਖਾਰੀ ਥਾਂ-ਥਾਂ 'ਤੇ ਇਸ ਸਾਧ ਨੂੰ 'ਦਸਵੇਂ ਪਾਤਸ਼ਾਹ' ਲਿਖ ਰਿਹਾ ਹੈ। ਜਿਥੇ ਵੀ ਇਹ ਸਾਧ ਬੈਠਦਾ ਧਰਤੀ ਨੂੰ ਭਾਗ ਲੱਗ ਜਾਂਦੇ। ਫਿਰ ਪਿਤਾ ਨੇ ਮੱਝਾਂ ਚਾਰਨ ਭੇਜਿਆ ਉਥੇ ਵੀ ਸਮਾਧੀ ਲਾਈ ਰੱਖਦੇ ਮੱਝਾਂ, ਲੋਕਾਂ ਦੇ ਖੇਤ ਉਜਾੜ ਦਿੰਦੀਆਂ ਪਰ ਖੇਤੀਆਂ ਫਿਰ ਹਰੀਆਂ ਹੋ ਜਾਂਦੀਆਂ ਅਤੇ ਵੱਧ ਝਾੜ ਨਿਕਲਦਾ। ਵਾਪਸ ਲਿਆ ਕੇ 80 ਮੱਝਾਂ 5 ਮਿੰਟ ਵਿਚ ਕਿੱਲਿਆਂ 'ਤੇ ਬੰਨ੍ਹ ਦਿੰਦੇ। ਲਿਖਾਰੀ ਲਿਖਦਾ ਹੈ ਕਿ ਪਿਤਾ ਇਸ ਇਲਾਹੀ ਜੋਤ ਨੂੰ ਨਾ ਪਛਾਣ ਸਕਿਆ। ਉਹ ਚਪੇੜਾਂ ਵੀ ਮਾਰਦਾ ਰਿਹਾ।

ਗੁਰੂ ਗਰੀਬ ਨਿਵਾਜ ਪੰਨਾ 34-35

ਵਿਚਾਰ—ਇਹ ਸਾਰੀ ਗੱਲ ਇਹ ਲਿਖਾਰੀ "ਗੁਰੂ ਨਾਨਕ ਦੇਵ ਜੀ" ਨਾਲ ਜੋੜ ਰਿਹਾ ਹੈ ਜੋ ਸਰਾਸਰ ਗਲਤ ਹੈ।

ਲਿਖਾਰੀ ਅੱਗੇ ਲਿਖਦਾ ਹੈ ਕਿ ਬਾਬਾ ਜੀ ਨੇ ਰਾਈਫਲਾਂ ਨਾਲ ਬਹੁਤ ਸ਼ਿਕਾਰ ਖੇਡਿਆ, ਕਈ ਜਾਨਵਰ ਮਾਰੇ, ਕਈ ਰੂਹਾਂ ਦਾ ਉਧਾਰ ਕੀਤਾ। ਇਕ ਬੰਦਾ ਵੀ ਗੋਲੀ ਮਾਰ ਕੇ ਮਾਰ ਸੁੱਟਿਆ। ਥਾਣੇ ਜਾ ਕੇ ਪੇਸ਼ ਹੋ ਗਏ। ਫਿਰ 20 ਸਾਲ ਜੇਲ੍ਹ ਹੋ ਗਈ। ਬਾਬਾ ਜੀ ਜਿੰਨਾ ਚਿਰ ਜੇਲ੍ਹ ਵਿਚ ਰਹੇ ਓਨਾ ਚਿਰ ਇਕ ਦਿਨ ਵੀ ਕੈਦੀਆਂ ਦੀ ਗਿਣਤੀ ਸਹੀ ਨਹੀਂ ਹੋ ਸਕੀ। ਰਲਾ ਗੋਬਲਾ ਵੱਜਾ ਰਿਹਾ। ਅਜੇ 4 ਸਾਲ ਜੇਲ੍ਹ ਵਿਚ ਹੋਏ ਸਨ ਤਾਂ ਆਕਾਸ਼ਵਾਣੀ ਹੋਈ ਕਿ ਇਥੇ ਜੇਲ੍ਹ ਵਿਚ ਕੀ ਕਰਦੇ ਹੋ? ਦੁਨੀਆਂ ਦਾ ਵਾਲੀ ਵਾਰਸ ਕੌਣ ਹੈ? ਜਲਦੀ ਬਾਹਰ ਜਾਉ। ਤਾਂ ਬਾਹਰ ਆ ਗਏ।

ਗੁਰੂ ਗਰੀਬ ਨਿਵਾਜ ਪੰਨਾ 37

ਵਿਚਾਰ—ਇਹਨਾਂ ਸਾਧਾਂ ਦੇ ਕਾਰਨਾਮਿਆਂ ਦਾ ਪਾਠਕ ਆਪ ਅੰਦਾਜ਼ਾ ਲਾਉਣ ਅਤੇ ਲਿਖਾਰੀ ਨੇ ਫੋਕੀ ਖੁਸ਼ਾਮਦ ਕਰਕੇ ਜੋ ਕੁਫ਼ਰ ਤੋਲਿਆ ਹੈ ਇਸ ਵਿਚ ਸਾਧ ਵੀ ਪੂਰਾ ਗੁਨਾਹਗਾਰ ਹੈ। ਅੱਗੇ ਹੋਰ ਵੀ ਕੁਫ਼ਰ, ਕੂੜ ਲਿਖਿਆ ਹੈ ਸੰਖੇਪ ਕਰਦਾ ਜਾ ਰਿਹਾ ਹਾਂ।

ਲਿਖਾਰੀ ਅੱਗੇ ਲਿਖਦਾ ਹੈ ਕਿ ਧੰਨ ਸ੍ਰੀ 'ਗੁਰੂ ਗੋਬਿੰਦ ਸਿੰਘ' ਜੀ ਦਾ ਸਰੀਰ ਰੂਪੀ ਚੋਲਾ ਬਣਨ ਵਾਲਾ ਧੰਨ ਬਾਬਾ ਸ਼ਹੀਦ ਜੀ ਦੇ ਨਾਲ ਈਰਖਾਲੂ ਗੁਰਵੇਲ ਨੇ ਸਾਰ ਨਾ ਜਾਣੀ, ਗੁਰਵੇਲ ਸ਼ਰਾਬੀ ਹੋ ਕੇ ਆਇਆ ਅਤੇ ਬਾਬਾ ਸ਼ਹੀਦ ਦੇ ਮੂੰਹ 'ਤੇ ਬਰਸ਼ਾ ਮਾਰਿਆ। ਮਾਰ ਕੇ ਬਰਸ਼ਾ ਤੇ ਆਪ ਹੀ ਚੁੱਕ ਕੇ ਹਸਪਤਾਲ ਲੈ ਗਏ ਤੇ ਡਾਕਟਰ ਨੂੰ ਕਿਹਾ ਕਿ ਇਹ ਅੱਤਵਾਦੀ ਹੈ ਇਸ ਦੇ ਨਾਲ ਦੇ ਦੋ ਭੱਜ ਗਏ ਹਨ। ਪਰ ਡਾਕਟਰ ਨਾ ਮੰਨੇ।

ਗੁਰੂ ਗਰੀਬ ਨਿਵਾਜ ਪੰਨਾ 48-49

ਵਿਚਾਰ—ਡਾਕਟਰ ਕਰਦੇ ਵੀ ਕੀ, ਜ਼ਿੰਦਗੀ ਵਿਚ ਪਹਿਲੀ ਵਾਰ ਮਾਸ ਦੇ ਲੋਥੜੇ ਅਖੌਤੀ ਨਿਰੰਕਾਰ ਨੂੰ ਜਖਮੀ ਹਾਲਤ ਵਿਚ ਉਹਨਾਂ ਦੇਖਿਆ ਸੀ।

ਅੱਗੇ ਲਿਖਾਰੀ ਲਿਖਦਾ ਹੈ ਕਿ ਬਾਬਾ ਸ਼ਹੀਦ ਨਿਰੰਕਾਰ ਨੇ ਬਾਬਾ ਅਕਾਲ ਨੂੰ ਜਾ ਦੱਸਿਆ ਕਿ ਗੁਰਵੇਲ ਨੇ ਸਰਕਾਰ ਨੂੰ ਪੈਸੇ ਦੇ ਕੇ ਮੈਨੂੰ ਭਗੌੜਾ ਕਰਾਰ ਦਿਵਾ ਦਿੱਤਾ ਹੈ। ਮੈਨੂੰ ਸਰਕਾਰ ਵੱਲੋਂ ਗੋਲੀ ਦਾ ਹੁਕਮ ਹੋ ਗਿਆ ਹੈ। ਅੱਗੋਂ ਬਾਬਾ ਅਕਾਲ ਜੀ ਜੋ ਨਿਰੰਕਾਰ ਦਾ ਹੀ ਸਰੂਪ ਸੀ ਉਹ ਵੀ ਕਹਿੰਦੇ ਬਾਬਾ ਸ਼ਹੀਦ ਜੀ ਤੁਹਾਡੇ ਵੰਡੇ ਦੀ ਗੋਲੀ ਮੈਂ ਖਾ ਲਵਾਂਗਾ। ਤੁਸੀਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਬਾਰਡਰ ਦੇ ਕੰਡੇ ਢਾਬਸਰ ਜਾ ਕੇ ਭਾਗ ਲਾਉ। ਸੋ ਬਾਬਾ ਸ਼ਹੀਦ ਖ਼ੁਦ ਦਸਵੇਂ ਪਾਤਸ਼ਾਹ ਉਥੋਂ ਚੱਲ ਪਏ ਤੇ ਇਥੇ ਆ ਗਏ।

ਗੁਰੂ ਗਰੀਬ ਨਿਵਾਜ ਪੰਨਾ 50-51

ਵਿਚਾਰ—ਸੋ ਪਾਠਕ ਉੱਪਰ ਪੜ੍ਹ ਆਏ ਹਨ ਕਿ ਇਹ ਲਿਖਾਰੀ ਇਸ ਸਾਧ

ਨੂੰ ਦਸਵਾਂ ਪਾਤਸ਼ਾਹ ਕਹਿ ਕੇ ਘੋਰ ਪਾਪ ਕਰ ਰਿਹਾ ਹੈ। ਇਹ ਸਾਧ ਆਪਸ ਵਿਚ ਗੋਲੀਆਂ ਦੇ ਵੱਟੇ ਸੱਟੇ ਵੀ ਕਰ ਲੈਂਦੇ ਹਨ, ਗੋਲੀ ਕਿਸੇ ਦੀ ਖਾ ਕੋਈ ਲੈਂਦਾ ਹੈ। ਜਿਸ ਗੋਲੀ ਦਾ ਹੁਕਮ ਇਸ ਸਾਧ ਨੂੰ ਸੀ ਉਹ ਗੋਲੀ ਤਾਂ ਪਤਾ ਨਹੀਂ ਕਿਸੇ ਹੋਰ ਨੇ ਖਾ ਲਈ ਪਰ ਇਹਨੇ ਆਪਣੇ ਆਪ ਨੂੰ ਦਸਵਾਂ ਪਾਤਸ਼ਾਹ ਕਹਾ ਕੇ ਗੁਰੂ ਦੇ ਸਿੱਖਾਂ ਦੇ ਹਿਰਦੇ ਛਲਣੀ ਛਲਣੀ ਕਰ ਦਿੱਤੇ ਹਨ। ਅਜੇ ਵੀ ਪਤਾ ਨਹੀਂ ਕਿ ਮਨਮੱਤ ਰੂਪੀ ਰਾਈਫਲ ਵਿਚ ਇਹ ਸਾਧ ਕਿੰਨੀਆਂ ਗੋਲੀਆਂ ਭਰ ਢਾਬਸਰ ਡੇਰੇ ਵਿਚ ਬੈਠਾ ਹੋਇਆ ਹੈ।

ਲਿਖਾਰੀ ਅੱਗੇ ਲਿਖਦਾ ਹੈ ਕਿ ਇਹ ਬਾਬਾ ਸ਼ਹੀਦ ਅਨੇਕ ਅਲੰਕੀ ਅਵਤਾਰ ਦਸਮ ਪਾਤਸ਼ਾਹ ਆਪ ਹੀ ਢਾਬਸਰ ਪਹੁੰਚ ਗਿਆ ਹੈ।

ਗੁਰੂ ਗਰੀਬ ਨਿਵਾਜ ਪੰਨਾ 52

ਵਿਚਾਰ—ਲਿਖਾਰੀ ਨੇ ਸ਼ਾਇਦ ਇਹ ਅਨੇਕ ਅਲੰਕੀ ਅਵਤਾਰ ਕੋਈ ਨਵਾਂ ਘੜ ਲਿਆ (ਜੰਮ ਲਿਆ) ਹੈ। ਇਕ ਨੇ ਕਲੰਕ ਅਵਤਾਰ ਦੀ ਗੱਲ ਹਿੰਦੂ ਜਗਤ ਵਿਚ ਚਲਦੀ ਹੈ। ਗੁਰਮਤਿ ਅੰਦਰ ਨੇ-ਕਲੰਕ ਅਵਤਾਰ ਵਾਸਤੇ ਕੋਈ ਥਾਂ ਨਹੀਂ ਹੈ। ਕੇਵਲ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਜੁਗੋ ਜੁੱਗ ਅਟੱਲ ਹਨ। ਇਥੇ ਵੀ ਲਿਖਾਰੀ ਨੇ ਪੱਕੀ ਆਦਤ ਮੁਤਾਬਕ ਕੁਫਰ ਤੋਲਿਆ ਹੈ।

ਅੱਗੇ ਲਿਖਾਰੀ ਲਿਖਦਾ ਹੈ ਕਿ ਬਾਬਾ ਸ਼ਹੀਦ ਗੁਰੂ ਗੋਬਿੰਦ ਸਿੰਘ ਰੂਪ ਢਾਬਸਰ ਚੌਂਕੀਦਾਰ ਬਣ ਕੇ ਬੋਰੀ 'ਤੇ ਬੈਠੇ ਹਨ ਅਤੇ ਬਾਬਾ ਸ਼ਹੀਦ, ਇਕ ਖੋਤੀ 'ਤੇ ਇੱਟਾਂ ਦੀ ਗਰਾਹੀ ਕਰਕੇ ਲਿਆਉਂਦੇ ਕਮਰੇ ਬਣਾਉਣ ਵਾਸਤੇ। ਇੱਟਾਂ ਦਾ ਗਜ਼ਾ ਕਰਕੇ ਲਿਆਉਂਦੇ।

ਗੁਰੂ ਗਰੀਬ ਨਿਵਾਜ ਪੰਨਾ 57

ਵਿਚਾਰ—ਇਸ ਲਿਖਾਰੀ ਦੀ ਸੋਚ ਦਾ ਦਿਵਾਲਾ ਨਿਕਲਿਆ ਪਿਆ ਹੈ। ਗੁਰੂ ਦਾ ਤਾਂ ਬਚਨ ਹੈ "ਜੋ ਮਾਗੈ ਸੋ ਭੂਖਾ ਰਹੈ ॥" ਅਤੇ ਗੁਰ ਪੀਰ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨਾ ਲਗੀਐ ਪਾਇ॥" ਗੁਰੂ ਦਾ ਤਾਂ ਕੋਈ ਮੰਗਣ ਨਾਲ ਸੰਬੰਧ ਹੀ ਨਹੀਂ ਹੈ। ਗੁਰੂ ਸਮਰੱਥ ਹੈ ਦਾਤਾ ਹੈ, ਮੰਗਤਾ ਨਹੀਂ ਹੈ। ਇਸ ਖੋਤੀ ਦੀ ਲੋੜ ਇਸ ਸਾਧ ਨੂੰ ਹੋਵੇਗੀ, ਇੱਟਾਂ ਦੀ ਲੋੜ ਵੀ ਇਸ ਸਾਧ ਨੂੰ ਹੋਵੇਗੀ। ਐਸੇ ਸਾਧਾਂ ਭਿਖਾਰੀਆਂ ਨੇ ਸਿੱਖ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਕਰ ਰਹੇ ਹਨ। ਅੱਗੇ ਸਫ਼ਾ 61 'ਤੇ ਵੀ ਇਹ ਲਿਖਾਰੀ ਇਸ ਸਾਧ ਨੂੰ ਦਸਮ ਪਿਤਾ ਕਹਿ ਰਿਹਾ ਹੈ ਅਤੇ ਮਨਘੜਤ ਝੂਠੀਆਂ ਕਹਾਣੀਆਂ ਨੂੰ ਇਸ ਸਾਧ ਦੇ ਕੌਤਕ ਦੱਸ ਰਿਹਾ ਹੈ।

ਅੱਗੇ ਲਿਖਦਾ ਹੈ ਕਿ ਬਾਬਾ ਸ਼ਹੀਦ ਦੇ ਸਾਰੇ ਬਚਨ ਪੂਰੇ ਹੁੰਦੇ ਹਨ ਸੋ ਧੰਨ

ਪਿਤਾ ਸ਼ਹੀਦ ਸਾਹਿਬ ਜੀ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਜੋਤ ਹਨ।

ਗੁਰੂ ਗਰੀਬ ਨਿਵਾਜ ਪੰਨਾ 66

ਵਿਚਾਰ—ਇਹ ਲਿਖਾਰੀ ਹੋਰ ਵੀ ਹੱਦਾਂ ਬੰਨੇ ਟੱਪੀ ਜਾ ਰਿਹਾ ਹੈ। ਇਥੇ ਇਹਨੇ ਕਹਿ ਦਿੱਤਾ ਹੈ ਕਿ ਇਹ ਸਾਧ ਹੀ "ਗੁਰੂ ਗ੍ਰੰਥ ਸਾਹਿਬ" ਹੈ। ਇਹ ਲਿਖਾਰੀ ਕੁਫ਼ਰ ਤੋਲ ਰਿਹਾ ਹੈ। ਇਹ ਕਿਤਾਬ 'ਗੁਰੂ ਗਰੀਬ ਨਿਵਾਜ' ਸਾਧ ਦੇ ਸਾਹਮਣੇ ਹੀ ਉਸਦੇ ਡੇਰੇ ਵਿਚ ਸ਼ਰੇਆਮ ਵਿਕ ਰਹੀ ਹੈ ਜਿਲਦ ਦੇ ਬਾਹਰ ਸਾਧ ਦੀ ਫੋਟੋ ਲੱਗੀ ਹੋਈ ਹੈ। ਪਰ ਸਿੱਖ ਕੌਮ ਜਿਉਂਦੀ ਹੈ ਮੂੰਹ ਤੋੜਵਾਂ ਜਵਾਬ ਦੇਵੇਗੀ।

ਅੱਗੇ ਲਿਖਾਰੀ ਲਿਖਦਾ ਹੈ ਕਿ ਧੰਨ ਪਿਤਾ ਸ਼ਹੀਦ ਸਾਹਿਬ ਤੇ ਧੰਨ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਇਕ ਜੋਤ ਹਨ, ਇਕ ਸਰੂਪ ਹੈ। ਹਾਜ਼ਰ ਨਾਜ਼ਰ ਗੁਰੂ ਪਿਤਾ ਨਿਤ ਨਵਾਂ ਨਰੋਆ ਹੈ। ਭਾਈ ਵੀਰੋ। ਇਹਨਾਂ ਦੀਆਂ ਸਾਰੀਆਂ ਸਾਖੀਆਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵਰਗੀਆਂ ਹੀ ਹਨ।

ਗੁਰੂ ਗਰੀਬ ਨਿਵਾਜ ਪੰਨਾ 73

ਵਿਚਾਰ—ਰਹਿਤਨਾਮੇ ਦੇ ਬੋਲ ਯਾਦ ਆ ਗਏ ਹਨ "ਕਰੀ ਥਾਪਨਾ ਜਾਸ ਕੀ ਮੋਹਿ ਜੋ ਅਪਨੇ ਹਾਥਿ॥ ਤਿਸ ਕੀ ਸਮਸਰਿ ਜੋ ਕਰੇ ਗਰ ਜਾਵੇ ਕੁਲ ਨਾਥ॥" ਬਚਨ ਹੈ ਕਿ ਜਿਸ ਗੁਰੂ "ਗੁਰੂ ਗ੍ਰੰਥ ਸਾਹਿਬ ਜੀ" ਨੂੰ ਅਸੀਂ ਆਪਣੇ ਹੱਥੀਂ ਗੁਰੂ ਥਾਪ ਦਿੱਤਾ ਹੈ, ਜਿਹੜਾ ਕਿਸੇ ਵੀ ਤਰੀਕੇ ਨਾਲ (ਜਾਣੇ ਪਛਾਣੇ) ਇਸਦੀ ਬਰਾਬਰੀ ਕਰੇਗਾ ਉਹ ਕੁਲਾਂ ਸਮੇਤ ਗਰਕ ਹੋ ਜਾਵੇਗਾ। ਸੋ ਇਸ ਸਾਧ ਦੀ ਮਾਂ ਜਿਹੜੀ ਏਸ ਪੱਥਰ ਨੂੰ ਜੰਮ ਕੇ, ਸਿੱਖ ਕੌਮ ਦੀ ਜਾਨ ਦਾ ਖੌ ਬਣਾ ਕੇ ਮਰ ਗਈ ਉਹ ਵੀ ਨਰਕਾਂ ਨੂੰ ਚਲੀ ਜਾਵੇਗੀ।

ਲਿਖਾਰੀ ਨੇ ਅੱਗੇ ਇਕ ਹੋਰ ਮਨਘੜਤ ਕਹਾਣੀ ਇਸ ਤਰ੍ਹਾਂ ਲਿਖੀ ਹੈ ਕਿ ਬਲਾਕਾ ਸਿੰਘ ਨੇ ਬਾਬਾ ਸ਼ਹੀਦ ਦੀ ਸ਼ੋਭਾ ਸੁਣੀ ਕਿ ਢਾਬਸਰ ਦਸਮ ਦਾ ਅਵਤਾਰ ਆਇਆ ਬੈਠਾ ਹੈ ਤਾਂ ਇਕ ਦਿਨ ਕਿਸੇ ਕਾਰਨ ਕਰਕੇ ਅੱਤਵਾਦੀਆਂ ਨੇ ਬਲਾਕਾ ਸਿੰਘ ਨੂੰ ਮਾਰਨ ਦਾ ਪ੍ਰੋਗਰਾਮ ਬਣਾ ਲਿਆ। ਬਲਾਕਾ ਸਿੰਘ ਨੇ ਸੋਚਿਆ ਅੱਜ ਖੈਰ ਨਹੀਂ, ਉਹ ਭੱਜ ਕੇ ਬਾਬਾ ਸ਼ਹੀਦ ਕੋਲ ਜਾ ਬੈਠਾ। ਅੱਤਵਾਦੀ ਵੀ ਉਥੇ ਪਹੁੰਚ ਗਏ। ਅੱਤਵਾਦੀ ਬੜੇ ਗਰਮ ਕਹਿੰਦੇ ਅੱਜ ਨਹੀਂ ਇਹਨੂੰ ਛੱਡਣਾ ਤਾਂ ਸਹੀਦ ਬਾਬਾ ਕਹਿੰਦਾ ਇਹ ਤਾਂ ਨਿਆਣਾ ਹੈ ਇਹਨੂੰ ਨਾ ਮਾਰੋ ਅਸੀਂ ਇਸਦਾ ਵਿਆਹ ਕਰਨਾ ਹੈ। ਲੱਡੂ ਬਰਫ਼ੀ ਵੰਡਣੇ ਹਨ। ਅੱਤਵਾਦੀ ਕਹਿੰਦੇ ਬਾਬਾ ਪਹਿਲਾਂ ਤੂੰ ਸਿੱਧਾ ਹੋ ਪਹਿਲਾਂ ਤੈਨੂੰ ਲੰਘਾਈਏ। ਉਹਨਾਂ ਕੋਲ ਖਲੋ ਕੇ ਅਮਰ ਸ਼ਹੀਦ ਉੱਪਰ ਗੋਲੀਆਂ ਚਲਾਈਆਂ, ਇਕ ਵੀ ਗੋਲੀ ਨਹੀਂ ਲੱਗੀ। ਸਭ ਥੱਲੇ ਡਿੱਗਦੀਆਂ ਗਈਆਂ। ਬਾਬਾ ਜੀ ਕਹਿੰਦੇ ਤੁਸੀਂ ਵਾਰ ਕਰ ਲਿਆ ਹੁਣ ਅਸੀਂ ਕਰੀਏ ਤਾਂ ਤਰਲੇ ਮਾਰ ਕੇ ਛੁੱਟ ਗਏ। ਇਕ ਹਫ਼ਤੇ ਦੇ ਵਿਚ ਵਿਚ ਇਹ ਅੱਤਵਾਦੀ ਮੁਕਾਬਲੇ ਵਿਚ ਮਾਰੇ ਗਏ।

ਬਲਾਕਾ ਸਿੰਘ ਦਾ ਵਾਲ ਵਿੰਗਾ ਨਾ ਹੋਇਆ। ਡੇਰੇ ਵਿਚ ਪਹਿਲਾਂ ਤੋਂ ਰਹਿੰਦੀ ਕੁੜੀ ਰਾਜ ਨਾਲ ਇਸਦਾ ਵਿਆਹ ਕਰ ਦਿੱਤਾ। ਲੱਡੂ ਵੰਡੇ ਬਰਫ਼ੀ ਵੰਡੀ।

ਗੁਰੂ ਗਰੀਬ ਨਿਵਾਜ ਪੰਨਾ 75-76

ਵਿਚਾਰ—ਇਹ ਮਨਘੜਤ ਝੂਠੀ ਕਹਾਣੀ ਹੈ ਜੋ ਬਾਬੇ ਦੀ ਫੋਕੀ ਖੁਸ਼ਾਮਦ ਕਰਨ ਵਾਸਤੇ ਵਡਿਆਈਆਂ ਦੇ ਭੁੱਖਿਆਂ ਨੇ ਕੁਫ਼ਰ ਤੋਲਿਆ ਹੈ।

ਅੱਗੇ ਲਿਖਾਰੀ ਲਿਖਦਾ ਹੈ ਕਿ ਪੂਰੇ ਗੁਰੂ ਤੋਂ ਬਗ਼ੈਰ ਮੈਨੂੰ ਡਾਕਟਰਾਂ ਨੇ ਲੁੱਟ ਲਿਆ ਤਾਂ ਧੰਨ ਸ਼ਹੀਦ ਪਿਤਾ ਦਿਆਲੂ ਪੂਰਾ ਸਤਿਗੁਰੂ ਜੋ ਸ਼ਰਨ ਆਵੇ ਤਿਸ ਕੰਠ ਲਾਵੇ।

ਗੁਰੂ ਗਰੀਬ ਨਿਵਾਜ ਪੰਨਾ 81

ਵਿਚਾਰ—ਲਿਖਾਰੀ ਨੇ ਇਸ ਮਲ ਮੂਤਰ ਦੇ ਥੈਲੇ, ਸੁੱਖਾ ਪੀਣੇ ਸਾਧ ਨੂੰ ਪੂਰਾ ਸਤਿਗੁਰੂ ਲਿਖਕੇ, ਸਿੱਖਾਂ ਦੇ ਮਹਾਨ "ਧੰਨ ਗੁਰੂ ਗ੍ਰੰਥ ਸਾਹਿਬ" ਜੀ ਦਾ ਘੋਰ ਅਪਮਾਨ ਕੀਤਾ ਹੈ। ਗੁਰੂ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ। ਇਸ ਸਾਧ ਨੇ ਜਿਹੜੀ ਸੋਨੇ ਦੀ ਕਲਗੀ ਅਤੇ ਸੋਨੇ ਦਾ ਹਾਰ "ਗੁਰੂ ਗ੍ਰੰਥ ਸਾਹਿਬ" ਨੂੰ ਵਿਖਾਵੇ ਦੇ ਤੌਰ 'ਤੇ ਪਾਇਆ ਹੈ, ਬੜੀ ਜਲਦੀ ਹੀ ਇਹ ਸਾਧ ਉਹੋ ਕਲਗੀ ਆਪਣੇ ਸਿਰ 'ਤੇ ਲਾ ਲਵੇਗਾ ਅਤੇ ਉਹੋ ਹਾਰ ਆਪਣੇ ਗਲ ਵਿਚ ਪਾ ਲਵੇਗਾ। ਉਹ ਸਾਧ ਮੂੰਹੋਂ ਵੀ ਕਹਿੰਦਾ ਹੈ ਕਿ ਮੈਂ ਗੁਪਤ ਹਾਂ। ਇਕ ਦਿਨ ਪ੍ਰਗਟ ਹੋ ਜਾਵਾਂਗਾ। ਸੋ ਇਹ ਸਾਧ ਜਲਦੀ ਹੀ ਆਪਣੀ ਦੇਹਧਾਰੀ ਗੱਦੀ ਚਲਾਉਣ ਵਾਸਤੇ ਤਿਆਰ ਬੈਠਾ ਹੈ ਕੁਝ ਸਮੇਂ ਬਾਅਦ ਸ਼ਾਇਦ "ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਸਦੇ ਡੇਰੇ ਵਿਚ ਪ੍ਰਕਾਸ਼ ਨਹੀਂ ਹੋਣਗੇ। ਇਹ ਅਮਲੀ ਸਾਧ ਆਪ ਹੀ ਪ੍ਰਕਾਸ਼ ਹੋਣ ਨੂੰ ਫਿਰਦਾ ਹੈ। ਗੁਰੂ ਪੰਥ ਦੇ ਦਾਅਵੇਦਾਰਾਂ ਨੂੰ ਜਲਦੀ ਜਾਗਣਾ ਚਾਹੀਦਾ ਹੈ, ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

ਅੱਗੇ ਲਿਖਾਰੀ ਦੀ ਇਸ ਕਿਤਾਬ ਦੇ ਸਫ਼ਾ 82 ਤੋਂ 92 ਤਕ ਐਸੀਆਂ ਕਹਾਣੀਆਂ ਲਿਖੀਆਂ ਹਨ ਕਿ ਮਰੇ ਹੋਏ ਬੰਦੇ ਨੂੰ ਇਸ ਸਾਧ ਕੋਲ ਲਿਆਉਂਦੇ ਹਨ ਛਪੜੀ ਦਾ ਪਾਣੀ ਇਹ ਛਿੜਕਦਾ ਹੈ ਅਤੇ ਮਰੇ ਹੋਏ ਬੰਦੇ ਉੱਠ ਕੇ ਬੈਠ ਜਾਂਦੇ ਹਨ। ਅੰਨ੍ਹਿਆਂ ਦੀਆਂ ਅੱਖਾਂ ਵਿਚ ਛੱਟੇ ਮਾਰਦਾ ਹੈ ਉਸੇ ਵੇਲੇ ਉਹਨਾਂ ਨੂੰ ਦਿਸਣ ਲੱਗ ਪੈਂਦਾ ਹੈ। ਲੰਗੜੇ ਭੱਜ ਉੱਠਦੇ ਹਨ। ਗੂੰਗੇ ਉਸੇ ਵੇਲੇ ਬੋਲ ਪੈਂਦੇ ਹਨ। ਇਕ ਭੈਣ ਸੁਰਜੀਤ ਕੌਰ ਇਸਦੇ ਨਾਲ ਹੀ ਪੱਕੇ ਤੌਰ 'ਤੇ ਰਹਿੰਦੀ ਹੈ ਉਹ (ਛੋਟੀ ਰੱਬਣੀ) ਹੈ ਉਹ ਵੀ ਅੱਖਾਂ ਮੀਟ ਕੇ ਸਮਾਧੀ ਲਾ ਕੇ ਕਈ ਕੁਝ ਦੱਸ ਰਹੀ ਹੈ। ਸ਼ਬਦ ਲਿਖ ਕੇ ਦੇ ਰਹੀ ਹੈ ਉਹਦੇ ਕੌਤਕ ਵੀ ਨਿਆਰੇ ਹੀ ਹਨ, ਬਾਬਾ ਜੀ ਦਾ ਰੱਖਿਆ ਹੋਇਆ ਵੱਗ, ਮੱਝਾਂ, ਗਾਂਵਾਂ, ਹਿਰਨ, ਸੇਹ ਤੱਕਲਿਆਂ ਵਾਲੀ, ਵਲਾਇਤੀ ਚੂਹੇ, ਸਹੇ, ਊਠ, ਖੋਤੀਆਂ, ਭੇਡਾਂ, ਬੋਤੀਆਂ, ਬੱਕਰੀਆਂ ਜਿਸ ਕਿਸੇ

ਖੇਤ ਵਿਚ ਭੈਣ ਸੁਰਜੀਤ ਛੱਡ ਦਿੰਦੀ ਹੈ ਤਾਂ ਸਗੋਂ ਉਜੜੇ ਖੇਤਾਂ ਦੀਆਂ ਕਣਕਾਂ ਦੂਣੀਆਂ ਨਿਕਲਦੀਆਂ ਹਨ।

ਗੁਰੂ ਗਰੀਬ ਨਿਵਾਜ ਪੰਨਾ 82-82

ਵਿਚਾਰ—ਪਾਠਕ ਆਪ ਅੰਦਾਜਾ ਲਾਉਣ ਕਿ ਧਰਮ ਦੇ ਨਾਂ 'ਤੇ ਕਿਵੇਂ ਠੱਗੀ ਚਲਦੀ ਹੈ।

ਨਿਰੰਗ ਦਲ ਚਲਦੇ ਵਹਰੀ 96 ਕਰੋੜੀ ਅਤੇ ਹੋਰ

ਇਹ ਚਲਦੇ ਵਹੀਰ ਪਤਾ ਨਹੀਂ ਕਿੰਨੇ ਕੁ ਹਨ ਹੁਣ ਤਾਂ ਇਹਨਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਗਈ ਹੈ। ਇਹ ਲਾਡਲੀਆਂ ਫੌਜਾਂ ਕਹਾਉਂਦੇ ਹਨ ਕਈਆਂ ਦਲਾਂ ਵਿਚ ਕੇਵਲ ਘੋੜੇ ਅਤੇ ਹਾਥੀ ਹਨ ਪਰ ਕਈਆਂ ਦਲਾਂ ਵਿਚ ਘੋੜੇ, ਘੋੜੀਆਂ, ਊਠ, ਖੋਤੇ, ਖੋਤੀਆਂ, ਗੋਂਦੇ, ਪਾਹੜ੍ਹ ਬੱਕਰੀਆਂ, ਭੇਡਾਂ, ਭੇਡੂ, ਸ਼ਤਰਮੁਰਗ ਸੀਲ ਕੁੱਕੜ, ਤਿੱਤਰ, ਮੋਰ, ਚਕੌਰ, ਕੁੱਤੇ, ਮੱਝਾਂ, ਗਾਵਾਂ, ਚੂਹੇ, ਸਹੇ ਵੀ ਇਹਨਾ ਨੇ ਰੱਖੇ ਹੋਏ ਹਨ। ਇਹ ਦਲ ਕੇਵਲ ਰਾਸ਼ਨ ਦਾ ਖੌਅ ਹੀ ਹਨ। ਇਹਨਾਂ ਵਿਚੋਂ ਮੁੱਖ ਦਲ ਇਹ ਹਨ :

ਸੰਤਾ ਸਿੰਘ ਨਿਹੰਗ

ਇਸਦਾ ਹੈੱਡ ਕੁਆਟਰ ਸਾਬੋ ਕੀ ਤਲਵੰਡੀ ਵਿਖੇ ਹੈ ਇਹ ਆਪਣੇ ਆਪ ਨੂੰ ਪੰਜਵਾਂ ਤਖ਼ਤ ਦੱਸਦਾ ਹੈ। ਸੰਨ 84 ਅੰਦਰ ਜੋ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਅਕਾਲ ਤਖਤ ਦੀ ਸੇਵਾ ਇਸਨੇ ਕਾਰ ਸੇਵਾ ਦੀ ਥਾਂ ਸਰਕਾਰ ਸੇਵਾ ਕਰਵਾਈ। ਇਹ ਸੇਵਾ ਸਿੱਖ ਕੌਮ ਨੇ ਮਨਜ਼ੂਰ ਨਹੀਂ ਕੀਤੀ ਤਾਂ ਦਮਦਮੀ ਟਕਸਾਲ ਨੇ ਦੁਬਾਰਾ ਅਕਾਲ ਤਖ਼ਤ ਸਾਹਿਬ ਉਸਾਰਿਆ। ਰਾਜਨੀਤਕ ਬੰਦਿਆਂ (ਸਰਕਾਰਾਂ) ਨਾਲ ਇਹਨਾਂ ਦੀਆਂ ਸਾਂਝਾਂ ਹਨ ਇਹਨਾਂ ਆਪਣੇ ਹੀ ਦਲ ਬਣਾਏ ਹੋਏ ਹਨ ਗੁਰੂ ਪੰਥ ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ ਹੈ। ਅੱਜ ਸਿੱਖ ਕੌਮ ਸੰਕਟ ਦੇ ਦੌਰ ਵਿਚੋਂ ਲੰਘ ਰਹੀ ਹੈ। ਥਾਂ-ਥਾ ਗੁਰੂ ਦੇ ਸ਼ਰੀਕ ਦੇਹਧਾਰੀ ਪੈਦਾ ਹੋ ਗਏ ਹਨ ਕਈ ਥਾਂਈਂ ਗੁਰੂ ਦੀ ਬੇਅਦਬੀ ਵੀ ਹੋ ਚੁੱਕੀ ਪਰ ਇਹਨਾਂ 'ਤੇ ਕੋਈ ਅਸਰ ਨਹੀਂ। ਪਿਛਲੇ 2 ਸਾਲ ਦੇ ਅੰਦਰ 90 ਸਰੂਪਾਂ ਦੀ ਬੇਅਦਬੀ ਹੋ ਚੁੱਕੀ ਹੈ।

ਬਾਬਾ ਦਇਆ ਸਿੰਘ ਸੁਰ ਸਿੰਘ

ਇਹਨਾਂ ਦਾ ਹੈੱਡ ਕੁਆਟਰ ਸੁਰ ਸਿੰਘ ਹੈ। ਇਹਨਾਂ ਦੀਆਂ ਵੀ ਸਰਕਾਰੀ ਮੰਤਰੀਆਂ ਨਾਲ ਸਾਂਝਾਂ ਹਨ। ਇਹਨਾਂ ਦਾ ਦਲ ਪੰਥ ਵੱਖਰਾ ਹੈ। ਕਈ ਕਹਿੰਦੇ ਹਨ ਕਿ ਇਹ ਭਾਈ ਬਿਧੀ ਚੰਦ ਦੀ ਅੰਸ਼ ਵਿਚੋਂ ਹਨ ਪਰ ਕਈ ਕਹਿੰਦੇ ਕਿ ਭਾਈ ਬਿਧੀ ਚੰਦ ਦਾ ਤਾਂ ਵਿਆਹ ਨਹੀਂ ਸੀ ਹੋਇਆ। ਕੁਝ ਵੀ ਹੋਵੇ ਗੁਰੂ ਘਰ ਵਿਚ ਅੰਸ਼ ਬੰਸ ਦਾ ਕੋਈ ਮਤਲਬ ਨਹੀਂ ਹੈ ਕਿਉਂਕਿ ਪ੍ਰਿਥੀਏ, ਰਾਮਰਾਈਏ,

ਧੀਰਮੱਲੀਏ, ਵਡਭਾਗ ਸਿੰਘੀਏ ਆਦਿ ਅੰਸ਼ ਬੰਸ਼ ਵਿਚੋਂ ਹੀ ਹਨ। ਇਹਨਾਂ ਨਾਲ ਵਰਤਣ ਦਾ ਹੁਕਮ ਨਹੀਂ ਹੈ। ਪ੍ਰਿਥੀ ਚੰਦ ਜੋ ਕਿ ਪੰਜਵੇਂ ਪਾਤਸ਼ਾਹ ਦਾ ਸਕਾ ਭਰਾ ਸੀ ਉਸਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਾਉਣ ਵਾਸਤੇ ਸਾਰਾ ਜ਼ੋਰ ਲਾ ਦਿੱਤਾ। ਸੋ ਗੁਰੂ ਘਰ ਵਿਚ ਅੰਸ਼ ਬੰਸ਼ ਦਾ ਕੋਈ ਮਤਲਬ ਨਹੀਂ ਹੈ। ਗੁਰੂ ਸਾਹਿਬਾਂ ਦੇ ਪੁੱਤਰਾਂ ਨੇ ਹੁਕਮ (ਬਚਨ) ਨਾ ਮੰਨਿਆ। ਉਹ ਗੁਰਗੱਦੀ ਤੋਂ ਵਾਂਝੇ ਰਹਿ ਗਏ। ਗੁਰੂ ਦੇ ਨੇੜੇ ਹੀ ਮੱਥੇ ਟਿਕਾਏ ਜਾ ਰਹੇ ਹਨ। ਡੇਰੇ ਅਤੇ ਜ਼ਮੀਨਾਂ 'ਤੇ ਕਬਜ਼ੇ ਕਰਨ ਦੀ ਦੌੜ ਲੱਗੀ ਹੋਈ ਹੈ। ਗੁਰੂ ਦਾ ਹੁਕਮ ਹੈ ਕਿ ਸਿੱਖ ਨੇ ਕਿਸੇ ਮੜ੍ਹੀ ਮਸਾਣੀ 'ਤੇ ਨਹੀਂ ਜਾਣਾ ਪਰ ਇਹਨਾਂ ਨੇ "ਗੁਰੂ ਗ੍ਰੰਥ ਸਾਹਿਬ" ਜੀ ਦਾ ਪ੍ਰਕਾਸ਼ ਕਬਰਾਂ 'ਤੇ ਕੀਤਾ ਹੋਇਆ ਹੈ। ਚੋਹਲੇ ਸਾਹਿਬ ਦੇ ਨੇੜੇ ਦਰਗਾਹੀ ਸ਼ਾਹ ਦੀ ਕਬਰ ਦੀ ਜ਼ਮੀਨ ਇਹਨਾਂ ਸਾਂਭੀ ਹੋਈ ਹੈ ਉਥੇ ਇਹਨਾਂ ਨੇ ਨਿਸ਼ਾਨ ਸਾਹਿਬ ਵੀ ਚੜ੍ਹਾਇਆ ਹੈ। ਦਰਗਾਹੀ ਸ਼ਾਹ ਦੀ ਕਬਰ ਵਾਲੇ ਕਮਰੇ ਵਿਚ ਪੱਥਰ ਲੱਗਾ ਹੈ ਅਤੇ ਗੁਰੂ ਵਾਲੇ ਕਮਰੇ ਵਿਚ "ਗੁਰੂ ਗ੍ਰੰਥ ਸਾਹਿਬ" ਵਾਸਤੇ ਪਲੰਘਾ ਵੀ ਨਹੀਂ ਹੈ। ਇਕ ਅਨਪੜ੍ਹ ਬੰਦਾ ਉਥੇ ਬਿਠਾਇਆ ਹੈ ਜੋ ਦਰਗਾਹੀ ਸ਼ਾਹ ਦੇ ਹੀ ਗੁਣ ਗਾਉਂਦਾ ਹੈ, ਗੁਰੂ ਘਰ ਦੀ ਇਕ ਵੀ ਗੱਲ ਨਹੀਂ ਕਰਦਾ। ਉਥੇ ਕੋਈ ਗ੍ਰੰਥੀ ਪਾਠ ਕਰਨ ਵਾਲਾ ਵੀ ਨਹੀਂ ਹੈ। ਕੇਵਲ ਜ਼ਮੀਨ ਦੇ ਕਬਜ਼ੇ ਵਾਸਤੇ ਪ੍ਰਕਾਸ਼ ਕੀਤਾ ਹੋਇਆ ਹੈ। ਜਾਗਦੀ ਜ਼ਮੀਰ ਵਾਲੇ ਸਿੰਘ ਇਕੱਠ ਕਰ ਰਹੇ ਹਨ ਜ਼ਰੂਰ ਜਵਾਬ ਦੇਵਾਂਗੇ। ਧਾਰਮਿਕ ਆਗੂਆਂ ਵੱਲੋਂ ਕੀਤੀ ਜਾ ਰਹੀ ਬੇਅਦਬੀ ਨਹੀਂ ਸਹਾਰਾਂਗੇ।

ਅਜੀਤ ਸਿੰਘ ਪੂਹਲਾ

ਇਹਨਾਂ ਦਾ ਵੱਡਾ ਡੇਰਾ ਪੂਹਲੇ ਪਿੰਡ ਹੈ। ਸਰਕਾਰਾਂ ਨਾਲ ਸਾਂਝਾਂ ਹਨ। ਅਸਲਾ ਰਾਈਫਲਾਂ ਬਹੁਤ ਰੱਖਦੇ ਹਨ। ਡੇਰੇ ਅਤੇ ਜ਼ਮੀਨਾਂ 'ਤੇ ਕਬਜ਼ੇ ਕਰਦੇ ਹਨ ਪਰ ਦੇਹਧਾਰੀਆਂ, ਗੁਰੂ ਦੋਖੀਆਂ ਦੇ ਖਿਲਾਫ਼ ਇਹਨਾਂ ਕੋਈ ਠੋਸ ਕਦਮ ਨਹੀਂ ਚੁੱਕਿਆ। ਇਸ ਵਕਤ ਸਿੱਖ ਕੌਮ ਦੀ ਏਕਤਾ ਖੇਰੂੰ ਖੇਰੂੰ ਹੋਈ ਪਈ ਹੈ। ਮੌਜੂਦਾ ਸੰਕਟ ਦੇ ਸਮੇਂ ਇਹਨਾਂ ਦਾ ਕੋਈ ਖਾਸ ਯੋਗਦਾਨ ਨਹੀਂ ਹੈ। ਹੋਰ ਵੀ ਪਤਾ ਨਹੀਂ ਕਿੰਨੇ ਕੁ ਦਲ ਹਨ ਝਟਕੇ ਕਰਦੇ ਹਨ ਖਾਂਦੇ ਹਨ। ਇਹਨਾਂ ਨਿਹੰਗਾਂ ਵਿਚ ਬਹੁਤ ਅਨਪੜ੍ਹ ਹਨ ਪੜ੍ਹੇ ਲਿਖੇ ਬਹੁਤ ਘੱਟ ਹਨ। ਇਹਨਾਂ ਦੇ ਕਹਿਣ ਮੁਤਾਬਕ ਰਿਵਾਇਤੀ ਬਾਣੇ ਨੂੰ ਇਹਨਾਂ ਸਾਂਭਿਆ ਹੋਇਆ ਹੈ। ਕਈ ਨਿਰੀ ਮੈਲ ਹੀ ਪਾਈ ਫਿਰਦੇ ਹਨ। ਕਈਆਂ ਨੇ 50-50 ਮੀਟਰ ਦੀਆਂ ਪੱਗਾਂ ਬੰਨ੍ਹੀਆਂ ਹੋਈਆਂ ਹਨ। ਇਹਨਾਂ ਦੇ ਕਥਾਵਾਚਕ ਵੀ ਮਨਘੜ੍ਹਤ ਕਹਾਣੀਆਂ ਸੁਣਾਉਣ ਦੇ ਆਦੀ ਹਨ। ਕਥਾ ਦੇ ਵਿਚ ਵਿਚ ਉਹ ਕਹਾਣੀਆਂ ਸੁਣਾਉਂਦੇ ਹਨ ਜੋ ਗੁਰਮਤਿ ਸਿਧਾਂਤ ਦਾ ਖੰਡਨ ਕਰਦੀਆਂ ਹਨ। ਦਸਮ ਦੇ ਪਾਠ ਵੀ ਇਹ ਕਰਦੇ ਹਨ ਨਾਲ ਨਾਰੀਅਲ

ਅਤੇ ਗੰਨੇ ਆਦਿ ਵੱਢਦੇ ਹਨ। ਦਸਮ ਗ੍ਰੰਥ ਦੇ ਬਾਰੇ ਹੱਥਲੀ ਪੁਸਤਕ ਵਿਚ ਪਿੱਛੇ ਲਿਖ ਆਏ ਹਾਂ। ਪੁਰਾਣੇ ਸਮੇਂ ਵਿਚ ਲੋਕ ਕਹਿੰਦੇ ਸੀ "ਆ ਗਏ ਨਿਹੰਗ ਬੂਹੇ ਖੋਲ ਦਿਉ ਨਿਸੰਗ। ਪਰ ਹੁਣ ਕਈ ਨਿਹੰਗ ਨਲਕਿਆਂ ਦੀਆਂ ਹੱਥੀਆਂ ਲਾਹੁੰਦੇ ਫੜੇ ਜਾਂਦੇ ਹਨ।

ਕਾਰ ਸੇਵਾ ਵਾਲੇ ਬਾਬੇ

ਇਹਨਾਂ ਦੀ ਗਿਣਤੀ ਕਰਨੀ ਵੀ ਬੜੀ ਔਖੀ ਹੈ। ਬਹੁਤ ਵੱਡੇ ਵੱਡੇ ਡੇਰੇ ਅਤੇ ਗੁਰਦੁਆਰੇ ਇਹ ਬਣਾਉਂਦੇ ਹਨ। ਲੰਮਾ ਸਮਾਂ ਪਹਿਲਾਂ ਬਾਬਾ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਤੋਂ ਹੀ ਜ਼ਿਆਦਾ ਇਹ ਹੋਂਦ ਵਿਚ ਆਏ ਹਨ। ਇਹਨਾਂ ਵਿਚੋਂ ਬਹੁਤੇ ਅਨਪੜ੍ਹ ਹਨ ਪਰ ਹੈਰਾਨਗੀ ਹੈ ਕਿ ਜੋ ਸਿੱਖੀ ਬਾਰੇ, ਗੁਰਬਾਣੀ ਬਾਰੇ ਇਕ ਅੱਖਰ ਵੀ ਨਹੀਂ ਜਾਣਦੇ ਉਹ ਬ੍ਰਹਮ ਗਿਆਨੀ ਤੋਂ ਘੱਟ ਨਹੀਂ। ਜਿਹੜਾ ਇਹਨਾਂ ਵਿਚੋਂ ਰੱਬ ਨੂੰ ਪਿਆਰਾ ਹੋ ਜਾਂਦਾ ਹੈ ਉਸੇ ਦਾ ਅੰਗੀਠਾ ਸਾਹਿਬ ਬਣ ਜਾਂਦਾ ਹੈ। ਇਹ ਅੰਗੀਠਾ ਅੱਖਰ ਸਾਰੇ "ਗੁਰੂ ਗ੍ਰੰਥ ਸਾਹਿਬ" ਅੰਦਰ ਕਿਤੇ ਨਹੀਂ ਆਇਆ। ਇਹ ਅੰਗੀਠਾ ਅੱਖਰ ਇਹਨਾਂ ਨੂੰ ਲੱਭ ਗਿਆ ਹੈ ਜੇ ਇਹਨਾਂ ਨੂੰ ਸਾਧਾਂ ਦੇ ਅੰਗੀਠੇ ਬਣਾਉਣ ਤੋਂ ਰੋਕਿਆ ਨਾ ਗਿਆ ਤਾਂ ਵਾਹੁਣ ਯੋਗ ਜ਼ਮੀਨ ਕੋਈ ਨਹੀਂ ਬਚੇਗੀ। ਸਾਰੇ ਥਾਈਂ ਇਹਨਾਂ ਦੇ ਅੰਗੀਠੇ ਸਾਹਿਬ ਹੀ ਬਣ ਜਾਣਗੇ। ਗੁਰਦੁਆਰੇ ਕੇਵਲ ਗੁਰੂਆਂ ਦੇ ਹੀ ਬਣਨੇ ਚਾਹੀਦੇ ਸੀ। ਇਤਿਹਾਸਕ ਯਾਦਾਂ ਵੀ ਇਹਨਾਂ ਨੇ ਸੰਗਮਰਮਰ ਵਿਚ ਲੁਕੋ ਦਿੱਤੀਆਂ ਹਨ। ਸਾਰੇ ਗੁਰਦੁਆਰੇ ਇਕੋ ਜਿਹੇ ਹੀ ਬਣਾ ਦਿੱਤੇ ਹਨ, ਫਰਕ ਕੋਈ ਨਹੀਂ ਹੈ। 'ਸਮਾਧਾਂ' ਨਾਮ ਲੈਣਾ ਵੀ ਸਿੱਖ ਧਰਮ ਅੰਦਰ ਮਨ੍ਹਾਂ ਹੈ ਪਰ ਇਹ ਵੱਡੇ ਵੱਡੇ ਸਮਾਧੇ ਬਣਾ ਰਹੇ ਹਨ। ਕਾਰ ਸੇਵਾ ਵਾਲੇ ਬਾਬੇ ਵੀ ਆਪਸ ਵਿਚ ਬੜੀ ਈਰਖਾ ਰੱਖਦੇ ਹਨ। ਇਕ ਦੂਜੇ ਤੋਂ ਸੇਵਾ ਦੀ ਖੋਹਾ-ਖਾਹੀ ਕਰਦੇ ਹਨ। ਇਕ ਦੂਜੇ 'ਤੇ ਗੋਲੀਆਂ ਵੀ ਚਲਾਉਂਦੇ ਹਨ। ਜਿਥੇ ਵੱਧ ਆਮਦਨ ਹੋਵੇ ਉਥੇ ਸੇਵਾ ਲਾਉਂਦੇ ਹਨ। ਸੇਵਾ ਦੇ ਪਰਦੇ ਹੇਠ ਇਹ ਬਹੁਤ ਵੱਡਾ ਵਾਪਾਰ ਕਰ ਰਹੇ ਹਨ। ਇਹਨਾਂ ਵਿਚੋਂ ਬਹੁਤ ਅੰਮ੍ਰਿਤ ਨਹੀਂ ਛਕਦੇ, ਨਿੱਤਨੇਮ ਦੇ ਨੇੜੇ ਨਹੀਂ ਜਾਂਦੇ, ਗੁਰਬਾਣੀ, ਗੁਰਮਤਿ ਸਿਧਾਂਤ ਨਾਲ ਇਹਨਾਂ ਦਾ ਕੋਈ ਵਾਸਤਾ ਨਹੀਂ ਹੈ। ਕਹਿਣ ਨੂੰ ਤਾਂ ਕਹਿੰਦੇ ਹਨ ਗੁਰੂ ਦੀ ਸੇਵਾ ਕਰਦੇ ਹਾਂ, ਪਰ ਇਹਨਾਂ ਨੂੰ ਅੱਜ ਤਕ ਇਹ ਵੀ ਪਤਾ ਨਹੀਂ ਲੱਗਾ ਕਿ ਗੁਰੂ ਕੌਣ ਹੈ ? ਗੁਰੂ ਕਿਸਨੂੰ ਕਹਿੰਦੇ ਹਨ ?

ਇਕ ਗਾਥਾ ਯਾਦ ਆ ਗਈ ਸ਼ੇਖ ਸ਼ਾਹਦੀ ਨੂੰ ਚਲਦਿਆਂ ਹੋਇਆਂ ਇਕ ਪਿੰਡ ਵਿਚ ਰਾਤ ਪੈ ਗਈ। ਧਰਮਸ਼ਾਲਾ ਵੱਲ ਨੂੰ ਤੁਰ ਪਿਆ ਜਾ ਕੇ ਧਰਮਸ਼ਾਲਾ ਦੇ ਇੰਚਾਰਜ ਨੂੰ ਕਹਿੰਦਾ ਮੈਂ ਇਥੇ ਰਾਤ ਕੱਟਣੀ ਹੈ। ਧਰਮਸਾਲ ਵਾਲਾ ਕਹਿੰਦਾ

ਤੂੰ ਕੋਈ ਜਾਮਨ ਦੇਹ ਫਿਰ ਮੈਂ ਤੈਨੂੰ ਇਥੇ ਰਾਤ ਕੱਟਣ ਦੇਵਾਂਗਾ। ਸ਼ੇਖ ਸ਼ਾਅਦੀ ਕਹਿੰਦਾ ਤੂੰ ਰੱਬ ਨੂੰ ਜਾਮਨ ਲੈ, ਰੱਬ ਮੇਰਾ ਜਾਮਨ ਹੈ, ਧਰਮਸ਼ਾਲਾ ਵਾਲਾ ਕਹਿੰਦਾ ਕੌਣ ਰੱਬ ? ਕਿਹੜਾ ਰੱਬ ਉਹ ਕੀ ਹੁੰਦਾ ਹੈ ? ਕੋਈ ਬੰਦਾ ਜਾਮਨ ਦੇ। ਸ਼ੇਖ ਸ਼ਾਅਦੀ ਕਹਿੰਦਾ ਖ਼ੁਦਾ ਜਾਮਨ ਹੈ। ਉਹ ਕਹਿੰਦਾ ਮੈਂ ਖ਼ੁਦਾ ਨੂੰ (ਰੱਬ ਨੂੰ) ਜਾਣਦਾ ਹੀ ਨਹੀਂ ਹਾਂ। ਸ਼ੇਖ ਸ਼ਾਅਦੀ ਸੋਚਦਾ ਹੈ ਕਿ ਰੱਬ ਦੇ ਨਾਂ 'ਤੇ ਧਰਮਸ਼ਾਲਾ ਬਣਾਈ ਹੈ ਪਰ ਇਥੇ ਜੋ ਬੈਠੇ ਹਨ ਇਹ ਤਾਂ ਰੱਬ ਨੂੰ ਉਂਜ ਹੀ ਜਾਣਦੇ ਨਹੀਂ, ਸੋ ਬਿਲਕੁਲ ਇਸ ਤਰ੍ਹਾਂ ਦੀ ਹਾਲਤ ਕਾਰ ਸੇਵਾ ਵਾਲਿਆਂ ਦੀ ਹੈ। ਸੇਵਾ ਗੁਰੂ ਦੀ ਕਰਦੇ ਹਨ, ਗੁਰੂ ਨੂੰ ਜਾਣਦੇ ਹੀ ਨਹੀਂ। ਇਹਨਾਂ ਵਾਸਤੇ ਕੱਖਾਂ ਕਾਨਿਆਂ ਦੀ ਬਣੀ ਹੋਈ ਟੋਕਰੀ ਗੁਰੂ ਹੈ। ਇਹ ਕੱਖਾਂ ਦੀ ਟੋਕਰੀ ਇਹਨਾਂ ਵਾਸਤੇ ਰੱਬ ਹੈ।

ਇਥੇ ਇਕ ਹੱਡ ਬੀਤੀ ਦੱਸਣੀ ਜ਼ਰੂਰੀ ਹੈ ਮੈਂ ਦਰਬਾਰ ਸਾਹਿਬ ਤਰਨਤਾਰਨ ਪ੍ਰਕਰਮਾ ਵਿਚ "ਗੁਰੂ ਗ੍ਰੰਥ ਸਾਹਿਬ ਜੀ" ਦੇ ਦਰਸ਼ਨ ਕਰਨ ਜਾ ਰਿਹਾ ਸੀ। ਪ੍ਰਕਰਮਾ ਵਿਚ ਇਕ ਖੱਦਰ ਦੀ ਕੁੜਤੀ ਵਾਲਾ, ਸਿਰ 'ਤੇ ਖੇਸ ਬੰਨ੍ਹ ਕੇ ਖੜ੍ਹਾ ਸੀ। ਮੈਨੂੰ ਰੋਕ ਕੇ ਕਹਿੰਦਾ ਪੰਜ ਟੋਕਰੀਆਂ ਮਿੱਟੀ ਦੀਆਂ ਸੁੱਟ ਕੇ ਜਾ, ਮੈਂ ਕਿਹਾ ਕਿ ਮੈਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾ ਰਿਹਾ ਹਾਂ। ਟੋਕਰੀਆਂ ਵਾਸਤੇ ਮੇਰੇ ਪਾਸ ਟਾਈਮ ਨਹੀਂ ਹੈ। ਉਹ ਕਾਰ ਸੇਵਾ ਵਾਲਾ ਫੱਟ ਬੋਲਿਆ ਕਹਿੰਦਾ ਜਾ। ਜਿਹੜੇ ਤੂੰ ਦਰਸ਼ਨ ਕਰਨ ਚੱਲਿਆਂ ਹੈ ਤੇਰੇ ਇਹ ਦਰਸ਼ਨ ਵੀ ਕਿਸੇ ਕੰਮ ਨਹੀਂ, ਮੈਂ ਕਿਹਾ ਜੇ ਇਹ ਦਰਸ਼ਨ ਤੇਰੀ ਨਿਗ੍ਹਾ ਵਿਚ ਕਿਸੇ ਕੰਮ ਨਹੀਂ ਤਾਂ ਤੇਰੀ ਟੋਕਰੀ ਢੋਈ ਵੀ ਕਿਸੇ ਕੰਮ ਨਹੀਂ।

ਸੋ ਇਹਨਾਂ ਨੇ ਟੋਕਰੀ ਨੂੰ ਹੀ ਰੱਬ ਮੰਨਿਆ ਹੋਇਆ ਹੈ। ਇਸਨੂੰ ਇਹ ਨਾਨਕਸ਼ਾਹੀ ਟੋਕਰੀ ਕਹਿੰਦੇ ਹਨ। ਇਹ ਵੀ ਕਹਿੰਦੇ ਹਨ ਕਿ ਜਿਸ ਉਪਰੋਂ ਇਹ ਟੋਕਰੀ ਲੰਘ ਗਈ ਉਸਨੂੰ ਧਰਮਰਾਜ ਲੇਖਾ ਨਹੀਂ ਪੁੱਛੇਗਾ। ਇਹ ਕਿਸੇ ਲਿਖਤ ਵਿਚ ਨਹੀਂ ਹੈ ਧੋਤੀ ਵਾਲੇ ਬ੍ਰਾਹਮਣ ਵਾਂਗੂੰ ਇਹ ਧਾਰਨਾਵਾਂ ਇਹਨਾ ਕੋਲੋਂ ਘੜੀਆਂ ਹਨ। ਕਈ ਕਾਰ ਸੇਵਾ ਵਾਲੇ, ਸੰਗਤ ਦੇ ਪੈਸੇ ਵਿਚੋਂ ਭੰਗ, ਪੋਸਤ, ਅਫੀਮ ਆਦਿ ਨਸ਼ੇ ਆਪਣੇ ਡੇਰਿਆਂ ਵਿਚ ਸ਼ਰੇਆਮ ਵੰਡ ਰਹੇ ਹਨ, ਇਹਨਾਂ ਵਾਸਤੇ ਭੰਗ ਪ੍ਰਸ਼ਾਦ ਹੈ, ਪੋਸਤ ਪ੍ਰਸ਼ਾਦ ਹੈ, ਅਫੀਮ ਇਹ ਪ੍ਰਸ਼ਾਦ ਦੇ ਤੌਰ 'ਤੇ ਵੰਡਦੇ ਹਨ ਕੋਈ ਇਕ ਅੱਧਾ ਕਾਰ ਸੇਵਾ ਵਾਲਾ ਡੇਰਾ ਨਸ਼ਿਆਂ ਤੋਂ ਰਹਿਤ ਹੈ। ਇਹ ਆਮ, ਸਤਿਨਾਮ ਵਾਹਿਗੁਰੂ ਦਾ ਜਾਪ ਕਰਾਉਂਦੇ ਹਨ ਉਹਨਾਂ ਵਿਚੋਂ ਬਹੁਤੇ ਬੱਧੇ ਚੱਟੀ ਭਰ ਰਹੇ ਹੁੰਦੇ ਹਨ। ਗੁਰ ਫੁਰਮਾਣ ਹੈ "ਬਧਾ ਚਟੀ ਜੋ ਭਰੈ ਗੁਣ ਨ ਉਪਕਾਰ॥" ਇਹ ਮੂੰਹੋਂ ਬੋਲੀ ਜ਼ਰੂਰ ਜਾਂਦੇ ਹਨ ਪਰ ਇਹਨਾਂ ਨੂੰ ਕੋਈ ਪਤਾ ਨਹੀਂ ਕਿ ਸਤਿਨਾਮ ਕੀ ਹੈ, ਵਾਹਿਗੁਰੂ ਦਾ ਅਰਥ ਬੋਧ ਕੀ ਹੈ ? ਸਮਝ ਤੋਂ ਬਿਨ੍ਹਾਂ ਅੰਦਰ ਵੱਸ ਨਹੀਂ

ਸਕਦਾ, ਜਿੰਨਾ ਚਿਰ ਅੰਦਰ ਨਹੀਂ ਵੱਸਦਾ, ਗੱਲ ਕੋਈ ਵੀ ਨਹੀਂ ਬਣ ਸਕਦੀ, ਜਿੰਨੀ ਮਰਜ਼ੀ ਟੋਕਰੀ ਢੋ ਲੈਣ।

ਇਹਨਾਂ ਕਾਰ ਸੇਵਾ ਵਾਲਿਆਂ ਦੇ ਅੰਦਰ ਬਹੁਤ ਵੱਡਾ ਭੁਲੇਖਾ ਬਣਿਆ ਹੋਇਆ ਹੈ ਕਿ ਸੇਵਾ, ਸਿਮਰਨ ਕਰਦੇ ਹਾਂ ਮੁਕੰਮਲ ਸੇਵਾ ਸਿਮਰਨ ਇਹ ਕਿਵੇਂ ਹੋ ਗਿਆ ? ਗੁਰਬਾਣੀ ਅੰਦਰ ਜੋ ਸਿਮਰਨ ਲਿਖਿਆ ਹੈ। ਉਹ ਇਹ ਨਹੀਂ ਹੈ। ਜੇ ਇਹਨਾਂ ਵਾਲਾ ਸੇਵਾ ਸਿਮਰਨ ਸਹੀ ਹੈ ਤਾਂ ਫਿਰ "ਗੁਰੂ ਗ੍ਰੰਥ ਸਾਹਿਬ ਜੀ" ਦੀ ਲੋੜ ਹੀ ਨਹੀਂ ਸੀ, ਗੁਸਤਾਖ਼ੀ ਮੁਆਫ਼ ਕਰਨਾ ਅਤੇ ਜੇ "ਗੁਰੂ ਗ੍ਰੰਥ ਸਾਹਿਬ ਜੀ" ਦੀ ਲੋੜ ਹੀ ਨਹੀਂ ਸੀ ਤਾਂ ਫਿਰ ਇਹਨਾਂ ਦੇ ਗੁਰਦੁਆਰਿਆਂ ਦੀ ਵੀ ਕੀ ਲੋੜ ਸੀ ? ਯਾਦ ਰੱਖਣਾ ਜੇ "ਗੁਰੂ ਗ੍ਰੰਥ ਸਾਹਿਬ" ਜੀ ਦਾ ਪ੍ਰਕਾਸ਼ ਉਥੇ ਹੈ ਤਾਂ ਗੁਰਦੁਆਰਾ ਹੈ ਨਹੀਂ ਤਾਂ ਆਮ ਬਿਲਡਿੰਗ ਹੈ। ਠੀਕ ਹੈ ਗੁਰੂਆਂ ਦੇ ਇਤਿਹਾਸੀ ਗੁਰਦੁਆਰਿਆਂ ਦੀ ਲੋੜ ਹੈ, ਪਰ ਐਸਾ ਨਾ ਹੋਵੇ ਕਿ ਸਾਰੀ ਧਰਤੀ ਤੇ ਗੁਰਦੁਆਰੇ ਹੀ ਬਣ ਜਾਣ, ਸਿੱਖ ਇਕ ਵੀ ਨਾ ਬਣੇ। ਹੱਦ ਤੋਂ ਵੱਧ ਕਿੱਡੀ ਵੀ ਵਧੀਆ ਚੀਜ਼ ਹੋਵੇ ਦੁੱਖ ਦਿੰਦੀ ਹੈ। ਪੱਖਾ ਗਰਮੀ ਵਾਸਤੇ ਹੈ ਪਰ ਪੱਖਾ ਸਰਦੀਆਂ ਵਿਚ ਚੱਲੀ ਜਾਵੇ ਦੁੱਖ ਹੋਵੇਗਾ। ਬੰਦਾ, ਘਿਉ ਜ਼ਿਆਦਾ ਖਾ ਲਵੇ ਲਾਭ ਦੀ ਥਾਂ ਨੁਕਸਾਨ ਹੋ ਜਾਵੇਗਾ। ਬੇਸਮਝੀ ਵਿਚ ਕੀਤੀ ਸੇਵਾ ਨੇ ਸਿੱਖ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ, ਬੇਸਮਝੀ ਵਿਚ ਕੀਤੇ ਸਿਮਰਨ ਨੇ ਵੀ ਸਿੱਖ ਕੌਮ ਦਾ ਬਹੁਤ ਨੁਕਸਾਨ ਕੀਤਾ ਹੈ।

ਕਹਿੰਦੇ ਹਨ ਕਿ ਇੰਗਲੈਂਡ ਵਿਚ ਬਹੁਤ ਜ਼ਿਆਦਾ ਗਿਰਜ਼ਾ ਘਰ ਬਣਦੇ ਗਏ ਬਣਦੇ ਗਏ। ਪਰ ਜਦੋਂ ਨੌਜਵਾਨ ਮੁੰਡੇ ਉਠੇ ਉਹ ਕਹਿੰਦੇ ਇਹ ਕੀ ਹੈ ਉਹਨਾਂ ਨੇ ਗਿਰਜ਼ਾ ਘਰ ਵੇਚ ਦਿੱਤੇ, ਸੌਦੇ ਕਰ ਦਿੱਤੇ ਗਿਰਜ਼ਾ ਘਰਾਂ ਦੇ। ਸੋ ਐਸਾ ਨਾਂ ਹੋਵੇ ਕਿ ਗੁਰਦੁਆਰੇ ਤਾਂ ਬਹੁਤ ਬਣ ਰਹੇ ਹਨ ਗੁਰਬਾਣੀ ਦੀ ਗੱਲ ਨਾ ਮਾਤਰ ਹੈ, ਗੁਰਮਤਿ ਦੀ ਗੱਲ ਨਾ ਮਾਤਰ ਹੈ, ਗੁਰੂ ਦੇ ਦੱਸੇ ਹੋਏ ਸਿਮਰਨ ਦੀ ਗੱਲ ਨਾ ਮਾਤਰ ਹੈ। 90% ਸਿੱਖ ਨੌਜਵਾਨ ਮੋਨੇ ਹੋ ਗਏ ਹਨ, ਪੱਗ ਦੀ ਥਾਂ ਟੋਪੀਆਂ ਪਾ ਰਹੇ ਹਨ। ਨੌਜਵਾਨ ਮੁੰਡੇ ਕਿਤੇ ਸਾਲ ਬਾਅਦ ਵੀ ਗੁਰਦੁਆਰੇ ਆਉਣ ਨੂੰ ਤਿਆਰ ਨਹੀਂ ਸਨ। ਐਸਾ ਸੰਭਵ ਹੈ ਕਿ ਇਹ ਗੁਰਦੁਆਰੇ ਬੈ ਹੋ ਜਾਣਗੇ। ਇਹ ਲੋੜ ਤੋਂ ਵੱਧ ਢੋਈ ਹੋਈ ਟੋਕਰੀ ਕਿਸੇ ਕੰਮ ਨਹੀਂ ਆਵੇਗੀ। ਕਾਰ ਸੇਵਾ ਵਾਲੇ ਬਾਬੇ ਵੀ, ਮੋਨਿਆਂ ਮੁੰਡਿਆਂ ਨੂੰ ਇਹ ਕਹਿੰਦੇ ਸੁਣੇ ਹਨ ਕਿ ਤਕੜੇ ਹੋ ਕੇ ਟੋਕਰੀ ਢੋਵੋ ਤੁਹਾਨੂੰ ਧਰਮ ਰਾਜ ਲੇਖਾ ਨਹੀਂ ਪੁੱਛੇਗਾ। ਜਿਸ ਮੋਨੇ ਨੌਜਵਾਨ ਨੂੰ ਸਵਰਗ ਦਾ ਸਰਟੀਫ਼ਿਕੇਟ ਇਕ ਬੇਅੰਮ੍ਰਿਤੀਆ, ਗੁਰੂ ਦੀ ਰਹਿਤ ਬਹਿਤ ਤੋਂ ਆਪ ਖ਼ੁਦ ਭਗੌੜਾ, ਕਾਰ ਸੇਵਾ ਵਾਲਾ ਬਾਬਾ ਕਹਿ ਰਿਹਾ ਹੈ ਉਸ ਨੌਜਵਾਨ ਨੂੰ ਅੰਮ੍ਰਿਤ ਛਕਣ ਦੀ, ਰਹਿਤ ਰੱਖਣ ਦੀ ਲੋੜ ਕੀ ਹੈ ? ਕਾਰ ਸੇਵਾ ਵਾਲੇ ਬੇਅੰਮ੍ਰਿਤੀਏ ਬਾਬੇ

ਨੂੰ ਬੰਦਾ ਪੁੱਛੇ ਕਿ ਇਹ ਟੋਕਰੀ ਕਿਸੇ ਖੋਤੇ 'ਤੇ ਲੱਦ ਦੇਵੇਂਗਾ ਤਾਂ ਉਹ ਕਿਤੇ ਨਾ ਕਿਤੇ ਸੁੱਟ ਹੀ ਦੇਵੇਗਾ ਪਰ ਕਦੇ ਸੋਚਿਆ। ਗੁਰੂ ਦਾ ਹੁਕਮ ਕੀ ਹੈ ? ਗੁਰੂ ਦਾ ਹੁਕਮ ਅੰਮ੍ਰਿਤਧਾਰੀ ਹੋ ਕੇ "ਰਹਿਣੀ ਰਹੇ ਸੋਈ ਸਿਖ ਮੇਰਾ" ਕਕਾਰਧਾਰੀ ਹੋ ਕੇ ਗੁਰਬਾਣੀ ਨੂੰ ਪੜ੍ਹਨਾ ਸੁਣਨਾ, ਮੰਨਣਾ ਤੇ ਕਮਾਉਣਾ ਹੈ। ਇਹ ਹੈ ਗੁਰੂ ਦਾ ਕਿਹਾ ਸੇਵਾ ਸਿਮਰਨ। ਕ੍ਰਿਤ ਕਰਨੀ, ਨਾਮ ਜਪਣਾ, ਵੰਡ ਛਕਣਾ। ਜਿਸ ਘਰ ਵਿਚ ਇਕ ਭਰਮ ਭੁਲੇਖਾ ਪੈ ਜਾਵੇ, ਨਤੀਜੇ ਦੇ ਤੌਰ 'ਤੇ ਉਹ ਘਰ ਬਰਬਾਦ ਹੋ ਜਾਂਦਾ ਹੈ ਪਰ ਇਥੇ ਥਾਂ-ਥਾਂ ਭਰਮ ਭੁਲੇਖੇ 'ਚ ਪੈਣ ਅਤੇ ਪਾਉਣ ਵਾਲਿਆਂ ਨੇ ਸਿੱਖੀ (ਗੁਰੂ ਘਰ) ਦਾ ਕੀ ਹਾਲ ਬਣਾ ਦਿੱਤਾ ਹੈ ? ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਹੈ।

ਇਹ ਕਾਰ ਸੇਵਾ ਵਾਲੇ ਬਾਬੇ ਸਰਕਾਰਾਂ ਨਾਲ ਵੀ ਸਾਂਝਾਂ ਪਾਲਦੇ ਹਨ। ਇਹ ਪਤਿਤ, ਸ਼ਰਾਬੀ ਕਬਾਬੀ ਮੰਤਰੀਆਂ ਨੂੰ ਆਪਣੇ ਡੇਰਿਆਂ ਵਿਚ ਸੱਦ ਕੇ ਕਿਰਪਾਨਾਂ ਤੇ ਸਰੋਪੇ ਦਿੰਦੇ ਹਨ। ਉਦਘਾਟਨ ਕਰਾਉਂਦੇ ਹਨ। ਸਪੈਸ਼ਲ ਖਾਣੇ ਖਵਾਉਂਦੇ ਹਨ। ਇਹ ਆਪਸ ਵਿਚ ਵੋਟਾਂ, ਨੋਟਾਂ ਦਾ ਲੈਣ ਦੇਣ ਵੀ ਕਰਦੇ ਹਨ। ਟਰੱਕਾਂ ਗੱਡੀਆਂ ਦੇ ਮਾਲਕ, ਡਰਾਈਵਰ ਗੱਡੀਆਂ ਉੱਪਰ 2 ਨੰਬਰ ਦਾ ਮਾਲ (ਬਲੈਕ ਮਾਲ) ਲੱਦ ਦੇ, ਉਹ ਮਾਲ ਸਿਰੇ ਲੱਗਣ ਦੀ ਖੁਸ਼ੀ ਵਿਚ ਉਸ ਬਲੈਕ (ਠੱਗੀ) ਦੇ ਪੈਸੇ ਵਿਚੋਂ ਖੁੱਲ੍ਹਾ ਪੈਸਾ, ਕਾਰਾਂ ਗੱਡੀਆਂ ਇਹਨਾਂ ਬਾਬਿਆਂ ਨੂੰ ਦੇਂਦੇ ਹਨ। ਇਹ ਕਾਰ ਸੇਵਾ ਵਾਲੇ ਧੜਾ ਧੜ ਉਹ ਪੈਸਾ ਗੁਰਦੁਆਰਿਆਂ, ਲੰਗਰਾਂ ਵਿਚ ਵਰਤੀ ਜਾ ਰਹੇ ਹਨ। ਬਲੈਕ ਦੇ ਪੈਸੇ ਨਾਲ ਬਣੇ ਇਹ ਗੁਰਦੁਆਰੇ, ਇਹ ਸੇਵਾ ਵਾਲੀਆਂ ਗੱਡੀਆਂ, ਕੀ ਸਵਾਰ ਦੇਣਗੀਆਂ। ਸਿੱਖ ਕੌਮ ਦੀ ਜੋ ਹਾਲਤ ਬਣ ਗਈ ਹੈ ਇਹ ਇਹਨਾਂ ਬਾਬਿਆਂ ਨੇ ਇਸ ਤਰ੍ਹਾਂ ਬਣਾ ਹੀ ਦੇਣੀ ਸੀ। ਪੰਜਾਬ ਦੀ ਕਹਾਵਤ 'ਇੰਨਿਆ ਦਾਨਿਆਂ ਦਾ ਇੰਨਾ ਕੁਝ ਹੀ ਆਉਣਾ ਸੀ।'

ਇਹ ਕਾਰ ਸੇਵਾ ਵਾਲੇ ਬਾਬੇ ਮਾਇਆ ਅਸਫਲੀ ਕਰਨ ਵਾਸਤੇ ਬਾਹਰਲੇ ਦੇਸ਼ਾਂ ਵਿਚ ਵੀ ਪਹੁੰਚ ਜਾਂਦੇ ਹਨ। ਇਕ ਬਾਬਾ ਜੀ ਪਹੁੰਚ ਗਏ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਦੇ ਇਲਾਕੇ ਇਕ ਥਾਂ ਸੈਰ ਕਰ ਰਹੇ ਸਨ। ਗੁਰਬਾਣੀ ਸਮਝਣ ਵਾਲੇ ਸਿੱਖ ਨੇ ਸਵਾਲ ਕੀਤਾ ਬਾਬਾ ਜੀ ਕਹਿੰਦੇ ਹਨ ਕਿ ਬਾਬਾ ਜੀ ਜਿਉਂ ਸਵੇਰੇ ਉਠਦੇ ਹਨ, ਸਵੇਰ ਦੀ ਸੈਰ, ਸ਼ਰਧਾਲੂਆਂ ਦੇ ਘਰੀਂ ਚਰਨ ਪਾਉਣ, ਕਥਾ ਕਹਾਣੀਆਂ ਸੁਣਾਉਣ ਅਤੇ ਡੇਰਿਆਂ ਵਿਚ ਟੈਲੀਫੋਨਾਂ 'ਤੇ ਸੁਨੇਹੇ ਦੇਣ ਵਿਚ ਰੁੱਝੇ ਰਹਿੰਦੇ ਹਨ। ਇਸ ਤਰ੍ਹਾਂ ਹੀ ਰਾਤ ਦੇ 12 ਵੱਜ ਜਾਂਦੇ ਹਨ। ਆਪ ਨੂੰ ਕਦੇ ਨਿੱਤਨੇਮ ਬਾਣੀ ਪੜ੍ਹਦੇ ਨਹੀਂ ਵੇਖਿਆ। ਕੀ ਆਪ ਵਾਸਤੇ ਨਿੱਤਨੇਮ ਜਾਂ ਪਾਠ ਕਰਨਾ ਜ਼ਰੂਰੀ ਨਹੀਂ ? ਬਾਬੇ ਕਹਿੰਦੇ ਸਿੰਘੋ ! ਜੋ ਮਹਾਂਪੁਰਖ ਹੁੰਦੇ ਹਨ ਇਹ ਕਿਸੇ ਦੇ ਸਾਹਮਣੇ ਨਾਮ ਨਹੀਂ ਜਪਦੇ। ਦੂਜਾ ਸਵਾਲ ਕੀਤਾ ਕਿ ਬਾਬਾ ਜੀ ਕਦੇ ਖ਼ਾਲਸਾ ਰਾਜ ਵੀ

ਕਰੇਗਾ ਕਿ ਨਹੀਂ ? ਬਾਬਾ ਜੀ ਹੱਸ ਕੇ ਕਹਿਣ ਲੱਗੇ ਰਾਜ ਅਸੀਂ ਕਿਉਂ ਨਹੀਂ ਕਰਾਂਗੇ ? ਸਿੱਖ ਕੌਮ ਉੱਤੇ ਰਾਜ ਕੇਵਲ ਅਸੀਂ ਹੀ ਕਰ ਸਕਦੇ ਹਾਂ ਅਤੇ ਅਸੀਂ ਹੀ ਕਰਾਂਗੇ। ਹਾਂ ਬਾਕੀ ਸਿੱਖ ਜਥੇਬੰਦੀਆਂ ਨੂੰ ਉਹਨਾਂ ਦਾ ਬਣਦਾ ਹਿੱਸਾ ਜ਼ਰੂਰ ਦੇਵਾਂਗੇ। ਅਸੀਂ ਤਾਂ ਮਹਿਕਮਿਆਂ ਦੀ ਵੰਡ ਬਾਰੇ ਵੀ ਸੋਚ ਰੱਖਿਆ ਹੈ ਕਿ ਕਿਹੜਾ ਮਹਿਕਮਾ ਕਿਸ ਨੂੰ ਦੇਣਾ ਹੈ ? ਰਾਜ ਸੱਤਾ ਸਾਡੇ ਹੱਥ ਆਉਂਦਿਆਂ ਸਾਰ ਹੀ ਦਮਦਮੀ ਟਕਸਾਲ ਨੂੰ ਡਿਫੈਂਸ ਮਹਿਕਮਾ ਦੇਵਾਂਗੇ ਹੋਮ ਗਾਰਡ ਬੱਬਰਾਂ ਨੂੰ। ਸੀ.ਆਰ.ਪੀ. ਰਾਧਾ ਸੁਆਮੀਆਂ ਨੂੰ। ਨਸ਼ਿਆਂ ਦੇ ਸਾਰੇ ਠੇਕੇ ਨਿਹੰਗ ਦਲਾਂ ਅਤੇ ਕਾਰ ਸੇਵਾ ਵਾਲਿਆਂ ਨੂੰ ਦੇਵਾਂਗੇ ਅਤੇ ਤਬਾਹੀ ਦਾ ਮਹਿਕਮਾ ਨਾਨਕਸਰੀਆਂ ਕੋਲ ਹੋਵੇਗਾ।

ਸੋ ਜਿਨ੍ਹਾਂ ਮਸੰਦਾਂ, ਮਹੰਤਾਂ, ਸੰਤਾਂ, ਡੇਰੇਦਾਰਾਂ ਨੇ ਕਿਸੇ ਸੰਘਰਸ਼ ਵਿਚ ਕੰਡੇ ਜਿੰਨੀ ਪੀੜ ਵੀ ਨਹੀਂ ਸਹੀ। ਉਹ ਬਾਬੇ ਅੱਜ ਭੋਲੇ ਭਾਲੇ ਤੇ ਅੰਧ ਵਿਸ਼ਵਾਸੀ ਸਿੱਖਾਂ ਨੂੰ ਭਰਮਾ ਕੇ, ਸ਼ਰਧਾ ਅਧੀਨ ਦਿੱਤੀ ਮਾਇਆ ਦੇ ਅੰਬਾਰ ਇਕੱਤਰ ਕਰਨ ਮਗਰੋਂ ਸਿੱਖ ਕੌਮ ਉੱਤੇ ਰਾਜ ਕਰਨ ਦੀਆਂ ਵਿਉਂਤਾਂ ਵੀ ਬਣਾ ਰਹੇ ਹਨ। ਇਹ ਅੰਧ ਵਿਸ਼ਵਾਸੀ ਲੋਕ ਅੰਨ੍ਹੀ ਸ਼ਰਧਾ ਵੱਸ ਬੰਦੇ ਦੇ ਸਿੱਖ ਬਣ ਰਹੇ ਹਨ, ਗੁਰੂ ਦੇ ਨਹੀਂ।

ਬਾਬਾ ਤਾਰਾ ਸਿੰਘ (ਕਾਰ ਸੇਵਾ ਸੰਪ੍ਰਦਾ ਸਰਹਾਲੀ) ਜ਼ਿਲ੍ਹਾ ਅੰਮ੍ਰਿਤਸਰ

ਇਹਨਾਂ ਨੇ ਸਕੂਲੀ ਪੜ੍ਹਾਈ ਨਹੀਂ ਸੀ ਕੀਤੀ। ਸਰਹਾਲੀ ਪਿੰਡ ਦਾ ਮੂਲਾ ਬਾਹਮਣ ਇਹਨਾਂ ਦਾ ਪਰਮ ਮਿੱਤਰ ਸੀ। ਉਸ ਕੋਲ ਬੈਠ ਕੇ ਸੰਤਾਂ ਨੇ ਬਾਹਮਣੀ ਮੱਤ, ਸੁੱਚ-ਭਿੱਟ, ਵਹਿਮ-ਭਰਮ, ਰੁੱਤਾਂ, ਕਰੁੱਤਾਂ, ਵਾਰ-ਕਵਾਰ ਸਿੱਖੇ ਸੀ। ਇਹ ਬੋਝ ਉਹਨਾਂ ਨੇ ਅਖ਼ੀਰ ਤਕ ਚੁੱਕੀ ਰੱਖਿਆ। ਪਿਤਾ ਮੰਗਲ ਸਿੰਘ ਜੀ ਜੋ ਅਖੰਡ ਪਾਠੀ ਹੁੰਦਿਆਂ ਹੋਇਆਂ ਵੀ ਜਾਤਾਂ-ਪਾਤਾਂ ਵਿਚ ਵਹਿਮਾਂ-ਭਰਮਾਂ ਵਿਚ, ਸੁੱਚ ਭਿੱਟ ਵਿਚ ਫਸੇ ਹੋਏ ਸਨ। ਪਿਤਾ ਦਾ ਹੁਕਮ ਪਾ ਕੇ ਸੰਤਾਂ ਨੇ ਪਿੰਡ ਸਰਹਾਲੀ ਵਿਖੇ ਹੀ ਪੰਜਵੇਂ ਪਾਤਸ਼ਾਹ ਦਾ ਸਰੋਵਰ ਬਣਾਉਣਾ ਸ਼ੁਰੂ ਕਰ ਦਿੱਤਾ। ਉਹਨਾ ਦਿਨਾਂ ਵਿਚ ਪੈਸਾ ਬਹੁਤ ਘੱਟ ਸੀ। ਹੌਲੀ-ਹੌਲੀ ਕੰਮ ਚੱਲਣ ਲੱਗਾ। ਪਿੰਡ ਦੇ ਲੋਕ ਕੁਝ ਹੱਕ ਵਿਚ ਤੇ ਕੁਝ ਖਿਲਾਫ਼। ਪੱਕੇ ਤੌਰ 'ਤੇ ਸਿੰਘ, ਬਾਬਿਆਂ ਕੋਲ ਆਉਣ ਲੱਗੇ। ਪਹਿਲੇ ਇਕ ਜੀਪ ਤੇ ਫਿਰ ਇਕ ਗੱਡੀ ਸ਼ਿਵਰਲੈਟ ਸੰਤਾਂ ਕੋਲ ਆ ਗਈ। ਹੌਲੀ-ਹੌਲੀ ਡੇਰੇ ਬਣਨ ਲੱਗੇ ਵਧਣ ਲੱਗੇ। ਮੇਰੇ ਫੁੱਫੜ ਜੀ ਪਿੰਡ ਪੱਖੋਪੁਰ ਦੇ ਰਹਿਣ ਵਾਲੇ ਮੈਨੂੰ ਨਾਲ ਲੈ ਕੇ ਸੰਤਾਂ ਕੋਲ ਚਲੇ ਗਏ ਮੈਂ ਪੈਸੇ ਰੱਖ ਕੇ ਸੰਤਾਂ ਨੂੰ ਮੱਥਾ ਟੇਕਿਆ (ਪਾਠਕ ਹੈਰਾਨ ਨਾ ਹੋਣ ਇਹ ਗੱਲ ਅੱਜ ਤੋਂ 32 ਸਾਲ ਪਹਿਲਾਂ ਦੀ ਹੈ, ਹੁਣ ਤਾਂ ਮੇਰੇ ਵਾਸਤੇ ਕੇਵਲ ਤੇ ਕੇਵਲ "ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ" ਹੀ ਸੰਤ ਹਨ, ਬ੍ਰਹਮਗਿਆਨੀ ਹਨ, ਪੂਰਨ ਸਮਰੱਥ ਹਨ,

ਨਿਰੰਕਾਰ ਪ੍ਰਮਾਤਮਾ ਹਨ) ਮੇਰੇ ਵੱਲ ਸੰਤਾਂ ਨੇ ਬੜੇ ਧਿਆਨ ਨਾਲ ਦੇਖਿਆ ਅਤੇ ਕਹਿਣ ਲੱਗੇ ਕਿ ਇਹਨੂੰ ਸਾਡੇ ਕੋਲ ਰਹਿਣ ਦਿਉ ਇਥੇ ਹੋਰ ਵੀ ਸਿੰਘ ਪੜ੍ਹਦੇ ਹਨ, ਇਹਨੂੰ ਵੀ ਪੜ੍ਹਾਵਾਂਗੇ। ਗੱਲ ਬਹੁਤ ਲੰਮੀ ਹੈ ਸੰਖੇਪ ਕਰਦਾ ਜਾਵਾਂ ਕਿ ਮੈਂ ਉਥੇ ਕੇਵਲ ਇਕ ਸਾਲ ਹੀ ਪੜ੍ਹਿਆ ਪਰ ਨਾਨਕ ਸ਼ਾਹੀ ਟੋਕਰੀ ਤਿੰਨ ਸਾਲ ਢੋਈ। ਕਿਉਂਕਿ ਗੁਰਬਾਣੀ ਦੀ ਗੱਲ ਉਥੇ ਨਾ ਮਾਤਰ ਹੀ ਸੀ। ਟੋਕਰੀ ਦਾ ਕੰਮ ਜ਼ੋਰਾਂ ਸ਼ੋਰਾਂ 'ਤੇ ਸੀ। ਉਹ ਸੇਵਾ ਦੀ ਟੋਕਰੀ ਦਾਸ ਨੇ ਜਿਸ ਤਰੀਕੇ ਨਾਲ ਢੋਈ, ਇਹ ਉਸ ਵਕਤ ਦੇ ਨਾਲ ਦੇ ਸਾਥੀ ਜੋ ਜਿਊਂਦੇ ਜਾਗਦੇ ਹਨ ਉਹਨਾਂ ਦਾ ਦੱਸਣਾ ਜ਼ਿਆਦਾ ਠੀਕ ਹੋਵੇਗਾ ਮੈਂ ਤਾਂ ਇਸ਼ਾਰਾ ਮਾਤਰ ਕਰਾਂਗਾ ਕਿ ਨਾ ਦਿਨੇ ਟੇਕ ਨਾ ਰਾਤ ਸਵੇਰ ਤੋਂ ਸਾਮ ਤਕ ਟੋਕਰੀ ਢੋਣੀ ਰਾਤ ਨੂੰ ਸੰਤਾਂ ਦੀ ਮੁੱਠੀ ਚਾਪੀ ਦੀ ਸੇਵਾ ਘੰਟਿਆਂ ਬੱਧੀ ਕਰਨੀ। ਸੰਤਾਂ ਨੇ ਵੀ ਹੱਲਾਸ਼ੇਰੀ ਦਿੰਦੇ ਰਹਿਣਾ ਕਿ ਤਕੜੇ ਹੋ ਕੇ ਸੇਵਾ ਕਰ ਲਉ ਇਹ ਸੇਵਾ ਨਹੀਂ ਜੇ ਲੱਭਣੀ। ਇਹ ਸੁਣ ਕੇ ਹੋਰ ਵੀ ਸਰੀਰ ਨੂੰ ਕੋਹਣਾ, ਤੋੜਨਾ ਕਿ ਐਸਾ ਨਾ ਹੋਵੇ ਕਿ ਇਹ ਸੇਵਾ ਖੰਭ ਲਾ ਕੇ ਉੱਡ ਜਾਵੇ ਮੁੜਕੇ ਲੱਭੇ ਹੀ ਨਾ। ਸੋ ਰਾਤ ਦਿਨ ਇਕ ਕਰ ਛੱਡਿਆ ਤਿੰਨ ਸਾਲ ਘਰ ਬਾਰ ਤਿਆਗ ਛੱਡਿਆ।

ਉਥੋਂ ਦਾ ਅੱਖੀਂ ਡਿੱਠਾ ਹਾਲ

ਉਥੇ ਪੰਜ ਪਿਆਰੇ ਅੰਮ੍ਰਿਤ ਵੀ ਖੰਟੇ ਬਾਟੇ ਦਾ ਛਕਾਉਂਦੇ ਸੀ। ਪਰ ਸੰਤ ਬਾਬਾ ਤਾਰਾ ਸਿੰਘ ਜਾਤ ਪਾਤ ਦੇ ਪੱਕੇ ਹਾਮੀ ਸੀ। ਮਜ਼੍ਹਬੀ ਨੂੰ ਹਮੇਸ਼ਾ ਵੱਖ ਅੰਮ੍ਰਿਤ ਛਕਾਉਂਦੇ, ਮਜ਼੍ਹਬੀ ਨੂੰ ਨੇੜੇ ਵੀ ਨਹੀਂ ਸੀ ਲੱਗਣ ਦਿੰਦੇ। ਲੰਗਰ ਵਿਚ ਮਜ਼੍ਹਬੀਆਂ ਦੇ ਭਾਂਡੇ ਵੱਖਰੇ ਰੱਖੇ ਜਾਂਦੇ ਸਨ ਅਤੇ ਪੈਰਾਂ ਨਾਲ ਭਾਂਡੇ ਰੇੜ ਕੇ ਮਜ਼੍ਹਬੀ ਸਿੰਘਾਂ ਦੇ ਅੱਗੇ ਸੁੱਟ ਜਾਂਦੇ ਸਨ। ਮਜ਼੍ਹਬੀ ਜੇ ਕਿਤੇ ਬਿਬੇਕੀਆਂ ਦੇ ਨਲਕੇ ਤੋਂ ਪਾਣੀ ਪੀ ਲੈਂਦਾ ਸੀ ਤਾਂ ਉਸ ਨਲਕੇ ਉੱਪਰ ਬਾਲਣ ਸੁੱਟ ਕੇ ਅੱਗ ਵਿਚ ਸਾੜ ਕੇ ਮਾਂਜ ਕੇ ਪਵਿੱਤਰ ਕਰਨ ਦਾ ਸਾਨੂੰ ਬਾਬਿਆਂ ਦਾ ਹੁਕਮ ਸੀ। ਸੰਤਾਂ ਦਾ ਪੱਕਾ ਬਿਬੇਕ ਸੀ (ਅਸਲ ਬਿਬੇਕ ਕੀ ਹੈ ?) ਇਸੇ ਪੁਸਤਕ ਵਿਚ ਪਿੱਛੇ ਜ਼ਿਕਰ ਕਰ ਆਇਆ ਹਾਂ। ਅਸੀਂ ਵੀ ਸੰਤਾਂ ਦੇ ਨਾਲ ਰਹਿੰਦੇ ਪੱਕੇ ਬਿਬੇਕੀ ਸਾਂ। ਸੰਤ ਕਿਤੇ ਵੀ ਚਲੇ ਜਾਂਦੇ ਕਿਤਿਉਂ ਕੁਝ ਨਾ ਖਾਂਦੇ ਅਤੇ ਅਸੀਂ ਮਰਨ ਕਿਨਾਰੇ ਭਾਵੇਂ ਪਹੁੰਚ ਜਾਂਦੇ ਪਰ ਕਿਤਿਉਂ ਅੰਨ ਜਲ ਮੂੰਹ ਨਾ ਲਾਉਂਦੇ। ਚੰਮ ਦੀ ਬੋਕੀ ਵਾਲੇ ਨਲਕੇ ਤੋਂ ਕਿਤਿਉਂ ਪਾਣੀ ਦੀ ਘੁੱਟ ਅਸੀਂ ਨਹੀਂ ਸੀ ਪੀ ਸਕਦੇ। ਨਲਕੇ ਤੋਂ ਪਾਣੀ ਲੈਣ ਤੋਂ ਪਹਿਲਾਂ ਸਾਨੂੰ ਹਿਸਟਰੀ ਆਫ਼ ਬੋਕੀ ਪਤਾ ਕਰਨੀ ਪੈਂਦੀ। ਅਸੀਂ ਡੇਰਿਆਂ ਦੇ ਨਲਕਿਆਂ ਤੋਂ ਪਾਣੀ ਪੀਂਦੇ ਜਾਂ ਖੂਹਾਂ ਵਿਚੋਂ ਜਿਥੇ ਟੁੱਟੇ ਛਿੱਤਰ ਆਦਿ ਡਿੱਗੇ ਹੁੰਦੇ ਉਥੋਂ ਪੀਂਦੇ ਜਾਂ ਨਹਿਰਾਂ ਖਾਲਾਂ ਵਿਚੋਂ, ਜਿਸ ਵਿਚ ਡੰਗਰਾਂ ਦਾ ਗੋਹਾ ਅਤੇ

ਮਲ ਮੂਤਰ ਵੀ ਸ਼ਾਮਲ ਹੁੰਦਾ ਉਹ ਪਾਣੀ ਪੀਣ ਵਾਸਤੇ ਸਾਨੂੰ ਸੰਤਾਂ ਦਾ ਹੁਕਮ ਸੀ। ਅਸੀਂ ਭਾਂਡਿਆਂ ਨੂੰ ਮਾਂਜ ਕੇ ਉਹਨਾਂ ਵਿਚ ਅੱਗ ਪਾ ਕੇ ਮਸਾਂ ਉਹਨਾਂ ਨੂੰ ਪਵਿੱਤਰ ਕਰਦੇ। ਸੰਤਾਂ ਦਾ ਹੁਕਮ ਮੰਨ ਕੇ ਅਸੀਂ ਕੋਈ 8-9 ਇੰਚੀ ਗਾਤਰੇ ਵਾਲੀ ਕ੍ਰਿਪਾਨ ਨਹੀਂ ਸੀ ਪਾਉਂਦੇ ਕੇਵਲ ਡੇਢ ਇੰਚੀ ਖੰਡਾ ਕਿਰਪਾਨ ਕੰਘੇ ਨਾਲ ਬੰਨ੍ਹ ਕੇ ਸਿਰ ਵਿਚ ਹੀ ਰੱਖੀ ਰੱਖਦੇ। ਪੰਜਾਂ ਕੱਕਿਆਂ ਦੇ ਨਾਲ ਇਕ ਖੰਡਾ ਵੀ ਰੱਖਣ ਦਾ ਸੰਤਾਂ ਦਾ ਉਚੇਚਾ ਹੁਕਮ ਸੀ।

ਰਾਤ ਨੂੰ ਸੰਤ, ਸਿੱਧਾ ਜਿਹਾ ਕੀਰਤਨ ਵੀ ਕਰਦੇ। ਕੀਰਤਨ ਦੌਰਾਨ ਬਾਹਮਣੀ ਮਤਾਂ ਦਾ ਪ੍ਰਚਾਰ ਜ਼ਿਆਦਾ ਕਰਮ-ਕਾਂਡੀ, ਮਨਘੜ੍ਹਤ ਕਹਾਣੀਆਂ ਜ਼ਿਆਦਾ ਸੁਣਾਉਂਦੇ ਸਨ ਤੇ ਗੁਰਮਤਿ ਦੀ ਗੱਲ ਬਹੁਤ ਘੱਟ। ਅਸੀਂ ਕਦੇ ਕਦਾਈਂ ਕਿਸੇ ਦਿਨ ਦਿਹਾਰ 'ਤੇ "ਗੁਰੂ ਗ੍ਰੰਥ ਸਾਹਿਬ ਜੀ" ਨੂੰ ਰਸਮੀ ਮੱਥਾ ਟੇਕ ਲਿਆ ਕਰਦੇ ਸੀ ਕਿਉਂਕਿ ਸਾਨੂੰ ਪਤਾ ਹੀ ਨਹੀਂ ਸੀ ਕਿ ਗੁਰੂ ਜੀ ਕੀ ਹਨ ? ਗੁਰੂ ਪੰਥ ਜਾਂ ਅਕਾਲ ਤਖਤ ਸਾਹਿਬ ਦਾ ਤਾਂ ਉਥੇ ਕਦੇ ਨਾਂ ਵੀ ਨਹੀਂ ਸੀ ਸੁਣਿਆ। ਅਸੀਂ ਉਥੇ ਆਪਣਾ ਵੱਖਰਾ ਹੀ ਪੰਥ ਬਣਾ ਕੇ ਬੈਠੇ ਹੋਏ ਸੀ। ਅਸੀਂ ਉਥੇ "ਗੁਰੂ ਨਾਨਕ ਦੇਵ ਜੀ" ਦੇ ਸਭ ਤੋਂ ਵੱਡੇ ਪਵਿੱਤਰ ਸਿੱਖ ਹੋਣ ਦਾ ਭਰਮ ਪਾਲੀ ਬੈਠੇ ਸੀ ਅਤੇ ਧਰਮਰਾਜ ਨੂੰ ਦਿਖਾਉਣ ਵਾਸਤੇ ਨਾਨਕਸ਼ਾਹੀ ਟੋਕਰੀ ਦਾ ਸਰਟੀਫ਼ਿਕੇਟ ਹਰ ਵੇਲੇ ਸਾਡੀ ਜੇਬ ਵਿਚ ਪਿਆ ਰਹਿੰਦਾ। ਸੰਤਾਂ ਵੱਲੋਂ ਸਾਨੂੰ ਇਹ ਅਕਸਰ ਕਿਹਾ ਜਾਂਦਾ ਕਿ ਦੇਖੋ ਸਿੰਘੋ ! ਇਹ ਧਰਤੀ ਸਾਧਾਂ ਸੰਤਾਂ ਦੀ ਬੱਧੀ ਖੜ੍ਹੀ ਹੈ ਜੇ ਸਾਧ ਸੰਤ ਨਾ ਹੋਣ ਤਾਂ ਧਰਤੀ ਗਰਕ ਹੋ ਸਕਦੀ ਹੈ। ਗੁਰਮਤਿ ਦੇ ਉਲਟ ਵਰਾਂ ਸਰਾਪਾਂ ਦੀ ਗੱਲ ਵੀ ਉਥੇ ਬੜੀ ਚਲਦੀ ਸੀ।

ਸੰਤਾਂ ਦੀ ਸ਼ੋਭਾ ਦੂਰ ਤਕ ਫੈਲ ਗਈ। ਬੰਬੇ ਕਲਕੱਤੇ ਵੀ ਉਗਰਾਹੀਆਂ ਵਾਸਤੇ ਚਲੇ ਜਾਂਦੇ। ਕਈ ਸੇਠ ਵੀ ਉਹਨਾਂ ਕੋਲ ਦਰਸ਼ਨਾਂ ਵਾਸਤੇ ਆਉਂਦੇ। ਹੋਰ ਜ਼ਿਲ੍ਹਿਆਂ ਵਿਚ ਵੀ ਸੰਤਾਂ ਨੇ ਕਾਰ ਸੇਵਾ ਕਰਵਾਈ। ਇੱਧਰ ਮੇਰੇ ਘਰ ਵਾਲੇ ਮਾਂ ਬਾਪ ਸੋਚਦੇ ਕਿ ਮੁੰਡੇ ਨੂੰ ਕਈ ਸਾਲ ਹੋ ਗਏ ਸੰਤਾਂ ਕੋਲ ਗਿਆਂ ਮੁੜਿਆ ਨਹੀਂ ਉਹਨੂੰ ਘਰ ਵਾਪਸ ਲੈ ਆਈਏ। ਸਲਾਹ ਕਰਕੇ ਮਾਤਾ ਜੀ ਅਤੇ ਨਾਨੀ ਜੀ ਮੈਨੂੰ ਵਾਪਸ ਲਿਆਉਣ ਵਾਸਤੇ ਸਰਹਾਲੀ ਸੰਤਾਂ ਕੋਲ ਜਾ ਬੇਨਤੀ ਕੀਤੀ। ਸੰਤ ਕਹਿੰਦੇ ਤੁਸੀਂ ਜਾਉ ਮੈਂ ਮੁੰਡੇ ਨਾਲ ਗੱਲ ਕਰ ਲਵਾਂ ਬਾਬਾ ਜੀ ਨਵੇਂ ਪੜਾ 'ਤੇ ਡੇਰੇ ਆ ਗਏ, ਆਉਂਦਿਆਂ ਸਾਰਿਆਂ ਸਿੰਘਾਂ ਨੂੰ ਇਕੱਠਿਆਂ ਕੀਤਾ ਅਤੇ ਸੰਤ ਕਹਿੰਦੇ ਕਿ ਇਕ ਦੋ ਸਿੰਘ ਇਥੋਂ ਚਲੇ ਜਾਣਾ ਚਾਹੁੰਦੇ ਹਨ ਜੇ ਸਾਡੇ ਕੋਲ ਨਾ ਰਹੋਗੇ ਤਾਂ ਅਸੀਂ ਤੁਹਾਨੂੰ ਅਗਲੇ ਜਨਮ ਵਿਚ ਖੋਤੇ ਬਣਾ ਕੇ ਵਾਹ ਲਵਾਂਗੇ। ਮੈਂ ਦਿਲ ਵਿਚ ਸੋਚਿਆ ਕਿ ਦੇਖੋ ਊਠ ਕਿਸ ਕਰਵਟ ਬੈਠਦਾ ਹੈ। ਉਠ ਕੇ ਕੇਵਲ ਇਤਨਾ ਹੀ ਕਿਹਾ ਕਿ ਮੈਨੂੰ ਛੁੱਟੀ ਦੇ ਦਿਉ, ਮੈਂ ਇਥੋਂ ਚਲੇ ਜਾਣਾ ਹੈ। ਸੰਤਾਂ

ਨੇ ਕਿਰਾਇਆ ਭਾੜਾ ਪੁੱਛਿਆ। ਮੈਂ ਆਪਣਾ ਕਛਹਿਰਾ ਪਰਨਾ ਚੁੱਕਿਆ ਅਤੇ ਬੱਸ ਬੈਠ ਕੇ ਕਈ ਸੋਚਾਂ ਸੋਚਦਾਂ ਵਾਪਸ ਆ ਗਿਆ।

ਇਹ ਸੋਚ ਕੇ ਸੰਤਾਂ ਨੇ ਨਾਰਾਜ਼ ਹੋ ਕੇ ਮੈਨੂੰ ਘਰੇ ਭੇਜਿਆ ਹੈ। ਸ਼ਾਇਦ ਮੇਰੀ ਰਾਤ ਦਿਨ ਢੋਈ ਹੋਈ ਨਾਨਕਸ਼ਾਹੀ ਟੋਕਰੀ (ਸੱਚਖੰਡ ਦੀ ਰਾਹਦਾਰੀ) ਉਥੇ ਹੀ ਸੰਤਾਂ ਨੇ ਰੱਖ ਲਈ ਹੋਵੇ ਮੈਂ ਆਪਣੇ ਭਲੇ ਵਾਸਤੇ ਵੱਧ ਤੋਂ ਵੱਧ ਨਿੱਤਨੇਮ, ਗੁਰਬਾਣੀ ਵਿਚਾਰ ਵਿਚਾਰ ਕੇ ਪੜ੍ਹਨੀ ਸ਼ੁਰੂ ਕੀਤੀ। ਸਰਕਾਰੀ ਸਰਵਿਸ ਦੌਰਾਨ ਵੀ ਵੱਧ ਤੋਂ ਵੱਧ ਗੁਰਬਾਣੀ ਪੜ੍ਹਨ, ਕਥਾ, ਕੀਰਤਨ ਸੁਣਨ ਦੇ ਮੌਕੇ ਬਣਦੇ ਰਹੇ। ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਕਥਾ ਸੁਣਨ ਦੇ ਕਈ ਸਾਲ ਅਵਸਰ ਬਣਦੇ ਰਹੇ। ਨਿਮਰਤਾ ਦੇ ਪੁੰਜ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਜੀ ਦਾ ਗੁਰਬਾਣੀ ਵਿਆਕਰਣ ਅਤੇ "ਗੁਰੂ ਗ੍ਰੰਥ ਸਾਹਿਬ ਜੀ ਦਰਪਣ" ਦੀਆਂ 10 ਪੋਥੀਆਂ ਲਿਆਂਦੀਆਂ ਪੜ੍ਹੀਆਂ ਵਿਚਾਰੀਆਂ। ਨਿਮਰਤਾ ਦੇ ਪੁੰਜ ਇਸ ਕਰਕੇ ਲਿਖਿਆ ਹੈ ਕਿ ਪ੍ਰੋ. ਸਾਹਿਬ ਸਿੰਘ ਨੇ ਸਾਰੀ ਜ਼ਿੰਦਗੀ ਗਿਆਨੀ ਜਾਂ ਸੰਤ ਅੱਖਰ ਆਪਣੇ ਨਾਮ ਨਾਲ ਨਹੀਂ ਲੱਗਣ ਦਿੱਤਾ ਇਥੇ ਅਨਪੜ੍ਹ ਸਾਧ ਫੋਕੇ ਬ੍ਰਹਮਗਿਆਨੀ ਬਣੇ ਫਿਰਦੇ ਹਨ। ਤੋਂ ਖੈਰ! ਇਸ ਬਾਰੇ ਖੁੱਲ੍ਹੀ ਵਿਚਾਰ ਹੱਥਲੀ ਪੁਸਤਕ ਅੰਦਰ ਪਿੱਛੇ ਹੋ ਚੁੱਕੀ ਹੈ। ਗੁਰਬਾਣੀ ਸਮਝਣ ਦੀ ਕੋਸ਼ਿਸ਼ ਤੋਂ ਬਾਅਦ ਪਤਾ ਲੱਗਾ "ਤਬ ਜਾਨੋਂਗੇ ਜਬ ਉਘਰੇਗੋ ਪਾਜ॥" ਸਾਧਾਂ ਦਾ ਪਾਜ ਉਗੜ ਗਿਆ ਕਿ ਸਾਰੇ ਸਾਧ ਤਾਂ ਗੁਰੂ ਦੇ ਕਹੇ ਦੇ ਉਲਟ ਚੱਲ ਰਹੇ ਹਨ ਇਹਨਾਂ ਨੇ ਤਾਂ ਸਿੱਖ ਸਿਧਾਂਤਾਂ ਨੂੰ ਰੋਲ ਕੇ ਰੱਖ ਦਿੱਤਾ ਹੈ ਇਹਨਾਂ ਤਾਂ ਮਨਮਰਜ਼ੀਆਂ ਕੀਤੀਆਂ ਹਨ। ਇਹ ਤਾਂ ਧਰਮ ਦੇ ਨਾਂ 'ਤੇ ਫੋਕੇ ਕਰਮ-ਕਾਂਡ ਨੂੰ ਅਤੇ ਬ੍ਰਾਹਮਣੀ ਮੱਤਾਂ ਨੂੰ ਹੀ ਪ੍ਰਚਾਰੀ ਜਾ ਰਹੇ ਹਨ ਜਿਨ੍ਹਾਂ ਫੋਕੇ ਕਰਮ-ਕਾਂਡਾਂ ਵਿਚੋਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕੱਢਿਆ ਇਹ ਧੱਕੇ ਮਾਰ ਮਾਰ ਕੇ ਉਹਨਾਂ ਕਰਮ-ਕਾਂਡਾਂ ਵਿਚ ਹੀ ਫਿਰ ਸੁੱਟੀ ਜਾ ਰਹੇ ਹਨ।

ਸੰਤ ਚੜ੍ਹਾਈ ਕਰ ਗਏ ਪੱਗ ਸੰਤਾਂ ਦੇ ਸਕੇ ਭਰਾ ਬਾਬਾ ਚਰਨ ਸਿੰਘ ਨੂੰ ਬੱਝ ਗਈ। ਬਾਬਾ ਘੋਲਾ ਸਿੰਘ ਨੇ ਸਾਰਿਆਂ ਦੇ ਸਾਹਮਣੇ ਆਖਿਆ ਕਿ ਅਸੀਂ ਜਿਸਤਰ੍ਹਾਂ ਬਾਬਾ ਜੀ ਨਾਲ ਰਹੇ ਹਾਂ ਉਸੇ ਤਰ੍ਹਾਂ ਹੀ ਇਹਨਾਂ ਬਾਬਿਆਂ ਨਾਲ ਰਹਾਂਗੇ ਪਰ ਕੁਝ ਦਿਨ ਬਾਅਦ ਹੀ ਪੁਆੜੇ ਪੈ ਗਏ। ਬਾਬਾ ਘੋਲਾ ਸਿੰਘ ਪੱਖੀ ਸਿੰਘਾਂ ਨੇ ਹੜਤਾਲ ਕਰ ਦਿੱਤੀ (ਕੰਮ ਛੋੜ ਹੜਤਾਲ) ਇਕੱਠੇ ਹੋਏ ਫੈਸਲਾ ਹੋਣ ਲੱਗਾ ਬਾਬਾ ਚਰਨ ਸਿੰਘ ਨੇ ਸਿਰ ਤੋਂ ਪੱਗ ਲਾਹ ਕੇ ਘੋਲਾ ਸਿੰਘ ਵੱਲ ਵਗ੍ਹਾ ਮਾਰੀ। (ਇਹ ਲੈ ਤੂੰ ਪੱਗ ਦਾ ਹੀ ਭੁੱਖਾ ਹੈਂ ਨਾ?) ਭਾਈ ਬਚਿੱਤਰ ਸਿੰਘ ਨੇ ਓਹੀ ਪੱਗ ਜ਼ਮੀਨ ਤੋਂ ਚੁੱਕ ਕੇ ਬਾਬਾ ਚਰਨ ਸਿੰਘ ਦੇ ਸਿਰ 'ਤੇ ਫਿਰ ਬੰਨ੍ਹ ਦਿੱਤੀ। (ਮੈਨੂੰ ਕਈ ਵਾਰ ਕਹਿੰਦੇ ਤੂੰ ਬਾਬਾ ਤਾਰਾ ਸਿੰਘ ਕੋਲ ਵੀ ਰਿਹਾ ਤੇ ਉਹਨਾਂ ਨੂੰ ਮੰਨਦਾ ਨਹੀਂ) ਮੈਂ ਕਿਹਾ ਤੁਸੀਂ ਕੀ ਮੰਨਿਆ ਹੈ? ਜੇ ਮੈਂ ਨਹੀਂ ਮੰਨਿਆ ਤਾਂ ਮੰਨਿਆ

ਤੁਸੀਂ ਵੀ ਨਹੀਂ। ਮੈਂ ਤਾਂ ਇਕ ਨੂੰ ਹੀ ਮੰਨਣਾ ਹੈ। "ਗੁਰੂ ਨਾਨਕ ਦੇਵ ਜੀ" ਦੇ ਵਿਚਾਰ ਹੋਰ ਹਨ ਬਾਬਾ ਤਾਰਾ ਸਿੰਘ ਦੇ ਵਿਚਾਰ ਹੋਰ ਸਨ। "ਸਭ ਤੇ ਵਡਾ ਸਤਿਗੁਰੂ ਨਾਨਕ..."॥ ਮੈਂ ਗੁਰੂ ਜੀ ਦੇ ਵਿਚਾਰਾਂ ਨਾਲ ਸਹਿਮਤ ਹਾਂ। ਮੈਨੂੰ ਕਹਿੰਦੇ ਜੇ ਬਾਬਾ ਤਾਰਾ ਸਿੰਘ ਨਾ ਹੁੰਦਾ ਤਾਂ ਤੂੰ ਇਥੇ ਨਾ ਹੁੰਦਾ। ਮੈਂ ਕਿਹਾ ਜੇ "ਗੁਰੂ ਗ੍ਰੰਥ ਸਾਹਿਬ" ਨਾ ਹੁੰਦੇ ਤਾਂ ਨਾ ਤੁਸੀਂ, ਨਾ ਕੋਈ ਤੁਹਾਡਾ ਡੇਰਾ, ਨਾ ਕੋਈ ਗੁਰਦੁਆਰਾ ਇਥੇ ਕੱਖ ਵੀ ਨਾ ਹੁੰਦਾ। ਤੇ ਖ਼ੈਰ ਪੱਗ ਦਾ ਰੌਲਾ ਪੈ ਗਿਆ ਵੱਖਰੇ ਵੱਖਰੇ ਹੋ ਗਏ। ਬਾਬਾ ਤਾਰਾ ਸਿੰਘ ਜੀ ਦੀ ਪੀੜ੍ਹੀ ਇਕ ਦਮ ਵੱਧ ਗਈ ਪਤਾ ਨਹੀਂ ਕਿੰਨੀਆਂ ਕੁ ਪੱਗਾਂ ਕਿਹਨੂੰ ਕਿਹਨੂੰ ਬੱਝ ਗਈਆਂ। ਅੱਗੇ ਹੋਰ ਕੀ ਕੁਝ ਬਣਨਾ ਹੈ। ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ।

ਬਾਬਾ ਚਰਨ ਸਿੰਘ ਸਰਹਾਲੀ ਵਾਲਾ

ਬਾਬਾ ਤਾਰਾ ਸਿੰਘ ਜੀ ਦੇ ਸਕੇ ਭਰਾ ਸੀ। ਵਿਆਹ ਕਰਵਾਉਣ ਤੋਂ ਆਕੀ ਸੀ। ਬਾਬਾ ਤਾਰਾ ਸਿੰਘ ਜੀ ਨੇ ਕਿਹਾ ਕਿ ਚਰਨ ਤੂੰ ਵਿਆਹ-ਕਰਵਾ ਲੈ, ਮੈਂ ਤੇਰੇ ਨਿਆਣੇ ਵਿਆਹ ਦੇਵਾਂਗਾ। ਪਾਠਕ ਆਪ ਅੰਦਾਜ਼ਾ ਲਾ ਲੈਣ, ਸ਼ਾਇਦ ਪਹਿਲਾਂ ਹੀ ਆਪਣੇ ਸਕੇ ਭਰਾ ਨੂੰ ਪੱਗ ਦੇਣ ਦਾ ਵਿਚਾਰ ਬਣਾ ਚੁੱਕੇ ਹੋਣ, ਬਾਬਾ ਜੀ ਕਈ ਵਾਰੀ ਕਿਹਾ ਕਰਦੇ ਸੀ, ਕਿ ਜਿਸਨੇ ਪੱਗ ਲੈਣੀ ਹੈ ਉਹ ਡੇਰੇ ਵਿਚ ਨਹੀਂ ਹੈ ਭਾਵ ਕਿ ਉਸਨੂੰ ਘਰੇ ਬੈਠੇ ਨੂੰ ਹੀ ਸਭ ਕੁਝ ਮਿਲ ਜਾਣਾ ਹੈ ਤੇ ਖ਼ੈਰ! ਜਿਸਨੇ ਬਾਬਿਆਂ ਦੀ ਜੂਠੀ ਇਕ ਕੌਲੀ ਵੀ ਨਹੀਂ ਮਾਂਜੀ, ਪੱਗ ਬਾਬਾ ਚਰਨ ਸਿੰਘ ਨੂੰ ਬੱਝ ਗਈ। ਪੱਗ ਬੱਝਦਿਆਂ ਸਾਰ ਹੋਇਆ ਕੀ ? ਉਪਰ ਜ਼ਿਕਰ ਕਰ ਆਇਆ ਹਾਂ। ਵਿਆਹ ਕਰਾਉਣ ਤੋਂ ਬਾਅਦ ਬਾਬਾ ਚਰਨ ਸਿੰਘ ਦੇ ਘਰ 6 ਲੜਕੀਆਂ 3 ਲੜਕੇ ਪੈਦਾ ਹੋਏ।

ਪੁਰਾਣੇ ਸੇਵਾਦਾਰ ਵੱਖ ਹੋ ਗਏ ਕਈ ਥਾਂਈਂ ਉਹਨਾਂ ਸੇਵਾ ਲਾ ਲਈਆਂ। ਇਹ ਜ਼ਿਕਰ ਅੱਗੇ ਚੱਲ ਕੇ ਕਰਾਂਗਾ। ਇਧਰ ਬਾਬਾ ਚਰਨ ਸਿੰਘ ਦੇ ਤਿੰਨ ਲੜਕੇ ਘਰੋਂ ਉਠ ਕੇ ਡੇਰਿਆਂ ਦੇ ਕਾਰ ਮੁਖਤਿਆਰ ਬਣ ਗਏ। ਜਿਹੜੇ ਕਦੀ ਸਾਈਕਲ 'ਤੇ ਵੀ ਨਹੀਂ ਸੀ ਚੜ੍ਹੇ ਉਹ ਕਾਰਾਂ 'ਤੇ ਜੰਗਲ ਪਾਣੀ, ਪੇਸ਼ਾਬ ਕਰਨ ਵੀ ਕਾਰਾਂ 'ਤੇ ਜਾਂਦੇ। ਰਾਈਫਲਾਂ ਅਤੇ ਰਿਵਾਲਵਰ ਰੱਖਦੇ। ਵੱਡੇ ਵੱਡੇ ਬੰਦਿਆਂ ਨਾਲ ਸਾਂਝਾਂ ਪਾਲਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਵਾਂਗ ਹੀ ਸੁੱਚ ਭਿੱਟ, ਛੂਤ-ਛਾਤ, ਜਾਤ-ਪਾਤ ਉਸੇ ਤਰ੍ਹਾਂ ਚੱਲ ਰਹੀ ਸੀ। ਇਹ ਬਾਬੇ ਵੀ ਅਨਪੜ੍ਹ ਹੋਣ ਕਰਕੇ ਗੁਰਬਾਣੀ ਗੁਰਮਤਿ ਤੋਂ ਕੋਹਾਂ ਦੂਰ ਸਨ। ਗੁਰਮਤਿ ਵਿਰੋਧੀ ਕਈ ਕੌਤਕ ਇਹਨਾਂ ਨੇ ਕੀਤੇ ਸਾਰੇ ਇਥੇ ਲਿਖੇ ਨਹੀਂ ਜਾ ਸਕਦੇ ਸੰਖੇਪ ਕਰਦਾ ਜਾ ਰਿਹਾ ਹਾਂ ਕਿਉਂਕਿ ਪੁਸਤਕ ਦਾ ਆਕਾਰ ਵੀ ਬਹੁਤ ਵਧ ਜਾਏਗਾ।

ਇਕ ਵਾਰੀ ਸਰਹਾਲੀ ਬਾਬਾ ਰਾਮ ਸਿੰਘ ਜੀ ਦੇ ਡੇਰੇ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲੱਗੇ ਤਾਂ ਸਿੰਘ ਕਹਿੰਦੇ ਕਿ ਗੁਰਬਾਣੀ ਗੁਰਮਤਿ ਦੇ ਮੁਤਾਬਕ ਕੋਈ ਜਾਤਪਾਤ ਨਹੀਂ ਹੈ ਆਪਾਂ ਮਜ਼੍ਹਬੀਆਂ ਨੂੰ ਵੱਖ ਅੰਮ੍ਰਿਤ ਨਹੀਂ ਛਕਾਉਣਾ, ਇਕੱਠਾ ਛਕਾਉਣਾ ਹੈ। ਇਕ ਪਿਆਰਾ ਕਹਿੰਦਾ ਕਿ ਬਾਬਿਆਂ ਤੋਂ ਪੁੱਛ ਆਈਏ। (ਦੇਖੋ ਇਹ ਪੰਜਾਂ ਪਿਆਰਿਆਂ ਵਿਚ ਸੇਵਾ ਕਰਦਾ ਸਿੰਘ ਹੈ ਪਰ "ਗੁਰੂ ਗ੍ਰੰਥ ਸਾਹਿਬ" ਨੂੰ ਬਾਬਾ ਨਹੀਂ ਮੰਨਦਾ) ਨਾਲ ਦੇ ਪਿਆਰੇ ਸਿੰਘ ਕਹਿੰਦੇ ਕਿ ਅੰਮ੍ਰਿਤ ਗੁਰੂ ਦਾ ਹੈ, ਬਾਬੇ ਦਾ ਨਹੀਂ। ਹੁਕਮ ਗੁਰੂ ਦਾ ਮੰਨਣਾ ਹੈ ਕਿਸੇ ਬਾਬੇ ਨੂੰ ਪੁੱਛਣ ਦੀ ਲੋੜ ਨਹੀਂ ਹੈ। ਸੋ ਅੰਮ੍ਰਿਤ ਸਾਰਿਆਂ ਨੂੰ ਇਕੱਠਾ ਛਕਾ ਦਿੱਤਾ ਗਿਆ। ਅੰਤਰਯਾਮੀ ਬ੍ਰਹਮਗਿਆਨੀ ਬਾਬੇ ਨੂੰ ਇਕ ਮਹੀਨਾ ਬਾਅਦ ਪਤਾ ਲੱਗਾ। ਭਾਈ ਬਚਿੱਤਰ ਸਿੰਘ (ਸਭਰਾ) ਨੂੰ ਸੱਦ ਕੇ ਬਾਬੇ ਨੇ ਕਿਹਾ ਕਿ ਮਜ਼੍ਹਬੀਆਂ ਨੂੰ ਅੰਮ੍ਰਿਤ ਨਾਲ ਕਿਉਂ ਛਕਾਇਆ? ਭਾਈ ਬਚਿੱਤਰ ਸਿੰਘ ਕਹਿੰਦਾ, ਜੀ ਪੰਜ ਪਿਆਰਿਆਂ ਨੇ ਛਕਾਇਆ ਹੈ ਮੈਂ ਤਾਂ ਨਹੀਂ ਛਕਾਇਆ। ਬਾਬਾ ਕਹਿੰਦਾ ਬੁਲਾਉ ਉਹਨਾਂ ਨੂੰ ਉਹ ਕੌਣ ਹੁੰਦੇ ਨੇ ਮਨਮਰਜ਼ੀਆਂ ਕਰਨ ਵਾਲੇ। ਸੋ ਪੰਜਾਂ ਪਿਆਰਿਆਂ ਨੂੰ ਬੁਲਾਇਆ ਗਿਆ। ਬਾਬਾ ਰਾਮ ਸਿੰਘ ਜੀ ਦੇ ਡੇਰੇ ਇਕੱਠੇ ਹੋਣਾ ਸੀ। ਬਾਬਾ ਚਰਨ ਸਿੰਘ ਕਾਰ 'ਤੇ ਆਏ। ਉਤਰਦਿਆਂ ਸਾਰ ਹੀ ਭਾਈ ਬਚਿੱਤਰ ਸਿੰਘ ਦੇ ਚਪੇੜ ਜੜ ਦਿੱਤੀ ਤਾਂ ਦੂਸਰੇ ਸਿੰਘ (ਪਿਆਰੇ) ਕਹਿੰਦੇ ਬਾਬਾ ਜੀ ਆਉ ਗੁਰੂ ਦੀ ਹਜ਼ੂਰੀ ਵਿਚ ਚੱਲੀਏ ਉਥੇ ਵਿਚਾਰ ਕਰੀਏ। ਬਾਬਾ ਬੜਾ ਗੁੱਸੇ ਵਿਚ ਬੋਲਿਆ। ਵੇਖੀ ਹੈ ਮੈਂ ਤੁਹਾਡੀ ਹਜ਼ੂਰੀ, ਜਿਹੜਾ ਮਰਜ਼ੀ 200 ਰੁਪਏ ਦਾ "ਗੁਰੂ ਗ੍ਰੰਥ ਸਾਹਿਬ" ਲੈ ਆਉਂਦਾ ਹੈ। ਮੈਂ ਤਾਂ ਡਾਂਗ ਫੇਰਨੀ ਹੈ। ਉਹ ਪੰਜ ਪਿਆਰੇ ਸਿੰਘ ਉਸ ਤੋਂ ਬਾਅਦ ਉਸ ਡੇਰੇ ਨਾ ਆਏ। ਬਾਬੇ ਨੇ ਅਨਪੜ੍ਹ ਪੰਜ ਪਿਆਰੇ ਲਾ ਕੇ, ਗੁਰਮਤਿ ਤੋਂ ਉਲਟ ਆਪਣਾ ਘਰ ਦਾ ਹੀ ਬਣਾਇਆ ਹੋਇਆ ਅੰਮ੍ਰਿਤ ਉਥੇ ਅੱਜ ਤਕ ਵੀ ਛਕਾਉਣਾ ਜਾਰੀ ਰੱਖਿਆ ਹੋਇਆ ਹੈ।

ਇਕ ਵਾਰੀ ਬਾਬਾ ਚਰਨ ਸਿੰਘ ਦੇ ਸਭ ਤੋਂ ਛੋਟੇ ਲੜਕੇ ਨੇ (ਜੋ ਨਸ਼ਿਆਂ ਦਾ ਆਦੀ ਹੋ ਚੁੱਕਾ ਸੀ) ਇਕ ਸੇਵਾਦਾਰ ਨੂੰ ਕਿਹਾ ਕਿ ਬਾਜ਼ਾਰ ਵਿਚੋਂ ਨਸ਼ੇ ਵਾਲੀਆਂ ਗੋਲੀਆਂ ਲਿਆ ਕੇ ਦੇਹ। ਉਹ ਸੇਵਾਦਾਰ ਕਹਿੰਦਾ ਮੈਂ ਕਿਉਂ ਜਾਂਵਾਂ। ਪਰ ਬਾਬਿਆਂ ਦੇ ਮੁੰਡੇ ਨੇ ਡਰਾ ਕੇ ਘਲਾ ਦਿੱਤਾ। ਉਹ ਗੋਲੀਆਂ ਲਿਆਇਆ। ਬਾਬਿਆਂ ਦੇ ਲੜਕੇ ਨੇ ਖਾਧੀਆਂ। ਜਦ ਬਾਬੇ ਡੇਰੇ ਆਏ ਤਾਂ ਉਹ ਕਹਿੰਦੇ ਕਿ ਮੇਰੇ ਮੁੰਡੇ ਨੂੰ ਗੋਲੀਆਂ ਕਿੰਨੇ ਖੁਆਈਆਂ? ਪਤਾ ਲੱਗਾ ਫਲਾਨੇ ਸੇਵਾਦਾਰ ਨੇ ਲਿਆ ਕੇ ਦਿੱਤੀਆਂ ਤਾਂ ਬਾਬਿਆਂ ਨੇ ਆਪਣੇ ਮੁੰਡੇ ਨੂੰ ਕੁਝ ਨਾ ਕਿਹਾ ਪਰ ਗਰੀਬ ਸੇਵਾਦਾਰ ਨੂੰ ਧਰਤੀ 'ਤੇ ਪਟਕਾ ਪਟਕਾ ਮਾਰਿਆ (ਕੁੱਟਿਆ)। ਬਾਬਿਆਂ ਦੇ

ਸ਼ਰਧਾਲੂਆਂ ਦੇ ਕਹਿਣ ਮੁਤਾਬਕ ਬਾਬੇ ਬ੍ਰਹਮ ਗਿਆਨੀ ਸੀ। ਪਰ ਪਾਠਕ ਆਪ ਅੰਦਾਜ਼ਾ ਲਾਉਣ।

ਇਹੋ ਬਾਬਿਆਂ ਦਾ ਛੋਟਾ ਲੜਕਾ ਅਮਰੀਕ ਸਿੰਘ ਕੋਈ ਜ਼ਹਿਰੀਲੀ ਚੀਜ਼ ਖਾ ਕੇ ਚੜ੍ਹਾਈ ਕਰ ਗਿਆ। ਇਸਦਾ ਨਿਸ਼ਾਨ ਸਾਹਿਬ, ਗੁਰਪੁਰੀ ਸਾਹਿਬ ਚੜ੍ਹਾਇਆ ਹੋਇਆ ਹੈ। ਉਸਦੀ ਯਾਦ ਵਿਚ ਹਰ ਸਾਲ ਅਖੰਡ ਪਾਠ ਕਰਵਾਏ ਜਾ ਰਹੇ ਹਨ। ਬਾਬਿਆਂ ਨੇ ਸਾਡੇ ਸਾਹਮਣੇ ਕਿਹਾ ਸੀ ਕਿ ਬਾਬੇ ਬੁੱਢੇ ਜਾਣ ਦੀ ਕਿਸੇ ਨੂੰ ਲੋੜ ਨਹੀਂ ਮੈਂ ਇਥੇ ਹੀ ਬਾਬਾ ਬੁੱਢਾ ਬਣਾ ਦਿਆਂਗਾ। ਤਰਨਤਾਰਨ ਵੀ ਸਰੋਵਰ ਸਮੇਤ ਇਥੇ ਹੀ ਬਣਾ ਦਿਆਂਗਾ। ਤਰਨ ਤਾਰਨ ਦੇ ਨਕਸ਼ੇ 'ਤੇ ਦਰਬਾਰ ਸਾਹਿਬ, ਸਰੋਵਰ ਸਿਰਹਾਲੀ ਵਿਚ ਸ਼ੁਰੂ ਕੀਤਾ ਤੇ ਬਾਬਿਆਂ ਨੇ ਭਵਿੱਖ ਬਾਣੀ ਕੀਤੀ ਕਿ ਜਿੰਨਾ ਚਿਰ ਇਹ ਸਰੋਵਰ ਨਾ ਬਣਿਆ ਸਰੀਰ ਨਹੀਂ ਛੱਡਾਂਗਾ ਪਰ ਗੁਰਬਾਣੀ ਗੁਰੂ ਦੇ ਮੁਤਾਬਿਕ "ਜਿਸ ਕੀ ਪੁਜੈ ਆਉਧ ਤਿਸੈ ਕਉਣ ਰਾਖਈ॥" ਬੰਬਈ ਵਿਚ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ, ਪਰ ਸਰੋਵਰ ਦਾ ਅਜੇ ਕੁਝ ਵੀ ਨਹੀਂ ਸੀ ਬਣਿਆ।

ਪੱਗ ਘਰ ਦੀ ਘਰ ਵਿਚ ਰਹਿ ਗਈ। ਬਾਬਾ ਸੁੱਖਾ ਸਿੰਘ ਹੁਣ ਜ਼ਿੰਮੇਵਾਰ ਹੈ। ਹਾਕਮ ਸਿੰਘ ਦੀਆਂ ਵੱਡੇ ਵੱਡੇ ਮੰਤਰੀਆਂ ਨਾਲ ਸਾਂਝਾਂ ਹਨ। ਬਾਬਾ ਤਾਰਾ ਸਿੰਘ ਜੀ ਕਿਸੇ ਰਾਜਨੀਤਕ ਲੀਡਰ ਨੂੰ ਡੇਰੇ ਨਹੀਂ ਸੀ ਵੜਨ ਦਿੰਦੇ ਪਰ ਹੁਣ ਰਹਿੰਦਾ ਹੀ ਮੰਤਰੀਆਂ ਦੇ ਨਾਲ ਹੈ। ਬਾਬਿਆਂ ਦੀ ਬਰਸੀ 'ਤੇ ਵੀ ਰਾਜਨੀਤਕ ਲੀਡਰ ਕਾਂਗਰਸੀ, ਅਕਾਲੀ ਆ ਕੇ ਭਾਸ਼ਨ ਕਰਦੇ ਹਨ ਉਥੇ ਸਰਕਾਰੀ ਬੰਦਿਆਂ ਨੂੰ ਸਪੈਸ਼ਲ ਲੰਗਰ ਅਤੇ ਸਪੈਸ਼ਲ ਮਠਿਆਈਆਂ ਖੁਆਈਆਂ ਜਾਂਦੀਆਂ ਹਨ। ਇਹ ਡੇਰੇ ਨਿੱਜੀ ਜਾਇਦਾਦਾਂ ਬਣ ਕੇ ਇਹਨਾਂ ਦੇ ਨਾਂਵਾਂ 'ਤੇ ਪੱਕੇ ਇੰਤਕਾਲ ਹੋ ਗਏ ਹਨ। ਪੈਸਾ ਸਾਰਾ ਸੰਗਤ ਦਾ ਹੈ, ਪਰ ਜਾਇਦਾਦ ਇਹਨਾਂ ਦੀ ਆਪਣੀ ਬਣਦੀ ਜਾ ਰਹੀ ਹੈ। ਸੰਗਤ ਦੀ ਮਾਇਆ ਨਾਲ ਇਹ ਅਫੀਮ, ਭੰਗ, ਪੋਸਤ ਆਦਿ ਖੂਬ ਖਾਂਦੇ, ਖਵਾਉਂਦੇ ਹਨ, ਵਰਤਾਉਂਦੇ ਹਨ।

ਬਾਬਾ ਘੋਲਾ ਸਿੰਘ ਸਰਹਾਲੀ ਵਾਲੇ

ਇਹਨਾਂ ਬਾਰੇ ਕਾਫ਼ੀ ਕੁਝ ਉਪਰ ਲਿਖ ਆਇਆਂ ਹਾਂ। ਪੱਗ ਦਾ ਝਗੜਾ ਪੈਣ ਤੋਂ ਬਾਅਦ ਇਹ ਕਾਫੀ ਪੁਰਾਣੇ ਜਥੇਦਾਰ (ਸੇਵਾਦਾਰ) ਲੈ ਕੇ ਵੱਖ ਹੋ ਗਏ। ਸੇਵਕਪੁਰੀ ਬਣਾ ਲਈ ਗੁਰਪੁਰੀ ਦੇ ਮੁਕਾਬਲੇ 'ਤੇ। ਦੂਰ ਦੂਰ ਵੱਖ ਵੱਖ ਥਾਂਈਂ ਜਥੇਦਾਰ ਭੇਜ ਕੇ ਸੇਵਾ ਲਾ ਦਿੱਤੀ। ਬਾਬਾ ਜੀ ਦੀ ਬਰਸੀ ਵੀ ਵੱਖਰੀ ਇਕ ਦਿਨ ਪਹਿਲਾਂ ਮਨਾਉਣੀ ਸ਼ੁਰੂ ਕਰ ਦਿੱਤੀ ਜੋ ਅੱਜ ਤਕ ਜਾਰੀ ਹੈ। ਇਹਨਾਂ ਦੀਆਂ ਵੀ ਮੰਤਰੀਆਂ ਨਾਲ ਸਾਂਝਾਂ ਹਨ ਗੁਰੂ ਦੀ ਹਜ਼ੂਰੀ ਵਿਚ ਸਰਕਾਰੀ ਮੰਤਰੀਆਂ ਨੂੰ

ਸੱਦ ਕੇ ਸਟੇਜ਼ਾਂ 'ਤੇ ਗਰਾਂਟਾਂ ਲੈਂਦੇ ਹਨ ਅਤੇ ਕਿਰਪਾਨਾਂ ਸਮੇਤ ਸਿਰੋਪੇ ਦਿੰਦੇ ਹਨ ਜਦੋਂ ਕਿ ਬਾਬਾ ਤਾਰਾ ਸਿੰਘ ਜੀ ਕਿਸੇ ਸਿਆਸੀ ਮੰਤਰੀ ਦੇ ਕਦੇ ਮੱਥੇ ਵੀ ਨਹੀਂ ਸੀ ਲਗਦੇ। ਇਹ ਵੀ ਡੇਰਿਆਂ ਨੂੰ ਨਿੱਜੀ ਜਾਇਦਾਦ ਬਣਾ ਕੇ ਸੇਵਾ ਦੇ ਨਾ ਥੱਲੇ ਵਾਪਾਰ ਕਰ ਰਹੇ ਹਨ। ਸੰਗਤ ਦੀ ਮਾਇਆ ਵਿਚੋਂ ਕਈ ਹਥਿਆਰ ਆਦਿ ਵੀ ਖਰੀਦ ਕੇ, ਨਿੱਜੀ ਵੈਰ ਲੈ ਰਹੇ ਹਨ ਅਤੇ ਅਫੀਮ, ਪੋਸਤ, ਭੰਗ ਡੇਰਿਆਂ ਵਿਚ ਖੂਬ ਵਰਤਾਈ ਜਾਂਦੀ ਹੈ। ਜਿਹੜੇ ਗੁਰੂ ਘਰਾਂ ਵਿਚੋਂ ਨੌਜਵਾਨਾਂ ਨੇ ਨਸ਼ੇ ਛੱਡ ਕੇ ਨਿਕਲਣਾ ਸੀ ਉਹਨਾਂ ਗੁਰੂ ਘਰਾਂ ਵਿਚ ਲੋਕ ਨਸ਼ੇ ਖਾਣ ਵਾਸਤੇ ਜਾਂਦੇ ਹਨ ਅਤੇ ਨਸ਼ਈ ਹੋ ਕੇ ਡੇਰਿਆਂ ਵਿਚੋਂ ਆਉਂਦੇ ਹਨ ਘਰ ਆ ਕੇ ਉਹਨਾਂ ਲੋਕਾਂ ਦੇ ਨਸ਼ੇ ਪੂਰੇ ਨਹੀਂ ਹੁੰਦੇ ਅਤੇ ਫਿਰ ਉਹ ਕਈ ਬੰਦੇ ਕੇਵਲ ਡੇਰਿਆਂ ਜੋਗੇ ਹੀ ਰਹਿ ਜਾਂਦੇ ਹਨ। ਪਾਠਕ ਆਪ ਅੰਦਾਜ਼ਾ ਲਾਉਣ ਕਿ ਇਹ ਸਾਧ ਕਿਹੜੀ ਸਿੱਖੀ ਦੀ ਸੇਵਾ ਕਰ ਰਹੇ ਹਨ?

ਬਾਬਾ ਜਗਤਾਰ ਸਿੰਘ ਤਰਨਤਾਰਨ

ਕਾਰ ਸੇਵਾ ਦੇ ਖੇਤਰ ਵਿਚ ਇਹ ਕਾਫੀ ਅੱਗੇ ਹਨ। ਇਹ ਆਪਣੇ ਡੇਰਿਆਂ ਵਿਚ ਨਸ਼ੇ ਨਹੀਂ ਵਰਤਾਉਂਦੇ। ਪਰ ਇਹਨਾਂ ਦੇ ਡੇਰਿਆਂ ਵਿਚ ਜ਼ਿਆਦਾ ਸੇਵਾਦਾਰ, ਗੁਰੂ ਕੇ ਖੰਡੇ ਬਾਟੇ ਦੇ ਅੰਮ੍ਰਿਤ ਅਤੇ ਗੁਰਬਾਣੀ ਦੇ ਨੇੜੇ ਨਹੀਂ ਜਾਂਦੇ। ਤਨ-ਮਨ-ਧਨ ਤਾਂ ਗੁਰੂ ਨੂੰ ਸੌਂਪਣਾ ਹੈ ਪਰ ਇਹਨਾਂ ਨੇ ਤਨ-ਮਨ-ਧਨ ਟੋਕਰੀ ਨੂੰ ਸੌਂਪਿਆ ਹੋਇਆ ਹੈ। ਨਿਹੰਗਾਂ ਨੇ ਵੀ ਤਨ-ਮਨ-ਧਨ ਘੋੜਿਆਂ ਨੂੰ ਸੌਂਪਿਆ ਹੋਇਆ ਹੈ। ਇਹ ਕੇਵਲ ਸਤਿਨਾਮ ਵਾਹਿਗੁਰੂ ਆਪਣੇ ਡੇਰਿਆਂ ਵਿਚ ਬੋਲਦੇ ਹਨ ਬਹੁਤੇ ਡੇਰਿਆਂ ਵਿਚ "ਗੁਰੂ ਗ੍ਰੰਥ ਸਾਹਿਬ" ਜੀ ਦਾ ਪ੍ਰਕਾਸ਼ ਵੀ ਨਹੀਂ ਕਰਦੇ। "ਧੰਨ ਧੰਨ ਗੁਰੂ ਗ੍ਰੰਥ ਸਾਹਿਬ" ਅੰਦਰ ਗੁਰਬਾਣੀ ਵਿਚ ਜੋ ਸੇਵਾ ਗੁਰੂ ਨੇ ਦੱਸੀ ਹੈ ਉਸ ਸੇਵਾ ਤੋਂ ਇਹ ਸਾਧ ਕੋਹਾਂ ਦੂਰ ਹਨ, ਇਹ ਅੰਨ ਦਾਣੇ, ਦੁੱਧ, ਪ੍ਰਸ਼ਾਦਿਆਂ ਦੀਆਂ ਉਗਰਾਹੀਆਂ ਕਰਨ ਵਿਚ ਵੀ ਦੂਜਿਆਂ ਨਾਲੋਂ ਕਾਫ਼ੀ ਅੱਗੇ ਹਨ। ਸਿੱਖ ਕੌਮ ਨੂੰ ਅੱਜ ਜਿਨ੍ਹਾਂ ਸੇਵਾਵਾਂ ਦੀ ਲੋੜ ਹੈ ਇਹ ਸੇਵਾਵਾਂ ਇਹਨਾਂ ਕਦੇ ਵੀ ਨਹੀਂ ਕੀਤੀਆਂ।

ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਵਾਲਾ

ਬਾਬਾ ਖੜਕ ਸਿੰਘ ਦਾ ਜਾਨਸ਼ੀਨ ਹੈ। ਕੋਠੀਆਂ ਪਾ ਕੇ ਇਹ ਸਾਧ ਬੈਠਾ ਹੈ। ਗੁਰੂ ਘਰ ਦੀ ਸਾਰੀ ਜਾਇਦਾਦ ਇਸਨੇ ਆਪਣੇ ਨਾਂ ਕਰਵਾਈ ਹੋਈ ਹੈ ਸਰਕਾਰਾਂ ਨਾਲ ਸਾਂਝਾਂ ਹਨ ਜਿਸ ਸੇਵਾ ਦੀ ਅੱਜ ਲੋੜ ਹੈ। ਇਹਨੇ ਕਦੇ ਸੋਚੀ ਵੀ ਨਹੀਂ ਹੈ ਇਸਨੇ ਜਿਊਂਦਿਆਂ ਹੀ ਸਭ ਕੁਝ ਦਾ ਮਾਲਕ ਆਪਣੇ ਪੁੱਤਰ ਨੂੰ ਬਣਾ ਦਿੱਤਾ ਹੈ।

ਬਾਬਾ ਪ੍ਰਗਟ ਸਿੰਘ ਝਾੜਸਾਹਬੀਆ

ਇਸਦੇ ਕਿੱਸੇ ਜੋ ਅਖ਼ਬਾਰਾਂ ਵਿਚ ਛਪੇ ਉਹ ਸਾਰਿਆਂ ਨੇ ਪੜ੍ਹੇ ਹੀ ਹਨ। ਇਹ ਵੀ ਸੁਣਿਆ ਹੈ ਕਿ ਰਿਹਾਇਸ਼ ਕਿਤੇ ਅਤੇ ਡੇਰਾ ਕਿਤੇ। ਇਸ ਦਾ ਡੇਰਾ ਗੁਰੂ ਘਰ ਨਹੀਂ ਹੈ, ਉਹ ਮੜ੍ਹੀ ਘਰ ਹੈ। ਜਿਹੜੇ ਸਾਧ ਪਹਿਲਾਂ ਮਰੇ ਹਨ, ਥਾਂ ਥਾਂ ਉਨ੍ਹਾਂ ਦੀਆਂ ਮੜ੍ਹੀਆਂ ਬਣੀਆਂ ਹੋਈਆਂ ਹਨ। ਇਸ ਵਕਤ ਬਾਬਾ ਸਰੀਰ ਕਰਕੇ ਨਹੀਂ ਹੈ, ਅਜੇ ਸਸਕਾਰ ਵੀ ਨਹੀਂ ਸੀ ਹੋਇਆ ਕਿ ਪੱਗ ਪਹਿਲਾਂ ਹੀ ਬੱਝ ਗਈ ਸੀ ਕਿਉਂਕਿ ਬਾਅਦ ਵਿਚ ਝਗੜਾ ਪੈ ਜਾਣ ਦਾ ਪੂਰਾ ਖ਼ਤਰਾ ਬਣਿਆ ਹੋਇਆ ਸੀ। ਇਥੇ ਵੀ ਸੇਵਾ ਦੇ ਨਾਂ ਤੇ ਵਪਾਰ ਮਾਇਆ ਦਾ ਹੀ ਹੋ ਰਿਹਾ ਹੈ।

ਸੰਤ ਕਸ਼ਮੀਰਾ ਸਿੰਘ ਗੜ੍ਹੇਵਾਲਾ

ਅਖ਼ਬਾਰਾਂ ਵਿਚ ਖੁਦ ਪੜ੍ਹਿਆ ਹੈ ਕਿ ਇਸਦਾ ਗੁਰੂ ਬਹਾਦਰ ਲਾਲ ਹੈ। ਡੇਰੇ ਵਿਚ ਦੱਸਦੇ ਹਨ ਕਿ ਇਸਨੇ ਮੰਦਰ ਮਸੀਤਾਂ ਵੀ ਬਣਾਏ ਹੋਏ ਹਨ। ਸਿੱਖਾਂ ਨੂੰ ਹਿੰਦੂ ਬਨਾਉਣ ਵਾਸਤੇ ਇਸਦੀਆਂ ਆਰ.ਐਸ.ਐਸ. ਨਾਲ ਪੂਰੀਆਂ ਸਾਂਝਾਂ ਹਨ। ਲੋਕਾਂ ਨੂੰ ਸਾਂਝੀਵਾਲਤਾ ਦਾ ਪ੍ਰਤੀਕ ਦੱਸ ਕੇ ਭਰਮਾਂ ਭੁਲੇਖਿਆਂ ਵਿਚ ਪਾ ਰਿਹਾ ਹੈ। ਇਸਦੇ ਡੇਰੇ ਵਿਚ ਨਾਮ ਦੇਣ ਅਤੇ ਨਾਮ ਲੈਣ ਦੀ ਖੇਡ ਖੇਡੀ ਜਾ ਰਹੀ ਹੈ। ਗੁਰਮਤਿ ਸਿਧਾਂਤ ਤੋਂ ਇਹ ਕੋਹਾਂ ਦੂਰ ਹੈ। ਇਸਦੇ ਇਕ ਖਾਸ ਸਾਥੀ ਸੰਤ ਮੰਗਲ ਸਿੰਘ ਨੂੰ ਉਸਦੇ ਆਪਣੇ ਹੀ ਚੇਲੇ ਨੇ ਸਰੀਆ ਮਾਰ ਕੇ ਮਾਰ ਦਿੱਤਾ ਸੀ।

ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ

ਇਹ 18 ਕੁ ਸਾਲ ਦੀ ਉਮਰ ਦਾ ਛੋਕਰਾ ਸੰਤ ਰਣਜੀਤ ਸਿੰਘ ਮਹਾਰਾਜ ਕਹਾਉਂਦਾ ਹੈ, ਮੱਥੇ ਟਿਕਾਉਂਦਾ ਹੈ, ਕਦੇ ਭਗਵੇ ਕੱਪੜੇ, ਕਦੇ ਕਾਲੇ, ਕਦੇ ਚਿੱਟੇ, ਕਦੇ ਕੋਈ ਭੇਖ ਬਣਾਉਂਦਾ ਹੈ, ਕਦੇ ਕੋਈ। ਪਟਿਆਲੇ ਨੇੜੇ ਇਸਦਾ ਬਹੁਤ ਵੱਡਾ ਡੇਰਾ ਹੈ। ਗੁਰਮਤਿ ਦੇ ਉਲਟ ਮਨਘੜਤ ਕਹਾਣੀਆਂ ਅਤੇ ਸਿੱਧੀਆਂ ਧਾਰਨਾਵਾਂ ਦਾ ਕੀਰਤਨ ਕਰਦਾ ਹੈ, ਜਿਸਨੂੰ ਇਹ ਦੀਵਾਨ ਕਹਿੰਦਾ ਹੈ, ਗੁਰੂ ਦੀ ਸਿੱਖੀ ਦੀ ਬਜਾਏ ਇਹ ਆਪਣੀ ਸਿੱਖੀ, ਅੰਮ੍ਰਿਤ ਛਕਾ ਰਿਹਾ ਹੈ। ਇਹ ਬ੍ਰਾਹਮਣੀ ਮੱਤਾਂ ਦਾ ਹੀ ਪ੍ਰਚਾਰ ਕਰ ਰਿਹਾ ਹੈ। ਵਿਖਾਵੇ ਮਾਤਰ 'ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਇਸਨੇ ਕੀਤਾ ਹੋਇਆ ਹੈ। ਇਹ ਮਹਾਰਾਜ ਕਹਾਉਂਦਾ ਹੈ ਪਰ ਅਸੀਂ ਕਹਿੰਦੇ ਹਾਂ ਕਿ ਇਹ ਇਤਨਾ ਹੀ ਦੱਸ ਦੇਵੇ ਕਿ ਮਹਾਰਾਜ ਦਾ ਅਰਥ ਕੀ ਹੈ ? ਇਹ ਨਿਰਵੈਰ ਖ਼ਾਲਸਾ ਕਹਾਉਂਦਾ ਹੈ, ਇਹਨੂੰ ਕਹੋ ਕਿ ਇਤਨਾ ਹੀ ਦੱਸ ਦੇਵੇ ਕਿ ਨਿਰਵੈਰ ਖ਼ਾਲਸਾ ਕੀ ਹੁੰਦਾ ਹੈ। ਇਹਨੂੰ ਤਾਂ ਇਹ ਵੀ ਪਤਾ ਨਹੀਂ ਕਿ ਖ਼ਾਲਸਾ ਦੇ ਨਾਲ

ਨਿਰਵੈਰ ਅੱਖਰ ਦੀ ਕੋਈ ਲੋੜ ਨਹੀਂ। ਖ਼ਾਲਸਾ ਤਾਂ ਹੁੰਦਾ ਹੀ ਨਿਰਵੈਰ ਹੈ। ਇਹ ਵੀ ਦੱਸੇ ਕਿ ਖ਼ਾਲਸਾ ਕਿਹੜੀ ਭਾਸ਼ਾ ਦਾ ਅੱਖਰ ਹੈ।

ਹੱਡ-ਬੀਤੀ

ਇਥੇ ਇਕ ਹੱਡ ਬੀਤੀ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ ਕਿ ਇਕ ਦੰਭੀ ਪਾਖੰਡੀ ਨਕਲੀ ਗੁਰੂ ਜੋ ਕਿ ਗੁਰੂ ਅਤੇ ਸਿੱਖੀ ਦੀ ਬੇਅਦਬੀ ਕਰਨ ਵਾਲੇ ਤੋਂ ਸ਼ਰੇਆਮ ਦਿਨ ਦੀਵੀ ਬਦਲਾ ਲੈਣ ਵਾਲੇ ਇਕ ਅੰਮ੍ਰਿਤਧਾਰੀ ਸਿੰਘ ਦੇ ਮੁਕੱਦਮੇ ਅਤੇ ਪਰਿਵਾਰ ਦੀ ਮਦਦ ਵਾਸਤੇ ਪਿੰਡ ਸਭਰਾ ਤੋਂ 2000 ਰੁਪਏ ਵਿਚ ਟਾਮਾ ਸੂਮੋ ਗੱਡੀ ਕਿਰਾਏ 'ਤੇ ਲੈ ਕੇ ਕਰੀਬ 11-12 ਸਿੰਘ ਪਟਿਆਲੇ ਨੇੜੇ ਜੋ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਬਹੁਤ ਵੱਡਾ ਡੇਰਾ ਹੈ ਉਥੇ ਗਏ ਤਾਂ ਇਹ ਬੀਬੀਆਂ ਅਤੇ ਬੰਦਿਆਂ ਤੋਂ ਮੱਥੇ ਟਿਕਾ ਕੇ ਅਸ਼ੀਰਵਾਦ ਦੇ ਰਿਹਾ ਸੀ ਅਤੇ ਟੋਕਰੀ ਵਿਚ ਪੈਸੇ ਪਵਾ ਰਿਹਾ ਸੀ। ਅਸੀਂ ਮਿਲਣ ਵਾਸੇ ਸਮਾਂ ਮੰਗਿਆ, ਪਰ ਸੰਤ ਦੇ ਚੇਲੇ ਟਾਲ-ਮਟੋਲ ਕਰਨ। ਅਸੀਂ ਕਿਹਾ ਕਿ ਬੜੀ ਦੂਰੋਂ ਖਰਚਾ ਕਰ ਕੇ ਆਏ ਹਾਂ ਅਸੀਂ ਪੰਥਕ ਕਾਰਜ ਵਾਸਤੇ ਸੰਤ ਨੂੰ ਮਿਲਣਾ ਹੈ ਪਰ ਕਹਿੰਦੇ ਮਿਲਣ ਦਾ ਟਾਈਮ ਹੀ ਨਹੀਂ। ਜਦ ਸੰਤ ਗੱਡੀ ਵਿਚ ਬਹਿਣ ਲੱਗਾ ਤਾਂ ਸਾਨੂੰ 2 ਮਿੰਟ ਮਿਲੇ ਅਸੀਂ ਫਟਾ ਫਟ ਸਿੰਘ ਜੋ ਕੁਰਬਾਨੀ ਕਰਕੇ ਜੇਲ੍ਹ ਵਿਚ ਬੰਦ ਹੈ ਉਸਦੀ ਦਾਸਤਾਨ ਸੁਣਾਈ ਪਰ ਸੰਤ ਕਹਿੰਦਾ ਮੈਨੂੰ ਫੇਰ ਮਿਲਿਉ ਫੂਨ 'ਤੇ ਗੱਲ ਕਰ ਲਿਉ ਅਸੀਂ ਕੋਲੋਂ ਹੋਰ ਖਰਚੇ ਕਰਕੇ ਫੋਨ ਕੀਤੇ ਪਰ ਇਸ ਸਾਧ ਨੇ ਕੋਈ ਨਾ ਸੁਣੀ। ਇਹ ਜਦੋਂ ਸਟੇਜ 'ਤੇ ਹੁੰਦੇ ਹਨ ਤਾਂ ਗੱਲਾਂ ਕਰਦੇ ਅਸਮਾਨ ਨੂੰ ਟਾਕੀਆਂ ਲਾਉਂਦੇ ਹਨ। ਪਾਠਕ ਆਪ ਅੰਦਾਜਾ ਲਾਉਣ ਕਿ ਇਹਨਾਂ ਸਾਧਾਂ ਦਾ ਗੁਰੂ ਪ੍ਰਤਿ ਗੁਰੂ ਪੰਥ ਪ੍ਰਤਿ ਕੀ ਨਜ਼ਰੀਆ ਹੈ ? ਇਹ "ਗੁਰੂ ਗ੍ਰੰਥ ਸਾਹਿਬ" ਜੀ ਦਾ ਨਾਮ ਵਰਤ ਕੇ ਆਪਣਾ ਵਡੱਪਣ, ਵੱਡੇ ਵੱਡੇ ਡੇਰੇ ਅਤੇ ਆਪਣੀ ਨਿੱਜੀ ਜਾਇਦਾਦ ਬਣਾ ਰਹੇ ਹਨ ਜੋ ਕਿ ਸਿੱਖ ਕੌਮ ਵਾਸਤੇ ਖ਼ਤਰੇ ਦੀ ਘੰਟੀ ਹੈ।

ਸੰਤ ਦਲੇਰ ਸਿੰਘ

ਇਹ ਵੀ ਛੋਕਰਾ ਸਾਧ ਥੋੜ੍ਹੀ ਉਮਰ ਦਾ ਹੈ। ਬੜੇ ਕੀਮਤੀ ਅਤੇ ਫੁੱਲਾਂ ਵਾਲੇ ਚੋਲੇ ਪਾ ਕੇ ਭੇਖ ਬਣਾਉਂਦਾ ਹੈ। ਇਸਦੇ ਸਾਰੇ ਕੰਮ ਉਪਰਲੇ ਰਣਜੀਤ ਸਿੰਘ ਵਾਲੇ ਹੀ ਹਨ।

ਬਾਬਾ ਲੱਖਾ ਸਿੰਘ ਗੱਗੋਬੂਏ ਵਾਲਾ

ਇਹ ਆਪਣੇ ਆਪ ਨੂੰ ਅੰਮ੍ਰਿਤਧਾਰੀ ਦੱਸਦਾ ਹੈ। ਡੇਰੇ ਵਿਚ ਪ੍ਰਕਾਸ਼ ਵੀ

ਕੀਤਾ ਹੋਇਆ ਹੈ। ਇਹ ਅੱਖਾਂ ਮੀਟ ਕੇ ਗੁਰੂਆਂ ਨਾਲ, ਸ਼ਹੀਦਾਂ ਨਾਲ, ਦੇਵੀ-ਦੇਵਤਿਆਂ ਨਾਲ ਗੱਲਾਂ ਵੀ ਕਰ ਲੈਂਦਾ ਹੈ। ਭੂਤਾਂ-ਪ੍ਰੇਤਾਂ ਦੇ ਚੱਕਰਾਂ ਵਿਚ ਪਿਆ ਅਤੇ ਹੋਰਾਂ ਨੂੰ ਪਾ ਰਿਹਾ ਹੈ। ਸਵੇਰ ਤੋਂ ਹੀ ਇਸਦੇ ਡੇਰੇ ਲਾਈਨਾਂ ਲਗ ਜਾਂਦੀਆਂ ਹਨ ਪੁੱਛਣਾ ਦੱਛਣਾ ਵਾਲਿਆਂ ਦੀਆਂ। ਇਹ ਬਾਬਾ, ਗੁਰੂਆਂ ਅਤੇ ਸ਼ਹੀਦਾਂ ਦਾ ਸ਼ਰੇਆਮ ਅਪਮਾਨ ਕਰ ਰਿਹਾ ਹੈ। ਇਹ ਦੇਵੀਆਂ ਨੂੰ ਗੁਰੂਆਂ ਦੇ ਬਰਾਬਰ ਦੱਸ ਰਿਹਾ ਹੈ। ਇੰਜ ਜਾਪਦਾ ਹੈ ਕਿ ਇਹ ਕਿਸੇ ਤੱਕੜੀ ਸਿੱਖ ਮਾਰੂ ਏਜੰਸੀ ਦਾ ਏਜੰਟ ਹੈ। ਇਸਦਾ ਡੇਰਾ ਗੱਗੋਬੂਏ, ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ।

ਸੰਤ ਗੁਰਬਚਨ ਸਿੰਘ ਦਸਮੇਸ਼ ਪਰਿਵਾਰ ਅੰਮ੍ਰਿਤਸਰ

ਇਹ ਸਾਧ ਵੀ ਬ੍ਰਾਹਮਣੀ ਮੱਤਾਂ ਦਾ ਪ੍ਰਚਾਰ ਕਰ ਰਿਹਾ ਹੈ। ਹਿੰਦੂ ਮੱਤ ਵਾਲੇ ਫਲਾਂ, ਵਰ, ਸਰਾਪਾਂ ਵਿਚ ਵਿਸ਼ਵਾਸ ਰਖਦਾ ਹੈ। ਇਹ ਅੰਮ੍ਰਿਤ ਦਾ ਵੀ ਮਖੌਲ ਉਡਾ ਰਿਹਾ ਹੈ ਕਿਉਂਕਿ ਘਰ ਘਰ ਜਾ ਕੇ ਸ਼ਰਾਬੀਆਂ, ਨਸ਼ੱਈਆਂ ਨੂੰ ਬਿਨਾਂ ਨਸ਼ਾ ਛੁਡਾਏ ਧੱਕੇ ਨਾਲ ਅੰਮ੍ਰਿਤ ਛਕਾ ਕੇ ਆਪਣੇ ਅਤੇ ਉਹਨਾਂ ਦੇ, ਦਰਗਾਹ ਦੇ ਰਾਹਦਾਰੀ ਝੂਠੇ ਪਾਸ ਬਣਾ ਰਿਹਾ ਹੈ। ਇਹ ਵੀ ਦਾਅਵਾ ਕਰਦਾ ਹੈ ਕਿ ਮੇਰੇ ਨਾਲ ਸ਼ਹੀਦੀ ਫ਼ੌਜ ਦਾ ਪਹਿਰਾ ਹੁੰਦਾ ਹੈ। ਇਹ ਵੀ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ ਅਤੇ ਅੰਮ੍ਰਿਤਸਰ ਦਰਬਾਰ ਸਾਹਿਬ ਤੇ ਅਟੈਕ ਹੋ ਗਿਆ ਪਰ ਇਹ ਬਾਬਾ ਅਤੇ ਇਸਦੀਆਂ ਸ਼ਹੀਦੀ ਫ਼ੌਜਾਂ, ਸਿੱਖ ਕੌਮ ਦੇ ਮੁਖ ਕੇਂਦਰ ਵਾਸਤੇ ਕੱਖ ਵੀ ਨਾ ਕਰ ਸਕੇ। ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਗੋਲੇ ਵਰ੍ਹਦੇ ਰਹੇ ਪਰ ਇਹ ਬਾਬਾਂ ਅਤੇ ਇਸਦੀਆਂ ਸ਼ਹੀਦੀ ਫ਼ੌਜਾਂ ਡਬਲ ਬੈੱਡਾਂ ਤੇ ਸੁੱਤੀਆਂ ਰਹੀਆਂ।

ਸੰਤ ਧਨਵੰਤ ਸਿੰਘ ਗੁਰਦਾਸਪੁਰੀਆ

ਇਸ ਕੁਕਰਮੀ ਨੇ ਆਪਣੇ ਹੀ ਸੇਵਕ ਦੀ ਲੜਕੀ ਦੀ ਪੱਤ ਲੁੱਟ ਲਈ। ਅਖ਼ਬਾਰਾਂ ਵਿਚ ਇਸਦਾ ਪੂਰਾ ਜਲੂਸ ਨਿਕਲਿਆ। ਇਸਦਾ ਕੇਸ ਅਕਾਲ ਤਖ਼ਤ ਸਾਹਿਬ ਤੇ ਖ਼ਾਲਸਾ ਪੰਚਾਇਤ ਰਾਹੀਂ ਆਇਆ ਪਰ ਸਰਕਾਰੀ ਜਥੇਦਾਰ ਨੇ, ਸਿਆਸੀ ਦਬਾਅ ਹੇਠ ਰਿਸ਼ਵਤ ਲੈ ਕੇ ਇਸ ਸਾਧ ਨੂੰ ਕੋਈ ਸਜ਼ਾ ਨਾ ਦਿੱਤੀ। ਕੇਸ ਪੁਲਿਸ ਕੋਲ ਗਿਆ, ਹੁਣ ਇਹ ਜੇਲ੍ਹ ਵਿਚ ਹੈ। ਅਨਾਥ ਆਸ਼ਰਮ ਵਾਸਤੇ ਬਾਹਰਲੇ ਦੇਸ਼ਾਂ ਵਿਚੋਂ ਇਕੱਠੀ ਕਰਕੇ ਲਿਆਂਦੀ ਮਾਇਆ ਹੜੱਪ ਗਿਆ ਹੈ।

ਸੰਤ ਸ਼ਮਸ਼ੇਰ ਸਿੰਘ ਜੁਗੇੜੇਵਾਲਾ

ਇਹ ਆਪਣੇ ਹੀ ਸੇਵਕ ਦੀ ਜਨਾਨੀ ਨਾਲ ਬਲਾਤਕਾਰ ਕਰਦਾ ਰੰਗੇ ਹੱਥੀਂ ਫੜਿਆ ਗਿਆ। ਹੁਣ ਇਹ ਵੀ ਜੇਲ੍ਹ ਵਿਚ ਹੈ।

ਸੰਤ ਸੁੱਚਾ ਸਿੰਘ ਜਵੱਦੀਕਲਾਂ

ਇਸ ਸੰਤ ਦੀ ਸਰਪ੍ਰਸਤੀ ਹੇਠ ਇਕ ਗਰੇਵਾਲ ਨਾਂ ਦੇ ਬੰਦੇ ਨੇ ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕਰਦੀ ਇਕ 'ਵਿਸਮਾਦ ਨਾਦ' ਨਾਂ ਦੀ ਪੁਸਤਕ ਲਿਖੀ। ਜਿਸ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਭਗਤਾਂ ਦੀ ਬਾਣੀ ਦਰਜ ਕਰਕੇ ਕੇਵਲ ਗੁਰੂ ਨੇ ਆਪਣੇ ਚੇਲਿਆਂ ਦੀ ਗਿਣਤੀ ਵਧਾਈ ਹੈ। ਸਟੱਡੀ ਸਰਕਲ ਦੇ ਵੀਰਾਂ ਨੇ ਇਹ ਕਿਤਾਬ ਜਬਤ ਕਰਵਾਈ।

ਸੰਤ ਜੋਰਾ ਸਿੰਘ ਬਧਨੀ ਕਲਾਂ ਵਾਲਾ

ਇਹ ਸੰਤ ਖੁਦ ਕਹਿੰਦਾ ਹੈ ਕਿ ਮੈਨੂੰ ਗੁਰੂ ਨਾਨਕ ਸਾਹਿਬ ਨੇ ਖੁਦ ਦੁਨੀਆਂ 'ਤੇ ਭੇਜਿਆ ਹੈ। ਇਹ ਕੇਵਲ ਪ੍ਰਚਾਰ ਹੀ ਕਰਦਾ ਹੈ ਜਦੋਂ "ਗੁਰੂ ਗ੍ਰੰਥ ਸਾਹਿਬ" ਜੀ ਦੀ ਹਜ਼ੂਰੀ ਵਿਚ ਜਾਂਦਾ ਹੈ ਤਾਂ ਇਹਦੇ ਪੈਰਾਂ ਥੱਲੇ ਇਹਦੇ ਸੇਵਕ ਚਾਦਰ ਵਿਛਾਈ ਜਾਂਦੇ ਹਨ ਅਤੇ ਮਗਰੇ ਇਕੱਠੀ ਕਰੀ ਜਾਂਦੇ ਹਨ, ਹਰ ਸਾਲ ਇਹ ਅੰਮ੍ਰਿਤਸਰ ਸਮਾਗਮ 'ਤੇ ਆਉਂਦਾ ਹੈ ਇਕ ਵਾਰੀ ਸਾਡੇ ਪ੍ਰਚਾਰਕ ਭਾਈ ਗੁਰਮੀਤ ਸਿੰਘ ਨੇ ਕਥਾ ਕਰਨ ਵਾਸਤੇ ਸਟੇਜ 'ਤੇ ਟਾਈਮ ਮੰਗਿਆ ਪਰ ਸੰਤ ਨੇ ਕਿਹਾ ਸਾਡੇ ਕੋਲ ਕੋਈ ਟਾਈਮ ਨਹੀਂ ਹੈ ਦੂਸਰੇ ਸਾਲ ਫਿਰ ਸਾਡੇ ਪ੍ਰਚਾਰਕ ਨੇ ਸਟੇਜ 'ਤੇ ਟਾਈਮ ਮੰਗਿਆ ਤਾਂ ਸੈਕਟਰੀ ਕਹਿੰਦਾ ਕਿ ਬੜੀ ਹੀ ਖੁਸ਼ੀ ਵਾਲੀ ਗੱਲ ਹੋਈ ਹੈ ਕਿ ਸੰਤਾਂ ਨੇ ਤੁਹਾਨੂੰ ਤਿੰਨ ਮਿੰਟ ਦੇ ਦਿੱਤੇ ਹਨ ਪਰ ਤੁਸੀਂ ਸਟੇਜ 'ਤੇ ਕੇਵਲ ਸੰਤਾਂ ਦੀ ਸਿਫ਼ਤ ਕਰਨੀ ਹੈ ਹੋਰ ਕੋਈ ਗੱਲ ਨਹੀਂ ਕਰਨੀ। ਜਦ ਭਾਈ ਗੁਰਮੀਤ ਸਿੰਘ ਤਿੰਨ ਮਿੰਟ ਵਿਚ ਅੰਮ੍ਰਿਤ ਰਹਿਤ ਦੀ ਗੱਲ ਕਰਕੇ ਥੱਲੇ ਬੈਠ ਗਿਆ ਤਾਂ ਸੈਕਟਰੀ ਕਹਿੰਦਾ ਕਿ ਤੁਸੀਂ ਮਹਾਂਪੁਰਖਾਂ ਦਾ ਹੁਕਮ ਬਿਲਕੁਲ ਨਹੀਂ ਮੰਨਿਆ। ਤੁਹਾਨੂੰ ਕਿਹਾ ਸੀ ਕਿ ਮਹਾਂਪੁਰਖਾਂ ਦੀ ਸਿਫ਼ਤ ਹੀ ਕੇਵਲ ਕਰਨੀ ਹੈ ਪਰ ਤੁਸੀਂ ਨਹੀਂ ਕੀਤੀ ਤਾਂ ਲਾਗੋਂ ਇਕ ਸਿੰਘ ਕਹਿੰਦਾ ਕਿ ਸਿਫ਼ਤ ਗੁਰੂ ਦੀ ਕਰਨੀ ਹੈ ਕਿ ਮਹਾਂਪੁਰਖਾਂ ਦੀ। ਸੋ ਇਸ ਤਰ੍ਹਾਂ ਇਹ ਗੁਰੂ ਤੋਂ ਕੋਹਾਂ ਦੂਰ ਹਨ। ਇਹ ਆਪਣਾ ਹੀ ਹਲਵਾ ਮੰਡਾ ਚਲਾ ਰਹੇ ਹਨ ਆਪਣੀ ਹੀ ਪੂਜਾ ਕਰਵਾ ਰਹੇ ਹਨ। ਗੁਰੂ ਦੀ ਹਜ਼ੂਰੀ ਵਿਚ ਵੀ ਇਹ ਆਪਣੀ ਹੀ ਸਿਫ਼ਤ ਸੁਣਨੀ ਪਸੰਦ ਕਰਦੇ ਹਨ ਜੋ ਕਿ ਸਿੱਖ ਕੌਮ ਦੀ ਬਦਕਿਸਮਤੀ ਹੈ।

ਨਿਰਮਲੇ, ਸੰਨਿਆਸੀ ਉਦਾਸੀ, ਗੁਰਮਤਿ ਦੇ ਭਗੌੜੇ ਸਾਧ ਸੰਤ ਦਵਿੰਦਰ ਸਿੰਘ ਸ਼ਹਾਬਪੁਰ

ਇਸਦੀ ਆਪਣੀ ਹੱਥ ਲਿਖਤ ਪੁਸਤਕ 'ਸਾਰ ਵਸਤੂ' ਹੈ। ਕਿਤਾਬ ਦੇ ਸ਼ੁਰੂ ਵਿਚ ਹੀ ਇਸਨੇ ਕੋਰਾ ਝੂਠ ਲਿਖਿਆ ਹੈ ਕਿ ਇਹੋ ਇਸਦੀ ਸੰਪ੍ਰਦਾਇ 'ਭਾਈ

ਦਇਆ ਸਿੰਘ ਜੀ', ਪੰਜਾਂ ਪਿਆਰਿਆਂ ਦੇ ਮੁਖੀ ਤੋਂ ਚਲੀ ਹੈ ਪਰ ਇਹ ਆਪ ਬੇਅੰਮ੍ਰਿਤੀਆ (ਨਿਗੁਰਾ) ਦੇਹਧਾਰੀ ਨੂੰ ਮੰਨਣ ਵਾਲਾ ਹੈ। ਇਹ ਆਪ ਖੰਡੇ ਬਾਟੇ ਦੇ ਅੰਮ੍ਰਿਤ ਦੇ ਨੇੜੇ ਨਹੀਂ ਜਾਂਦਾ। ਗੁਰ ਫੁਰਮਾਨ ਹੈ, 'ਨਿਗੁਰੈ ਕਾ ਹੈ ਨਾਉ ਬੁਰਾ', ਪਰ ਬੜੇ ਬੜੇ ਅਖੌਤੀ ਸਾਧ ਅਤੇ ਜਥੇਦਾਰਾਂ ਨੇ ਇਸ ਨਿਰਮਲੇ ਸਾਧ ਦੇ ਨਾਲ ਫ਼ੋਟੋਆਂ ਲੁਹਾਈਆਂ ਹਨ ਜੋ ਇਸੈ ਆਪਣੀ ਪੁਸਤਕ ਸਾਰ ਵਸਤੂ ਵਿਚ ਛਾਪੀਆਂ ਹਨ।

ਇਹ ਸਾਧ ਵੀ ਬ੍ਰਾਹਮਣੀ ਮੱਤਾਂ ਦਾ ਪ੍ਰਚਾਰ ਕਰ ਰਿਹਾ ਹੈ। ਤਰਨ ਤਾਰਨ ਨੇੜੇ ਇਸਦਾ ਬਹੁਤ ਵੱਡਾ ਡੇਰਾ 'ਨਿਰਮਲ ਕੁਟੀਆ' ਕੋਠੀ ਨਾਲੋਂ ਵੀ ਸੁੰਦਰ ਬਣਿਆ ਹੋਇਆ ਹੈ। ਇਸਨੇ ਪੁਸਤਕ ਦੇ ਸ਼ੁਰੂ ਵਿਚ ਹੀ ਬ੍ਰਾਹਮਣਵਾਦੀ ਮਨਘੜਤ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਦਾ ਗੁਰਮਤਿ ਨਾਲ ਦੂਰ ਦਾ ਵੀ ਸੰਬੰਧ ਨਹੀਂ ਹੈ।

ਬ੍ਰਾਹਮਣੀ ਮੱਤ ਦੀ ਪ੍ਰੋੜਤਾ ਕਰਦਾ ਹੋਇਆ ਇਹ ਸਾਧ ਪੁਸਤਕ ਸਾਰ ਵਸਤੂ ਦੇ ਸਫ਼ਾ 47 ਤੇ ਇੰਜ ਲਿਖਦਾ ਹੈ—ਸਿੱਖ ਆਖਦੇ ਨੇ ਰਾਮ ਬ੍ਰਾਹਮਣਾਂ ਦਾ ਹੈ। ਸਾਡਾ ਤਾਂ ਵਾਹਿਗੁਰੂ ਹੈ। ਹੱਦ ਹੋ ਗਈ ਹੈ। ਐਡੀ ਦੁਸ਼ਮਣੀ ਪਾ ਲਈ ਹੈ। ਨੌਵੇਂ ਪਾਤਸ਼ਾਹ ਕਹਿੰਦੇ—'ਰਾਮੁ ਨਾਮੁ ਉਰ ਮੈ ਗਹਿਓ ਜਾ ਕੇ ਸਮ ਨਹੀਂ ਕੋਇ।' (ਸਾਰ ਵਾਸਤੂ, ਪੰਨਾ 47)

ਵਿਚਾਰ—ਇਹ ਸਾਧ ਕਿਹੜੇ ਰਾਮ ਦੀ ਗੱਲ ਕਰਦਾ ਹੈ ? ਨੌਂਵੇਂ ਪਾਤਸ਼ਾਹ ਤਾਂ ਘਟ ਘਟ ਵਿਚ ਰਮੇ ਹੋਏ ਸਰਬ ਸ਼ਕਤੀਵਾਨ ਦੀ ਗੱਲ ਕਰ ਰਹੇ ਹਨ। ਦਸਰਥ ਦੇ ਲੜਕੇ ਰਾਮ ਚੰਦਰ ਦੀ ਗੱਲ ਤਾਂ ਗੁਰਬਾਣੀ ਅੰਦਰ ਇਸ ਤਰ੍ਹਾਂ ਹੈ,

ਰੋਵੈ ਰਾਮ ਨਿਕਾਲਾ ਭਇਆ॥
ਸੀਤਾ ਲਖਮਣ ਵਿਛੁੜ ਗਇਆ॥ (ਪੰਨਾ 953)
ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤ ਦੇਖਿਆ ਥਾ॥
ਰਾਵਣ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ (ਪੰਨਾ 874)

ਇਹ ਕਿਹੜੇ ਰਾਮ ਦੀਆਂ ਗੱਲਾਂ ਕਰਦਾ ਹੈ ? ਇਹਨੂੰ ਯਾਦ ਹੋਣਾ ਚਾਹੀਦਾ ਹੈ ਕਿ ਤਰਨ ਤਾਰਨ ਵਿਚ ਕਿਵੇਂ ਸਿੰਘਾਂ ਨੇ ਰਾਮ ਕਥਾ ਬੰਦ ਕਰਵਾਈ ਸੀ। ਇਹ ਸਾਧ ਵੀ ਉਥੇ ਹਾਜ਼ਰ ਸੀ। ਇਸ ਦੀ ਪੁਸਤਕ ਅੰਦਰ ਹੋਰ ਵੀ ਕਈ ਕਰਾਮਾਤੀ ਮਨਘੜਤ ਕਹਾਣੀਆਂ ਲਿਖੀਆਂ ਹਨ। ਸੰਖੇਪ ਕਰ ਰਿਹਾ ਹਾਂ, ਇਹ ਨਿਰਮਲੇ ਸਾਧ ਗ੍ਰਿਹਸਤੀ ਨਹੀਂ ਹੁੰਦੇ, ਉਂਜ ਜਨਾਨੀਆਂ ਇਹਨਾਂ ਦੇ ਨੇੜੇ ਨੇੜੇ ਕਾਫ਼ੀ ਰਹਿੰਦੀਆਂ ਹਨ। ਤਿਆਗੀ ਹੋਣ ਦਾ ਇਹ ਫੋਕਾ ਦਾਅਵਾ ਕਰਦੇ ਹਨ। ਇਨ੍ਹਾਂ ਬਾਰੇ ਗੁਰੂ ਜੀ ਇੰਜ ਕਹਿੰਦੇ ਹਨ:

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰ॥ (941)
ਅੰਤਰ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥ (525)

ਤਜੈ ਗਿਰਸਤੁ ਭਇਆ ਬਨਵਾਸੀ
ਇਕੁ ਖਿਨੁ ਮਨੂਆ ਇਕੈ ਨ ਟਿਕਈਆ॥ (835)
ਹੋਰ ਵੀ ਐਸੇ ਬਹੁਤ ਬਚਨ ਆਉਂਦੇ ਹਨ।

ਇਹਨਾਂ ਉਦਾਸੀ ਨਿਰਮਲਿਆਂ ਨੂੰ ਗਸ਼ਾਂ ਪੈ ਜਾਂਦੀਆਂ ਹਨ ਅੰਮ੍ਰਿਤਧਾਰੀ, ਕਕਾਰਧਾਰੀ ਸਿੰਘਾਂ ਨੂੰ ਦੇਖ ਕੇ। ਅਸੀਂ ਇਸ ਦਵਿੰਦਰ ਸਿੰਘ ਦੇ ਡੇਰੇ ਗਏ ਸੀ। ਇਹਨੇ ਸਾਨੂੰ ਪਾਣੀ ਤਕ ਵੀ ਨਹੀਂ ਸੀ ਪੁੱਛਿਆ।

ਬਾਬਾ ਸੰਤੋਖ ਦਾਸ ਜੀ

ਇਹ ਨਿਰਮਲੇ ਹੋਏ ਹਨ। ਮੁਫ਼ਤ ਦੁਆਈ ਵੀ ਦਿੰਦੇ ਹਨ। ਇਹ ਵੀ ਗੁਰੂ ਘਰ ਦੇ ਦੋਖੀ ਸ਼ਿਰੀਚੰਦ ਦੇ ਉਪਾਸ਼ਕ ਰਹੇ ਸਨ। ਇਹਨਾਂ ਦੇ ਡੇਰੇ ਅੰਦਰ ਸਿਰੀ ਚੰਦ ਦਾ ਚਿਮਟਾ ਅਤੇ ਧੂਣੀ ਵੀ ਹੈ। ਖੰਡੇ ਬਾਟੇ ਦੇ ਅੰਮ੍ਰਿਤ ਤੋਂ ਕੋਹਾਂ ਦੂਰ ਸਨ। ਦੂਜਿਆਂ ਨੂੰ ਉਪਦੇਸ਼ ਵੀ ਦਿੰਦੇ ਕਿ ਅੰਮ੍ਰਿਤ ਛਕੋ ਪਰ ਆਪ ਨਹੀਂ ਸੀ ਛਕਿਆ। ਇਕ ਵਾਰੀ ਕੀਰਤਨ ਕਰਦਿਆਂ ਭਾਈ ਲਖਬੀਰ ਸਿੰਘ ਨੇ ਕਿਹਾ ਕਿ ਇਹ ਨਿਰਮਲੇ ਕਿਸੇ ਗ੍ਰਿਹਸਤੀ ਨੂੰ ਗੱਦੀ ਨਹੀਂ ਦਿੰਦੇ। ਇਹ ਗੁਰੂ ਘਰ ਵਿਚ ਪ੍ਰਵਾਨ ਨਹੀਂ ਹਨ ਤਾਂ ਸਾਡਾ ਇਕ ਸਿੰਘ ਸੰਤੋਖ ਦਾਸ ਦੇ ਡੇਰੇ ਗਿਆ ਤਾਂ ਬਾਬੇ ਨੇ ਕਿਹਾ ਕਿ ਇਹ ਕੋਈ ਖਾਸ ਗੱਲ ਨਹੀਂ ਹੈ। ਚਿਮਟੇ ਲਏ ਢੋਲਕੀਆਂ ਖੜਕਾਈਆਂ ਇਸ ਨਾਲ ਕੋਈ ਸੰਤ ਨਹੀਂ ਬਣ ਜਾਂਦਾ। ਫਿਰ ਇਕ ਸਟੇਜ ਤੇ ਦੋਵੇਂ ਸਾਧ ਇਕੱਠੇ ਹੋਏ ਤਾਂ ਉਸੇ ਲਖਬੀਰ ਸਿੰਘ ਨੇ ਕਹਿ ਦਿੱਤਾ ਕਿ ਇਹ ਨਿਰਮਲੇ ਤਾਂ ਸਾਧੂ ਹਨ। ਇਨ੍ਹਾਂ ਨੂੰ ਦਸਵੇਂ ਪਾਤਸ਼ਾਹ ਨੇ ਕਾਂਸ਼ੀ ਵਿਦਿਆ ਪੜ੍ਹਨ ਵਾਸਤੇ ਭੇਜਿਆ ਸੀ। ਤਾਂ ਉਸ ਤੋਂ ਬਾਅਦ ਸੰਤੋਖ ਦਾਸ ਦਾ ਟਾਈਮ ਸੀ ਬੋਲਿਆ, ਇਹ ਸੰਤ ਲਖਬੀਰ ਤਾਂ ਬ੍ਰਹਮ ਅਵਸਥਾ ਦੇ ਮਾਲਕ ਹਨ। ਸੋ ਇਸ ਤਰ੍ਹਾਂ ਇਹ ਸਾਧ 'ਤੂੰ ਮੈਨੂੰ ਮੁੱਲਾ ਕਹੋ, ਮੈਂ ਤੈਨੂੰ ਕਾਜੀ ਕਹਾਂ' ਵਾਲੀ ਨੀਤੀ ਤੇ ਚੱਲ ਰਹੇ ਹਨ। ਅੰਤ ਇਹ ਮੌਜਦਾਸ ਨੂੰ ਗੱਦੀ ਦੇ ਗਏ।

ਹੋਰ ਵੀ ਕਈ ਨਿਰਮਲੇ ਉਦਾਸੀ ਮੰਗ ਖਾਣ ਵਾਲੇ ਬੜੇ ਹਨ। ਉਹਨਾਂ ਦਾ ਵੇਰਵਾ ਹੱਥਲੀ ਪੁਸਤਕ ਦੇ ਦੂਸਰੇ ਭਾਗ ਵਿਚ ਲਿਖਾਂਗਾ।

ਡੇਰੇਦਾਰ ਮਹੰਤ (ਗੁਰੂਡੰਮ)

ਸਿੱਖ ਪੰਥ ਵਿਚ ਕਿਤਨੇ ਹੀ ਡੇਰੇਦਾਰ ਮਹੰਤਾਂ ਅਤੇ ਗੁਰੂਡੰਮ ਦੇ ਆਪੋ ਆਪਣੇ ਅੱਡਰੇ ਜਥੇ ਬਣੀ ਜਾ ਰਹੇ ਹਨ ਜਿਨ੍ਹਾਂ ਨੂੰ ਸਿੱਖ ਸੰਪ੍ਰਦਵਾਵਾਂ ਦੇ ਨਾਮ ਹੇਠਾਂ ਢਕਿਆ ਜਾਂਦਾ ਹੈ। ਵਾਸਤਵ ਵਿਚ ਇਹ ਫਿਰਕੇਬੰਦੀਆਂ ਦਾ ਪ੍ਰਚਾਰ ਹੈ ਜੋ ਕਿ ਗੁਰੂ ਪੰਥ ਦੀ ਜਥੇਬੰਦਕ ਏਕਤਾ ਵਾਸਤੇ ਸਖ਼ਤ ਹਾਨੀਕਾਰਕ ਹੈ। ਇਹਨਾਂ

ਡੇਰਿਆਂ ਦੇ ਸੰਤ ਮਹੰਤ ਆਪਣੇ ਆਪਣੇ ਸੇਵਕਾਂ ਨੂੰ ਅਡਰੀ ਅਡਰੀ ਭਾਂਤ ਦੇ ਸਿੱਖ ਬਣਾ ਕੇ ਵਰਗਲਾ ਰਹੇ ਹਨ ਅਤੇ ਉਨ੍ਹਾਂ ਦੇ ਸਿਰ ਤੇ ਮੌਜਾਂ ਮਾਣਦੇ ਹਨ। ਇਹੀ ਕਾਰਣ ਹੈ ਕਿ ਦਸਮੇਸ਼ ਪਾਤਸ਼ਾਹ ਜੀ ਦੀ ਖੰਡੇ ਬਾਟੇ ਦੇ ਅੰਮ੍ਰਿਤ ਵਾਲੀ ਸਿੱਖੀ, ਜਿਸਦਾ ਨਿਸ਼ਾਨਾ ਸਭ ਫਿਰਕੇਬੰਦੀਆਂ ਨੂੰ ਖ਼ਤਮ ਕਰਨਾ ਸੀ ਇਨ੍ਹਾਂ ਡੇਰੇਦਾਰਾਂ, ਸੰਤਾਂ, ਮਹੰਤਾਂ ਦੀ ਕਿਰਪਾ ਸਦਕਾ ਅੱਡ ਅੱਡ ਸੰਪਰਦਾਵਾਂ ਵਿਚ ਵੰਡੀਂਦੀ ਚਲੀ ਜਾ ਰਹੀ ਹੈ। ਕੋਈ ਗੰਗੂਸ਼ਾਹੀਏ ਸਿੱਖ ਅਖਵਾ ਰਿਹਾ ਹੈ, ਕੋਈ ਸੁਥਰੇਸ਼ਾਹੀ ਸ਼ਾਖ਼ ਕਾਇਮ ਕਰੀ ਬੈਠਾ ਹੈ, ਕੋਈ ਅੱਡਣਸ਼ਾਹੀਆਂ ਦੀ ਗੱਦੀ, ਕੋਈ ਸੇਵਾ ਪੰਥੀ ਅਤੇ ਕੋਈ ਹੀਰਦਾਸੀਏ ਹਨ।

ਅੰਬਾਲੇ ਵਿਚ ਇਕ ਢਾਹਣੀ ਗਹਿਰ ਗੰਭੀਰਿਆਂ ਦੀ ਬਣ ਗਈ ਹੈ। ਉਹ 'ਗਹਿਰ ਗੰਭੀਰ' ਮੱਤ ਚਲਾ ਰਹੇ ਹਨ। ਸਰਸੇ ਸੱਚੇ ਸੌਦੇ ਵਾਲੇ ਗੁਰੂ ਡੰਮ ਚਲਾ ਕੇ 'ਸੋਹੰ' ਮੰਤਰ ਦੇ ਰਹੇ ਹਨ। ਨਿਰਮਲ ਪੰਥ ਵੱਖਰਾ ਬਣਿਆ ਫਿਰਦਾ ਹੈ, ਉਪਰ ਜ਼ਿਕਰ ਕਰ ਆਇਆ ਹਾਂ। ਸਿੱਖ ਧਰਮ ਅੰਦਰ ਜਿੰਨੀਆਂ ਵੀ ਹਿੰਦੂ ਰੀਤੀਆਂ ਆ ਵੜੀਆਂ ਹਨ, ਉਹ ਸਭ ਇਹਨਾਂ ਨੇ ਲਿਆਂਦੀਆਂ ਹਨ।

ਨਿਹੰਗਾਂ ਦੇ ਦਲ ਵੱਖਰੀਆਂ ਸ਼ਾਖਾਂ ਬਣਾਈ ਬੈਠੇ ਹਨ। ਇਹ ਆਪਣੇ ਜਥੇਦਾਰ ਨੂੰ 'ਗੁਰਦੇਵ' ਕਹਿੰਦੇ ਹਨ। ਇਸੇ ਤਰ੍ਹਾਂ ਕਈ ਸੰਤਾਂ-ਮਹੰਤਾਂ ਦੀਆਂ ਗੁਪਤ ਗੁਰੂਡੰਮ। ਮਹੰਤਡੰਮ ਦੀਆਂ ਪੀੜ੍ਹੀਆਂ ਹਨ ਜੋ ਲੋਕਾਂ ਦੀ ਅਨਪੜ੍ਹਤਾ, ਭੇਡ ਚਾਲ ਅਤੇ ਮੂਰਖਤਾ ਦੇ ਆਸਰੇ ਚਲ ਰਹੀਆਂ ਹਨ। ਜਿਹੜਾ ਵੀ ਕੋਈ ਹੱਡ ਹਰਾਮ ਕੰਮ ਕਰਨੋਂ ਡਰਦਾ ਭੇਖ ਧਾਰਨ ਕਰ ਲੈਂਦਾ ਹੈ, ਉਹੀ ਦੇਹਧਾਰੀ ਗੁਰੂ ਬਣ ਬੈਠਦਾ ਹੈ। ਕਈ ਤਰ੍ਹਾਂ ਦੇ ਢਕਵੰਜ ਰਚ ਲੈਂਦਾ ਹੈ। ਕੋਈ ਰੱਬ ਦਾ ਠੇਕੇਦਾਰ ਬਣ ਬੈਠਦਾ ਹੈ। ਕਿਸੇ ਦੇ ਹੱਥ ਵਿਚ ਸਵਰਗ ਦੀ ਕੁੰਜੀ ਹੈ, ਕੋਈ ਰਿਧੀਆਂ-ਸਿਧੀਆਂ ਦਾ ਮਾਲਕ ਬਣ ਬੈਠਦਾ ਹੈ। ਕਈ ਮੁੰਡੇ ਦੇਣ ਦਾ ਢਕਵੰਜ ਰਚ ਲੈਂਦੇ ਹਨ, ਕਈ ਭੂਤ ਕੱਢਣ ਵਾਲੇ ਅਤੇ ਕਈ ਪੁੱਛਾਂ, ਧਾਗੇ, ਤਵੀਤ ਦੇ ਕੇ ਦੁਖ ਦੂਰ ਕਰਨ ਵਾਲੇ ਬਣੇ ਬੈਠੇ ਹਨ। ਇਨ੍ਹਾਂ ਦੇ ਜ਼ਿਆਦਾਤਰ ਏਜੰਟ ਇਸਤਰੀਆਂ ਹਨ ਜੋ ਇਸਤਰੀਆਂ ਨੂੰ ਫਸਾਉਣ ਵਿਚ ਜਲਦੀ ਕਾਮਯਾਬ ਹੋ ਜਾਂਦੀਆਂ ਹਨ। ਇਸ ਤਰ੍ਹਾਂ ਇਨ੍ਹਾਂ ਦੀਆਂ ਝੂਠ ਦੀਆਂ ਦੁਕਾਨਾਂ ਧਰਮ ਦੇ ਨਾਂ ਤੇ ਚੱਲੀ ਜਾ ਰਹੀਆਂ ਹਨ।

ਪੂਜਾਰੀ ਸ਼੍ਰੇਣੀ

ਮੰਦਰ ਦਾ ਉਹ ਪੂਜਾਰੀ ਜਿਸਦੀ ਨੀਅਤ ਖੋਟੀ ਹੈ, ਉਹ ਕਦੇ ਵੀ ਨਹੀਂ ਚਾਹੁੰਦਾ ਕਿ ਮੰਦਰ ਵਿਚ ਭਗਵਾਨ ਦੀ ਗੱਲ ਹੋਵੇ। ਉਹ ਆਪ ਹੀ ਭਗਵਾਨ ਕਹਾਉਂਦਾ ਹੈ ਕਿਉਂਕਿ ਜੇ ਮੰਦਰ ਵਿਚ ਆਉਣ ਵਾਲਿਆਂ ਨੂੰ ਭਗਵਾਨ ਬਾਰੇ

ਸੋਝੀ ਆ ਗਈ ਤਾਂ ਮੰਦਰ ਦਾ ਪੂਜਾਰੀ ਤਾਂ ਜ਼ੀਰੋ ਹੋ ਗਿਆ। ਕਾਜੀ ਵੀ ਅੱਲਾ ਦਾ ਵੈਰੀ ਬਣਿਆ ਹੋਇਆ ਹੈ। ਇਸੇ ਤਰ੍ਹਾਂ ਭੁਲੇਖਿਆਂ ਦੀ ਪੈਦਾਵਾਰ ਇਹ ਪਾਠੀ, ਗ੍ਰੰਥੀ, ਕਵੀਸ਼ਰ, ਢਾਡੀ, ਕੀਰਤਨੀਏ, ਕਥਾ ਵਾਚਕ, ਪ੍ਰਚਾਰਕ, ਸੰਤ, ਮਹੰਤ ਇਨ੍ਹਾਂ ਹਮੇਸ਼ਾ ਸੱਚ ਤੇ ਪੜ੍ਹਦਾ ਪਾ ਕੇ ਰਖਿਆ ਹੈ। ਇਹ ਝੂਠ ਨੂੰ ਅੱਗੇ ਕਰ ਰਹੇ ਹਨ, ਸੱਚ ਨੂੰ ਪਿੱਛੇ। ਇਨ੍ਹਾਂ ਨੂੰ ਗੁਰੂ-ਪ੍ਰਮਾਤਮਾ ਦੀ ਪ੍ਰਭਤਾ ਵਡਿਆਈ ਨਾਲੋਂ ਆਪਣੀ (ਖੁਦ) ਦੀ ਪ੍ਰਭਤਾ ਚੰਗੀ ਲਗਦੀ ਹੈ। ਇਹ ਇਕ ਦੂਜੇ ਦੀਆਂ ਸਿਫ਼ਤਾਂ ਵਡਿਆਈਆਂ ਵਧ ਚੜ੍ਹ ਕੇ ਕਰਦੇ ਹਨ ਅਤੇ ਗੁਰੂ ਪ੍ਰਮਾਤਮਾ ਦੀ ਸਿਫ਼ਤ ਕੇਵਲ ਨਾਂਮਾਤਰ ਹੀ ਕਰਦੇ ਹਨ। ਇਹ ਗੁਰੂ ਦੇ ਨੇੜੇ ਰਹਿੰਦੇ ਹੋਏ ਵੀ ਗੁਰੂ ਤੋਂ ਕਹਾਂ ਦੂਰ ਹਨ। ਗੁਰੂ ਦੀ ਤੱਤ ਸੱਚ ਗੁਰਮਤਿ ਵਾਲੀ ਗੱਲ ਸੁਣਦਿਆਂ ਸਾਰ ਹੀ ਇਨ੍ਹਾਂ ਸਾਰਿਆਂ ਦੇ ਅੰਦਰ ਅੱਗ ਲੱਗ ਜਾਂਦੀ ਹੈ। ਗੁਰਬਾਣੀ ਤੱਤ ਸੱਚ ਦੀ ਗੱਲ ਕਰਨ ਵਾਲਿਆਂ ਨੂੰ ਇਹ ਕਿਤਾਬੀ ਕੀੜੇ ਅਤੇ ਨਾਸਤਿਕ ਕਹਿੰਦੇ ਹਨ। ਗੁਰੂ ਦੇ ਸਿੱਖਾਂ ਨਾਲ ਇਹ ਨਫ਼ਰਤ ਕਰਦੇ ਹਨ ਅਤੇ ਜਿਹੜੇ ਗੁਰੂ ਨੂੰ ਛੱਡ ਕੇ ਇਹਨਾਂ ਭੇਖੀਆਂ ਨੂੰ ਰੱਬ ਸਮਝਦੇ ਹਨ ਇਹ ਊਨ੍ਹਾਂ ਨੂੰ ਗੁਰਸਿੱਖ ਕਹਿੰਦੇ ਹਨ।

ਹੁਣ ਦੇ ਸਮੇਂ ਅੰਦਰ ਤਾਂ ਹਾਲਤ ਬੜੀ ਖ਼ਤਰਨਾਕ ਬਣੀ ਹੋਈ ਹੈ। ਧਰਮ ਦੇ ਉਪਰ ਫੋਕੀ ਸਿਆਸਤ ਪੂਰੀ ਤਰ੍ਹਾਂ ਹਾਵੀ ਹੋ ਗਈ ਹੈ। ਸਿਆਸੀ ਬੰਦੇ (ਵੋਟਾਂ ਅਤੇ ਨੋਟਾਂ ਦੇ ਭਿਖਾਰੀ) ਆਪਣੀ ਮਰਜ਼ੀ ਨਾਲ ਤਖ਼ਤਾਂ ਦੇ ਜਥੇਦਾਰ ਨਿਯੁਕਤ ਕਰਦੇ ਹਨ। ਇਹ ਜਥੇਦਾਰ, ਗੁਰਮਤਿ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਇਹ ਪੂਜਾਰੀ ਸਦਾ ਹੀ ਸਿਆਸੀ ਬੰਦਿਆਂ ਦਾ ਹੁਕਮ ਮੰਨਦੇ ਹਨ ਪਰ ਗੁਰੂ ਦਾ ਹੁਕਮ ਮੰਨਣ ਤੋਂ ਇਹ ਇਨਕਾਰੀ ਹਨ। ਇਹ ਸਿਆਸੀ ਬੰਦੇ ਅਤੇ ਪੂਜਾਰੀਵਾਦ ਇਕ ਦੂਜੇ ਨਾਲ ਕਦਮ ਮਿਲਾ ਕੇ ਚਲਦੇ ਹਨ ਅਤੇ ਇਹਨਾਂ ਨੇ ਵੋਟਾਂ ਅਤੇ ਨੋਟਾਂ ਪਿੱਛੇ ਧਰਮ ਨੂੰ ਵਿਕਾਉ ਲਾਇਆ ਹੋਇਆ ਹੈ। ਗੁਰੂ ਕੀ ਗੋਲਕ, ਗਰੀਬ ਦਾ ਮੂੰਹ ਵਾਲੀ ਗੱਲ ਛੱਡ ਕੇ ਇਹ ਗੋਲਕ ਦੀ ਗਲਤ ਵਰਤੋਂ ਕਰ ਰਹੇ ਹਨ। ਇਹਨਾਂ ਪੂਜਾਰੀਆਂ ਵਿਚੋਂ ਬਹੁਤੇ ਸ਼ਰਾਬੀ ਕਬਾਬੀ ਹਨ। ਇਹ ਪੂਜਾਰੀਵਾਦ, ਗੁਰੂ ਵਾਸਤੇ ਸੱਚ ਧਰਮ ਵਾਸਤੇ ਕੁਝ ਵੀ ਕਰਨ ਨੂੰ ਤਿਆਰ ਨਹੀਂ ਹੈ ਪਰ ਗੋਲਕ (ਮਾਇਆ) ਵਾਸਤੇ ਇਹ ਮਰ ਮਿਟਣ ਵਾਸਤੇ ਵੀ ਤਿਆਰ ਹਨ।

ਦਸਵੇਂ ਪਾਤਸ਼ਾਹ ਨੇ ਵੀ ਮਸੰਦ ਸਾੜ ਦਿੱਤੇ ਸੀ। ਅਠਾਰਵੀਂ ਸਦੀ ਵਿਚ ਸਿੰਘਾਂ ਨੇ ਖ਼ੂਨ ਡੋਲ੍ਹ ਕੇ ਇਹਨਾਂ ਮਸੰਦਾਂ ਤੋਂ ਗੁਰਦਵਾਰੇ ਆਜ਼ਾਦ ਕਰਵਾਏ ਸੀ ਹੁਣ ਵੀ ਵਕਤ ਆ ਗਿਆ ਹੈ ਇਨ੍ਹਾਂ ਅਜੋਕੇ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣੇ ਪੈਣੇ ਹਨ, ਜਿਸਦੀ ਸ਼ੁਰੂਆਤ 22 ਫ਼ਰਵਰੀ 2003 ਨੂੰ ਖ਼ਾਲਸਾ ਪੰਚਾਇਤ ਅਤੇ ਹੋਰ ਪੰਥ ਦਰਦੀਆਂ ਵਲੋਂ 26 ਅਕਤੂਬਰ 2003 ਨੂੰ ਵਰਲਡ ਸਿੱਖ ਸੰਮੇਲਨ ਕਰਕੇ ਕਰ ਦਿੱਤੀ ਹੈ। ਸਿੱਖ ਸੰਗਤਾਂ ਵਧ ਚੜ੍ਹ ਕੇ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ।

ਸੰਤਾਂ ਦੇ ਆਪਾ-ਵਿਰੋਧੀ ਵਿਚਾਰ

ਸੰਤ ਗੁਰਬਚਨ ਸਿੰਘ ਬਨਾਮ ਭਾਈ ਰਣਧੀਰ ਸਿੰਘ

1. ਰਾਗਮਾਲਾ ਬਾਣੀ ਹੈ।	1. ਰਾਗਮਾਲਾ ਬਾਣੀ ਕਿਸੇ ਤਰ੍ਹਾਂ ਵੀ ਬਾਣੀ ਨਹੀਂ ਹੈ। ਇਹ ਮਾਧਵ ਨਲ ਕਵੀ ਦੀ ਲਿਖਤ ਹੈ।
2. ਗੋਲ ਪੱਗ ਦੇ ਹਾਮੀ	2. ਨੁੱਕਰ ਵਾਲੀ ਪੱਗ ਦੇ ਹਾਮੀ।
3. ਗੁਰੂ ਨਾਨਕ ਦੇਵ ਜੀ ਵੇਂਈ ਨਦੀ ਵਿਚ ਟੁੱਬੀ ਮਾਰ ਕੇ ਰੱਬ ਕੋਲ ਗਏ, ਤਿੰਨ ਦਿਨ ਦਾ ਸਮਾਂ ਲੱਗਾ।	3. ਮੰਜੇ ਤੇ ਪਿਆਂ ਹੀ ਰੱਬ ਆ ਮਿਲਿਆ।
4. ਪਹਿਲੇ ਪਾਤਸ਼ਾਹ ਨੇ ਮੂਲ ਮੰਤਰ ਵੇਂਈ ਵਿਚ ਟੁੱਬੀ ਮਾਰ ਕੇ ਤਿੰਨਾਂ ਦਿਨਾਂ ਬਾਦ ਲਿਆਂਦਾ।	4. ਧੁਰ ਦਰਗਾਹੋਂ ਲੈ ਕੇ ਆਏ ਸਨ।
5. ਭਗਤ ਬਾਣੀ ਦਰਜ ਕਰਨ ਵਾਸਤੇ ਪੰਜਵੇਂ ਪਾਤਸ਼ਾਹ ਨੇ ਭਗਤ ਸੱਚਖੰਡ ਵਿਚੋਂ ਬੁਲਾਏ।	5. ਭਗਤ ਬਾਣੀ ਦਰਜ ਕਰਨ ਵਾਸਤੇ ਪੰਜਵੇਂ ਪਾਤਸ਼ਾਹ ਨੇ ਭਗਤ ਕਰਮ ਖੰਡ ਵਿਚੋਂ ਬੁਲਾਏ (ਗੁਰਮਤਿ ਲੇਖ)।
6. ਨਿਰਮਲਿਆਂ ਨੂੰ ਕਾਂਸੀ ਵਿਦਿਆ ਪੜ੍ਹਨ ਵਾਸਤੇ ਭੇਜਿਆ, ਵਿਦਵਾਨ ਬਣੇ।	6. ਨਿਰਮਲਿਆਂ ਨੂੰ ਕਾਂਸ਼ੀ ਭੇਜਿਆ। ਉਹ ਵਿਦਿਆ ਵਿਚ ਹੀ ਰੁੜ੍ਹ ਗਏ। ਕੱਖ ਨਾ ਮਿਲਿਆ, ਹੰਕਾਰੀ ਹੋ ਗਏ। ਗੁਰਮਤਿ ਲੇਖ ਪੰਨਾ 120.
7. ਜਾਤ-ਪਾਤ ਦੇ ਹਾਮੀ	7. ਕੋਈ ਜਾਤ-ਪਾਤ ਨਹੀਂ ਹੈ। (ਗੁਰਮਤਿ ਲੇਖ, ਪੰਨਾ 138)
8. ਅਰਦਾਸਿ ਦੇ ਆਰੰਭ ਵਿਚ ਪਾਠ ਲਈ ਧਿਆਇ ਹੈ।	8. ਪਾਠ ਉਚਾਰਨ ਲਈ ਧਿਆਇ ਹੈ। (ਗੁਰਮਤਿ ਲੇਖ, ਪੰਨਾ 188)
9. ਪੰਜਵਾਂ ਕਕਾਰ ਕੇਸ ਹੈ।	9. ਪੰਜਵਾਂ ਕਕਾਰ ਕੇਸਕੀ ਹੈ, ਕੇਸ ਨਹੀਂ।
10. ਗੁਰੂ ਦੀ ਹਜ਼ੂਰੀ ਵਿਚ ਪਜਾਮਾ ਪਾ ਕੇ ਜਾਣਾ ਪਾਪ ਹੈ।	10. ਪਜਾਮਾ ਪਾਇਆ ਜਾ ਸਕਦਾ ਹੈ।

11. ਦੂਜੇ ਭਾਂਡਿਆਂ ਵਿਚ ਵੀ ਖਾਧਾ ਜਾ ਸਕਦਾ ਹੈ।	11. ਕੇਵਲ ਸਰਬਲੋਹ ਦੇ ਭਾਂਡੇ ਵਰਤੇ ਜਾ ਸਕਦੇ ਹਨ।

ਭਾਈ ਰਣਧੀਰ ਸਿੰਘ ਬਨਾਮ ਸੰਤ ਅਤਰ ਸਿੰਘ ਮਸਤੂਆਣਾ

1. ਅੰਮ੍ਰਿਤ ਛਕਦਿਆਂ ਸਾਰ ਹੀ ਕਪਾਟ ਖੁਲ੍ਹ ਜਾਂਦੇ ਹਨ।	1. ਆਮ ਗੱਲ ਹੀ ਸਮਝੀ ਹੈ। ਜੋਗ ਮੱਤ ਅਤੇ ਹਿੰਦੂ ਮੱਤ ਦਾ ਪ੍ਰਚਾਰ ਕੀਤਾ ਹੈ।
2. ਕੋਟ ਪਾਇਆ ਜਾ ਸਕਦਾ ਹੈ।	2. ਕਾਲੀ ਕੰਬਲੀ, ਕੇਵਲ ਰੱਖੀ ਹੈ।
3. ਕਕਾਰ ਕੇਸਕੀ ਹੈ।	3. ਕਕਾਰ ਕੇਸ ਹੈ।

ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਬਨਾਮ ਸੰਤ ਈਸ਼ਰ ਸਿੰਘ ਰਾੜੇ ਵਾਲੇ

1. ਪੱਗ ਗੋਲ ਹੈ।	1. ਪੱਗ ਨੁਕਰਵਾਲੀ ਹੈ।
2. ਲੰਮਾ ਚੋਲਾ ਕਛਿਹਰਾ।	2. ਕੋਟ, ਪਜਾਮੇ ਆਦਿ।
3. ਕਿਰਪਾਨ ਉਪਰ ਦੀ।	3. ਕਿਰਪਾਨ ਥੱਲਿਉਂ ਦੀ।
4. ਗੁਰਦਵਾਰੇ ਅਤੇ ਸਰੋਵਰ ਤੀਰਥ ਹਨ।	4. ਤੀਰਥ ਬੰਦੇ ਦੇ ਅੰਦਰ ਹੈ। (ਸ਼ਬਦ ਸੁਰਤ ਮਾਰਗ, ਪੰਨਾ 7)
5. ਬੱਚਾ ਜੰਮਦੇ ਵਕਤ ਦਾਈ ਅੰਮ੍ਰਿਤਧਾਰੀ ਹੋਵੇ ਤਾਂ ਬੱਚਾ ਭਗਤ ਹੁੰਦਾ ਹੈ।	5. ਭਗਤ ਕਬੀਰ ਜੀ ਦੀ ਘਰ ਵਾਲੀ ਲੋਈ ਵੀ ਕਈ ਕੁਝ ਨਾ ਸਮਝ ਸਕੀ। (ਸ਼ਬਦ ਸੁਰਤ ਮਾਰਗ, ਪੰਨਾ 38)
6. ਦਮਦਮਾ ਸਾਹਿਬ ਵਿਖੇ ਭਾਈ ਦੀਪ ਸਿੰਘ ਤੋਂ ਸਰੂਪ ਲਿਖਾਏ।	6. ਨਹੀਂ, ਮਨੀ ਸਿੰਘ ਤੋਂ ਲਿਖਾਏ ਸਨ। (ਸ਼ਬਦ ਸੁਰਤ ਮਾਰਗ, ਪੰਨਾ 189)
7. ਗੁਰਬਾਣੀ ਨਾਲ ਗੁਰਬਾਣੀ ਵਿਆਕਰਣ ਦਾ ਕੋਈ ਸੰਬੰਧ ਨਹੀਂ ਹੈ।	7. ਗੁਰਬਾਣੀ ਦਾ ਗੁਰਬਾਣੀ ਵਿਆਕਣ ਨਾਲ ਗੂੜ੍ਹਾ ਸੰਬੰਧ ਹੈ। (ਪੰਨਾ 189)
8. ਨਿਸ਼ਾਨ ਸਾਹਿਬ ਦੀ ਲੋੜ ਹੈ।	8. ਨਿਸ਼ਾਨ ਸਾਹਿਬ ਦੀ ਲੋੜ ਨਹੀਂ।

ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਬਨਾਮ ਸੰਤ ਨੰਦ ਸਿੰਘ ਨਾਨਕਸਰ ਵਾਲੇ

1. ਮੂਰਤੀ ਪੂਜਾ ਵਾਸਤੇ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ।	1. ਮੂਰਤੀ ਪੂਜਾ ਤੋਂ ਬਿਨਾਂ ਸਿੱਖ ਧਰਮ ਕਿਸੇ ਕੰਮ ਨਹੀਂ।
2. ਸਾਧ ਮਾਇਆ ਸਫਲੀ ਕਰਦੇ ਹਨ।	2. ਮਾਇਆਧਾਰੀ ਸਾਧ ਕਸੇ ਕੰਮ ਨਹੀਂ।
3. ਜਦੋਂ ਸੱਪ ਨੇ ਛਾਂ ਕੀਤੀ ਗੁਰੂ ਜੀ ਸੁੱਤੇ ਪਏ ਸੀ।	3. ਗੁਰੂ ਕਦੇ ਸੌਂਦਾ ਨਹੀਂ, ਉਹ ਤਾਂ ਸਮਾਧੀ ਲਾਈ ਬੈਠੇ ਸਨ।
4. ਭਾਈ ਗੁਰਮੁਖ ਸਿੰਘ ਉੜੀਸਾ ਗੁਰਸਿੱਖ ਸੀ।	4. ਉਹ ਤਾਂ ਯੂ.ਪੀ. ਦਾ ਭਈਆ ਸੀ।
5. ਲੰਗਰ ਜ਼ਰੂਰੀ ਹੈ।	5. ਬਾਬਾ ਟੱਲ ਪੱਕੀਆਂ ਪਕਾਈਆਂ ਘਲ। ਲੰਗਰ ਲੜਾਈ ਹੈ।
6. ਨਿਸ਼ਾਨ ਸਾਹਿਬ ਦੀ ਲੋੜ ਹੈ।	6. ਨਿਸ਼ਾਨ ਸਾਹਿਬ ਦੀ ਲੋੜ ਨਹੀਂ ਹੈ।

ਭਾਈ ਰਣਧੀਰ ਸਿੰਘ ਬਨਾਮ ਸੰਤ ਈਸ਼ਰ ਸਿੰਘ ਰਾੜੇ ਵਾਲੇ

1. ਕੱਚੀਆਂ ਧਾਰਨਾਂ ਮਨਮੱਤ ਹੈ। (ਗੁਰਮਤਿ ਲੇਖ, ਪੰਨਾ 115)	1. ਕੱਚੀਆਂ ਧਾਰਨਾ ਹਰਿ ਜਸ ਹੈ।
2. ਜਬਾਨ ਨਾਲ ਬਾਰ ਬਾਰ ਜਪਣ ਦੇ ਹਾਮੀ।	2. ਮੂੰਹ ਤੇ ਆਉਣ ਨਾਲ ਨਾਮ ਜੂਝਾ ਹੋ ਜਾਂਦਾ ਹੈ। (ਬਾਤ ਅਗੰਮ ਕੀ, ਪੰਨਾ 89)
3. ਬਾਣੀ ਲਿਖਾਉਣ ਵਾਸਤੇ ਭਗਤਾਂ ਨੂੰ ਕਰਮ ਖੰਡ ਵਿਚੋਂ ਬੁਲਾਇਆ।	3. ਇਥੇ ਇਸ ਜੀਵਨ ਵਿਚ ਜੋ ਹੋਇਆ ਬੀਤਿਆ ਉਹ ਵੀ ਗੁਰਬਾਣੀ ਅੰਦਰ ਦਰਜ ਹੈ, ਜਿਵੇਂ ਹਮ ਕਉ ਚਾਬਨ..(ਪੰ.32)
4. ਕਬੀਰ ਸਾਹਿਬ ਉਥੇ ਹੀ ਕਰਮ ਖੰਡ ਵਿਚ ਲਟਕੇ ਹੋਏ ਸੀ।	4. 7 ਕਰੋੜ ਬੰਦੇ ਦਾ ਉਧਾਰ ਕਬੀਰ ਜੀ ਨੇ ਕੀਤਾ। ਬਾਦਸ਼ਾਹ ਨਾਲ ਟੱਕਰ ਲਈ। (ਪੰਨਾ 32)
5. ਅੰਮ੍ਰਿਤ, ਗੁਰਮੰਤਰ ਵਾਹਿਗੁਰੂ ਤੋਂ ਬਿਨਾਂ ਹੋਰ ਕੱਖ ਨਹੀਂ ਹੈ।	5. ਸੋਹੰ, ਰਾਮ, ਹਰੇ ਹਰੇ, ਵੀ ਮੰਤਰ ਹੀ ਹੈ।
6. ਕਕਾਰ ਕੇਸਕੀ ਹੈ।	6. ਕਕਾਰ ਕੇਸ ਹੈ।

ਸੰਤ ਅਤਰ ਸਿੰਘ ਮਸਤੂਆਣਾ ਬਨਾਮ ਸੰਤ ਈਸ਼ਰ ਸਿੰਘ ਰਾੜੇ ਵਾਲੇ

1. ਜਪ ਤਪ ਵਿਚ ਵਿਸ਼ਵਾਸ।	1. ਜਪਾਂ ਤਪਾਂ ਤੋਂ ਕੋਈ ਪਹਿਚਾਣ ਨਹੀਂ।
2. ਗ੍ਰਿਹਸਤ ਦੇ ਨੇੜੇ ਲੱਗਣਾ ਪਾਪ ਹੈ।	2. ਸਿੱਖ ਧਰਮ ਅੰਦਰ ਗ੍ਰਿਹਸਤ ਪ੍ਰਧਾਨ ਹੈ।

ਸੰਤ ਤਾਰਾ ਸਿੰਘ ਸਰਹਾਲੀ ਵਾਲੇ ਬਨਾਮ ਭਾਈ ਰਣਧੀਰ ਸਿੰਘ

1. ਜਿੰਨੀਆਂ ਵੀ ਹੁਣ ਜਨਾਨੀਆਂ ਹਨ, ਇਹ ਅਗਲੇ ਜਨਮ ਵਿਚ ਬੰਦੇ ਬਣਨਗੇ ਅਤੇ ਬੰਦੇ ਜਨਾਨੀਆਂ ਬਣਨਗੇ।	1. ਐਸਾ ਕੋਈ ਰੱਬੀ ਕਾਨੂੰਨ ਨਹੀਂ ਹੈ।
2. ਇਹ ਡੇਢ ਇੰਚੀ ਕਿਰਪਾਨ ਪਾ ਕੇ ਅੰਮ੍ਰਿਤ ਛਕਿਆ ਜਾ ਸਕਦਾ ਹੈ।	2. ਕਿਰਪਾਨ 9 ਇੰਚੀ ਤੋਂ ਘੱਟ ਨਹੀਂ ਹੋਣੀ ਚਾਹੀਦੀ।
3. ਗੁਰਦਵਾਰੇ ਬਣਾ ਕੇ ਸੱਚਖੰਡ ਦੀ ਪ੍ਰਾਪਤੀ।	3. ਨਾਮ ਜਪ ਕੇ ਜਿਊਂਦੇ ਸੱਚਖੰਡ ਜਾਇਆ ਜਾ ਸਕਦਾ ਹੈ।

ਭਾਈ ਰਣਧੀਰ ਸਿੰਘ ਬਨਾਮ ਸੰਤ ਘੁੰਮਣਾ ਵਾਲੇ

1. ਕੇਸਾਂ, ਰਹਿਤ ਬਹਿਤ ਤੋਂ ਬਿਨਾਂ ਕਿਸੇ ਪਾਸੇ ਨਹੀਂ ਲਗ ਸਕਦਾ।	1. ਦਾਹੜੀ ਆਪ ਹੀ ਕੱਟ ਲੈਂਦੇ ਸਨ।
2. ਇਸ ਸਰੀਰ ਵਿਚ ਹੁੰਦਿਆਂ ਹੋਇਆਂ ਹੀ ਸੱਚ ਖੰਡ ਜਾਇਆ ਜਾ ਸਕਦਾ ਹੈ।	2. ਇਹ ਬੰਦਾ ਇਸ ਸਰੀਰ ਵਿਚ ਹੁੰਦਿਆਂ ਹੋਇਆਂ ਬਖ਼ਸ਼ੇ ਜਾਣ ਦੇ ਯੋਗ ਹੋ ਹੀ ਨਹੀਂ ਸਕਦਾ।
3. ਅੰਮ੍ਰਿਤ ਛਕਣਾ ਜ਼ਰੂਰੀ।	3. ਕੋਈ ਜ਼ਰੂਰਤ ਨਹੀਂ।

ਭਾਈ ਰਣਧੀਰ ਸਿੰਘ ਬਨਾਮ ਸੰਤ ਘੁੰਮਣਾ ਵਾਲੇ

1. ਇਹ ਬਾਣੀ ਧੁਰੋਂ ਆਈ ਹੈ।	1. ਇਹ ਬਾਣੀ ਵੇਦਾਂ ਦਾ ਸਾਰ ਹੈ।

ਸੰਤ ਅਤਰ ਸਿੰਘ ਮਸਤੂਆਣਾ ਬਨਾਮ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ

1. ਹਰਿਮੰਦਰ ਸਾਹਿਬ ਮਸਤੂਆਣੇ ਹੈ।	1. ਹਰਿਮੰਦਰ ਸਾਹਿਬ ਅੰਮ੍ਰਿਤਸਰ ਹੈ।
2. ਸਰੋਵਰ ਮਸਤੂਆਣੇ ਹੈ।	2. ਸਰੋਵਰ ਅੰਮ੍ਰਿਤਸਰ ਹੈ।
3. ਗ੍ਰਿਹਸਤ ਦੇ ਨੇੜੇ ਨਹੀਂ ਗਏ।	3. ਗ੍ਰਿਹਸਤ ਪ੍ਰਧਾਨ ਹੈ।

ਬਾਬਾ ਨੰਦ ਸਿੰਘ ਨਾਨਕਸਰੀਆ ਬਨਾਮ ਬਾਬਾ ਚਰਨ ਸਿੰਘ ਸਰਹਾਲੀਕਲਾਂ

1. ਸਾਰੀ ਦੁਨੀਆਂ ਦੀ ਦੌਲਤ ਮੇਰੇ ਅੱਗੇ ਢੇਰੀ ਕਰ ਦਿਉ ਮੈਂ ਕਦੇ ਵੀ ਨਹੀਂ ਡੋਲ ਸਕਦਾ।	1. 16 ਸਾਲ ਦੀ ਕਵਾਰੀ ਲੜਕੀ ਹੋਵੇ, 16 ਸ਼ਿੰਗਾਰ ਇਹਨੇ ਕੀਤੇ ਹੋਣ ਤਾਂ ਇਕ ਵੀ ਸਾਧ ਨਹੀਂ ਬਚ ਸਕਦਾ। ਕੋਈ ਬਚ ਕੇ ਵਿਖਾਵੇ।
2. ਨਿਸ਼ਾਨ ਸਾਹਿਬ ਦੀ ਲੋੜ ਨਹੀਂ।	2. ਨਿਸ਼ਾਨ ਸਾਹਿਬ ਦੀ ਲੋੜ ਹੈ।
3. ਕੱਖਾਂ ਦੀ ਕੁੱਲੀ ਬਣਾਉਣੀ ਵੀ ਪਾਪ ਹੈ।	3. ਵੱਡੇ ਵੱਡੇ ਡੇਰੇ ਬਣਾਏ ਜਾ ਸਕਦੇ ਹਨ।
4. ਲੰਗਰ ਦੇ ਹੱਕ ਵਿਚ ਨਹੀਂ ਹਨ।	4. ਲੰਗਰ ਲਾਏ ਹੋਏ ਹਨ।
5. ਕੇਵਲ ਨਾਮ ਨਾਲ ਤਰਿਆ ਜਾ ਸਕਦਾ ਹੈ।	5. ਕਾਰਸੇਵਾ ਤੋਂ ਬਿਨਾਂ ਨਹੀਂ ਤਰਿਆ ਜਾ ਸਕਦਾ।
6. ਜਿਸ ਸਾਧ ਕੋਲ ਮਾਇਆ ਹੈ ਉਹ ਕੌਡੀ ਦਾ ਵੀ ਨਹੀਂ।	6. ਮਾਇਆ ਦੀ ਬਹੁਤ ਲੋੜ ਹੈ।
7. ਦਰਗਾਹ ਭੁੱਚੋ ਮੰਡੀ ਹੈ।	7. ਦਰਗਾਹ ਅਕਾਸ਼ ਵਿਚ ਹੈ।

ਸੰਤ ਨੰਦ ਸਿੰਘ ਬਨਾਮ ਭਾਈ ਰਣਧੀਰ ਸਿੰਘ

1. ਗਿਆਨ ਹੀ ਬਿਬੇਕ ਹੈ।	1. ਲੋਹੇ ਦੇ ਭਾਂਡਿਆਂ ਵਿਚ ਖਾਣਾ ਬਿਬੇਕ ਹੈ।
2. ਨਿਸ਼ਾਨ ਸਾਹਿਬ ਦੀ ਲੋੜ ਨਹੀਂ।	2. ਨਿਸ਼ਾਨ ਸਾਹਿਬ ਦੀ ਲੋੜ ਹੈ।
3. ਦਰਗਾਹ ਦੀ ਟਿਕਟ ਨਿਤਨੇਮ ਹੈ।	3. ਟਿਕਟ ਨਾਮ ਹੈ।
4. ਦਰਗਾਹ ਭੁੱਚੋਮੰਡੀ ਵਿਚ ਹੈ।	4. ਦਰਗਾਹ ਅਕਾਸ਼ ਵਿਚ ਹੈ।
5. ਕੋਈ ਵਰ ਸਰਾਪ ਨਹੀਂ ਹੈ।	5. ਵਰ ਸਰਾਪ ਹੈ।

ਭਾਈ ਰਣਧੀਰ ਸਿੰਘ ਬਨਾਮ ਸੰਤ ਈਸ਼ਰ ਸਿੰਘ ਨਾਨਕਸਰ

1. ਇਕੱਲੇ ਨਾਮ ਨਾਲ ਤਰਿਆ ਜਾ ਸਕਦਾ ਹੈ।	1. ਨਹੀਂ ਜੀ, ਨਾਲ ਸੇਵਾ ਚਾਹੀਦੀ ਹੈ।
2. ਸਰੀਰਕ ਬਿਮਾਰੀਆਂ ਦਾ ਇਲਾਜ ਨਾਮ ਹੈ।	2. ਸਰੀਰਕ ਬਿਮਾਰੀਆਂ ਦਾ ਇਲਾਜ ਡਾਕਟਰ ਕਰ ਸਕਦੇ ਹਨ।
3. ਵਰ ਸਰਾਪ ਹੈ।	3. ਵਰ ਸਰਾਪ ਨਹੀਂ ਹੈ। (ਅਮੁੱਲੀ ਬਚਨ, ਪੰਨਾ 176)
4. ਲੰਗਰ ਪਕਾਇਆ ਜਾ ਸਕਦਾ ਹੈ।	4. ਲੰਗਰ ਨਿਰੀ ਲੜਾਈ ਹੈ।
5. ਨਿਸ਼ਾਨ ਸਾਹਿਬ ਦੇ ਹੱਕ ਵਿਚ ਹੈ।	5. ਨਿਸ਼ਾਨ ਸਾਹਿਬ ਦੀ ਕੋਈ ਲੋੜ ਨਹੀਂ ਹੈ।

ਸੰਤ ਤਾਰਾ ਸਿੰਘ ਸਰਹਾਲੀ ਬਨਾਮ ਸੰਤ ਈਸ਼ਰ ਸਿੰਘ ਰਾੜੇਵਾਲੇ

1. ਮੁਸਲਮਾਨ ਕਿੰਨੀਆਂ ਵੀ ਸੌਹਾਂ ਖਾਵੇ ਇਤਬਾਰ ਨਹੀਂ ਕਰਨਾ।	1. ਮੁਸਲਮਾਨ ਤੇ ਇਤਬਾਰ ਕਰਨਾ ਹੈ।
2. ਜਾਤ-ਪਾਤ ਦੇ ਹਾਮੀ ਹਨ।	2. ਕੋਈ ਜਾਤ-ਪਾਤ ਨਹੀਂ ਹੈ।
3. ਗੁਰਦਵਾਰੇ ਬਨਾਉਣੇ ਜ਼ਰੂਰੀ ਹਨ।	3. ਕੋਈ ਲੋੜ ਨਹੀਂ।
4. ਇਹ ਕਾਰ ਸੇਵਾ ਦੀ ਟੋਕਰੀ ਦਰਗਾਹੀ ਟਿਕਟ ਹੈ।	4. ਕੀਰਤਨ, ਨਾਮ ਦਰਗਾਹੀ ਟਿਕਟ ਹੈ।
5. ਪੱਗ ਗੋਲ ਹੈ।	5. ਪੱਗ ਨੁੱਕਰਵਾਲੀ ਹੈ।
6. ਪਜਾਮੇ ਦੇ ਹੱਕ ਵਿਚ ਨਹੀਂ।	6. ਪਜਾਮੇ ਦੇ ਹੱਕ ਵਿਚ ਹਨ।
7. ਚੋਲਾ ਪਾਉਣਾ ਹੈ।	7. ਕੋਟ ਵੀ ਜਾਇਜ਼ ਹੈ।

ਸੰਤ ਤਾਰਾ ਸਿੰਘ ਸਰਹਾਲੀ ਬਨਾਮ ਸੰਤ ਦਵਿੰਦਰ ਸ਼ਹਾਬਪੁਰ ਸਿੰਘ ਰਾੜੇਵਾਲੇ

1.	ਅੰਮ੍ਰਿਤ, ਰਹਿਤ ਬਹਿਤ ਸਭ ਕੁਝ ਹੈ।	1.	ਆਪ ਵੀ ਅੰਮ੍ਰਿਤ ਨਹੀਂ ਛਕਿਆ, ਭਗਵੇ ਕੱਪੜੇ ਪਾ ਕੇ, ਭਾਈ ਦਰਿਆ ਸਿੰਘ ਪੰਜਾਂ ਪਿਆਰਿਆਂ ਦੇ ਮੁਖੀ ਤੋਂ ਆਪਣੀ ਟਕਸਾਲ ਚੱਲੀ ਦੱਸਦਾ ਹੈ।
2.	ਅੰਮ੍ਰਿਤ ਤੋਂ ਬਿਨਾਂ ਨਾਮ ਫਲੀਭੂਤ ਨਹੀਂ ਹੁੰਦਾ।	2.	ਅੰਮ੍ਰਿਤ ਤੋਂ ਬਿਨਾਂ ਨਾਮ ਫਲੀਭੂਤ ਹੋ ਜਾਂਦਾ ਹੈ।
3.	ਪੰਜ ਕਕਾਰੀ ਵਰਦੀ ਜ਼ਰੂਰੀ ਹੈ।	3.	ਕੋਈ ਲੋੜ ਨਹੀਂ।
4.	ਕਕਾਰਾਂ ਦੀ ਬੜੀ ਮਹਾਨਤਾ ਹੈ।	4.	ਇਹ ਕਕਾਰ ਤਾਂ ਸੜ ਹੀ ਜਾਣੇ ਹਨ।
5.	ਗੁਰਦਵਾਰੇ ਦੇ ਹੱਕ ਵਿਚ।	5.	ਕੁਟੀਆ ਬਣਾਈ ਹੋਈ ਹੈ ਜੋ ਇਕ ਬਹੁਤ ਵੱਡੀ ਕੋਠੀ ਦਾ ਰੂਪ ਹੈ।
6.	ਖਾਲਸਾ ਖੰਡੇ ਦੀ ਧਾਰ ਤੋਂ ਪੈਦਾ ਹੋਇਆ।	6.	ਖ਼ਾਲਸਾ ਕੇਵਲ ਨਾਦ ਤੋਂ ਪੈਦਾ ਹੋਇਆ ਹੈ।

ਬੜੀ ਹੈਰਾਨੀ ਵਾਲੀ ਗੱਲ ਹੈ ਕੋਈ ਕੁਝ ਬੋਲਦਾ, ਕੋਈ ਕੁਝ ਸਾਰੇ ਇਕ ਦੂਜੇ ਤੋਂ ਵੱਧ ਤੋਂ ਸਵੱਧ ਹਨ, "ਸਭ ਕਹਿਤੈ ਹੈ ਪਾਇਆ॥ ਘਾਟਿ ਨ ਕਿਨਹੀ ਕਹਾਇਆ॥" ਨਾਨਕਸਰੀਏ ਕਹਿੰਦੇ ਜਿਸ ਸਾਧ ਕੋਲ ਮਾਇਆ ਹੈ ਉਹ ਕੌਡੀ ਦਾ ਵੀ ਨਹੀਂ ਪਰ ਆਮ ਸਾਧ ਕਹਿੰਦੇ ਹਨ ਕਿ ਮਾਇਆ ਕੇਵਲ ਅਸੀਂ ਹੀ ਸਫਲੀ ਕਰ ਸਕਦੇ ਹਾਂ। ਅੱਜ ਜੋ ਸਾਧਾਂ ਦੇ ਹਾਲਾਤ ਬਣੇ ਹੋਏ ਹਨ ਪਾਠਕ ਆਪ ਅੰਦਾਜ਼ਾ ਲਾ ਲੈਣ। ਕੋਈ ਕਹਿੰਦਾ ਕਿ ਮਹਾਰਾਜ ਸੁੱਤੇ ਸੀ ਸੱਪ ਨੇ ਛਾਂ ਕੀਤੀ। ਦੂਜੇ ਕਹਿੰਦੇ ਗੁਰੂ ਕਦੇ ਵੀ ਨਹੀਂ ਸੌਂਦਾ ਸਮਾਧੀ ਲਾਈ ਬੈਠੇ ਸੀ ਸੱਪ ਨੇ ਛਾਂ ਕਰ ਦਿੱਤੀ, ਕੋਈ ਕਹਿੰਦਾ ਗੁਰਦੁਆਰੇ ਸਰੋਵਰ ਤੀਰਥ ਹਨ ਪਰ ਕੋਈ ਕਹਿੰਦੈ ਕਿ ਤੀਰਥ ਅੰਦਰ ਹੈ। ਬਾਹਰ ਕੋਈ ਤੀਰਥ ਨਹੀਂ ਹੈ। ਬਾਕੀ ਸਾਰੇ ਕਹਿੰਦੇ ਸਨ ਕਿ ਖ਼ਾਲਸਾ ਖੰਡੇਦੀ ਧਾਰ ਵਿਚੋਂ ਪੈਦਾ ਹੋਇਆ ਪਰ ਸਾਧ ਦਵਿੰਦਰ ਸਿੰਘ ਸ਼ਹਾਬਪੁਰੀਆ ਕਹਿ ਰਿਹਾ ਕਿ ਖ਼ਾਲਸਾ ਨਾਦ ਤੋਂ ਪੈਦਾ ਹੋਇਆ ਹੈ। ਨਾਨਕਸਰੀਏ ਕਹਿੰਦੇ ਹਨ ਕਿ ਸਵੇਰ ਵੇਲੇ ਹੁਕਮਨਾਮਾ ਹੋਰ, ਦੁਪਹਿਰੇ ਹੋਰ ਸ਼ਾਮ ਨੂੰ ਹੋਰ ਪਰ ਕਈ ਸਾਧ ਕਹਿੰਦੇ ਹੁਕਮਨਾਮਾ ਇਕ ਹੀ ਹਰ ਵੇਲੇ ਠੀਕ ਹੈ ਅਤੇ ਸਾਰੀ ਬਾਣੀ ਹੀ ਹੁਕਮ ਹੈ।

ਸੋ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਜਿੰਨੇ ਵੀ ਨਕਲੀ ਦੇਹਧਾਰੀ ਗੁਰੂ ਹਨ, ਇਹਨਾਂ ਸਾਧਾਂ ਦੀ ਹੀ ਦੇਣ ਹਨ। ਅਤੇ ਸਿੱਖ ਪੰਥ ਵਿਚ ਜਿੰਨੀ ਵੀ ਦੁਬਿਧਾ, ਈਰਖਾ, ਵੰਡੀਆਂ ਇਹ ਇਹਨਾਂ ਸਾਧਾਂ ਨੇ ਹੀ ਪਾਈਆਂ ਹਨ। ਜੇ ਇਹ ਨਾ ਹੁੰਦੇ ਤਾਂ ਸਿੱਖ ਪੰਥ ਅੰਦਰ ਅੱਜ ਇਕ ਵੀ ਝਗੜਾ ਨਾ ਹੁੰਦਾ। ਇਹਨਾਂ ਨੇ ਨਾਮ ਜਪਣ ਦੇ ਨਾਂ 'ਤੇ, ਕਾਰ ਸੇਵਾ ਦੇ ਨਾਂ 'ਤੇ, ਧਰਮ ਦੇ ਨਾਂ 'ਤੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਨ ਕੀਤਾ ਹੈ ਲੋਕ ਅੰਧਵਿਸ਼ਵਾਸ ਦੇ ਕਾਰਨ ਫਿਰ ਵੀ ਇਹਨਾਂ ਨੂੰ ਰੱਬ ਸਮਝੀ ਬੈਠੇ ਹਨ ਕਾਫ਼ੀ ਲੰਮੇ ਸਮੇਂ ਤੋਂ ਲੋਕਾਂ ਨੇ ਆਸ ਰੱਖੀ ਹੋਈ ਹੈ ਕਿ ਇਹ ਸਾਧ ਉਹਨਾਂ ਦੀ ਕਿਸਮਤ ਬਦਲ ਦੇਣਗੇ ਪਰ ਅੱਜ ਤੱਕ ਲੋਗ ਦਿਨ ਬਦਿਨ ਕਰਜ਼ਾਈ ਅਤੇ ਦੁਖੀ ਹੋਈ ਜਾ ਰਹੇ ਹਨ।

ਕੁਝ ਹੱਡ ਬੀਤੀਆਂ

ਬੜੇ ਲੰਮੇ ਸਮੇਂ ਤੋਂ ਆਰ.ਐਸ.ਐਸ. ਵਰਗੀਆਂ ਹੋਰ ਵੀ ਕਈ ਗੁਰੂ ਪੰਥ ਦੋਖੀ ਜਥੇਬੰਦੀਆਂ, ਸਿੱਖ ਪੰਥ ਦੇ ਅਖੌਤੀ ਸਾਧਾਂ, ਸੰਤਾਂ, ਅਕਾਲੀ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੇ ਰਾਹੀਂ, ਸਿੱਖਾਂ ਨੂੰ ਹਿੰਦੂ ਬਣਾਉਣ ਦੇ ਯਤਨਾਂ ਵਿਚ ਇਹ ਪਰਖਣ ਵਾਸਤੇ ਕਿ ਸਿੱਖਾਂ ਦੀ ਸੋਚ ਕਿੱਥੇ ਖੜ੍ਹੀ ਹੈ ? ਇਕ ਦਮ ਸ਼ੋਸ਼ਾ ਛੱਡਿਆ ਕਿ ਹਿੰਦੂ ਮੰਦਰਾਂ ਵਿਚ ਰੱਖੀਆਂ ਨਿਰਜਿੰਦ ਪੱਥਰ ਦੀਆਂ ਮੂਰਤੀਆਂ ਦੁੱਧ ਪੀਵੀ ਜਾਂਦੀਆਂ ਹਨ। ਇਹ ਅਫ਼ਵਾਹ ਫੈਲਦਿਆਂ ਸਾਰ ਹੀ ਪੀਲੀਆਂ, ਨੀਲੀਆਂ ਦਸਤਾਰਾਂ ਬੰਨ੍ਹੀ ਸਿੱਖ ਕਹਾਉਣ ਵਾਲੇ ਵੀ ਦੁੱਧ ਲੈ ਕੇ ਮੰਦਰਾਂ ਨੂੰ ਤੁਰੇ

ਜਾਂਦੇ ਵੇਖੇ ਗਏ। ਕਈ ਮੈਨੂੰ ਮਿਲੇ ਕਹਿੰਦੇ ਕਿ ਅਸੀਂ ਖ਼ੁਦ ਪੱਥਰ ਦੀਆਂ ਮੂਰਤੀਆਂ ਨੂੰ ਦੁੱਧ ਪਿਆ ਕੇ ਆਏ ਹਾਂ। ਮੈਂ ਕਿਹਾ! ਭਾਈ ਸਿੱਖੋ "ਧੰਨ ਧੰਨ ਗੁਰੂ ਗ੍ਰੰਥ ਸਾਹਿਬ" ਕਹਿੰਦੇ ਹਨ ਕਿ ਨਾ ਪੱਥਰ ਬੋਲ ਸਕਦਾ ਹੈ ਨਾ ਹੀ ਕੁਝ ਖਾ ਪੀ ਸਕਦਾ ਹੈ, ਇਸ ਕਰਕੇ ਇਹ ਕਦੇ ਵੀ ਨਹੀਂ ਮੰਨਿਆ ਜਾ ਸਕਦਾ ਕਿ ਪੱਥਰ ਦੀਆਂ ਮੂਰਤੀਆਂ ਦੁੱਧ ਪੀ ਰਹੀਆਂ ਹਨ। ਗੁਰਬਾਣੀ ਦੇ ਉਲਟ ਇਹ ਸਾਧ ਕਹਾਣੀਆਂ ਸੁਣਾ ਰਹੇ ਹਨ ਕਿ ਪੱਥਰ ਦੇ ਵਿਚੋਂ ਰੱਬ ਨਿਕਲਿਆ ਅਤੇ ਉਸਨੇ ਧੰਨੇ ਭਗਤ ਦੇ ਪ੍ਰਸ਼ਾਦੇ ਛਕੇ। ਇਹ ਸਾਧ, ਸਿੱਖਾਂ ਨੂੰ ਗੁਰਬਾਣੀ ਨਾਲੋਂ ਤੋੜ ਕੇ ਆਪਣੇ ਆਪ ਨਾਲ ਅਤੇ ਪੱਥਰ ਨਾਲ ਜੋੜ ਰਹੇ ਹਨ। ਜੇ ਇਹਨਾ ਸਾਧਾਂ ਨੇ ਤੱਤ ਗੁਰਮਤਿ ਦਾ ਪ੍ਰਚਾਰ ਕੀਤਾ ਹੁੰਦਾ ਤਾਂ ਕਦੇ ਵੀ ਕਿਤੇ ਵੀ ਆਰ.ਐਸ. ਦੀ ਜੁਅਰਤ ਨਾ ਪੈਂਦੀ ਕਿ ਉਹ ਗੁਰਸਿੱਖਾਂ ਨੂੰ ਕਹੇ ਕਿ ਹਿੰਦੂ ਮੰਦਰਾਂ ਵਿਚ ਰੱਖੀਆਂ ਪੱਥਰ ਦੀਆਂ ਮੂਰਤੀਆਂ ਦੁੱਧ ਪੀ ਰਹੀਆਂ ਹਨ। ਇਹਨਾਂ ਸਾਧਾਂ ਨੇ ਤੱਤ ਗੁਰਮਤਿ ਨੂੰ ਨਾ ਆਪ ਸਮਝਿਆ ਅਤੇ ਨਾ ਕਿਸੇ ਨੂੰ ਸਮਝਾਇਆ।

ਇਕ ਅਖੌਤੀ ਵਿਦਵਾਨ ਡਾ. ਸੁਖਪ੍ਰੀਤ ਸਿੰਘ ਓਦੋਕੇ ਦਾ ਲੈਕਚਰ ਮੈਂ ਖ਼ੁਦ ਸੁਣਿਆ। ਪਿੰਡ ਮਾੜੀ ਗੌੜ ਸਿੰਘ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਇਕ ਨਿੱਤਨੇਮ ਸੰਥਿਆ ਕੈਂਪ ਵਿਚ ਰੱਖਿਆ ਗਿਆ। ਚਾਰੇ ਦਿਨ ਮੈਂ ਉਥੇ ਉਚੇਚੇ ਤੌਰ 'ਤੇ ਜਾ ਕੇ ਹਾਜ਼ਰੀ ਭਰੀ। ਪਹਿਲੇ ਦਿਨ ਇਕ ਦਮਦਮੀ ਟਕਸਾਲ ਦੇ ਪੜ੍ਹੇ ਹੈੱਡ ਗ੍ਰੰਥੀ ਨੇ ਜਪੁਜੀ ਦੀ ਸੰਥਿਆ ਕਰਵਾਈ। ਉਸ ਟਕਸਾਲੀ ਨੇ ਗਲਤ ਪਾਠ ਕਰਾਇਆ ਅਸੀਂ ਸਵਾਲ ਕੀਤੇ ਪਰ ਉਸ ਟਕਸਾਲੀ ਨੇ ਕੋਈ ਜਵਾਬ ਨਾ ਦਿੱਤਾ। ਸਵਾਲਾਂ ਦੇ ਜਵਾਬ ਹੈੱਡ ਪ੍ਰਚਾਰਕ ਗਿਆਨੀ ਅਨੂਪ ਸਿੰਘ ਨੇ ਦਿੱਤੇ ਜੋ ਕਾਫ਼ੀ ਠੀਕ ਸਨ। ਅਖੌਤੀ ਸਿੱਖ ਵਿਦਵਾਨ ਡਾ. ਸੁਖਪ੍ਰੀਤ ਸਿੰਘ ਨੇ ਲੈਕਚਰ ਕੀਤਾ। ਗੁਰਮਤਿ ਸਿਧਾਂਤ ਤੋਂ ਅਣਜਾਣ ਹੋਣ ਕਰਕੇ, ਜਿਹੜੇ ਸਿੱਖ ਵਿਦਵਾਨਾਂ ਨੇ ਰਾਤ ਦਿਨ ਮਿਹਨਤ ਕਰਕੇ ਗੁਰਮਤਿ ਸਿਧਾਂਤਾਂ ਨੂੰ ਖੋਜਿਆ, ਅਤੇ ਸਹੀ ਰੂਪ ਵਿਚ ਪ੍ਰਚਾਰਿਆ ਸਾਰੀ ਜ਼ਿੰਦਗੀ ਆਪਣੇ ਨਾਂਵਾਂ ਨਾਲ ਗਿਆਨੀ ਅੱਖਰ ਵੀ ਨਹੀਂ ਲਾਇਆ ਕਿਉਂਕਿ 239 ਸਾਲ ਗੁਰੂ ਸਾਹਿਬਾਨ ਦੇ ਸਮੇਂ ਕਿਸੇ ਇਕ ਸਿੱਖ ਦੇ ਨਾਂ ਨਾਲ ਕੋਈ ਸੰਤ, ਸਾਧ, ਬ੍ਰਹਮਗਿਆਨੀ 108, 1008 ਅੱਖਰ ਨਹੀਂ ਲੱਗਾ। ਕਰੀਬ 239 ਸਾਲ ਸਾਰੇ ਸਿੱਖ (ਮਹਾਨ ਅਵਸਥਾ ਵਾਲੇ) 'ਭਾਈ' ਰਹੇ। ਇਹ ਅਖੌਤੀ ਵਿਦਵਾਨ ਇਹਨਾਂ ਨੂੰ ਕਿਤਾਬੀ ਕੀੜੇ ਕਹਿੰਦਾ ਹੈ ਅਤੇ ਜਿਨ੍ਹਾਂ ਨੇ ਪਲੰਘਿਆਂ 'ਤੇ ਬੈਠ ਕੇ, ਚਿੱਟੇ ਚੋਲੇ ਪਾ ਕੇ ਫੋਕੀਆਂ ਅੱਖਾਂ ਮੀਟ ਕੇ ਕੇਵਲ ਸਿੱਖ ਕੌਮ ਨੂੰ ਗੁਮਰਾਹ ਕਰਨ ਦੀ ਨਿੱਗਰ ਸੇਵਾ ਕੀਤੀ ਹੈ। ਉਹਨਾਂ ਨੂੰ ਇਹ ਅਖੌਤੀ ਵਿਦਵਾਨ ਅਵਸਥਾ ਵਾਲੇ ਸੰਤ ਕਹਿ ਰਿਹਾ ਹੈ। ਜੇ 239 ਸਾਲ ਕਿਸੇ ਗੁਰੂ ਨੇ ਕਿਸੇ ਸਿੱਖ

ਨੂੰ ਆਪਣੇ ਨਾਂ ਨਾਲ ਸੰਤ, ਸਾਧ ਲਬਕ ਲਾਉਣ ਦੀ ਆਗਿਆ ਨਹੀਂ ਦਿੱਤੀ, ਤਾਂ ਹੁਣ ਵੀ "ਗੁਰੂ ਗ੍ਰੰਥ ਸਾਹਿਬ ਜੀ" ਵੱਲੋਂ ਇਹਨਾਂ ਨੂੰ ਐਸਾ ਕੋਈ ਹੁਕਮ ਨਹੀਂ ਹੈ। ਗੁਰੂ ਹੁਕਮ ਦੇ ਉਲਟ, ਇਹ ਸਾਰੇ ਸਾਧ ਪਾਖੰਡ ਕਰ ਰਹੇ ਹਨ। ਰਤਵਾੜੇ ਵਾਲੇ ਸੰਤਾਂ ਦੇ ਵੱਡੇ ਸਮਾਗਮ 'ਤੇ ਦੇਹਧਾਰੀ ਦਾ ਲੈਕਚਰ ਸੁਣਿਆ।

ਇਹਨਾਂ ਸਾਧਾਂ ਨੂੰ ਦੇਹਧਾਰੀ ਗੁਰੂਆਂ ਨੂੰ ਉਤਸ਼ਾਹਿਤ ਕਰਦਿਆਂ ਅੱਖੀਂ ਦੇਖਿਆ ਹੈ। ਚੰਡੀਗੜ੍ਹ ਨੇੜੇ ਰਤਵਾੜਾ ਸਾਹਿਬ ਇਹਨਾਂ ਨੇ ਬਣਾਇਆ ਹੋਇਆ ਹੈ। ਉਥੇ ਹਰ ਸਾਲ ਵਿਚ ਇਕ ਬਹੁਤ ਵੱਡਾ ਦੁਨੀਆਂ ਪੱਧਰ 'ਤੇ ਸਮਾਗਮ ਕਰਵਾਉਂਦੇ ਹਨ। ਪੈਸਾ ਸਿੱਖ ਸੰਗਤਾਂ ਖਰਚ ਕਰਦੀਆਂ ਹਨ, ਪਰ ਉਥੇ ਬਹੁਤ ਵੱਡੀ ਸਟੇਜ਼ 'ਤੇ "ਗੁਰੂ ਗ੍ਰੰਥ ਸਾਹਿਬ ਜੀ" ਦੀ ਹਜ਼ੂਰੀ ਵਿਚ ਦੇਹਧਾਰੀਆਂ ਦੇ ਲੈਕਚਰ ਕਰਵਾਉਂਦੇ ਹਨ, ਸਿਰ ਗੁੰਮ, ਸਿਰ ਮੋਨਿਆਂ ਦੇ ਲੈਕਚਰ ਕਰਾਉਂਦੇ ਹਨ। ਨਿਰਮਲਿਆਂ, ਉਦਾਸੀਆਂ, ਬੇਅੰਮ੍ਰਿਤੀਆਂ ਦਾ ਲੈਕਚਰ ਕਰਵਾਉਂਦੇ ਹਨ। ਦੇਹਧਾਰੀ ਨਾਮਧਾਰੀਆਂ ਉਥੇ ਬੋਲ ਰਿਹਾ ਸੀ ਕਿ 'ਇਸ ਗੁਰੂ ਨੇ ਤੁਹਾਨੂੰ ਕੁਝ ਨਹੀਂ ਦੇਣਾ, ਸਤਿਗੁਰੂ ਤਾਂ ਭੈਣੀ ਬੈਠਾ ਹੈ ਜਾ ਕੇ ਦਰਸ਼ਨ ਤਾਂ ਕਰਕੇ ਦੇਖੋ, ਤੁਹਾਨੂੰ ਦੇਹਧਾਰੀ ਸਤਿਗੁਰੂ ਧਾਰਨ ਕਰਨ ਦੀ ਅਤੀ ਲੋੜ ਹੈ। ਸੋ ਕਿਸੇ ਸੰਤ ਕਹਾਉਣ ਵਾਲੇ ਦੀ ਹਿੰਮਤ ਨਾ ਪਈ ਕਿ ਉਸਨੂੰ ਰੋਕੇ ਜਾਂ ਟੋਕੇ। ਉਸ ਸਟੇਜ਼ 'ਤੇ ਗੁਰਮਤਿ ਸਿਧਾਂਤ ਦੀ ਇਕ ਵੀ ਗੱਲ ਨਾ ਹੋਈ ਕੇਵਲ ਦੇਹਧਾਰੀ ਗੁਰੂਆਂ ਅਤੇ ਸਾਧ ਸੰਤਾਂ ਦੀ ਫੋਕੀ ਵਡਿਆਈ ਕਰਨ 'ਤੇ ਸਾਰਾ ਜ਼ੋਰ ਲੱਗ ਗਿਆ। ਉਸ ਤੋਂ ਬਾਅਦ ਮੈਂ ਕਦੇ ਵੀ ਉਥੇ ਨਹੀਂ ਗਿਆ। ਪਾਠਕ ਆਪ ਅੰਦਾਜ਼ਾ ਲਾਉਣ ਕਿ ਇਹ ਸਾਧ ਕਿਹੜੀ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ ?

ਇਕ ਵਾਰੀ ਨਾਨਕਸਰੀਆਂ ਦਾ ਇਕ ਚੇਲਾ ਕਹਿੰਦਾ ਕਿ ਬਾਬਾ ਨੰਦ ਸਿੰਘ ਜੀ ਸੰਗਤਾਂ ਨੂੰ ਦਰਸ਼ਨ ਦੇ ਰਹੇ ਸੀ ਇਕ ਬੰਦਾ ਘਾਬਰਿਆ ਹੋਇਆ ਆਇਆ ਬਾਬਾ ਜੀ ਕਹਿੰਦੇ ਕੀ ਗੱਲ ਹੈ ਕਹਿੰਦਾ ਜੀ ਮੈਥੋਂ ਕੁਝ ਬੰਦਿਆਂ ਨੇ ਜਬਰਦਸਤੀ ਸਮਾਨ ਖੋਹ ਲਿਆ ਹੈ। ਬਾਬਾ ਜੀ ਕਹਿੰਦੇ ਕਿ ਇਥੋਂ ਰੇਤ ਪਾਸੇ ਕਰ। ਜਿੰਨੇ ਦਾ ਸਮਾਨ ਚੋਰੀ ਹੋਇਆ ਹੈ ਉਨੇ ਪੈਸੇ ਚੁੱਕ ਲੈ, ਬਾਕੀ ਪਏ ਰਹਿਣ ਦੇ।

ਸੋ ਇਹਨਾਂ ਕਹਾਣੀਆਂ ਵਾਸਤੇ ਗੁਰਮਤਿ ਵਿਚ ਕੋਈ ਥਾਂ ਨਹੀਂ ਹੈ। ਜਿਥੋਂ ਮਰਜ਼ੀ ਮਿੱਟੀ ਵਿਚੋਂ ਪੈਸੇ ਕੱਢ ਲੈਣੇ ਮੁੰਡਿਆਂ ਤੋਂ ਕੁੜੀਆਂ, ਕੁੜੀਆਂ ਤੋਂ ਮੁੰਡੇ ਬਣਾ ਦਿੱਤੇ ਇਹਨਾਂ ਸਾਧਾਂ ਨੇ ਸਿੱਖੀ ਨੂੰ ਜਾਦੂ ਦਾ ਖੇਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਦੋਂ ਕਿ ਗੁਰੂ ਘਰ ਵਿਚ ਕਹਿਣੀ, ਕਰਨੀ, ਸੱਚ ਪ੍ਰਧਾਨ ਹੈ।

ਇਕ ਵਾਰੀ ਇਕ ਸਾਧ ਦਾ ਚੇਲਾ ਕਹਿ ਰਿਹਾ ਸੀ ਕਿ ਸਾਡੇ ਬਾਬੇ ਸ਼ਹੀਦ ਅਤੇ ਗੁਰੂ ਗ੍ਰੰਥ ਸਾਹਿਬ ਇਕ ਰੂਪ ਹਨ। ਇਕ ਵਾਰੀ ਰਾਤ ਇਕ ਚੂਹੇ ਨੇ "ਗੁਰੂ

ਗ੍ਰੰਥ ਸਾਹਿਬ" ਨੂੰ ਦੰਦੀ ਭਰ ਲਈ ਠੀਕ ਉਸੇ ਸਮੇਂ ਇਸ ਸ਼ਹੀਦ ਸਾਧ ਨੂੰ ਚੂਹੇ ਨੇ ਦੰਦੀਂ ਵੱਢੀ। ਇਹ ਢਾਬਸਰੀਆ ਅਖੌਤੀ ਸਾਧ ਹੈ। ਇਹ ਵੀ ਦੇਹਧਾਰੀ ਗੁਰੂ ਬਣਿਆ ਹੀ ਸਮਝੋ। ਗੁਰੂ ਦਾ ਪ੍ਰਕਾਸ਼ ਇਸਨੇ ਕੇਵਲ ਆਪਣੀ ਦੁਕਾਨਦਾਰੀ ਚਲਾਉਣ ਵਾਸਤੇ ਕੀਤਾ ਹੋਇਆ ਹੈ। ਲੋਕੀਂ ਪੂਰੇ ਲੰਮੇ ਪੈ ਕੇ ਇਸ ਅਖੌਤੀ ਸਾਧ ਨੂੰ ਮੱਥੇ ਟੇਕਦੇ ਹਨ।

ਅਨੰਦਪੁਰ ਸਿੰਘਾਂ ਦੇ ਬੇਦਾਵੇ ਸੰਬੰਧੀ ਇਹ ਸਾਧ ਕਹਿੰਦਾ ਹੈ ਕਿ ਦਸਵੇਂ ਪਾਤਸ਼ਾਹ ਨੇ ਕਿਹਾ ਸਿੰਘੋ ਕੇਵਲ 7 ਦਿਨ ਹੋਰ ਕੱਢੋ ਮੈਂ ਤੁਹਾਡੇ ਢਾਈ ਸਾਲ ਵਾਸਤੇ ਦੁੱਖ ਦੂਰ ਕਰਾਂਗਾ ਪਰ ਸਿੰਘ ਕਹਿੰਦੇ ਕਿ ਅਸੀਂ ਇਕ ਦਿਨ ਵੀ ਨਹੀਂ ਠਹਿਰਨਾ। ਗੁਰੂ ਜੀ ਕਹਿੰਦੇ ਜਿਸ ਮੁਗ਼ਲ ਫੌਜ਼ ਤੋਂ ਤੁਸੀਂ ਡਰਦੇ ਹੋ ਉਹ ਤਾਂ ਮੈਂ ਇਕ ਮਾਝੇ ਦੀ ਕੁੜੀ ਭਾਗ ਕੌਰ ਤੋਂ ਮਰਵਾ ਦਿਆਂਗਾ। ਪਰ ਸਿੰਘ ਨਾ ਮੰਨੇ ਗੁਰੂ ਜੀ ਕਹਿੰਦੇ ਠੀਕ ਹੈ ਲਿਖ ਕੇ ਦਿਉ ਕਿ ਅਸੀਂ ਤੁਹਾਡੇ ਸਿੱਖ ਨਹੀਂ ਤੁਸੀਂ ਸਾਡੇ ਗੁਰੂ ਨਹੀਂ। ਬੇਦਾਵਾ ਲਿਖ ਕੇ ਦੇ ਆਏ।

ਸੋ ਤੱਤ ਗੁਰਮਤਿ ਦੀ ਕਸਵੱਟੀ 'ਤੇ ਵਿਚਾਰ ਕਰੀਏ ਮਨ ਮੰਨਦਾ ਹੀ ਨਹੀਂ ਹੈ ਕਿ ਗੁਰੂ ਦੇ ਸਿੰਘਾਂ ਬੇਦਾਵਾ ਲਿਖ ਦਿੱਤਾ। ਜਿਹੜੇ ਸਿੰਘ ਆਰਿਆਂ 'ਤੇ ਚੀਰੇ ਜਾ ਸਕਦੇ ਸਨ, ਸੀ ਨਹੀਂ ਕੀਤੀ, ਬੰਦ ਬੰਦ ਕੱਟੇ ਗਏ, ਖੋਪਰੇ ਲਹਿ ਗਏ, ਪੁੱਠੀਆਂ ਖੱਲਾਂ ਲਹਿ ਗਈਆਂ, ਸੀ ਨਹੀਂ ਕੀਤੀ ਉਹ 4 ਦਿਨ ਭੁੱਖੇ ਵੀ ਕੱਟ ਸਕਦੇ ਸਨ। ਪਰ ਫਿਰ ਵੀ ਜੇ ਇਹਨਾਂ ਦੀ ਘੜੀ ਕਹਾਣੀ ਨੂੰ ਮੰਨ ਵੀ ਲਈਏ ਤਾਂ ਕੀ ਇਹ ਦੱਸਣਗੇ ਕਿ ਜੋ ਬੇਦਾਵੇ ਤੁਸੀਂ ਨਿੱਤ ਹੀ "ਗੁਰੂ ਗ੍ਰੰਥ ਸਾਹਿਬ" ਨੂੰ ਦੇ ਰਹੇ ਹੋ ਇਹ ਕੌਣ ਪੜਵਾਏਗਾ ? ਉਹਨਾਂ ਭਾਈ ਮਹਾਂ ਸਿੰਘ ਹੋਰਾਂ ਨੇ ਤਾਂ ਮੁਕਤਸਰ ਦੀ ਜੰਗ ਵਿਚ ਸੱਚ ਸ਼ੁਮਾ ਤੋਂ ਕੁਰਬਾਨ ਹੋ ਗਏ, ਇਸੇ ਜਨਮ ਵਿਚ ਬੇਦਾਵਾ ਪੜਵਾ ਲਿਆ। ਪਰ ਇਹ ਸਾਧ ਤਾਂ ਕਈ ਜਨਮ ਵੀ ਲੱਗੇ ਰਹਿਣ ਤਾਂ ਇਹਨਾਂ ਤੋਂ ਬੇਦਾਵੇ ਫਿਰ ਵੀ ਨਹੀਂ ਪੜਵਾਏ ਜਾਣੇ।

ਸੰਤ ਗੁਰਬਚਨ ਸਿੰਘ ਦਸ਼ਮੇਸ਼ ਪਰਿਵਾਰ ਵਾਲੇ ਦੇ ਨਾਲ ਰਹੇ ਇਕ ਸਿੰਘ ਜੋ ਪੰਜਾਂ ਪਿਆਰਿਆਂ ਦਾ ਮੁਖੀ ਰਿਹਾ ਹੈ ਉਸਨੇ ਦੱਸਿਆ ਕਿ ਇਹ ਬਾਬਾ ਗੁਰਬਚਨ ਸਿੰਘ ਦਸ਼ਮੇਸ਼ ਪਰਿਵਾਰ ਵਾਲਾ ਜੋ 25 ਰੁਪਏ ਦੇ ਕਕਾਰ ਲੈ ਕੇ ਅੱਗੋਂ 100 ਰੁਪਏ ਦੇ ਵੇਚਦਾ ਰਿਹਾ ਹੈ। ਇਸ ਤਰ੍ਹਾਂ ਇਹਨਾਂ ਨੇ ਅੰਮ੍ਰਿਤ ਨੂੰ ਵੀ ਰੁਜ਼ਗਾਰ ਦਾ ਸਾਧਨ ਬਣਾਇਆ ਹੈ।

ਰਾੜੇ ਵਾਲੇ ਸੰਤ ਈਸ਼ਰ ਸਿੰਘ ਦੀ ਇਕ ਕੈਸਟ ਸਾਡੇ ਕੋਲ ਹੈ। ਗੁਰਮਤਿ ਦੇ ਉਲਟ ਸਿੱਧੀਆਂ ਧਾਰਨਾ ਦਾ ਕੀਰਤਨ ਕਰਦਿਆਂ ਕਹਿ ਰਹੇ ਹਨ ਕਿ ਇਕ ਜੰਗਲ ਵਿਚ ਇਕ ਰਿਖੀ ਤਪ ਕਰ ਰਿਹਾ ਸੀ ਇਕ ਦਿਨ ਉਸਦੇ ਚੀਰ ਆ ਗਿਆ

ਲਹੂ ਦੀ ਬਜਾਏ ਹਰਿਆ ਪਾਣੀ ਨਿਕਲਿਆ। ਉਹ ਰਿਖੀ ਤਪ ਦੇ ਮਾਣ ਵਿਚ ਨੱਚਣ ਲੱਗ ਪਿਆ ਕਿ ਸਰੀਰ ਵਿਚੋਂ ਲਹੂ ਤਪ ਕਰ ਸੁੱਕਾ ਦਿੱਤਾ ਹੈ। ਹਰਿਆ ਪਾਣੀ ਨਿਕਲਿਆ ਹੈ। ਜਦੋਂ ਬ੍ਰਹਮਾ ਨੇ ਰਿਖੀ ਦਾ ਤਪ ਹੰਕਾਰ ਵਿਚ ਨਸ਼ਟ ਹੁੰਦਾ ਤੱਕਿਆ ਤਾਂ ਸ਼ਿਵ ਜੀ ਨੂੰ ਤੁਰੰਤ ਭੇਜਿਆ ਕਿ ਜਾ ਕੇ ਰਿਖੀ ਦਾ ਹੰਕਾਰ ਤੋੜ। ਸ਼ਿਵ ਜੀ ਆਇਆ ਕਹਿੰਦਾ ਰਿਖੀ ਜੀ ਕੀ ਗੱਲ ਇਤਨੀ ਖੁਸ਼ੀ ਕਾਹਦੀ ਆ ਗਈ ? ਰਿਖੀ ਕਹਿੰਦਾ ਕਿ ਇਤਨਾ ਤਪ ਕੀਤਾ ਹੈ ਕਿ ਲਹੂ ਦੀ ਥਾਂ ਹਰਿਆ ਪਾਣੀ ਨਿਕਲਿਆ ਹੈ, ਤਾਂ ਸ਼ਿਵ ਜੀ ਕਹਿੰਦਾ ਮੇਰੇ ਸਰੀਰ 'ਤੇ ਚੀਰਾ ਦੇ ਕੇ ਦੇਖ, ਜਦ ਰਿਖੀ ਨੇ ਚੀਰਾ ਦਿੱਤਾ ਤਾਂ ਦੇਖਿਆ ਕਿ ਲਹੂ ਦੀ ਥਾਂ ਸਵਾਹ ਕਿਰੀ ਹੈ, ਸ਼ਿਵ ਜੀ ਕਹਿੰਦਾ ਕਿ ਮੈਂ ਜਦੋਂ ਤਪ ਕਰਦਾ ਰਿਹਾ ਹਾਂ ਤਾਂ ਰੋਟੀ ਦੀ ਥਾਂ ਸਵਾਹ ਘੋਲ ਘੋਲ ਪੀਂਦਾ ਰਿਹਾ ਹਾਂ, ਤਾਂ ਹੀ ਮੇਰਾ ਸਰੀਰ ਸਵਾਹ ਹੋਇਆ ਪਿਆ ਹੈ।

ਸੋ ਪਾਠਕ ਆਪ ਅੰਦਾਜ਼ਾ ਲਾਉਣ ਕਿ ਇਹ ਸਾਧ ਕਿਹੜੀ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ ? ਕੀ "ਗੁਰੂ ਨਾਨਕ ਦੇਵ ਜੀ" ਦੇ ਸਿੱਖਾਂ ਨੂੰ ਰੋਟੀ ਦੀ ਥਾਂ ਸਵਾਹ ਘੋਲ ਕੇ ਪੀਣ ਦੀ ਸਿੱਖਿਆ ਦੇ ਰਹੇ ? ਗੁਰ ਫ਼ੁਰਮਾਨ ਹੈ "ਛੋਡਹਿ ਅੰਨ ਕਰਹਿ ਅਖੰਡ ॥ ਨ ਉਹ ਸੁਹਾਗਣ ਨਾ ਉਇ ਰੰਡ ॥" (ਪੰਨਾ 873)

ਸੰਤ ਨਰਿੰਦਰ ਸਿੰਘ ਗਰੇਵਾਲ

ਇਹ ਸਾਧ ਲੁਧਿਆਣੇ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਇਸਨੇ ਆਪਣੇ ਇਕ ਸੇਵਕ ਦੀ ਜਨਾਨੀ ਨੂੰ ਕਿਹਾ ਕਿ ਆਪਣਾ 14 ਜਨਮਾਂ ਦਾ ਸੰਬੰਧ ਹੈ। ਤੂੰ ਪੰਦਰਵਾਂ ਜਨਮ ਵੀ ਸਫਲ ਕਰ ਲੈ ਸੋ ਉਸ ਜਨਾਨੀ ਦੇ ਘਰ ਵਾਲੇ ਨੇ ਜਨਾਨੀ ਦਾਨ ਕਰ ਦਿੱਤੀ ਇਸ ਸਾਧ ਨੂੰ। ਇਹ ਸਾਧ ਹੁਣ ਟਰਾਂਟੋ (ਕਨੇਡਾ) ਰਹਿੰਦਾ ਹੈ।

ਤਖ਼ਤ ਸਾਹਿਬ ਦੀ ਤੌਹੀਨ ਦੇ ਦੋਸ਼ੀ ਕੌਣ ?

(ਪ੍ਰੋ. ਇੰਦਰ ਸਿੰਘ ਘੱਗਾ)

ਸਤਿਕਾਰਯੋਗ ਭਾਈ ਕਾਹਨ ਸਿੰਘ ਨਾਭਾ, ਪੰਥ ਦੇ ਪ੍ਰਸਿੱਧ ਗੁਰਮਤ ਸਿਧਾਂਤਾਂ ਦੇ ਅਲੰਬਰਦਾਰ ਹੋ ਗੁਜਰੇ ਹਨ। ਅੱਜ ਤਕ ਉਹਨਾਂ ਦੀਆਂ ਲਿਖਤਾਂ ਵਿਦਵਾਨਾਂ ਵਿਚ ਮਾਣ ਪਾ ਰਹੀਆਂ ਹਨ। ਪਰ ਸੁਣਿਆ ਹੈ ਕਿ ਉਹਨਾਂ ਵਿਰੁੱਧ ਕੋਈ "ਹੁਕਮਨਾਮਾ" ਕਦੀ ਜਾਰੀ ਹੋਇਆ ਹੋਵੇ ? ਉਹਨਾਂ ਦੀ ਸਭ ਤੋਂ ਪਹਿਲੀ ਵਿਵਾਦਸਤ ਪੁਸਤਕ "ਹਮ ਹਿੰਦੂ ਨਹੀਂ"। ਸੰਨ 1899 ਵਿਚ ਛਪੀ ਸੀ, ਜਿਸ ਕਾਰਨ ਹਿੰਦੂ ਜਥੇਬੰਦੀਆਂ ਨੇ ਉਹਨਾਂ ਵਿਰੁੱਧ ਤੁਫ਼ਾਨ ਹੀ ਖੜ੍ਹਾ ਕਰ ਦਿੱਤਾ ਸੀ। ਪੰਜਾਬ ਦੀ ਤਤਕਾਲੀਨ ਸਾਂਝੀ ਅਦਾਲਤ ਸ਼ਿਮਲੇ ਤੇ ਲਾਹੌਰ ਦੇ ਕਈ ਵਾਰ ਉਹਨਾਂ ਨੂੰ ਚੱਕਰ ਲਾਉਣੇ ਪਏ। ਭਾਵੇਂ ਇਹ ਆਪਣਾ ਕੇਸ ਜਿੱਤ ਗਏ, ਪਰ ਪਬਲਿਕ ਵਿਰੋਧ ਨੂੰ ਸ਼ਾਂਤ ਕਰਨ ਦੀ ਮਨਸਾ ਨਾਲ ਨਾਭਾ ਪਤੀ ਰਾਜਾ ਹੀਰਾ ਸਿੰਘ ਨੇ ਇਹਨਾਂ ਨੂੰ ਨੌਕਰੀ ਤੋਂ ਬਰਖਾਸਤ ਕਰਾ ਦਿੱਤਾ। ਇਕ ਸਾਲ ਤੋਂ ਵੱਧ ਸਮਾਂ ਇਹ ਕਸ਼ਮੀਰ ਵਿਚ ਅਗਿਆਤਵਾਸ ਰਹਿਕੇ ਲਿਖਦੇ ਰਹੇ। ਰਾਜਾ ਹੀਰਾ ਸਿੰਘ ਦੇ ਅਨੇਕ ਕੰਮ ਇਹਨਾਂ ਤੋਂ ਵਗੈਰ ਥਾਏਂ ਰੁਕ ਗਏ। ਇਸ ਤਰ੍ਹਾਂ ਹਾਲਾਤ ਠੀਕ ਹੋਣ 'ਤੇ ਫਿਰ ਭਾਈ ਸਾਹਿਬ ਜੀ ਨੂੰ ਨਾਭਾ ਵਿਖੇ ਨੌਕਰੀ 'ਤੇ ਬੁਲਾ ਲਿਆ ਗਿਆ। ਇਹ ਕਰਮ ਤਿੰਨ ਵਾਰੀ ਦੁਹਰਾਇਆ ਗਿਆ। ਪਰ ਅਕਾਲ ਤਖ਼ਤ ਦੇ ਪੁਜਾਰੀ (ਤਦੋਂ ਸਾਰਿਆਂ ਨੂੰ ਪੁਜਾਰੀ ਆਖਿਆ ਜਾਂਦਾ ਸੀ) ਨੇ ਚਾਹੁੰਦਿਆਂ ਭੀ ਹੁਕਮਨਾਮਾ ਜਾਰੀ ਨਾ ਕੀਤਾ ਕਿਉਂ ? ਇਸ ਲਈ ਰਾਜਾ ਹੀਰਾ ਸਿੰਘ ਕਾਹਨ ਸਿੰਘ ਜੀ ਦੀ ਪਿੱਠ 'ਤੇ ਸੀ। ਇਹਨਾਂ ਹੀ ਵਿਚਾਰਾਂ ਦਾ ਧਾਰਨੀ, ਗਰੀਬ ਸਿੱਖ ਭਾਈ ਗੁਰਮੁਖ ਸਿੰਘ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ ਸੀ।

ਅੱਜਕਲ੍ਹ ਦੇ ਜੀਵਤ ਸਿੱਖਾਂ ਵਿਚੋਂ ਗੁਰਬਾਣੀ ਦੇ ਉੱਚ ਕੋਟੀ ਦੇ ਮਾਹਿਰ, ਨਿਰਪੱਖ ਤੇ ਨਿਰਲੇਪ ਭਾਈ ਗੁਰਬਖਸ਼ ਸਿੰਘ ਜੀ ਕਾਲਾ ਅਫ਼ਗਾਨਾ, ਸਾਰੇ ਬੰਨੇ ਚਰਚਾ ਵਿਚ ਹੈ। ਸਾਰਾ ਪੰਥਕ ਲਾਣਾ ਹਰ ਰੋਜ਼ ਬ੍ਰਾਹਮਣ ਤੋਂ ਬਚਣ ਦੀ ਦੁਹਾਈ ਦੇ ਰਿਹਾ ਹੈ। ਵਹਿਮਾਂ-ਭਰਮਾਂ, ਜਾਦੂ-ਮੰਤਰਾਂ, ਵਰ-ਸਰਾਪਾਂ ਦੇ ਭਰਮ ਜਾਲ ਤੋਂ ਸਾਵਧਾਨ ਹੋਣ ਵਾਸਤੇ ਚੀਕ ਰਿਹਾ ਹੈ। ਪਰ ਜੇ ਇਕ ਇਕ ਬ੍ਰਾਹਮਣੀ ਕਰਮ

ਕਾਂਡ ਦੇ ਪਰਖਾਚੇ ਉਡਾਉਣ ਵਾਸਤੇ ਗੁ. ਸਿੰਘ ਜੀ ਨੇ ਗੁਰਬਾਣੀ ਦੇ ਚਾਨਣ ਵਿਚ ਪੁਸਤਕਾਂ ਲਿਖਕੇ ਸੁੱਤੇ ਪੰਥ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ, ਤਾਂ ਪੰਥ ਦੇ ਪੁਜਾਰੀ (ਜਥੇਦਾਰ) ਅਜਿਹੇ ਨਿਧੜਕ ਯੋਧੇ ਨੂੰ ਕੁਚਲਣ ਦੀਆਂ ਤਿਆਰੀਆਂ ਕਰ ਰਹੇ ਹਨ। ਨਾਲ ਹੀ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਸ. ਗੁਰਤੇਜ ਸਿੰਘ ਦੀ ਜ਼ਬਾਨ ਬੰਦ ਕਰਨ ਦੇ ਜੁਗਾੜ, ਬਣਾਏ ਜਾ ਰਹੇ ਹਨ। ਕਿਉਂਕਿ ਉਹ ਭੀ ਗੁ. ਸਿੰਘ ਜੀ ਦੇ ਸੱਚ ਨਾਲ ਖਲੋਤੇ ਹਨ।

ਹੁਣੇ ਜਿਹੇ ਇਕ ਕਿਤਾਬ ਸ. ਕੁਲਵੰਤ ਸਿੰਘ ਵੱਲੋਂ ਲਿਖੀ ਹੋਈ ਮਾਰਕੀਟ ਵਿਚ ਆਈ ਹੈ "ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ"। ਇਸ ਪੁਸਤਕ ਵਿਚ ਖ਼ਤਰਿਆਂ ਦੀ ਪ੍ਰਵਾਹ ਨਾ ਕਰਦਿਆਂ ਲੇਖਕ ਨੇ ਕਰੂਰ ਸੱਚ ਉਗਲਿਆ ਹੈ। ਪੜ੍ਹਕੇ ਜਥੇਦਾਰਾਂ, ਪੁਜਾਰੀਆਂ, ਰਾਜਨੀਤੀਵਾਨਾਂ ਆਦਿ ਦੀਆਂ ਮੰਦ ਕਰਤੂਤਾਂ ਕਾਰਨ ਪਾਣੀ ਪਾਣੀ ਹੋ ਜਾਈਦਾ ਹੈ। ਪਿਛਲੇ ਪੰਜ ਕੁ ਸਾਲਾਂ ਵਿਚ ਜਿਵੇਂ ਅਕਾਲ ਤਖ਼ਤ ਸਾਹਿਬ ਨੂੰ ਖਿਡੌਣੇ ਵਾਂਗ ਵਰਤਿਆ ਤੇ ਵਲੂੰਧਰਿਆ ਗਿਆ ਹੈ, ਪੜ੍ਹਕੇ ਭੁੱਬਾਂ ਨਿਕਲ ਜਾਂਦੀਆਂ ਹਨ। ਜਾਤੀ ਕਿੜਾਂ ਕੱਢਣ ਵਾਸਤੇ ਵਿਰੋਧੀਆਂ ਨੂੰ ਗਿੱਚੀਉਂ ਨੱਪਣ ਵਾਸਤੇ, ਹਰ ਰਾਜਨੇਤਾ ਨੇ ਇਹਨਾਂ ਅਖੌਤੀ ਜਥੇਦਾਰਾਂ ਨੂੰ ਮਦਾਰੀ ਦੇ ਰਿੱਛ ਵਾਂਗ ਧਰਮ ਦੇ ਨਾਮ ਤੇ ਨਚਾਇਆ ਹੈ। ਕਿਸੇ ਵਿਚ ਏਨੀ ਜ਼ੁਅਰਤ ਨਹੀਂ ਸੀ ਕਿ ਕੁਰੱਪਟ ਤੇ ਧਰਮ ਤੋਂ ਸੱਖਣੇ ਰਾਜਸੀ ਆਕਾਵਾਂ ਵਿਰੁਧ ਅੱਖ ਚੁੱਕ ਕੇ ਵੀ ਵੇਖ ਸਕਣ। ਸਗੋਂ ਲੀਡਰਾਂ ਦੇ ਦਰਾਂ 'ਤੇ ਭਿਖਾਰੀਆਂ ਵਾਂਗ ਲਿਲਕੜੀਆਂ ਲੈਂਦੇ, ਇਹ ਜਥੇਦਾਰ ਵੇਖੇ ਜਾਂਦੇ ਰਹੇ। ਅੱਗੋਂ ਸਿਤਮ ਵੇਖੋ ਗੁਰਮਤ ਦੇ ਵਿਆਖਿਆਕਾਰ ਸ. ਗੁਰਬਖਸ਼ ਸਿੰਘ ਵਾਸਤੇ ਆਟੇ ਦੇ ਸੀਂਹ ਬਣੇ ਛੂੰਕਾਰ ਰਹੇ ਨੇ। ਪੰਥ ਪ੍ਰਸਤਾਂ ਨੂੰ ਹਰ ਹੀਲੇ ਧੌਂਸ ਵਿਖਾਉਣੀ ਤੇ ਪੰਥ ਦੋਖੀਆਂ ਦੀਆਂ ਤਲੀਆਂ ਚੱਟਣੀਆਂ ਇਹਨਾਂ ਦੀ ਖਸਲਤ ਬਣ ਗਈ ਹੈ।

ਮੌਜੂਦਾ ਜਥੇਦਾਰ ਭਾਈ ਜੋਗਿੰਦਰ ਸਿੰਘ ਵੇਦਾਂਤੀ ਸੁਣਿਆ ਹੈ ਕਿ ਸਿੱਖ ਧਰਮ ਦੀ "ਚਲਦੀ ਫਿਰਦੀ ਯੂਨੀਵਰਸਿਟੀ" ਦਮਦਮੀ ਟਕਸਾਲ ਵਿਚ "ਪੜ੍ਹਿਆ" (?) ਹੈ। ਜਿਸਦੀ ਸਤਾਈ ਸਾਲ ਤਕ ਸ੍ਰੋ. ਕਮੇਟੀ ਦੇ ਰਹਿ ਚੁੱਕੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸਟੇਜ਼ਾਂ 'ਤੇ ਸਿਫ਼ਤਾਂ ਕਰ ਚੁੱਕੇ ਹਨ। ਉਸ ਅਖੌਤੀ ਯੂਨੀਵਰਸਿਟੀ ਵਿਚ ਕਿਸ ਤਰ੍ਹਾਂ ਦੀ ਵਿੱਦਿਆ ਦਿੱਤੀ ਜਾ ਰਹੀ ਹੈ। ਜਿਥੋਂ ਗਿਆਨੀ ਕਿਰਪਾਲ ਸਿੰਘ, ਸਾਬਕਾ ਜਥੇਦਾਰ, ਗਿਆਨੀ ਸਾਹਿਬ ਸਿੰਘ ਸਾਬਕਾ ਗ੍ਰੰਥੀ ਦਰਬਾਰ ਸਾਹਿਬ, ਗਿ. ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਪੂਰਨ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਪੜ੍ਹੇ ਹਨ, ਕੁਝ ਨਮੂਨੇ ਹਾਜ਼ਰ ਹਨ : ਇਹਨਾਂ ਦੀ ਯੂਨੀਵਰਸਿਟੀ ਦੇ ਕੁਲਪਤੀ, ਗਿਆਨੀ ਗੁਰਬਚਨ ਸਿੰਘ ਨੇ ਕੁਝ ਕਿਤਾਬਾਂ

ਲਿਖੀਆਂ ਹਨ। ਨਿਮਰਤਾ ਦੇ ਪੁੰਜ ਅਖਵਾਉਣ ਵਾਲਿਆਂ ਦੀ ਕਿਤਾਬ ਦੀ ਜਿਲਦ ਦੇ ਬਾਹਰ ਲੇਖਕ ਬਾਰੇ ਇਹ ਲਿਖਿਆ ਹੈ—

"ਸ੍ਰੀ ਮਾਨ, ਪੰਥ ਰਤਨ, ਵਿਦਿਯਾ ਮਾਰਤੰਡ, ਸੰਤ, ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾਂਵਾਲੇ" (ਫਿਰੋਜ਼ਪੁਰ)। ਪਾਠਕ ਵੀਰੋ ਧਿਆਨ ਦੇਣ, ਆਪਣੇ ਨਾਮ ਨਾਲ ਆਪੇ ਹੀ ਅਣਗਿਣਤ ਡਿਗਰੀਆਂ ਚਿਪਕਾ ਲਈਆਂ। ਬਾਕੀ ਦੇ ਅਰਥ ਤਾਂ ਤੁਸੀਂ ਸਮਝਦੇ ਹੀ ਹੋ, ਬਸ "ਵਿਦਿਯਾ ਮਾਰਤੰਡ" ਸਮਝ ਲੈਣਾ। ਜਾਣੀ ਕਿ ਗਿਆਨ ਦਾ ਸੂਰਜ। ਮਾਰਤੰਡ—ਸੂਰਜ, ਇਹ ਹੈ ਨਿਮਰਤਾ ਦੀ ਹੱਦ, ਕਿ ਹੰਕਾਰ ਦੀ ਸਿਖ਼ਰ ? ਮੇਰੇ ਸਾਹਮਣੇ ਇਹਨਾਂ ਦੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" 1969 ਦੀ ਐਡੀਸ਼ਨ ਮੌਜੂਦ ਹੈ। ਸਬੂਤ ਵਾਸਤੇ ਜ਼ਰੂਰੀ ਪੰਨਿਆਂ ਦੀ ਫੋਟੋ ਉਤਾਰੇ ਕਰਕੇ ਭੇਜ ਰਿਹਾ ਹਾਂ।

1. ਅੱਜਕਲ੍ਹ ਬੜੇ ਜ਼ੋਰ ਸ਼ੋਰ ਨਾਲ ਬਾਹਵਾਂ ਉਲਾਰ ਕੇ ਤੇ ਸੰਘ ਪਾੜ ਕੇ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਫ਼ਰ ਤੋਲਿਆ ਜਾ ਰਿਹਾ ਹੈ ਕਿ ਸਾਡੀ ਦਮਦਮੀ ਟਕਸਾਲ, ਮਹਾਨ ਯੋਧੇ ਸੀਸ ਤਲੀ 'ਤੇ ਟਿਕਾ ਕੇ ਜੰਗ ਵਿਚ ਜੂਝਣ ਵਾਲੇ ਬਾਬਾ ਦੀਪ ਸਿੰਘ ਜੀ ਤੋਂ ਚੱਲੀ ਹੈ। ਜੋ ਪੁਸਤਕ ਮੇਰੇ ਸਨੁਮਖ ਹੈ (ਫੋਟੋ ਕਾਪੀ ਹਾਜ਼ਰ ਕਰ ਰਿਹਾ ਹਾਂ) ਇਸ ਵਿਚ ਗਿਆਨੀ ਗੁਰਬਚਨ ਸਿੰਘ ਵੱਲੋਂ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 253 'ਤੇ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਲਿਖਿਆ ਹੋਇਆ ਹੈ। ਬਾਬਾ ਦੀਪ ਸਿੰਘ ਦਾ ਅੱਗੋਂ ਕੋਈ ਚੇਲਾ ਨਹੀਂ ਦਰਸਾਇਆ। ਇਹੀ ਗੱਲ ਗਿਆਨੀ ਮੋਹਣ ਸਿੰਘ, ਜਿਨ੍ਹਾਂ ਗੱਦੀ ਨਾ ਮਿਲਣ ਕਰਕੇ, ਅਲੱਗ ਸੰਪਰਦਾ ਚਲਾ ਲਈ। ਆਪਣੇ ਵੱਲੋਂ ਛਪਾਈ ਗੁਰਬਾਣੀ ਪਾਠ ਦਰਸ਼ਨ 1986 ਐਡੀਸ਼ਨ ਵਿਚ ਪੰਨਾ 245 'ਤੇ ਭਾਈ ਮਨੀ ਸਿੰਘ ਤੋਂ ਟਕਸਾਲ ਚੱਲੀ ਸਵੀਕਾਰਦਾ ਹੈ। ਸੱਤੋਵਾਲੀ ਗਲੀ ਅੰਮ੍ਰਿਤਸਰ ਵਿਖੇ ਰਹਿਣ ਵਾਲੇ ਇਕ ਹੋਰ ਡੇਰੇਦਾਰ, ਭਾਈ ਮੱਖਣ ਸਿੰਘ ਭੀ ਗੁਰਬਾਣੀ ਅਰਥਾਂ ਵਾਲੀ ਪਹਿਲੀ ਪੋਥੀ ਵਿਚ ਟਕਸਾਲ ਨੂੰ ਭਾਈ ਮਨੀ ਸਿੰਘ ਤੋਂ ਤੁਰੀ ਲਿਖਦਾ ਹੈ। ਪਿਛਲੇ ਵੀਹ ਕੁ ਸਾਲਾਂ ਤੋਂ ਅਜਿਹਾ ਪੈਂਤਰਾ ਬਦਲਿਆ ਟਕਸਾਲ ਵਾਲਿਆਂ ਨੇ, ਆਪਣੀ ਪੂਛਲ ਖਿੱਚ ਕੇ ਬਾਬਾ ਦੀਪ ਸਿੰਘ ਨਾਲ ਜੋੜ ਦਿੱਤੀ। ਸ਼ਾਇਦ ਭਾਈ ਮਨੀ ਸਿੰਘ ਦਾ ਬੰਦ ਬੰਦ ਕਟਵਾ ਦੇ ਸ਼ਹੀਦ ਹੋਣ ਵਾਲਾ ਘੱਟ ਬਹਾਦਰੀ ਵਾਲਾ ਕਾਰਨਾਮਾ ਮਹਿਸੂਸ ਹੋਇਆ। ਸ਼ਰੇਆਮ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦੀ ਦੀ ਹਜ਼ੂਰੀ ਵਿਚ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਵੇਦਾਂਤੀ ਜੀ ਉਥੇ ਹੀ ਖੜ੍ਹੇ ਹਨ ?

2. ਇਸੇ ਪੁਸਤਕ ਦੇ ਪੰਨਾ 45 'ਤੇ ਲਿਖਿਆ ਹੈ ਕਿ ਦਸਮ ਪਾਤਸ਼ਾਹ ਨੇ ਪੰਜਾਂ ਸਿੰਘਾਂ ਦੇ ਸਿਰ ਕੱਟ ਦਿੱਤੇ। ਫਿਰ ਅੰਮ੍ਰਿਤ ਤਿਆਰ ਕੀਤਾ, ਸਿਰ ਕੱਟੇ

ਹੋਏ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰੱਖ ਦਿੱਤੇ। ਜਿਥੋਂ ਸਿਰ ਕੱਟੇ ਗਏ ਸੀ (ਮੋਢਿਆਂ ਵਾਲੀ ਥਾਂ 'ਤੇ) ਅੰਮ੍ਰਿਤ ਛਿੜਕਿਆ ਗਿਆ। ਤੁਰੰਤ ਨਵੇਂ ਸਿਰ ਪੈਦਾ (ਉੱਗ) ਹੋ ਗਏ। ਪੁਰਾਣੇ ਸਿਰਾਂ ਦਾ ਕੀ ਕੀਤਾ ਕੁਝ ਪਤਾ ਨਹੀਂ। ਅਜਿਹੀ ਊਲ ਜਲੂਲ ਲਿਖਣ ਵਾਲੀ ਯੂਨੀਵਰਸਿਟੀ ਵਿਚੋਂ ਪੜ੍ਹੇ ਹਨ ਸਾਡੇ ਇਹ ਤਖ਼ਤਾਂ ਦੇ ਜੇਥੇਦਾਰ।

3. ਇਸੇ ਕਿਤਾਬ ਦੇ ਪੰਨਾ 88 'ਤੇ ਦਰਜ ਹੈ ਕਿ ਅੰਮ੍ਰਿਤ ਛਕਣ ਤੋਂ ਬਾਦ ਦਸ ਹਜ਼ਾਰ ਸਾਲ ਤਕ ਨਰਕਾਂ ਵਿਚ ਨਹੀਂ ਜਾਵੇਗਾ। ਇਸੇ ਕਰਕੇ ਗਿਆਨੀ ਜੋਗਿੰਦਰ ਸਿੰਘ ਨੂੰ ਕਿਸੇ ਪਾਪ ਕਰਮ ਦਾ ਭੈ ਨਹੀਂ ਰਿਹਾ। ਇਸੇ ਲਈ ਮਨਮਰਜ਼ੀ ਦੇ ਹੁਕਮਨਾਮੇ ਜਾਰੀ ਕਰੀ ਜਾ ਰਹੇ ਹਨ। ਦਸ ਹਜ਼ਾਰ ਸਾਲ ਤਕ ਕੋਈ ਡਰ ਨਹੀਂ। ਇਹਨਾਂ ਟਕਸਾਲੀ ਲਿਖਤਾਂ ਦੀ ਥਾਵੇਂ ਗੁਰਬਾਣੀ ਦਾ ਇਲਾਹੀ ਫੈਸਲਾ ਹੈ—

ਚੋਰ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥
ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥ (ਮ: ੧, ਪੰਨਾ 662)

ਇਹ ਤਾਂ ਮੰਨਿਆ ਨਹੀਂ ਜਾ ਸਕਦਾ ਕਿ ਗਿਆਨੀ ਜੋਗਿੰਦਰ ਨੇ ਕਦੀ ਪਾਠ ਨਹੀਂ ਕੀਤਾ, ਨਾ ਹੀ ਇਹ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਉਸ ਨੂੰ ਗੁਰਬਾਣੀ ਦੇ ਅਰਥ ਨਾ ਆਉਂਦੇ ਹੋਣ। ਕਿਉਂਕਿ ਉਹ ਪੁਰਾਤਨ ਲਿਖਤੀ ਕਿਤਾਬਾਂ ਦੀ ਸੰਪਾਦਨਾ ਕਰਦਾ ਹੈ ਤੇ ਮਹਾਨ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਖ਼ਤ ਦਾ ਸੇਵਾਦਾਰ (ਅਸਲ ਵਿਚ ਗੁਰੂ ਨਾਲੋਂ ਵੱਡਾ ਹੋਣ ਦਾ ਪਾਪ ਭਰਮ) ਅਖਵਾਉਂਦਾ ਹੈ। ਜੋ ਕੂੜ ਕਬਾੜ ਟਕਸਾਲ ਵਾਲਿਆਂ ਨੇ ਜ਼ੁਬਾਨੀ ਅਤੇ ਲਿਖਤੀ, ਸਿੱਖੀ ਦੇ ਪੇਟੇ ਪਾਇਆ ਹੈ, ਉਹ ਗਿਆਨੀ ਜੀ ਨੇ ਨਾ ਪੜ੍ਹਿਆ ਹੋਵੇ ਇਹ ਅਸੰਭਵ ਹੈ।

ਇਹਨਾਂ ਟਕਸਾਲੀਆਂ ਨੇ ਜੋ ਹੋਰ ਅਨੇਕਾਂ ਬਖੇੜੇ ਪੰਥ ਵਿਚ ਪੈਦਾ ਕੀਤੇ ਹਨ, ਉਹਨਾਂ ਵਿਚੋਂ ਕਾਬਲੇ ਬਰਦਾਸ਼ਤ, ਪੰਥ ਦੀ ਸਮੁੱਚੀ ਹੋਂਦ ਨੂੰ ਖਤਰੇ ਵਿਚ ਪਾ ਦੇਣ ਵਾਲਾ **ਬੱਜਰ ਪਾਪ** ਇਹ ਕੀਤਾ ਹੈ ਕਿ ਪਾਵਨ ਪਵਿੱਤਰ ਗੁਰਬਾਣੀ, ਸ਼ੁੱਧ ਸੋਨਾ ਰੂਪ ਸਿੱਖ ਸਮਾਜ ਦੇ ਜੀਵਨ ਦੀ ਆਧਾਰ ਸ਼ਿਲਾ ਉੱਪਰ ਭੀ ਕੋਝਾ ਵਾਰ ਕੀਤਾ ਹੈ। ਇਹਨਾਂ ਦੀ ਕਿਤਾਬ 'ਗੁਰਬਾਣੀ ਪਾਠ ਦਰਸ਼ਨ' ਦੇ ਪੰਨਾ 260 'ਤੇ, ਗਿਆਨੀ ਗੁਰਬਚਨ ਸਿੰਘ ਗੁਰਮਤਿ "ਮਾਰਤੰਡ" (ਗਿਆਨ ਦਾ ਸੂਰਜ) ਸ਼ਰੇਆਮ ਲਿਖ ਰਿਹਾ ਹੈ ਕਿ "ਦਮਦਮੀ ਬੀੜ ਨਾਲੋਂ ਕਰਤਾਰਪੁਰੀ ਬੀੜ ਵਿਚ ਕਰੀਬ ਪੰਦਰਾਂ ਸੌ ਤੋਂ ਵੱਧ ਪਾਠ ਨਹੀਂ ਮਿਲਦੇ। ਭਾਵ ਕਿ ਦਮਦਮੀ ਬੀੜ ਠੀਕ ਹੈ, ਕਿਉਂਕਿ ਇਹਨਾਂ ਨੇ ਆਪਣੀ ਜਥੇਬੰਦੀ ਦਾ ਪਿਛੋਕੜ ਦਮਦਮਾ ਸਾਹਿਬ ਨਾਲ ਨੱਥੀ ਕਰ ਲਿਆ ਹੈ। ਜਦੋਂ ਕਿ ਕਿਸੇ ਇਤਿਹਾਸਕ ਸਰੋਤ ਪੁਸਤਕ ਵਿਚ ਟਕਸਾਲ ਦਾ ਜ਼ਿਕਰ ਹੀ ਨਹੀਂ ਹੈ। ਦਸਮ ਪਾਤਸ਼ਾਹ ਪੰਥ ਨੂੰ ਸਾਰੇ ਅਧਿਕਾਰ ਦੇ ਗਏ ਹਨ ਨਾ ਕਿ ਕਿਸੇ ਵਿਅਕਤੀ ਜਾਂ ਡੇਰੇ ਨੂੰ। ਇਹ ਲੁਕਵਾਂ ਗੁਰੂ ਡੰਮ ਹੀ ਹੈ। ਇਸੇ

ਕਾਰਨ ਦਮਦਮੀ ਬੀੜ ਸ਼ੁੱਧ ਹੈ, ਪਰ ਕਰਤਾਰਪੁਰੀ ਬੀੜ ਜੋ ਗੁਰੂ ਅਰਜਨ ਸਾਹਿਬ ਜੀ ਨੇ ਲਿਖਵਾਈ ਤੇ ਭਾਈ ਗੁਰਦਾਸ ਨੇ ਲਿਖੀ ਉਹ ਪੰਦਰਾਂ ਸੌ ਥਾਵੇਂ ਗਲਤ ਹੈ। ਕੀ ਵੇਦਾਂਤੀ ਜੀ ਨੇ ਇਹ ਕੁਫ਼ਰ ਪਾਠ ਇਹਨਾਂ ਦੀ ਕਿਤਾਬ ਵਿਚ ਕਦੀ ਨਹੀਂ ਪੜ੍ਹਿਆ ? ਜ਼ਰੂਰ ਪੜ੍ਹਿਆ ਹੈ, ਸੈਂਕੜੇ ਵਾਰ ਪੜ੍ਹਿਆ ਹੈ। ਪਰ ਗੁਰਬਾਣੀ ਸਿਧਾਂਤਾਂ ਤੋਂ ਉੱਪਰ ਵੇਦਾਂਤੀ ਜੀ ਟਕਸਾਲ ਦੀਆਂ ਲਿਖਤਾਂ ਨੂੰ ਮਾਨਤਾ ਦੇ ਰਹੇ ਹਨ। ਨਹੀਂ ਤਾਂ ਕੀ ਕਾਰਨ ਹੈ ਕਿ ਕਾਲਾ ਅਫ਼ਗਾਨਾ ਜੀ ਗੁਰਬਾਣੀ ਕੇ ਕਈ ਕਈ ਪ੍ਰਮਾਣ ਦੇ ਕੇ ਆਪਣੀ ਗੱਲ ਨੂੰ ਠੀਕ ਸਿੱਧ ਕਰ ਰਹੇ ਹਨ, ਉਹਨਾਂ ਨੂੰ ਫਾਂਸੀ ਲਾਉਣ ਦਾ ਸਾਰਾ ਅਡੰਬਰ ਰਚਿਆ ਜਾ ਰਿਹਾ ਹੈ। ਦੂਜੇ ਬੇਈਮਾਨੀ ਦੀ ਸਿਖਰ ਵੇਖੋ ਟਕਸਾਲੀਏ ਗੁਰਮਤਿ ਅਸੂਲਾਂ ਦੀਆਂ ਧੱਜੀਆਂ ਉਡਾ ਰਹੇ ਹਨ, ਪਾਵਨ ਕਰਤਾਰਪੁਰੀ ਬੀੜ ਦੀ ਸ਼ੁੱਧਤਾ ਨੂੰ ਚੈਲੰਜ ਕਰ ਰਹੇ ਹਨ, ਉਹ ਫਿਰ ਭੀ ਅਸਲੀ ਗੁਰਸਿੱਖ ਗਰਦਾਨੇ ਜਾ ਰਹੇ ਹਨ। ਖ਼ੁਦ ਵੇਦਾਂਤੀ ਜੀ ਵੀ ਉਸੇ ਬ੍ਰਾਹਮਣੀ ਟਕਸਾਲ ਵਿਚੋਂ ਸਿੱਖ ਕੇ ਆਏ ਹਨ ਕੀ ਕਿਸੇ ਸਿੱਖ ਨੂੰ ਨਿਰੋਲ ਸੱਚ ਬੋਲਣ ਕਾਰਨ ਸਿੱਖੀ ਵਿਚੋਂ ਖਾਰਜ ਕਰ ਦੇਣਾ, ਲਿਖਤਾਂ 'ਤੇ ਪਾਬੰਦੀ ਲਾ ਦੇਣੀ, ਇਹੀ ਤਾਂ ਕੀਤਾ ਗਿਆ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ "ਸਿੱਖ ਰਹਿਤ ਮਰਿਆਦਾ" ਦੇ ਮੁਕਾਬਲੇ 'ਤੇ ਇਹਨਾਂ ਆਪਣੀ (1994) ਵੱਖਰੀ ਰਹਿਤ ਮਰਿਆਦਾ ਬਣਾ ਲਈ ਹੈ। ਅਣਗਿਣਤਵਾਰ ਇਹਨਾਂ ਪੰਥਕ ਹਸਤੀ ਨੂੰ ਚੈਲੰਜ ਕੀਤਾ ਹੈ। ਸੇਵਾ ਦੇ ਬਦਲੇ, ਤੇਰਾਂ ਸਾਲ ਤਕ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੇ ਨਾਮ 'ਤੇ ਦੇਸ਼-ਵਿਦੇਸ਼ ਤੋਂ ਸਿੱਖਾਂ ਨੂੰ ਲੁੱਟਿਆ ਗਿਆ ਹੈ। ਬਾਕੀ ਚਾਰ ਸਾਥੀ ਸੇਵਾ ਵਾਲੇ ਬਾਬੇ ਬੇਇੱਜ਼ਤ ਕਰਕੇ ਹਿੱਕ ਦੇ ਤਾਣ ਸੇਵਾ 'ਚੋਂ ਲਾਂਭੇ ਕਰ ਦਿੱਤੇ ਗਏ, ਤਾਂ ਕਿ ਮਨ ਮਾਨੀਆਂ ਕੀਤੀਆਂ ਜਾ ਸਕਣ। ਅੱਜ ਤਕ "ਬਾਬਾ ਜਰਨੈਲ ਸਿੰਘ ਜੀਵਤ ਹੈ, ਚੜ੍ਹਦੀ ਕਲਾ ਵਿਚ ਹੈ", ਆਖ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਹਜ਼ਾਰਾਂ ਦੇ ਇਕੱਠਾਂ ਸਾਹਮਣੇ ਬੜੀ ਬੇਹਯਾਈ ਨਾਲ ਕੁਫ਼ਰ ਤੋਲਿਆ ਜਾ ਰਿਹਾ ਹੈ ਤਾਂ ਉਦੋਂ ਜਦੋਂ ਇਹਨਾਂ ਵੱਲੋਂ ਸੰਪਾਦਤ ਕੀਤੀ ਪੁਸਤਕ ਗੁਰਬਿਲਾਸ ਪਾ: 6 'ਤੇ ਕੋਈ ਉਂਗਲ ਉਠਾਏ। ਇਹ ਆਪਣੀ ਪੁਸਤਕ ਵਿਚ ਸਤਿਗੁਰੂ ਜੀ ਦੀ ਅਜਮਤ ਘੱਟੇ ਰੋਲ ਦੇਣ, ਸਤਿਗੁਰੂ ਜੀ ਨੂੰ ਕੌਲਾਂ ਦਾ ਆਸ਼ਿਕ ਸਿੱਧ ਕਰ ਦੇਣਾ, ਬਾਬਾ ਬੁੱਢਾ ਜੀ ਤੋਂ ਵਰ ਸਰਾਪ ਦੁਆਂਦੇ ਰਹਿਣ, ਗੁਰਦੁਆਰੇ ਦਰਬਾਰ ਸਾਹਿਬ ਨੂੰ ਹਰੀ ਮੰਦਿਰ ਦਾ (ਹਰੀ ਵਿਸ਼ਨੂੰ ਦਾ ਮੰਦਿਰ) ਐਲਾਨੀ ਜਾਣ, ਸਿੱਖ ਲਵ-ਕੁਸ਼ ਦੀ ਔਲਾਦ ਬਣੇ ਰਹਿਣ ਇਹ ਸਭ ਪ੍ਰਵਾਨ ਹੈ। ਪਰ ਜੇ ਕੋਈ ਗੁਰਮਤਿ ਦਾ ਜਾਣੂੰ ਇਹਨਾਂ ਨੂੰ ਰੋਕੇ ਟੋਕੇ ਤਾਂ ਪੰਥ ਦੁਸ਼ਮਣ ਆਖਕੇ ਛੇਕ ਦੇਣਗੇ।

ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ ਰਚਿਤ) ਪੰਜ਼ੀ ਪਰਸੈਂਟ ਤੋਂ ਜ਼ਿਆਦਾ

ਗੁਰਮਤਿ ਤੋਂ ਉਲਟ ਲਿਖਤ ਹੈ। ਅਨੇਕ ਥਾਈਂ ਸਤਿਗੁਰੂ ਨੂੰ ਬੇਇਜ਼ਤ ਕੀਤਾ ਗਿਆ ਹੈ। ਦੇਵੀਆਂ ਦੇ ਪੁਜਾਰੀ, ਨਸ਼ੇ ਖਾਂਦੇ ਪੀਂਦੇ ਅਤੇ ਹੋਰ ਪਾਪ ਕਰਦੇ ਲਿਖਿਆ ਹੈ ਫਿਰ ਵੀ ਉਹਨਾਂ ਗ੍ਰੰਥਾਂ ਦੀ, ਗੁਰਦੁਆਰਿਆਂ ਵਿਚ ਹਰ ਰੋਜ਼ ਕਥਾ ਹੁੰਦੀ ਹੈ। ਦਸਮ ਗ੍ਰੰਥ ਵਿਚਲੀਆਂ ਅਸ਼ਲੀਲ, ਕਾਮ ਉਤੇਜਨਾ ਭਰਪੂਰ ਕਥਾਵਾਂ ਇਹਨਾਂ ਨੂੰ ਕੜਾਹ ਵਾਂਗ ਪਿਆਰੀਆਂ ਹਨ। ਪ੍ਰਿੰ. ਸਤਿਬੀਰ ਸਿੰਘ ਦੀਆਂ ਪੁਸਤਕਾਂ ਵਿਚੋਂ ਢੇਰ ਸਾਰਾ ਗੁਰਮਤਿ ਵਿਰੋਧੀ ਕੂੜਾ ਮਿਲ ਜਾਂਦਾ ਹੈ। ਥਾਂ-ਥਾਂ 'ਤੇ ਸਾਧ ਸੰਤ ਗੁਰਮਤਿ ਤੋਂ ਉਲਟ ਮਰਿਯਾਦਾਵਾਂ ਚਲਾ ਰਹੇ ਹਨ। ਬਾਣੀ ਨੂੰ ਤੋੜ ਮਰੋੜ ਰਹੇ ਹਨ। ਜਿਵੇਂ ਚਾਹੁਣ ਜਥੇਦਾਰਾਂ ਦੇ ਕੰਨ ਮਰੋੜ ਕੇ ਹੁਕਮਨਾਮੇ ਜਾਰੀ ਕਰਵਾ ਲੈਂਦੇ ਹਨ। ਨਸ਼ੇ, ਪਤਿਤਪੁਣਾ ਪੰਜਾਬ ਵਿਚ ਵਬਾ ਦੀ ਤਰ੍ਹਾਂ ਫੈਲਦਾ ਜਾ ਰਿਹਾ ਹੈ। ਗੁਰਦੁਆਰੇ ਸਿੱਖਾਂ ਨੂੰ ਸੋਝੀ ਦੇਣ ਦੀ ਥਾਵੇਂ ਆਮ ਕਰਕੇ ਵਪਾਰਕ ਅਦਾਰੇ ਬਣ ਚੁੱਕੇ ਹਨ। ਦੇਸ਼-ਵਿਦੇਸ਼ ਵਿਚ ਦਾਜ ਕਾਰਨ ਸਿੱਖ ਲੜਕੀਆਂ ਨੂੰ ਕਤਲ ਕੀਤਾ ਜਾ ਰਿਹਾ ਹੈ। ਭਰੂਣ ਹੱਤਿਆ ਜ਼ੋਰਾਂ 'ਤੇ ਹੈ ਤੇ ਸਾਡੇ ਜਥੇਦਾਰ ਚੈਨ ਦੀ ਬੰਸਰੀ ਵਜਾ ਰਹੇ ਹਨ, ਜਾਂ ਫਿਰ ਕਾਲਾ ਅਫ਼ਗਾਨਾ ਜੀ ਵਿਰੁੱਧ ਆਰਾ ਤਿੱਖਾ ਕਰ ਰਹੇ ਹਨ।

ਟਕਸਾਲ ਵੱਲੋਂ ਛਪੀ ਹੋਈ ਗਿਆਨੀ ਗੁਰਬਚਨ ਸਿੰਘ ਦੀ ਲਿਖੀ ਹੋਈ ਇਕ ਹੋਰ ਕਿਤਾਬ ਹੈ, ਗੁਰਮੁਖ ਪ੍ਰਕਾਸ਼। ਇਸ ਵਿਚ ਵੀ ਰੱਜ ਕੇ ਝੂਠ ਲਿਖਿਆ ਗਿਆ ਹੈ ਤੇ ਪੰਥ ਦੇ ਭੋਲੇ ਬੱਚਿਆਂ ਨੂੰ ਗੁਮਰਾਹ ਕੀਤਾ ਗਿਆ। ਸਾਰੀ ਇਬਾਰਤ ਪੰਨੇ ਵਾਰ ਫੋਟੋ ਕਾਪੀ ਕਰਵਾ ਕੇ ਭੇਜ ਰਿਹਾ ਹਾਂ। ਕੀ ਵੇਦਾਂਤੀ ਜੀ ਨੇ ਉਹ ਵੀ ਨਹੀਂ ਪੜ੍ਹੀ, ਜ਼ਰੂਰ ਪੜ੍ਹੀ ਹੈ, ਇਸ ਕਰਕੇ ਤਾਂ ਬੀਬੀਆਂ ਨੂੰ ਕੀਰਤਨ, ਪਾਠ, ਅਰਦਾਸ, ਹੁਕਮਨਾਮਾ, ਪੰਜ ਪਿਆਰਿਆਂ ਦਾ ਪ੍ਰਸਾਦਿ ਨਹੀਂ ਲੈਣ ਦਿੰਦੇ। ਸਿੱਖ ਰਹਿਤ ਮਰਿਯਾਦਾ ਦੇ ਉਲਟ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਡਿਊਟੀ (ਪੰਜ ਪਿਆਰਿਆਂ ਦੀ ਸੇਵਾ) ਵਿਚ ਸ਼ਾਮਲ ਨਹੀਂ ਹੋਣ ਦਿੰਦੇ। ਸ਼ਾਇਦ ਟਕਸਾਲ ਵਾਲੇ ਬੀਬੀਆਂ ਨੂੰ ਇਨਸਾਨ ਮੰਨਣ ਤੋਂ ਨਾਬਰ ਹੋ ਚੁੱਕੇ ਹਨ। ਵੇਦਾਂਤੀ ਜੀ ਨੂੰ ਇਹ ਸਭ ਪ੍ਰਵਾਨ ਹੈ। ਸ਼ਾਇਦ ਸਾਡੇ ਜਥੇਦਾਰ ਭੁੱਲ ਗਏ ਹਨ ਕਿ ਭਾਰਤੀ ਸੰਵਿਧਾਨ ਵਿਚ ਇਕ ਮੱਦ ਇਹ ਵੀ ਦਰਜ਼ ਹੈ, ਕਿਸੇ ਵਿਅਕਤੀ ਨਾਲ ਜਾਤ, ਧਰਮ, ਬੋਲੀ, ਲਿੰਗ ਦੇ ਕਾਰਨ ਵਿਤਕਰਾ ਨਹੀਂ ਕੀਤਾ ਜਾਵੇਗਾ। ਵਿਤਕਰਾ ਕਰਨ ਕਰਾਉਣ ਵਾਲਾ ਸਜ਼ਾ ਦਾ ਭਾਗੀ ਹੋਵੇਗਾ। ਵੇਖਣਾ ਕਿਸੇ ਪੰਥ ਵਿਚੋਂ ਖਾਰਜ ਕੀਤੇ ਵਿਅਕਤੀ ਨੇ ਜੇ ਅਦਾਲਤ ਦਾ ਬੂਹਾ ਖੜਕਾ ਦਿੱਤਾ ਤਾਂ ਜਥੇਦਾਰਾਂ ਨੂੰ ਲੁਕਣ ਲਈ ਥਾਂ ਨਹੀਂ ਲੱਭਣੀ। ਸਿੱਧੇ ਹੀ ਜੇਲ੍ਹ ਜਾਉਗੇ, ਕਿਉਂਕਿ ਵਿਚਾਰਾਂ ਦੇ ਮਤਭੇਦ ਕਾਰਨ ਕਿਸੇ ਨੂੰ ਪੰਥ ਵਿਚੋਂ ਛੇਕਣ ਦੀ ਅਜਿਹੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ।

ਅਜੇ ਵੀ ਵਕਤ ਹੈ ਪੰਥ ਦੀ ਚੜ੍ਹਦੀ ਕਲਾ ਵਾਸਤੇ ਸਕੂਲ, ਕਾਲਜ ਖੋਲ੍ਹੋ, ਮਿਸ਼ਨਰੀ ਪੈਦਾ ਕਰੋ। ਵੱਧ ਤੋਂ ਵੱਧ ਗੁਰਮਤਿ ਸਾਹਿਤ ਛਾਪ ਕੇ ਵੰਡੋ। ਆਪਣਾ ਅਖ਼ਬਾਰ ਘਟੋ ਘੱਟ ਤ੍ਰੈ-ਭਾਸ਼ੀ (ਪੰਜਾਬੀ, ਹਿੰਦੀ, ਅੰਗਰੇਜ਼ੀ) ਚਾਲੂ ਕਰੋ। ਗੋਲਕਾਂ ਦੀ ਸਹੀ ਵਰਤੋਂ ਕਰੋ। ਗੁਰੂ ਘਰਾਂ ਵਿਚ ਸੁਲਝੇ ਹੋਏ ਸਿੱਖ ਤਾਇਨਾਤ ਕਰੋ। ਸੁਲਝੇ ਹੋਏ ਕਥਾਵਾਚਕਾਂ ਰਾਹੀਂ ਟੀ.ਵੀ ਚੈਨਲਾਂ ਤੇ ਗੁਰਮਤਿ ਵਿਆਖਿਆ ਕਰਵਾਉ। ਦਿੱਲੀ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਬਾਕੀ ਧਰਮ ਅਸਥਾਨਾਂ ਨੂੰ ਰਾਜਨੀਤੀ ਦੇ ਅੱਡੇ ਬਣਨ ਤੋਂ ਬਚਾਉ। ਇਹ ਤੁਹਾਡੀ ਬਹੁਤ ਵੱਡੀ ਸੇਵਾ ਹੋਵੇਗੀ। ਕਾਲਾ ਅਫ਼ਗਾਨਾ ਜੀ ਨੂੰ ਪੰਥ ਵਿਚੋਂ ਖਾਰਜ ਕਰਨ ਨਾਲ ਪੰਥ ਦਾ ਕੋਈ ਭਲਾ ਨਹੀਂ ਹੋਣਾ। ਸਗੋਂ ਜਥੇਦਾਰਾਂ ਦੇ ਮੱਥੇ 'ਤੇ ਇਕ ਕਾਲਖ ਦਾ ਹੋਰ ਟਿੱਕਾ ਲੱਗ ਜਾਵੇਗਾ। ਐ ਜਥੇਦਾਰੋ, ਤੁਸੀਂ ਹੀ ਅਸਲ ਵਿਚ ਪੰਥ 'ਤੇ ਕਲੰਕ ਅਤੇ ਭਾਰੀ ਬੋਝ ਹੋ। ਮਾਮੂਲੀ ਮਤਭੇਦਾਂ ਕਾਰਨ ਹੁਕਮਨਾਮਾ ਰੂਪੀ ਕੁਹਾੜੇ ਨੂੰ ਨਾ ਵਰਤੋ। ਜੇ ਇਸੇ ਤਰ੍ਹਾਂ ਕਰਦੇ ਰਹੇ ਤਾਂ ਤੁਸੀਂ ਹੀ ਪੰਥ ਦੁਸ਼ਮਣ ਗਿਣੇ ਜਾਉਗੇ। ਸਮੇਂ ਨੇ ਪਹਿਲਾਂ ਵੀ ਅਜਿਹੇ ਹਾਲਾਤ ਵੇਖੇ ਹਨ, ਤੁਹਾਡੀਆਂ ਕੀਤੀਆਂ ਦਾ ਫੈਸਲਾ ਵੀ ਭਵਿੱਖ ਕਰੇਗਾ।

ਇੰਦਰ ਸਿੰਘ ਘੱਗਾ

(ਸਪੋਕਸ ਮੈਨ ਵਿਚ ਛਪ ਚੁਕਿਆ)

ਸ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਬਾਰੇ ਬੋਲਣ ਤੋਂ ਪਹਿਲਾਂ ਪੜ੍ਹੋ !

ਇੰਦਰ ਸਿੰਘ ਘੱਗਾ (ਪ੍ਰੋ.)

ਇਹਨਾਂ ਦਿਨਾਂ ਵਿਚ ਜੋ ਚਰਚਾ ਜਨ ਸਾਧਾਰਣ ਦੀ ਜ਼ਬਾਨ 'ਤੇ ਹੈ ਉਹ ਹੈ ਸਹਿਜਧਾਰੀ ਵੋਟਾਂ ਬਾਰੇ। ਦੇਹਧਾਰੀ ਗੁਰੂਆਂ ਬਾਬਿਆਂ ਬਾਰੇ ਜਾਂ ਫਿਰ ਚਰਚਾ ਹੋ ਰਹੀ ਹੈ ਸ. ਗੁਰਬਖਸ਼ ਸਿੰਘ ਜੀ ਕਾਲਾ ਅਫ਼ਗਾਨਾ ਬਾਰੇ। ਪੰਜ ਕੁ ਸਾਲ ਪਹਿਲਾਂ ਛਪੀ ਇਹਨਾਂ ਦੀ ਪੁਸਤਕ "ਬਿਪਰਨ ਕੀ ਰੀਤ ਤੇ ਸੱਚ ਦਾ ਮਾਰਗ ਭਾਗ ਪਹਿਲਾ" ਪੜ੍ਹਨ ਦਾ ਮੌਕਾ ਮਿਲਿਆ। ਜਿਉਂ ਜਿਉਂ ਕਿਤਾਬ ਪੜ੍ਹੀ ਮਨ ਖੁਭਦਾ ਚਲਾ ਗਿਆ। ਲਗਪਗ ਛੇ ਸੌ ਸਫ਼ੇ ਦੀ ਕਿਤਾਬ ਲਿਖਣ ਲਈ ਕਿੰਨੀ ਮਿਹਨਤ ਕਰਨੀ ਪਈ, ਕਿੰਨੀ ਵਾਰ ਗੁਰੂ ਗ੍ਰੰਥ ਸਾਹਿਬ ਵਿਚੋਂ ਗੁਰਬਾਣੀ ਪ੍ਰਮਾਣ ਦੇਣ ਵਾਸਤੇ ਅਧਿਐਨ ਕੀਤਾ ਗਿਆ, ਜਾਂ ਫਿਰ ਹਿੰਦੂ ਪੌਰਾਣਿਕ ਗ੍ਰੰਥਾਂ ਦੀ ਕਿਤਨੀ ਸ਼ਿੱਦਤ ਨਾਲ ਡੂੰਘੀ ਖੋਜ ਪਰਖ ਕੀਤੀ ਗਈ, ਸੋਚ ਕੇ ਹੀ ਲੇਖਕ ਨੂੰ ਤੁਰੰਤ ਖ਼ਤ ਲਿਖਕੇ ਮੁਬਾਰਕਵਾਦ ਦਿੱਤੀ। ਉਸ ਤੋਂ ਬਾਅਦ ਜੋ ਕਿਤਾਬ ਭੀ ਛਪ ਕੇ ਆਉਂਦੀ ਪੜ੍ਹੇ ਬਿਨਾਂ ਸਕੂਨ ਨਹੀਂ ਮਿਲਦਾ ਸੀ। ਉੱਪਰੋਂ ਸੋਨੇ 'ਤੇ ਸੁਹਾਗਾ ਇਹ ਹੋਇਆ ਕਿ "ਸਪੋਕਸ ਮੈਨ" ਵਿਚ ਅਫ਼ਗਾਨਾ ਜੀ ਦੇ ਲੇਖ ਅਤੇ ਉਹਨਾਂ ਦੀ ਆਲੋਚਨਾ ਛਪਣ ਲੱਗ ਪਈ। ਪਿਛਲੇ ਸਾਲ ਸ਼ੁਰੂ ਮਾਰਚ ਮਹੀਨੇ ਤੋਂ ਲੇਖਕ ਨੂੰ ਕੈਨੇਡਾ ਵਿਚ ਧਰਮ ਪ੍ਰਚਾਰ ਵਾਸਤੇ ਜਾਣ (ਛੇ ਮਹੀਨੇ ਲਈ) ਦਾ ਸਾਧਨ ਬਣ ਗਿਆ। ਦਾਸ ਦੀ ਕਥਾ ਰੇਡੀਓ ਤੋਂ ਭੀ ਪ੍ਰਸਾਰਤ ਹੁੰਦੀ ਸੀ, ਜਿਸਨੂੰ ਅਫ਼ਗਾਨਾ ਜੀ ਨੇ ਭੀ ਸੁਣਿਆ। ਕੋਸ਼ਿਸ਼ ਕਰਨ ਤੋਂ ਬਾਅਦ ਇਹਨਾਂ ਦੇ ਘਰ ਦਾ ਪਤਾ ਅਤੇ ਫੋਨ ਨੰਬਰ ਪ੍ਰਾਪਤ ਕੀਤਾ। ਬੇਨਤੀ ਕਰਕੇ ਮਿਲਣ ਦੀ ਇਜਾਜ਼ਤ ਲੈ ਲਈ। ਅਸੀਂ ਛੇ ਕੁ ਸਿੰਘਾਂ ਦਾ ਜਥਾ ਵਕਤ ਸਿਰ ਇਹਨਾਂ ਦੇ ਘਰ ਪੁੱਜ ਗਏ। ਇਹ ਉਡੀਕ ਵਿਚ ਸਨ। ਗੁਰ ਫ਼ਤਹਿ ਬੁਲਾਈ ਤੇ ਸਾਰੇ ਬੈਠ ਗਏ। ਅਸੀਂ ਸਾਰਿਆਂ ਨੇ ਸਰੀਰਕ ਸੁਖ ਸਾਂਦ ਪੁੱਛਣ ਤੋਂ ਬਾਅਦ ਕਰੀਬ ਪੰਜ ਘੰਟੇ ਇਹਨਾਂ ਕੋਲ ਬਿਤਾਏ। ਗੁਰਬਾਣੀ ਅਤੇ ਇਤਿਹਾਸ ਵਿਚੋਂ ਉਹ ਮੋਤੀ ਲੱਭ ਲੱਭ ਕੇ ਸਾਡੇ ਹਿਰਦੇ ਰੂਪੀ ਝੋਲੀ ਵਿਚ ਪਾਏ, ਜਿਨ੍ਹਾਂ ਦੀ ਤਵੱਕੋ ਹੀ ਨਹੀਂ ਸੀ। ਇਹਨਾਂ ਦੀ ਸੁਪਤਨੀ, ਸਤਿਕਾਰ ਯੋਗ ਮਾਤਾ ਜੀ, ਥੋੜ੍ਹੇ ਥੋੜ੍ਹੇ ਸਮੇਂ ਬਾਅਦ ਸੁਆਦਲੇ ਪਦਾਰਥ ਛਕਣ ਲਈ ਬਣਾ ਕੇ ਲਿਆਉਂਦੇ ਰਹੇ। ਲੰਮਾ ਸਮਾਂ ਅਪਣਤ ਅਤੇ ਪਿਆਰ ਵਾਲੇ ਮਾਹੌਲ ਵਿਚ ਗੁਰਮਤਿ ਵਿਚਾਰਾਂ

ਹੋਈਆਂ। ਗਿਆਨ ਠਾਠਾਂ ਮਾਰਦਾ ਦਰਿਆ, ਅਥਾਹ ਸਮੁੰਦਰ, ਗਹਿਰ ਗੰਭੀਰ ਵਿਚਾਰਵਾਨ ਬਜ਼ੁਰਗ ਦੇ ਪਰੱਤਖ ਦਰਸ਼ਨ ਕਰਨ ਦਾ ਆਪਣਾ ਇਕ ਅਲੌਕਿਕ ਆਨੰਦ ਸੀ।

ਅੱਸੀਂ ਸਾਲ ਤੋਂ ਵਡੇਰੀ ਉਮਰ, ਹਲਕਾ ਫੁਲਕਾ ਛੇ ਫੁੱਟ ਦਾ ਸਰੀਰ। ਦਰਸ਼ਨੀ ਚਿਹਰਾ, ਤੋਲਵੇਂ ਸੰਕੋਚਵੇਂ ਪਰ ਵਜ਼ਨਦਾਰ ਵਿਚਾਰ। ਗੁਰਬਾਣੀ ਦੇ ਪ੍ਰਮਾਣਾਂ ਦਾ ਅੰਤ ਪਾਰਾਵਾਰ ਹੀ ਨਹੀਂ। ਇਸ ਤੋਂ ਬਾਅਦ ਦਾਸ ਰਾਗੀਆਂ ਢਾਡੀਆਂ ਅਤੇ ਕਥਾ ਵਾਚਕਾਂ ਨੂੰ ਬੇਨਤੀ ਕਰਕੇ ਸ. ਜੀ ਨੂੰ ਮਿਲਾਉਣ ਲਈ ਪ੍ਰਬੰਧ ਕਰਦਾ। ਮਿੱਤਰਾਂ ਦੋਸਤਾਂ ਨੂੰ ਇਕੱਠੇ ਕਰਕੇ ਦੋ ਤਿੰਨ ਵੈਨਾਂ ਭਰਕੇ ਦਸ ਪੰਦਰਾਂ ਦਿਨਾਂ ਬਾਅਦ ਉਹਨਾਂ ਦੇ ਪ੍ਰਵਚਨ ਸੁਣਨ ਜਾਣ ਲੱਗ ਪਏ। ਬਹੁਤ ਸਾਰੇ ਲੋਕਾਂ ਵੱਲੋਂ ਗੁਰਦੁਆਰਾ ਕਮੇਟੀਆਂ ਵੱਲੋਂ, ਜਾਂ ਫਿਰ ਪਾਖੰਡੀ ਬਾਬਿਆਂ ਵੱਲੋਂ ਉਹਨਾਂ ਦਾ ਥਾਂ ਥਾਂ ਵਿਰੋਧ ਹੋਣ ਕਰਕੇ ਉਹ ਗੁਰਦੁਆਰੇ ਘੱਟ ਹੀ ਜਾਂਦੇ ਹਨ। ਹੋ ਸਕਦਾ ਹੈ ਕੋਈ ਮਨਮੁਖ ਮੰਦੀ ਹਰਕਤ ਕਰ ਦੇਵੇ। ਪਰ ਅਸੀਂ ਉਹਨਾਂ ਦੇ ਘਰ ਵਿਚ ਹੀ ਗੁਰਮਤਿ ਦੇ ਸਮਾਗਮ ਕਰਨੇ ਸ਼ੁਰੂ ਕਰ ਦਿੱਤੇ। ਇਕ ਘੰਟਾ ਕੀਰਤਨ, ਇਕ ਘੰਟਾ ਢਾਡੀ ਵਾਰਾਂ ਅਤੇ ਅੱਧਾ ਘੰਟਾ ਗੁਰਬਾਣੀ ਕਥਾ। ਪਤਾ ਲੱਗਣ ਤੇ ਆਂਢ-ਗੁਆਂਢ ਦੇ ਸਿੱਖ ਮਾਈ ਭਾਈ ਭੀ ਆ ਬਿਰਾਜਦੇ। ਬੜੀ ਅੰਮ੍ਰਿਤ ਬਰਖਾ ਹੁੰਦੀ। ਇਸੇ ਤਰ੍ਹਾਂ ਨਾਲ ਦੇ ਘਰਾਂ ਵਾਲੇ ਭੀ ਆਪਣੇ ਘਰਾਂ ਵਿਚ ਸਮਾਗਮ ਕਰਵਾਉਣ ਲੱਗ ਪਏ ਤੇ ਸ. ਜੀ ਉਥੇ ਪੁੱਜ ਜਾਂਦੇ। ਜਿਨ੍ਹਾਂ ਲੋਕਾਂ ਦੇ ਮਨਾਂ ਵਿਚ ਸੁਣੀ ਸੁਣਾਈ ਈਰਖਾ ਭਰੀ ਹੋਈ ਸੀ ਇਹਨਾਂ ਪ੍ਰਤੀ ਉਹ ਕਾਫ਼ੀ ਹੱਦ ਤਕ ਖਤਮ ਹੋ ਗਈ। ਅਗਲੀ ਖ਼ਾਸ ਗੱਲ ਜੋ ਸਰਦਾਰ ਜੀ ਨੇ ਮੈਨੂੰ ਦੱਸੀ, ਉਹ ਇਹ ਸੀ ਕਿ ਮੈਂ ਬਹੁਤ ਲੰਮੇ ਅਰਸੇ ਤੋਂ ਗੁਰਸਿੱਖਾਂ ਦੋਂ ਦੂਰੀ ਹੰਢਾ ਰਿਹਾ ਹਾਂ। ਮੇਰੀ ਸਮਾਜਕ ਜ਼ਿੰਦਗੀ ਲਗਪਗ ਖਤਮ ਹੋ ਗਈ ਹੈ। ਇਕਾਂਤ ਵਾਲਾ ਜੀਵਨ ਬਿਤਾ ਰਿਹਾ ਹਾਂ। ਇਹ ਠੀਕ ਹੈ ਕਿ ਮੈਂ ਲਿਖਕੇ ਪੜ੍ਹਕੇ ਬਹੁਤ ਸਮਾਂ ਲੇਖੇ ਲਾ ਲੈਂਦਾ ਹਾਂ, ਪਰ ਫਿਰ ਵੀ ਸਮਾਜਕ ਜੀਵ ਨੂੰ ਸਾਥ ਭੀ ਲੋੜੀਂਦਾ ਹੈ। ਮੇਰੇ ਬੱਚਿਓ, ਤੁਸੀਂ ਆ ਕੇ ਮੇਰੀ ਮੁੜ ਤੋਂ ਸਮਾਜ ਵਿਚ ਵਾਪਸੀ ਦਾ ਰਾਹ ਪੱਧਰਾ ਕਰ ਦਿੱਤਾ ਹੈ। ਇਸ ਤਰ੍ਹਾਂ ਦਾਸ ਉਹਨਾਂ ਨਾਲ ਕੁਝ ਸੌ ਵਿਅਕਤੀਆਂ ਨੂੰ ਮਿਲਾਉਣ ਵਿਚ ਕਾਮਯਾਬ ਹੋਇਆ ਤੇ ਉਹ ਸਾਰੇ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ।

ਇਕ ਘਟਨਾ ਜੋ ਪਾਠਕਾਂ ਲਈ ਭੀ ਦਿਲਚਸਪ ਹੋਵੇਗੀ ਇਸਤਰ੍ਹਾਂ ਵਾਪਰੀ। ਵੈਨਕੂਵਰ (ਕੈਨੇਡਾ) ਵਿਚ ਇਕ ਸਿੱਖਾਂ ਦਾ ਪ੍ਰਾਈਵੇਟ ਰੇਡੀਓ "ਪੰਜਾਬ" ਨਾਮੀ ਚਲਦਾ ਹੈ। ਇਕ ਸੁਲਝੇ ਹੋਏ ਪ੍ਰੋ. ਸ. ਗੁਰਦੇਵ ਸਿੰਘ ਨੇ ਇਸ ਰੇਡੀਓ ਦੇ ਮਾਲਕ ਤੋਂ ਹਰ ਰੋਜ਼ ਰਾਤੀਂ 9 ਵਜੇ ਤੋਂ 11 : 00 ਵਜੇ ਤਕ ਦੋ ਘੰਟੇ ਦਾ ਸਮਾਂ ਰਾਖਵਾਂ ਕਰਵਾ ਲਿਆ। ਯੋਗ ਖਰਚਾ ਅਦਾ ਕਰ ਦਿੱਤਾ ਮਹੀਨੇ ਬਾਈ। ਫਿਰ ਇਸਨੇ

ਗੁਰਮਤਿ ਦੇ ਜਾਣਕਾਰ ਵਿਦਵਾਨਾਂ ਨੂੰ ਸੱਦ ਕੇ ਲਗਪਗ ਇਕ ਘੰਟਾ ਰੇਡੀਓ 'ਤੇ ਬੋਲਣ ਵਾਸਤੇ ਵਕਤ ਦੇਣਾ। ਬੋਲ ਗਏ ਗੁਰਮਤਿ ਦੇ ਸੰਬੰਧਤ ਵਿਸ਼ੇ 'ਤੇ ਫਿਰ ਸਰੋਤਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਨ। ਉਹਨਾਂ ਦੇਸ਼ਾਂ ਵਿਚ ਇਹ ਸਹੂਲਤ ਬਹੁਤ ਦੇਰ ਤੋਂ ਪ੍ਰਾਪਤ ਹੈ ਕਿ ਸਰੋਤਾ ਫੋਨ ਰਾਹੀਂ ਰੇਡੀਓ ਨੂੰ ਕਾਲ ਕਰੇਗਾ। ਆਪਣੇ ਵਿਚਾਰ ਰੱਖੇਗਾ ਤੇ ਉਹ ਫੋਨ ਰਾਹੀਂ ਬੋਲੇ ਗਏ ਬਚਨ ਰੇਡੀਓ 'ਤੇ ਨਾਲੋ ਨਾਲ ਬ੍ਰਾਡਕਾਸਟ ਹੁੰਦੇ ਜਾਣਗੇ। ਪਬਲਿਕ ਬੂਥ ਤੋਂ ਕੀਤੀ ਗਈ ਕਾਲ ਪ੍ਰਵਾਨ ਨਹੀਂ ਕੀਤੀ ਜਾਂਦੀ। ਕਾਰਨ ਇਹ ਪਈ ਫੋਨ ਕਰਨ ਵਾਲੇ ਦਾ (I.D.) ਨੰਬਰ ਰੇਡੀਓ 'ਤੇ ਰਿਕਾਰਡ ਹੁੰਦਾ ਰਹਿੰਦਾ ਹੈ। ਗਲਤ ਬਿਆਨੀ ਕਰਨ ਵਾਲੇ ਦੀ ਯੋਗ ਤਰੀਕੇ ਨਾਲ ਪੁਛਗਿਛ ਕੀਤੀ ਜਾ ਸਕਦੀ ਹੈ।

ਸਰਦਾਰ ਗੁਰਦੇਵ ਸਿੰਘ ਦਾ ਇਕ ਸਹਿਯੋਗੀ ਹੈ ਸ. ਅਵਨਿੰਦਰ ਸਿੰਘ। ਇਹ ਭੀ ਗੁਰਮਤਿ ਦਾ ਅੱਛਾ ਜਾਣਕਾਰ ਹੈ। ਜਿਥੇ ਇਹਨਾਂ ਗੁਰਮਤਿ ਦੇ ਅਨੇਕ ਵਿਸ਼ੇ ਰੇਡੀਓ ਤੋਂ ਪ੍ਰਸਾਰਿਤ ਕੀਤੇ ਵਿਚਾਰਾਂ ਹੋਈਆਂ, ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਕ ਦਿਨ "ਗੁਰਮਤਿ ਤੇ ਬਿਪਰਨ ਕੀ ਰੀਤ" ਵਿਸ਼ੇ 'ਤੇ ਦੋ ਘੰਟੇ ਪ੍ਰੋਗਰਾਮ ਪੇਸ਼ ਕੀਤਾ ਗਿਆ। ਸ. ਅਵਨਿੰਦਰ ਸਿੰਘ ਨੇ ਆਪਣੇ ਲੰਮੇ ਲੈਕਚਰ ਵਿਚ ਨਿਸ਼ਾਨਾ ਸ. ਗੁਰਬਖਸ ਸਿੰਘ ਜੀ ਨੂੰ ਬਣਾਇਆ। ਉਹਨਾਂ ਵੱਲੋ ਬੋਲੇ ਗਏ ਬਚਨਾਂ ਦਾ ਸੰਖੇਪ ਸਾਰ ਕੁਝ ਇਉਂ ਸੀ—"ਇਕ ਅਖੌਤੀ ਵਿਦਵਾਨ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਅੱਜਕਲ ਹਰ ਇਕ ਰਸਮ ਰੀਤ ਤੇ ਮਨੌਤ ਨੂੰ ਬਿਪ੍ਰਨ ਕੀ ਰੀਤ ਹੀ ਕਹੀ ਲਿਖੀ ਜਾ ਰਿਹਾ ਹੈ। ਉਸ ਨੇ ਲਗਪਗ ਪੰਦਰਾਂ ਸੌ ਨੁਕਤੇ ਅਜਿਹੇ ਮਾਰੇ ਹਨ ਜਿਨ੍ਹਾਂ ਵਿਚ ਉਸਨੇ ਸਾਡੀਆਂ ਰਹੁਰੀਤਾਂ ਦੇ ਜੜ੍ਹੀਂ ਕੁਹਾੜਾ ਵਾਹ ਦਿੱਤਾ ਹੈ। ਜੇ ਸਿੱਖ ਸਮਾਜ ਪੰਦਰਾਂ ਸੌ ਕਿਸਮ ਦੀਆਂ ਮਨਮਤਾਂ ਕਰ ਰਿਹਾ ਹੈ, ਫਿਰ ਗੁਰਮਤਿ ਕਿੱਥੇ ਰਹਿ ਗਈ ? ਪਰ ਨਹੀਂ ਇਹ ਕੁਫ਼ਰ ਹੈ, ਸਿੱਖਾਂ ਨੂੰ ਦੁਨੀਆਂ ਵਿਚ ਬਦਨਾਮ ਕਰਨ ਲਈ ਹੈ। ਇਹ ਬੰਦਾ ਕਿਸੇ ਏਜੰਸੀ ਦਾ ਛੱਡਿਆ ਹੋਇਆ ਪ੍ਰਤੀਤ ਹੁੰਦਾ ਹੈ...।

ਮੈਂ ਇਸ ਚਰਚਾ ਨੂੰ ਹਰ ਰੋਜ਼ ਹੀ ਸੁਣਿਆ ਕਰਦਾ ਸਾਂ, ਪਸੰਦ ਭੀ ਆਉਂਦੀ ਸੀ। ਪਰ ਅੱਜ ਤਾਂ ਬਹੁਤ ਵੱਡਾ ਵਾਰ ਕੀਤਾ ਗਿਆ ਸੀ ਸ. ਸਾਹਿਬ ਉੱਤੇ। ਅਵਨਿੰਦਰ ਸਿੰਘ ਦੇ ਗੱਲ ਖਤਮ ਕਰਦਿਆਂ ਹੀ ਕਿਸੇ ਦੇ ਹੋਰ ਫੋਨ ਮਿਲਾਉਣ ਤੋਂ ਪਹਿਲਾਂ ਮੈਂ ਨੰਬਰ ਡਾਇਲ ਕਰ ਚੁੱਕਿਆ ਸਾਂ, ਤੇ ਮੈਨੂੰ ਵੇਟ ਕਰਨ ਦਾ ਸਿਗਨਲ ਮਿਲ ਚੁੱਕਿਆ ਸੀ। ਲਾਈਨ ਮਿਲਦਿਆਂ ਹੀ ਮੈਂ ਆਪਣੀ ਗੱਲ ਸ਼ੁਰੂ ਕੀਤੀ—"ਹੁਣੇ ਹੁਣੇ ਸ. ਅਵਨਿੰਦਰ ਸਿੰਘ ਗੁਰਮਤਿ ਅਤੇ ਮਨਮਤ ਬਾਰੇ ਸੋਹਣਾ ਬੋਲੇ ਹਨ। ਪਰ ਮੈਂ ਉਹਨਾਂ ਵੱਲੋਂ ਬੋਲੇ ਗਏ ਸ. ਗੁਰਬਖਸ਼ ਸਿੰਘ ਜੀ ਬਾਰੇ ਟਿੱਪਣੀ ਨਾਲ ਸਹਿਮਤ ਨਹੀਂ ਹਾਂ। ਕਾਲਾ ਅਫ਼ਗਾਨਾ ਜੀ ਨੇ ਬਿਪ੍ਰਨ ਕੀ ਰੀਤ ਦੀ

ਨਿਸ਼ਾਨਦੇਹੀ ਜੋ ਕੀਤੀ ਹੈ ਉਹ ਪੰਦਰਾਂ ਸੌ ਵਿਸ਼ਿਆਂ ਤਕ ਸੀਮਤ ਨਾ ਹੋ ਕੇ ਕਈ ਹਜ਼ਾਰ ਵਿਸ਼ਿਆਂ ਵਿਚ ਫੈਲੀ ਹੋਈ ਹੈ। ਆਉਣ ਵਾਲੇ ਪੰਜਾਹ ਸਾਲ ਤਕ ਅਫ਼ਗਾਨਾ ਜੀ ਲੇਖਕਾਂ, ਪ੍ਰਚਾਰਕਾਂ ਦੀ ਚਰਚਾ ਦਾ ਵਿਸ਼ਾ ਰਹਿਣਗੇ। ਭਾਈ ਕਾਹਨ ਸਿੰਘ ਨਾਭਾ ਤੋਂ ਬਾਅਦ ਜੇ ਕੋਈ ਗੁਰਮਤਿ ਦਾ ਨਿਧੜਕ ਜਾਣਕਾਰ ਲੇਖਕ ਸਿਰ 'ਤੇ ਖੱਫਣ ਬੰਨ੍ਹ ਕੇ ਮੈਦਾਨ ਵਿਚ ਨਿਤਰਿਆ ਹੈ ਤਾਂ ਇਹ ਸ. ਗੁਰਬਖਸ਼ ਸਿੰਘ ਜੀ ਹੀ ਹੈ। ਲੇਖਕ ਹੋਰ ਭੀ ਬਹੁਤ ਹਨ ਕਿਤਾਬਾਂ ਭੀ ਬਹੁਤ ਗਿਣਤੀ ਵਿਚ ਉਹਨਾਂ ਵੱਲੋਂ ਲਿਖੀਆਂ ਗਈਆਂ ਹਨ। ਪਰ ਉਹਨਾਂ ਦੀਆਂ ਸਾਰੀਆਂ ਲਿਖਤਾਂ ਗੁਰਬਾਣੀ ਦੇ ਚਾਨਣ ਵਿਚ ਨਹੀਂ ਲਿਖੀਆਂ ਗਈਆਂ। ਅਜਿਹੇ ਜਿਗਰੇ ਵਾਲਾ ਸਿਧਾਂਤਕਾਰ ਲੇਖਕ ਕੋਈ ਦੀਵਾ ਲੈ ਕੇ ਭੀ ਢੂੰਡਿਆ ਨਹੀਂ ਲੱਭੇਗਾ। ਜੇ ਇਕ ਡਾਕਟਰ ਮਰੀਜ਼ ਨੂੰ ਸਰੀਰ ਦੇ ਰੋਗਾਂ ਦੀ ਸਹੀ ਜਾਣਕਾਰੀ ਦੇ ਦੇਵੇ ਤਾਂ ਇਲਾਜ ਦਾ ਬਾਨਣੂੰ ਭੀ ਬੰਨ੍ਹਿਆ ਜਾ ਸਕਦਾ ਹੈ। ਪਰ ਰੋਗ ਦੱਸਣ ਵਾਲੇ ਡਾਕਟਰ ਨੂੰ ਗਾਲ੍ਹਾਂ ਕੋਈ ਨਹੀਂ ਕੱਢਦਾ ਲਾਠੀ ਲੈ ਕੇ ਮਾਰਨ ਕੋਈ ਨਹੀਂ ਪੈਂਦਾ। ਬਸ ਇਉਂ ਸਮਝ ਲਉ ਕਿ ਅਫ਼ਗਾਨਾਂ ਜੀ ਗੁਰਮਤਿ ਦੇ ਸਿਆਣੇ ਵੈਦ ਹਨ, ਪੰਥ ਨੂੰ ਲਗ ਚੁੱਕੇ ਰੋਗਾਂ ਬਿਮਾਰੀਆਂ ਬਾਰੇ ਕੂਕ ਕੂਕ ਕੇ ਜਾਣਕਾਰੀ ਦੇ ਰਹੇ ਹਨ। ਪਰ ਪੰਥ ਦਾ ਹਾਲ ਵੇਖੋ। ਧੰਨਵਾਦ ਕਰਨ ਦੀ ਥਾਵੇਂ ਸਨਮਾਨ ਕਰਨ ਦੀ ਥਾਵੇਂ ਡਾਂਗਾਂ ਮੋਢੇ 'ਤੇ ਰੱਖ ਕੇ ਅਫ਼ਗਾਨਾ ਜੀ ਕੁੱਟਣ ਲਈ ਲੱਭਦੇ ਫਿਰ ਰਹੇ ਹਨ। ਹੈ ਨਾ ਕਮਾਲ ਦੀ ਸਥਿਤੀ ?

ਰਹੀ ਗੱਲ ਮਨਮਤਾਂ ਜਾਂ ਬਿਪ੍ਰਨ ਕੀਆਂ ਰੀਤਾਂ ਉਹਨਾਂ ਦੇ ਲਿਖਣ ਦੀ। ਤੁਸੀਂ ਉਹਨਾਂ ਦੀਆਂ ਲਿਖਤਾਂ ਨੂੰ ਗੁਰਬਾਣੀ ਦੇ ਪ੍ਰਮਾਣ ਦੇ ਕੇ ਰੱਦ ਕਰੋ ਮੂੰਹ ਜ਼ਬਾਨੀ ਨਹੀਂ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੋਇਆ ਕਰਦੀ, ਅੱਖਾਂ ਖੋਲ੍ਹ ਕੇ ਆਲੇ-ਦੁਆਲੇ ਹੋ ਰਹੇ ਕਰਮਕਾਂਡ ਵੇਖੋ। ਧਰਮ ਦੇ ਨਾਮ 'ਤੇ ਥੋਕ ਵਿਚ ਬਿਪ੍ਰਨ ਕੀਆਂ ਰੀਤਾਂ ਦਿਸ ਪੈਣਗੀਆਂ। ਹਰ ਗੁਰਦੁਆਰਾ ਦੋ ਗੱਲਾਂ ਕਰਕੇ ਗੁਰਦੁਆਰਾ ਪ੍ਰਤੀਤ ਹੁੰਦਾ ਹੈ, ਵਰਨਾਂ ਅੰਦਰ ਦੀ ਸਾਰੀ ਕਿਰਿਆ ਬ੍ਰਾਹਮਣੀ ਕਿਸਮ ਦੀ ਹੈ। ਗੁਰਮਤ ਵਾਲੀਆਂ ਦੋ ਚੀਜ਼ਾਂ, ਇਕ ਬਾਹਰ ਨਿਸ਼ਾਨ ਸਾਹਿਬ, ਤੇ ਅੰਦਰ ਗੁਰੂ ਗ੍ਰੰਥ ਸਾਹਿਬ ਬਾਕੀ... ? ਉਹੀ ਕੁੰਭ, ਜੋਤਾਂ, ਨਾਰੀਅਲ, ਧੂਫ ਗੁਰੂ ਗ੍ਰੰਥ ਸਾਹਿਬ ਪੱਖੇ, A.C. ਰਜ਼ਾਈਆਂ ਤਲਾਈਆਂ। ਭੋਗ ਲਗਵਾਉਣੇ, ਪਾਨਾਂ ਦੀਆਂ ਲੜੀਆਂ, ਕੀਤੇ ਕਰਾਏ ਪਾਠ, ਮੂਰਤੀ ਪੂਜਾ, ਵਰਤ, ਤੀਰਥ ਇਸ਼ਨਾਨ, ਜਾਤਪਾਤ, ਦਾਜ ਲੈਣਾ ਦੇਣਾ, ਲੜਕੀ ਮਾਰ ਦੇਣੀ (ਭਰੂਣ ਹੱਤਿਆ) ਨੂੰਹਾਂ ਨੂੰ ਸਾੜ ਦੇਣਾ। ਜਥੇਦਾਰ ਪੁਜਾਰੀ ਬਣ ਚੁੱਕੇ ਹਨ। ਜਾਤਾਂ ਬਰਾਦਰੀਆਂ ਦੇ ਨਾਮ 'ਤੇ ਨਿੱਤ ਨਵੇਂ ਗੁਰਦੁਆਰੇ ਉਸਰ ਰਹੇ ਹਨ। ਸਾਡੇ ਤਖ਼ਤਾਂ ਉੱਪਰ (ਹਜ਼ੂਰ ਸਾਹਿਬ ਤੇ ਪਟਨਾ ਸਾਹਿਬ) ਸਰਕਾਰੀ ਕਬਜ਼ਾ ਹੈ ਤੇ ਬ੍ਰਾਹਮਣੀ ਰੀਤਾਂ ਹਨ। ਕੀ ਆਮ ਸਿੱਖ ਗੁਰਬਾਣੀ

ਨੂੰ ਜ਼ਿੰਦਗੀ ਸੰਵਾਰਨ ਵਾਸਤੇ ਪੜ੍ਹਦਾ ਹੈ? ਨਹੀਂ ਕੇਵਲ ਮੰਤਰ ਪਾਠ ਜਾਪ ਤੇ ਸੰਪਟ ਪਾਠ ਆਦਿ ਕਰਵਾ ਕੇ "ਫਲ" ਦੀ ਲਾਲਸਾ ਕੀਤੀ ਜਾ ਰਹੀ ਹੈ। ਬਹੁ ਗਿਣਤੀ ਗੁਰਦੁਆਰੇ ਪੈਸਾ ਕਮਾਉਣ ਤੇ ਚੌਧਰ ਚਮਕੌਣ ਦੇ ਸਾਧਨ ਮਾਤਰ ਬਣ ਕੇ ਰਹਿ ਗਏ ਹਨ। ਗੋਲਕਾਂ ਤੇ ਕਬਜ਼ੇ ਲਈ ਹੁੰਦੀਆਂ ਲੜਾਈਆਂ, ਪਾਟਦੇ ਸਿਰ, ਲਥਦੀਆਂ ਪੱਗਾਂ, ਚਲਦੇ ਮੁਕੱਦਮੇ ਕਿਸੇ ਤੋਂ ਛਿਪੇ ਨਹੀਂ ਹਨ। ਪੁਰਾਤਨ ਤੇ ਨਵੀਨ ਇਤਿਹਾਸ ਨੂੰ ਬ੍ਰਾਹਮਣੀ ਰੰਗਣ ਵਿਚ ਲਿਖਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਪਰਾਭੌਤਕ ਸਾਖੀਆਂ ਪੌਰਾਣਕ ਕਹਾਣੀਆਂ, ਕੱਚੀਆਂ ਪਿੱਲੀਆਂ ਕਵਿਤਾਵਾਂ (ਧਾਰਨਾਵਾਂ) ਗੁਰਮਤਿ ਦਾ ਲੇਬਲ ਲਾ ਕੇ ਸੰਗਤਾਂ ਅੱਗੇ ਪਰੋਸੀਆਂ ਜਾ ਰਹੀਆਂ ਹਨ। ਸਾਧ ਬਾਬੇ ਵੱਖਰੀ ਮਰਿਯਾਦਾ ਵਾਲੇ ਪਾਠ ਤੇ ਹੋਰ ਸਾਰੇ ਮਨਮਤੀ ਕਾਰਜ ਕਰਨ ਵਿਚ ਮਸਤ ਹਨ। ਦੋ ਮੀਟਰ ਦਾ ਪਟਕਾ ਸਿਰ 'ਤੇ, ਲੰਮਾ ਝੱਗਾ ਲੱਤਾਂ ਨੰਗੀਆਂ, ਹੱਥ ਵਿਚ ਮਾਲਾ, ਨੰਗੇ ਪੈਰੀਂ ਚੱਲਣ ਵਾਲਾ ਨਾਲ ਗੜਵਈ। ਲੰਮੀਆਂ ਕਾਰਾਂ ਆਲੀਸ਼ਾਨ A.C. ਵਾਲੇ ਨਾਮ ਸਿਮਰਨ ਅਸਥਾਨ। ਜਾਦੂ ਮੰਤਰ ਧਾਗੇ ਤਵੀਤ ਪੁੱਛਣਾ ਦੱਸਣਾ, ਪਾਣੀ ਕਰਕੇ ਦੇਣਾ, ਕਾਰਜ ਸਫਲਤਾ ਦੀ ਗਾਰੰਟੀ ਦੇਣੀ...ਕੀ ਇਹ ਸਾਰੇ ਕਾਰਜ ਬਿਪਰਨ ਕੀਆਂ ਰੀਤਾਂ ਵਿਚ ਨਹੀਂ ਹਨ? ਮੇਰੇ ਵੀਰ ਨੇ ਅਫ਼ਗਾਨਾ ਜੀ ਦੀ ਕੋਈ ਕਿਤਾਬ ਨਹੀਂ ਪੜ੍ਹੀ ਲਗਦੀ। ਜੇ ਪੜ੍ਹੀ ਹੁੰਦੀ ਤਾਂ ਉਤੇਜਨਾ ਵਿਚ ਆਕੇ ਗੱਲ ਨਾ ਕਰਦਾ। ਮੈਂ ਨਿਮਰਤਾ ਸਹਿਤ ਸੰਗਤਾਂ ਨੂੰ ਖੁੱਲ੍ਹਾ ਸੱਦਾ ਦਿੰਦਾ ਹਾਂ ਕਿ ਸਰਦਾਰ ਅਫ਼ਗਾਨਾ ਜੀ ਤੋਂ ਕੁਝ ਪੁੱਛਣ ਦੀ ਬਜਾਏ, ਉਹਨਾਂ ਦੀਆਂ ਲਿਖਤਾਂ ਬਾਰੇ ਅਗਰ ਕੋਈ ਸ਼ੰਕਾ ਹੈ ਤਾਂ ਦਾਸ ਜੁਆਬ ਲਈ ਆਪਣੀਆਂ ਸੇਵਾਵਾਂ ਅਰਪਣ ਕਰਦਾ ਹੈ....। ਅਠ੍ਹਾਰਾਂ ਕੁ ਮਿੰਟ ਦਾਸ ਰੇਡੀਓ 'ਤੇ ਬੋਲ ਕੇ ਮੈਂ ਗੱਲ ਖਤਮ ਕਰ ਦਿੱਤੀ। ਬੋਲਣ ਵਾਲਿਆਂ ਦੀ ਤੁਰੰਤ ਸੁਰ ਬਦਲ ਗਈ। ਅਫ਼ਗਾਨਾ ਜੀ ਵਿਰੁੱਧ ਗੁੱਸਾ ਘਟ ਗਿਆ। ਨਾਲੇ ਰੇਡੀਓ ਹੋਸਟ ਭਾਈ ਗੁਰਦੇਵ ਸਿੰਘ ਦਾ ਮੈਨੂੰ ਮਿਲਣ ਵਾਸਤੇ ਫੋਨ ਆ ਗਿਆ। ਅਗਲੇ ਦਿਨ ਸ. ਅਵਨਿੰਦਰ ਸਿੰਘ ਤੇ ਪ੍ਰੋ. ਗੁਰਦੇਵ ਸਿੰਘ ਵਕਤ ਸਿਰ ਆਣ ਪੁੱਜੇ। ਡਾ. ਗੁਰਬਖਸ਼ ਸਿੰਘ USA ਵਾਲੇ ਭੀ ਉਹਨੀਂ ਦਿਨੀਂ ਵੈਨਕੂਵਰ ਵਿਚ ਹੀ ਸਨ, ਉਹਨਾਂ ਨੂੰ ਭੀ ਸੱਦ ਲਿਆ। ਬੜੇ ਖੁਸ਼ ਗਵਾਰ ਮਾਹੌਲ ਵਿਚ ਭਾਈ ਬਲਦੇਵ ਸਿੰਘ ਦੇ ਘਰ ਦਸ ਕੁ ਸਿੰਘ ਗੁਰਮਤਿ ਵਿਚਾਰਾਂ ਕਰਦੇ ਰਹੇ। ਦਾਸ ਨੇ ਕਾਲਾ ਅਫ਼ਗਾਨਾ ਜੀ ਬਾਰੇ ਉਹਨਾਂ ਦੀ ਹਰ ਗੱਲ ਦਾ ਬਣਦਾ ਸਰਦਾ ਜੁਆਬ ਦਿੱਤਾ। ਦੋਵਾਂ ਵੀਰਾਂ ਪ੍ਰੋ. ਗੁਰਦੇਵ ਸਿੰਘ ਤੇ ਸ. ਅਵਨਿੰਦਰ ਸਿੰਘ ਨੇ ਵਚਨ ਦਿੱਤਾ ਵਾਅਦਾ ਕੀਤਾ ਕਿ ਅੱਗੋਂ ਕਦੀ ਭੀ ਸ. ਗੁਰਬਖਸ਼ ਸਿੰਘ ਵਿਰੁੱਧ ਅਸੀਂ ਨਹੀਂ ਬੋਲਾਂਗੇ।

ਦੋ ਗੱਲਾਂ ਹੋਰ ਜੋ ਬੜੀਆਂ ਦਿਲਚਸਪ ਹਨ। ਅਜਿਹੀਆਂ ਟਿੱਪਣੀਆਂ ਕਾਰਨ ਹੀ ਅਫ਼ਗਾਨਾ ਜੀ ਗਿਆਨ ਵਿਹੂਣੇ ਲੋਕਾਂ ਦੀ ਕਰੋਪੀ ਸਹੇੜਦੇ ਹਨ।

ਨੰਬਰ ਇਕ—ਇਕ ਦਿਨ ਕਿਸੇ ਦੋਸਤ ਨਾਲ ਸਰਦਾਰ ਸਾਹਿਬ ਜੀ (ਕਾਲਾ ਅਫ਼ਗਾਨਾ) ਗੁਰਦੁਆਰੇ ਚਲੇ ਗਏ। ਵਾਪਸ ਟੁਰਨ ਲੱਗੇ, ਮਿੱਤਰ ਕਹਿਣ ਲੱਗਾ ਜ਼ਰਾ ਕੁ ਰੁਕ ਜਾਉ, ਭੋਗ ਪੈਣ ਵਾਲਾ ਹੈ ਗੁਰੂ ਕਾ ਲੰਗਰ ਛਕ ਕੇ ਵਾਪਸ ਚੱਲਾਂਗੇ। ਅਰਦਾਸ ਹੋਈ ਤੇ ਸਰਦਾਰ ਜੀ ਮਿੱਤਰ ਨੂੰ ਬਾਂਹ ਫੜਕੇ ਬਾਹਰ ਲਿਜਾਣ ਲੱਗੇ। ਠਹਿਰੋ ਜੀ ਲੰਗਰ ਨਹੀਂ ਛਕਣਾ ? ਨਹੀਂ ਭਾਈ ਤੂੰ ਹੁਣੇ ਅਰਦਾਸ ਵਿਚ ਨਹੀਂ ਸੁਣਿਆ, ਇਹ ਗੁਰੂ ਕਾ ਲੰਗਰ ਨਹੀਂ ਹੈ ਇਕ ਹੰਕਾਰੀ ਬਿਰਤੀ ਵਾਲੇ ਭਗਤ ਸਿੰਘ ਨਾਮੀ ਵਿਅਕਤੀ ਦਾ ਲੰਗਰ ਹੈ। ਮੈਂ ਭਿਖਾਰੀ ਨਹੀਂ ਹਾਂ ਜੋ ਕਿਸੇ ਦੇ ਟੁਕੜੇ ਖਾਂਵਾਂ। ਬਿਨਾਂ ਛਕੇ ਪਰਤ ਗਏ।

ਦੂਜੀ—ਇਕ ਅਖ਼ਬਾਰ ਵਿਚ ਗ੍ਰੰਥੀ ਸਿੰਘ ਰੱਖਣ ਵਾਸਤੇ ਗੁਰਦੁਆਰਾ ਕਮੇਟੀ ਵੱਲੋਂ ਇਸ਼ਤਿਹਾਰ ਛਪਿਆ। ਸਰਦਾਰ ਜੀ ਨੇ ਦਿੱਤੇ ਫੋਨ 'ਤੇ ਨੰਬਰ ਮਿਲਾਇਆ। ਅੱਗੋਂ ਪ੍ਰਧਾਨ ਜੀ ਬੋਲੇ, ਹਾਂ ਜੀ ਦੱਸੋ ? ਮੈਂ ਗ੍ਰੰਥੀ ਸਿੰਘ ਲੱਗਣ ਵਾਸਤੇ ਗੱਲ ਕਰਨੀ ਚਾਹੁੰਦ ਹਾਂ। ਹਾਂ ਜੀ ਕਰੋ। ਤੁਸੀਂ ਲਿਖਿਆ ਹੈ ਗ੍ਰੰਥੀ ਵਾਸਤੇ ਚੰਗਾ ਪਾਠ ਕਰਨਾ ਆਉਂਦਾ ਹੋਵੇ, ਕੀਰਤਨ ਕਰਨਾ ਤੇ ਬੱਚਿਆਂ ਨੂੰ ਸਿਖਾਉਣਾ ਜਾਣਦਾ ਹੋਵੇ। ਗੁਰਦੁਆਰੇ ਦੀ ਸਾਂਭ ਸੰਭਾਲ ਤੇ ਰਾਖੀ ਕਰ ਸਕਦਾ ਹੋਵੇ। ਹਾਂ ਹਾਂ। ਦੱਸੋਂ ਕੀ ਕਹਿਣਾ ਚਾਹੁੰਦੇ ਹੋ ? ਭਾਵੇਂ ਉਹ ਬੇ ਅੰਮ੍ਰਿਤੀਆ ਹੋਵੇ ? ਮੋਨਾ ਹੋਵੇ ? ਸ਼ਰਾਬੀ ਹੋਵੇ, ਵਿਭਚਾਰੀ ਹੋਵੇ ? ਗੋਲਕ ਚੋਰ ਹੋਵੇ ? ਭਾਈ ਸਾਹਿਬ ਜੀ ਇਹ ਤੁਸੀਂ ਕੀ ਕਹਿ ਰਹੇ ਹੋ ? ਇਸ ਤਰ੍ਹਾਂ ਅਸੀਂ ਕਦੋਂ ਲਿਖਿਆ ਹੈ ? ਹਾਂ ਜੀ ਮੈਂ ਇਹੀ ਤਾਂ ਕਹਿ ਰਿਹਾ ਹਾਂ, ਤੁਸੀਂ ਕਿਸੇ ਗੁਣ ਦਾ ਕੋਈ ਜ਼ਿਕਰ ਤਕ ਨਹੀਂ ਕੀਤਾ। ਤਨਖ਼ਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ ਲਿਖਿਆ ਹੈ। ਤੁਸੀਂ ਰੱਖ ਰਹੇ ਹੋ ਬਾਬਾ ਜੀ ਦਾ ਵਜ਼ੀਰ ਕਿ ਚਪੜਾਸੀ ? ਤੁਸੀਂ ਦੁਨੀਆਂਦਾਰ ਲੋਕ ਜਿੰਨੀ ਤਨਖ਼ਾਹ ਲੈਂਦੇ ਹੋ ਮੈਨੂੰ ਜੇ ਵੱਧ ਨਹੀਂ ਤਾਂ ਤੁਹਾਡੇ ਜਿੰਨੀ ਤਾਂ ਜ਼ਰੂਰ ਦਿਉ। ਹਾਂ ਹੋਰ ਸੁਣੋ ਤੁਸੀਂ ਮੇਰੀ ਇੰਟਰਵਿਊ ਲੈ ਸਕਦੇ ਹੋ, ਮੈਂ ਹਾਜ਼ਰ ਹੋ ਜਾਵਾਂਗਾ। ਪਰ ਤੁਸੀਂ ਦੱਸੋ ਤੁਸੀਂ ਸ਼ਰਾਬੀ ਤਾਂ ਨਹੀਂ ਹੋ ? ਦਾੜ੍ਹੀ ਕੇਸ ਮੁਨਾਏ ਹੋਏ ਤਾਂ ਨਹੀਂ ? ਕਿੰਨੀਆਂ ਬਾਣੀਆਂ ਕੰਠ ਹਨ ? ਕਿੰਨੀਆਂ ਦੇ ਅਰਥ ਆਉਂਦੇ ਹਨ ? ਇਤਿਹਾਸ ਤੇ ਸਿੱਖ ਰਹਿਤ ਮਰਿਯਾਦਾ ਬਾਰੇ ਕੁਝ ਗਿਆਨ ਹੈ ? ਕਦੀ ਹੱਥੀਂ ਸੇਵਾ ਕੀਤੀ ਹੈ ? ਗੋਲਕ ਦੀ ਦੁਰਵਰਤੋਂ ਤਾਂ ਨਹੀਂ ਕਰਦੇ... ? ਭਾਈ ਸਾਹਿਬ ਜਬਾਨ ਸੰਭਾਲ ਕੇ ਬੋਲੋ, ਤੇ ਪ੍ਰਧਾਨ ਜੀ ਨੇ ਫੋਨ ਕੱਟ ਦਿਤਾੱ।

ਤੀਜੀ—ਇਕ ਪੰਜਾਬ ਤੋਂ ਗਿਆ ਬਹੁਤ ਮਸ਼ਹੂਰ ਢਾਡੀ ਜਥਾ ਵੈਨਕੂਵਰ ਵਿਖੇ ਮਹਾਰਾਜਾ ਰਣਜੀਤ ਸਿੰਘ ਦਾ ਬਿਰਤਾਂਤ ਸੁਣਾ ਰਿਹਾ ਸੀ। ਜਥੇ ਦੇ ਮੁਖੀ ਨੇ (ਮੁਖੀ ਗਿਆਨੀ ਦਇਆ ਸਿੰਘ ਦਿਲਬਰ) ਜ਼ੋਰਦਾਰ ਤਕਰੀਰ ਰਾਹੀਂ ਬਿਆਨ ਕੀਤਾ—"ਸਾਧ ਸੰਗਤ ਜੀ ਜਦੋਂ ਮਹਾਰਾਜਾ ਰਣਜੀਤ ਸਿੰਘ ਮੁਲਤਾਨ ਦੀ ਜੰਗ ਨੂੰ ਚੜ੍ਹੇ ਤਾਂ ਰਾਹ ਵਿਚ ਵਿਸ਼ਾਲ ਅਟਕ ਦਰਿਆ ਠਾਠਾਂ ਮਾਰ ਰਿਹਾ ਸੀ। ਰਣਜੀਤ

ਸਿੰਘ ਨੇ ਅਰਦਾਸ ਕੀਤੀ ਤੇ ਅਖ਼ੀਰ ਵਿਚ **ਕਿਹਾ ਓਏ ਅਟਕ** ਤੂੰ ਅਟਕ ਜਾਹ, ਰਣਜੀਤ ਸਿੰਘ ਨਹੀਂ ਅਟਕੇਗਾ ਰਾਹ ਦੇਦੇ। ਤੇ ਦਰਿਆ ਦਾ ਪਾਣੀ ਅਟਕ ਗਿਆ, ਵੇਂਹਦੇ-ਵੇਂਹਦੇ ਗੋਡੇ ਗੋਡੇ ਰਹਿ ਗਿਆ, ਤੇ ਰਣਜੀਤ ਸਿੰਘ ਸਾਰੀ ਫੌਜ ਸਮੇਤ ਸਹੀ ਸਲਾਮਤ ਦਰਿਆ ਪਾਰ ਕਰ ਗਿਆ।" ਸਰਦਾਰ ਸਾਹਿਬ ਨੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਜਥੇ ਦੇ ਮੁਖੀ ਨੂੰ ਮਿਲ ਕੇ ਕਿਹਾ—ਭਾਈ ਸਾਹਿਬ ਜੀ ਤੁਸੀਂ ਬਹੁਤ ਨਾਮੀ ਢਾਡੀ ਬੁਲਾਰੇ ਹੋ। ਕਈ ਕਿਤਾਬਾਂ ਦੇ ਲੇਖਕ ਹੋ। ਸੱਤਰਾਂ ਨੂੰ ਢੁਕੇ ਹੋ। ਗੁਰੂ ਦਾ ਦਿੱਤਾ ਖਾਂਦੇ ਪਹਿਨਦੇ ਹੋ। ਕੋਠੀਆਂ, ਕਾਰਾਂ, ਜ਼ਮੀਨਾਂ, ਮਿਲਖਾਂ ਦੇ ਮਾਲਕ ਹੋ। ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ, ਕਿ ਤੁਸੀਂ ਅੱਜ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਕੀਤਾ ਹੈ। ਮੇਰੇ ਸਤਿਗੁਰ ਜੀ ਨੂੰ ਕੱਖੋਂ ਹੌਲਾ ਕਰ ਦਿੱਤਾ। ਸਿੱਧਾ ਆਖਾਂ ਕਿ ਅੱਜ ਤੁਸੀਂ ਸਤਿਗੁਰੂ ਜੀ ਨੂੰ ਰਣਜੀਤ ਸਿੰਘ ਦੇ ਪੈਰਾਂ ਵਿਚ ਬਿਠਾ ਦਿੱਤਾ...।" ਭਾਈ ਸਾਹਿਬ ਜੀ ! ਅਜਿਹਾ ਨਾ ਆਖੋ, ਮੈਂ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਇਕ ਅੱਖਰ ਨਹੀਂ ਬੋਲਿਆ। ਅਪਮਾਨ ਤਾਂ ਦੂਰ ਦੀ ਗੱਲ ਹੈ।" ਦਿਲਬਰ ਜੀ ਬੋਲੇ। ਜ਼ਰਾ ਸੋਚ, ਰਣਜੀਤ ਸਿੰਘ ਦੇ ਆਖੇ ਲਗ ਕੇ ਬਹੁਤ ਵੱਡਾ ਦਰਿਆ ਅਟਕ ਗਿਆ, ਪਰ ਸਮਰੱਥ ਗੁਰੂ ਦਸ਼ਮੇਸ਼ **ਦੇ ਆਖੇ** ਲਗ ਕੇ ਇਕ ਨਿੱਕਾ ਜਿਹਾ 'ਮੌਸਮੀ ਬਰਸਾਤੀ ਨਾਲਾ' (ਸਰਸਾ ਨਦੀ) ਭੀ ਰੁਕਿਆ ਨਹੀਂ। ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਸਿੰਘ ਸ਼ਹੀਦ ਹੋ ਗਏ, ਵਿੱਛੜ ਗਏ... ? ਫਿਰ ਦੱਸੋ ਅਟਕ ਦਰਿਆ ਨੂੰ ਠੱਲ ਲੈਣ ਵਾਲਾ ਰਣਜੀਤ ਸਿੰਘ, ਇਕ ਸਿੱਖ ਮਹਾਨ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ? ਦਿਲਬਰ ਜੀ ਜਿਵੇਂ ਧਰਤੀ ਵਿਚ ਗੱਡੇ ਗਏ। ਕੋਈ ਜੁਆਬ ਨਾ ਅਹੁੜਿਆ ਮੁਆਫ਼ੀ ਮੰਗ ਕੇ ਟੁਰ ਗਏ।

ਅਜਿਹੀਆਂ ਇਕ ਨਹੀਂ ਅਣਗਿਣਤ ਘਟਨਾਵਾਂ ਦਾ ਉਹ ਅਮੁਕ ਖਜ਼ਾਨਾ ਹਨ। ਉਹਨਾ ਦਾ ਜੀਵਨ ਬੜਾ ਸਾਦਾ ਹੈ, ਖਾਣਾ ਬਹੁਤ ਘੱਟ ਛਕਦੇ ਹਨ, ਆਮ ਕਰਕੇ ਫਲ ਸਬਜ਼ੀਆਂ ਦਾ ਜੂਸ ਹੀ ਲੈਂਦੇ ਹਨ। ਘਰ ਵਿਚ ਇਕ ਨਿੱਕਾ ਜਿਹਾ ਕਮਰਾ ਹੈ। ਕੰਪਿਊਟਰ ਵਿਚ ਗੁਰਬਾਣੀ ਲੋਡ ਕੀਤੀ ਗਈ ਹੈ। ਅਰਥ ਵਿਆਖਿਆ ਪ੍ਰੋ. ਸਾਹਿਬ ਜੀ ਵਾਲੀ ਨੂੰ ਹੀ ਪ੍ਰਵਾਨ ਕਰਦੇ ਹਨ। ਰਾਮਾਇਣ ਤੇ ਮਹਾਂਭਾਰਤ T.V. ਸੀਰੀਅਲਾਂ ਦੀਆਂ ਵੀਡੀਓ ਫ਼ਿਲਮਾਂ ਵਿਚੋਂ ਹਿੰਦੂ ਮਤ ਬਾਰੇ ਬਹੁਤਾ ਮੈਟਰ ਪ੍ਰਾਪਤ ਕੀਤਾ ਹੈ। ਹਿੰਦੂ ਮਿਥਿਹਾਸ ਕੋਸ਼ ਲੇਖਕ ਜੌਹਨ ਡੋਸਨ, ਪ੍ਰਕਾਸ਼ਕ ਭਾਸ਼ਾ ਵਿਭਾਗ ਪਟਿਆਲਾ ਵੱਲੋਂ ਛਪੀ ਕਿਤਾਬ ਤੇ ਹੋਰ ਕਈ ਜ਼ਰੂਰੀ ਕਿਤਾਬਾਂ ਦਾਸ ਉਹਨਾਂ ਨੂੰ ਦੇ ਆਇਆ ਸੀ। ਇਕ ਛੋਟਾ ਜਿਹਾ ਕੰਪਿਊਟਰ ਉਹ ਸਫ਼ਰ ਵਿਚ ਆਪਣੇ ਕੋਲ ਰੱਖਦੇ ਹਨ। ਰੇਲ ਕਾਰ ਜਾਂ ਜਹਾਜ਼ ਵਿਚ ਭੀ ਲਿਖਦੇ ਰਹਿੰਦੇ ਹਨ, ਲਗਾਤਰ।

ਇਸ ਨਿਮਾਣੇ ਸੇਵਕ ਨੂੰ ਉਹਨਾਂ ਆਪਣੀਆਂ ਕਿਤਾਬਾਂ ਦਾ ਪੂਰਾ ਸੈੱਟ ਦੇ ਕੇ ਇਹ ਮਾਣ ਦਿੱਤਾ ਕਿ ਤੂੰ ਮੇਰਾ ਅਜੀਤ ਹੈਂ, ਮੇਰੀਆਂ ਲਿਖਤਾਂ ਵਿਚ ਕਮੀਆਂ

ਲੱਭ ਕੇ ਮੈਨੂੰ ਪੈਰਾ, ਪੰਨਾ, ਬਾਈ ਲਿਖਤੀ ਰੂਪ ਵਿਚ ਜਾਣਕਾਰੀ ਦੇਹ। ਦਾਸ ਨੇ ਮੁੜ ਤੋਂ ਪੂਰੀ ਲਗਨ ਨਾਲ ਉਹਨਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹੀਆਂ ਵਿਚਾਰੀਆਂ। ਲੋੜੀਂਦੇ ਸੁਝਾਅ ਤੇ ਟਿੱਪਣੀਆਂ ਸਹਿਤ ਉਹਨਾਂ ਨੂੰ ਵਾਪਸ ਕਰ ਦਿੱਤੀਆਂ। ਦਿੱਤੇ ਗਏ ਸੁਝਾਵਾਂ ਤੋਂ ਉਹ ਬਹੁਤ ਖੁਸ਼ ਨਜ਼ਰ ਆਏ। ਆਖਣ ਲੱਗੇ ਮੇਰੇ ਪ੍ਰਸ਼ੰਸਕ ਭੀ ਬੜੇ ਹਨ, ਅਤੇ ਫਿਟਕਾਰਾਂ ਪਾਉਣ ਵਾਲੇ ਭੀ ਅਣਗਿਣਤ ਹਨ। ਮੇਰੇ ਲੱਖ ਵਾਰੀ ਮੰਗ ਕਰਨ 'ਤੇ ਭੀ ਮੈਨੂੰ ਮੇਰੀਆਂ ਗਲਤੀਆਂ ਦਾ ਅਹਿਸਾਸ ਅੱਜ ਤਕ ਕਦੇ ਕਿਸੇ ਨੇ ਨਹੀਂ ਕਰਵਾਇਆ। ਮੈਂ ਆਪਣੇ ਅਜੀਜ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਸਤਿਕਾਰ ਵਜੋਂ ਵਿਚਾਰਾਂਗਾ। ਕਮੀਆਂ ਦੂਰ ਕਰਾਂਗਾ। ਆਉਣ ਵਾਲੀਆਂ ਐਡੀਸ਼ਨਾਂ ਵਿਚ ਤੇਰਾ ਨਾਮ ਧੰਨਵਾਦ ਸਹਿਤ ਅਵੱਸ਼ ਲਿਖਾਂਗਾ। ਮੈਨੂੰ ਖੁਸ਼ੀ ਹੋਈ ਕਿ ਲੋਕੀਂ ਕਹਿੰਦੇ ਸਨ, ਕਿ ਸਰਦਾਰ ਜੀ ਬਹੁਤ ਸਖ਼ਤ ਸੁਭਾਅ ਦੇ ਹਨ ਪਰ ਅੰਦਰੋਂ ਬਦਾਮਾਂ ਦੀਆਂ ਗਿਰੀਆਂ ਵਾਂਗ ਨਰਮ ਤੇ ਮਿੱਠੇ ਤੇ ਪੌਸ਼ਟਿਕ ਹਨ।

ਇਕ ਗੱਲ ਕਹਿਕੇ ਖ਼ਿਮਾਂ ਚਾਹਾਂਗਾ ਕਿ ਦਾਸ ਨੇ ਸਿੱਖ ਧਰਮ ਨਾਲ ਸੰਬੰਧਤ ਵਸ ਲਗਦੇ ਹਰ ਪੁਸਤਕ ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ ਤੀਹ ਸਾਲਾਂ ਦੇ ਅਧਿਐਨ ਤੋਂ ਬਾਅਦ ਮੈਂ ਮਾਨਸਿਕ ਖੜੋਤ ਦਾ ਸ਼ਿਕਾਰ ਹੋ ਗਿਆ ਸਾਂ। ਜੋ ਨਵੀਂ ਕਿਤਾਬ ਖਰੀਦ ਕੇ ਪੜ੍ਹਨੀ ਸ਼ੁਰੂ ਕਰਨੀ, ਉਸ ਵਿਚੋਂ ਨਵੀਨਤਾ ਪ੍ਰਤੀਤ ਨਹੀਂ ਹੁੰਦੀ ਸੀ। ਪੁਰਾਣੇ ਵਿਚਾਰ ਦੀ ਦੁਹਰਾਈ ਮਾਤਰ ਹੀ ਲਗਦੀ ਸੀ। ਸਰਦਾਰ ਗੁਰਬਖਸ਼ ਸਿੰਘ ਜੀ ਦੀਆਂ ਪੁਸਤਕਾਂ ਅਤੇ ਮਿਲ ਕੇ ਕੀਤੀਆਂ ਵਿਚਾਰਾਂ ਤੋਂ ਬਾਅਦ ਉਹ ਮਾਨਸਿਕ ਬੰਨ ਟੁੱਟ ਗਿਆ ਪ੍ਰਤੀਤ ਹੁੰਦਾ ਹੈ। ਸੋਚਣ ਦਾ ਢੰਗ ਬਦਲ ਗਿਆ, ਵੇਖਣ ਪਰਖਣ ਦਾ ਨਜ਼ਰੀਆ ਬਦਲ ਗਿਆ। ਨਿਮਰਤਾ ਸਹਿਤ ਉਹਨਾਂ ਸਭਨਾਂ ਨੂੰ ਬੇਨਤੀ ਹੈ ਜਿਨ੍ਹਾਂ ਹਾਲੀਂ ਤਕ ਕਾਲਾ ਅਫ਼ਗਾਨਾ ਜੀ ਦੀਆਂ ਕਿਤਾਬਾਂ ਬਾਰੇ ਸੁਣਿਆ ਹੈ ਪਰ ਪੜ੍ਹੀਆਂ ਨਹੀਂ ਉਹ ਖ਼ੁਦ ਪੜ੍ਹਨ ਫਿਰ ਲਿਖਤੀ ਰੂਪ ਵਿਚ ਦੱਸਣ, ਗੁਰਮਤਿ ਤੋਂ ਉਲਟ ਵਿਚਾਰ ਕਿੱਥੇ ਹੈ ? ਉਹਨਾਂ ਸਭਨਾਂ ਵਿਚਾਰਾਂ ਨੂੰ ਜੀ ਆਇਆਂ ਆਖਿਆ ਜਾਵੇਗਾ।

ਵਿਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ। 0175-2283316

ਸ਼ੈਤਾਨ ਦਾ ਇਨਸਾਫ਼

(ਪ੍ਰੋ. ਇੰਦਰ ਸਿੰਘ ਘੱਗਾ)

ਜਿਸ ਰਾਹ 'ਤੇ ਮਨੁੱਖ ਟੁਰ ਰਿਹਾ ਹੋਵੇ ਉਸਨੂੰ ਉਤਨੀ ਦੇਰ ਕੋਈ ਪਛਤਾਵਾ ਨਹੀਂ ਹੁੰਦਾ, ਜਦੋਂ ਤਕ ਇਹ ਪਤਾ ਨਾ ਲੱਗ ਜਾਵੇ ਕਿ ਮੈਂ ਕੁਰਾਹੇ ਪੈ ਚੁੱਕਿਆ ਹਾਂ। ਜਦੋਂ ਕੋਈ ਅਗਿਆਨਤਾ ਦੀ ਪੱਟੀ ਬੰਨ੍ਹ ਕੇ, ਲੰਮੇ ਸਮੇਂ ਤਕ ਇਕੋ ਰਾਹੇ ਕੋਹਲੂ ਦੇ ਬਲਦ ਵਾਂਗ ਟੁਰਦਾ ਰਹੇ ਤਾਂ ਉਸਨੂੰ ਉਹੀ ਰਾਹ ਸਹੀ ਪ੍ਰਤੀਤ ਹੋਣ ਲੱਗ ਪੈਂਦਾ ਹੈ। ਪਰ ਜਦੋਂ ਅਜਿਹੇ ਅਕਲ ਦੇ ਅੰਨ੍ਹੇ ਆਗੂ ਦੇ ਪਿੱਛੇ ਇਕ ਵੱਡਾ ਕਾਫ਼ਲਾ ਭੀ ਨਾਹਰੇ ਮਾਰਦਾ, ਪੁਲਾਂਘਾਂ ਭਰਦਾ ਆ ਰਿਹਾ ਹੋਵੇ ਤਾਂ ਉੱਲੂ ਵਰਗੇ ਆਗੂ ਨੂੰ ਆਪਣਾ ਫੈਸਲਾ ਤੇ ਆਪਣਾ ਰਾਹ ਸ਼ਤਪ੍ਰਤੀਸ਼ਤ ਸਤ ਸਹੀ ਪ੍ਰਤੀਤ ਹੁੰਦਾ ਹੈ। ਜਿਹੜੇ ਲੋਕ ਅਗਿਆਨਤਾ ਵਿਚ ਗਰਕ ਹੋਏ ਆਦਮੀ ਨੂੰ ਅੱਗੇ ਲਾ ਕੇ ਖ਼ੁਦ ਪਿੱਛੇ ਟੁਰਦੇ ਹਨ ਉਹਨਾਂ ਨੂੰ ਸੁਜਾਖੇ ਕਹਿਣਾ ਵਾਜ਼ਬ ਨਹੀਂ ਹੈ। ਇਹਨਾਂ ਅਗਿਆਨਤਾਂ ਵਿਚ ਡੁਬੀਆਂ ਭੀੜਾਂ ਨੂੰ ਜੇ ਵੇਖਣਾ ਹੋਵੇ ਤਾਂ ਭੀੜ ਵਿਚੋਂ ਅਲੱਗ ਹੋ ਕੇ ਵੇਖਿਆ ਜਾ ਸਕੇਗਾ, ਭੀੜ ਦੇ ਅੰਦਰੋਂ ਨਹੀਂ।

ਸ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੇ ਭੀੜ ਵਿਚੋਂ ਅਲੱਗ ਹੋ ਕੇ, ਇਸ ਭੀੜ ਦੇ ਕੰਮਾਂ ਨੂੰ ਵੇਖਿਆ ਪਰਖਿਆ। ਜਦੋਂ ਇਹ ਚੰਗੀ ਤਰ੍ਹਾਂ ਜਾਣ ਲਿਆ ਕਿ ਅੱਗੇ ਰਾਹ ਕੋਈ ਨਹੀਂ, ਖਤਰੇ ਬੜੇ ਨੇ, ਤਬਾਹੀ ਸਾਹਮਣੇ ਪਰਤੱਖ ਨਜ਼ਰ ਆਉਂਦੀ ਹੈ। ਤਾਂ ਉਸ ਨੇ ਵਫ਼ਾਦਾਰ ਪਹਿਰੇਦਾਰ ਵਾਂਗ, ਹਾਲ ਦੁਹਾਈ ਮਚਾਈ, ਜਿਥੇ ਕਿਤੇ ਕੋਈ "ਸਿਆਣਾ" ਨਜ਼ਰ ਆਇਆ, ਉਹਨਾਂ ਨੂੰ ਝੰਜੋੜਿਆ, ਖਤ ਲਿਖੇ, ਕਿਤਾਬਾਂ ਲਿਖ ਲਿਖ ਕੇ ਆਪਣੀ ਵੇਦਨਾ ਪ੍ਰਗਟ ਕੀਤੀ...। ਪਹਿਲੋਂ ਤਾਂ ਕਿਸੇ ਉਸਦੀ ਚੀਕ ਪੁਕਾਰ ਸੁਨਣ ਦੀ ਵਿਹਲ ਹੀ ਨਾ ਕੱਢੀ। ਜਦੋਂ ਉਸ ਨੇ ਕੌਮੀ ਦਰਦ ਵਿਚ ਅਸਮਾਨ ਸਿਰ 'ਤੇ ਚੁੱਕ ਲਿਆ, ਬੱਦਲਾਂ ਦੀ ਗਰਜ ਨਾਲੋਂ ਉਸਦੀ ਸਿੰਘ ਗਰਜ ਬਹੁਤ ਉੱਚੀ ਪੁੱਜ ਗਈ ਤੇ ਸਾਰਿਆਂ ਦੀ "ਚੈਨ" ਹਰਾਮ ਕਰ ਦਿੱਤੀ ਤਾਂ ਸਾਰਿਆਂ ਮਤਾ ਪਕਾ ਕੇ, ਉਸਦੀ ਸੰਘੀ ਨੱਪਣ ਦੀ ਨਾਪਾਕ, ਬੇਰਹਿਮ ਕੋਸ਼ਿਸ਼ ਕੀਤੀ। ਅਕਾਲ ਦੇ ਤਖ਼ਤ 'ਤੇ ਜਾ ਕੇ ਅਕਾਲ ਪੁਰਖ ਹੋਇਆ ਕਰਦਾ ਹੈ, ਜਾਂ ਅਕਾਲ ਦਾ ਰੂਪ ਸਤਿਗੁਰੂ ਬਿਰਾਜਮਾਨ ਹੁੰਦਾ ਹੈ। ਪਰ ਅੱਜਕਲ੍ਹ ਬੇਈਮਾਨੀ ਰਾਜਸੀ ਲੀਡਰਾਂ ਦੇ ਪਾਲਤੂ ਚਾਕਰ, ਧਰਮ ਵਿਦਿਆ ਤੋਂ ਹੀਣੇ,

ਤਨਖ਼ਾਹਦਾਰ ਮੁਲਾਜ਼ਮ, ਤਖ਼ਤਾਂ 'ਤੇ ਬਿਠਾ ਦਿੱਤੇ ਗਏ ਹਨ। ਉਹਨਾਂ ਨੇ **ਉਹੀ** ਕਰਨਾ ਹੈ ਜੋ ਉਹਨਾਂ ਦੇ ਮਾਲਕ, ਰਾਜਸੀ ਲੋਕ ਆਖਣਗੇ। ਪਿਛਲੇ ਦਸ ਸਾਲਾਂ ਤੋਂ ਸਰਦਾਰ ਜੀ ਦੀਆਂ ਪੁਸਤਕਾਂ ਛਪਦੀਆਂ ਆ ਰਹੀਆਂ ਹਨ। ਬ੍ਰਾਹਮਣੀ ਰੀਤਾਂ ਨੂੰ ਧਰਮ ਦਾ ਅੰਗ ਮੰਨਣ ਵਾਲੇ, ਕਿਸੇ ਹਿੰਦੂ ਜਥੇਬੰਦੀ ਜਾਂ ਬ੍ਰਾਹਮਣ ਨੇ ਉਹਨਾਂ ਲਿਖਤਾਂ ਦਾ ਕੋਈ ਵਿਰੋਧ ਨਹੀਂ ਕੀਤਾ। ਆਪਣੇ ਵਰੋਸਾਏ ਜਥੇਦਾਰ ਜੁ ਅੱਗੇ ਕਰ ਦਿੱਤੇ ਹਨ। ਡੇਰਿਆਂ ਟਕਸਾਲਾਂ ਵਾਲੇ ਭੀ ਤਾਂ ਉਹਨਾਂ ਦੇ ਆਪਣੇ ਹੀ ਹਨ। ਇਸ ਲਈ ਸ. ਗੁਰਬਖਸ਼ ਸਿੰਘ ਦੀਆਂ ਪੁਸਤਕਾਂ ਦਾ ਇਹੀ ਲੋਕ ਵਿਰੋਧ ਕਰ ਰਹੇ ਹਨ। ਪਰ ਇਸ ਗਿਆਨ ਦੀ ਹਨੇਰੀ ਅੱਗੇ ਇਹ ਲੋਕ ਟਿਕ ਨਹੀਂ ਸਕਣਗੇ, ਸੱਚ ਦਾ ਸੂਰਜ ਡਲ੍ਹਕਾਂ ਮਾਰਦਾ ਚੜ੍ਹ ਚੁੱਕਿਆ ਹੈ। ਉਹਨਾਂ ਦੀਆਂ ਲਿਖਤਾਂ ਘਰ ਘਰ ਪੁੱਜ ਰਹੀਆਂ ਹਨ।

ਜਦੋਂ ਸ਼ੈਤਾਨ ਇਨਸਾਫ਼" ਕਰਨ ਬੈਠਦਾ ਹੈ ਤਾਂ ਅਦਾਲਤੀ ਕਾਰਵਾਈ ਤਾਂ ਉਸਨੇ ਪੂਰੀ (ਖਾਨਾ ਪੂਰਤੀ) ਕਰਨੀ ਹੀ ਹੁੰਦੀ ਹੈ। ਫਿਰ ਉਸ ਸ਼ੈਤਾਨੀ ਕਾਰਵਾਈ ਨੂੰ ਠੀਕ ਸਿੱਧ ਕਰਨ ਵਾਲੇ ਝੂਠੇ ਗਵਾਹ ਭੀ ਭੁਗਤਾਉਣੇ ਪੈਂਦੇ ਹਨ। ਉਸ ਪਾਪ "ਕਰਮ ਨੂੰ" "ਸੱਚਾ ਇਨਸਾਫ਼" ਸਿੱਧ ਕਰਨ ਵਾਲੇ ਟੁੱਕੜਬੋਚਾਂ ਦੀ ਭੀ ਡਾਹਢੀ ਲੋੜ ਪੈਂਦੀ ਹੈ। ਅਗਸਤ ਮਹੀਨੇ ਦੇ ਰਸਾਲੇ "ਖੰਡੇਧਾਰ" ਵਿਚ ਸਰਦਾਰ ਜੀ ਵਿਰੁੱਧ, ਰੱਜ ਕੇ ਕੁਫ਼ਰ ਤੋਲਿਆ ਗਿਆ ਹੈ। ਇਸ ਕੂੜ ਨੂੰ ਚਾਸਨੀ ਚਾੜ੍ਹਨ ਵਾਲੇ ਦੋ "ਪੰਥਕ ਲਿਖਾਰੀ" ਇੰਦਰਜੀਤ ਸਿੰਘ ਗੋਗੋਆਣੀ ਤੇ ਸੁਖਪ੍ਰੀਤ ਸਿੰਘ ਉਦੋਕੇ ਹਨ। ਦਾਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ਦੋਵੇਂ "ਕੂੜਿਆਰ ਕੂੜਿਆਰੀ ਜਾਇ ਰਲੇ" ਵਾਲੀ ਪੰਕਤੀ ਤੇ ਖਰੇ ਉਤਰੇ। ਜੋ ਟਕਸਾਲ ਵਾਲੇ ਪਿਛਲੇ ਵੀਹ ਸਾਲ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਹਜ਼ਾਰਾਂ ਸਿੱਖਾਂ ਦੇ ਇਕੱਠਾਂ ਸਨਮੁਖ, ਦੇਸ਼ਾਂ-ਬਿਦੇਸ਼ਾਂ ਵਿਚ ਬੜੀ ਬੇਸ਼ਰਮੀ ਨਾਲ ਆਖ ਰਹੇ ਹੁੰਦੇ ਹਨ", ਸੰਤ ਬਾਬਾ ਜਰਨੈਲ ਸਿੰਘ ਸਹੀ ਸਲਾਮਤ ਹਨ, "ਚੜ੍ਹਦੀ ਕਲਾ ਵਿਚ ਹਨ, ਠੀਕ ਵਕਤ ਸਿਰ ਪ੍ਰਗਟ ਹੋ ਜਾਣਗੇ"। ਛੇ ਜੂਨ 03 ਨੂੰ ਉਹਨਾਂ ਦੇ ਪੁੱਤਰਾਂ ਨੇ ਦਸਤਾਰ ਪ੍ਰਾਪਤ ਕਰ ਲਈ ਹੈ। ਅਕਾਲ ਤਖ਼ਤ ਸਾਹਿਬ ਤੇ ਹਜ਼ਾਰਾਂ ਦੇ ਇਕੱਠ ਵਿਚ ਬਾਬਾ ਜਰਨੈਲ ਸਿੰਘ ਨੂੰ ਸ਼ਹੀਦ ਮੰਨ ਕੇ ਅਰਦਾਸ ਕਰ ਦਿੱਤੀ ਹੈ। ਉਹਨਾਂ ਦੇ ਜੀਵਤ ਹੋਣ ਦਾ ਇਕ ਭੀ ਸਬੂਤ ਨਹੀਂ ਹੈ, ਤੇ ਸ਼ਹੀਦੀ ਦੇ ਅਣਗਿਣਤ ਸਬੂਤ ਹਨ। "ਫਿਰ ਭੀ ਮੈਂ ਨਾਂ ਮਾਨੂੰ" ਆਖ ਰਹੇ ਹਨ ਟਕਸਾਲੀਏ। ਤੇ ਉਹਨਾਂ ਦੇ ਬੁਲਾਰੇ ਬਣ ਰਹੇ ਹਨ ਇਹ ਦੋਵੇਂ ਵੀਰ। ਫਿਰ ਝੂਠਿਆਂ ਦੇ ਨਾਲ ਰਲ ਕੇ ਇਹ ਕਿਉਂ ਨਾ ਕੁਫ਼ਰ ਦੀ ਗੱਡੀ ਵਿਚ ਸਵਾਰ ਹੋਣ ?

ਝੂਠੇ ਕਉ ਨਾਹੀ ਪਤਿ ਨਾਉ ॥
ਕਬਹੂ ਨ ਸੂਚਾ ਕਾਲਾ ਕਾਉ ॥ (839)

"ਗੋਗੋਆਣੀ" ਜੀ ਦੀ ਲਿਖਤ ਤਾਂ ਕੇਵਲ ਬਚਗਾਨੀਆਂ ਨਾਲ ਹੀ ਭਰਪੂਰ ਹੈ। ਇਸ ਲਈ ਉਸਦੀਆਂ ਬੇਥਵੀਆਂ ਦਾ ਜੁਆਬ ਦੇਣਾ ਮੁਨਾਸਬ ਨਹੀਂ ਸਮਝਿਆ। ਪਰ ਸੁਖਪ੍ਰੀਤ ਸਿੰਘ ਨੇ ਜੋ ਨੀਚਤਾ ਦੀਆਂ ਹੱਦਾਂ ਉਲੰਘ ਕੇ ਸ. ਜੀ (ਅੱਗੇ ਜਿਥੇ "ਸ." ਜੀ ਲਫ਼ਜ਼ ਆਵੇ ਤਾਂ ਸਮਝ ਲੈਣਾ ਕਿ ਇਹ ਸ. ਗੁਰਮੁਖ ਸਿੰਘ ਕਾਲਾ ਅਫ਼ਗਾਨਾ ਜੀ ਵਾਸਤੇ ਹੈ) ਤੇ ਚਿੱਕੜ ਸੁੱਟਿਆ ਹੈ, ਉਸਦਾ ਜੁਆਬ ਨਾ ਦੇਣਾ ਕਾਇਰਤਾ ਹੀ ਹੋਵੇਗੀ। ਪਹਿਲੀ ਗੱਲ ਤਾਂ ਇਹ ਕਿ ਇਹਨਾਂ ਦੋਵਾਂ ਲੇਖਕਾਂ (ਗੋਗੋਆਣੀ ਤੇ ਉਦੋਕੇ) ਸ. ਜੀ ਦੀਆਂ ਲਿਖਤਾਂ ਪੜ੍ਹੀਆਂ ਵਿਚਾਰੀਆਂ ਹੀ ਨਹੀਂ। ਲੋਕਾਂ ਵੱਲੋਂ ਦਿੱਤੇ ਕਮੈਂਟਸ ਅਖ਼ਬਾਰਾਂ ਰਸਾਲਿਆਂ ਵਿਚੋਂ ਪੜ੍ਹ ਕੇ ਪੇਤਲੀ ਜਿਹੀ ਜਾਣਕਾਰੀ ਦੇ ਆਧਾਰ 'ਤੇ ਪੱਤਰੇ ਕਾਲੇ ਕਰ ਛੱਡੇ। ਹੁਣ ਆਉ ਉਦੋਕੇ ਵੱਲੋਂ ਆਪਣੀ ਲਿਖਤ ਰਾਹੀਂ ਜੋ ਘੋਰ ਅਪਮਾਨ ਤੇ ਅਨਰਥ ਇਸ ਲਿਖਤ ਵਿਚ ਕੀਤਾ ਹੈ ਉਹ ਜੋ ਨਾ ਕਾਬਲੇ ਬਰਦਾਸ਼ਤ ਹੈ ਉਸ ਨੂੰ ਵਿਚਾਰੀਏ—

ਨੰ. 1—"ਸਿੱਖ ਲੀਡਰਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਕਿ ਕਾਂਗਰਸੀ ਲੀਡਰਾਂ ਨੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਲਿਖਤੀ ਬਚਨ ਕਰਕੇ ਮੁੱਕਰ ਗਏ ਹਨ..." (ਖੰਡੇਧਾਰ ਅਗਸਤ 03 ਪੰਨਾ 26) ਜੋ ਵਿਚਾਰ ਸ. ਜੀ ਨੇ ਆਪਣੀ ਪੁਸਤਕ ਬਿਪ੍ਰਨ ਕੀ ਰੀਤ ਭਾਗ 1, ਉਸ ਵਿਚ ਇਬਾਰਤ ਬਿਲਕੁਲ ਹੋਰ ਹੈ, ਜੋ ਇਸਤਰ੍ਹਾਂ ਚਲਦੀ ਹੈ—"ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪੰਥਕ ਲੀਡਰਾਂ ਨੇ ਇਸ ਸਰਕਾਰ ਨੂੰ ਦਿਲੋਂ ਮੰਨਣ ਦੁਸ਼ਮਣ ਮੰਨ ਲੈਣ ਦੀ ਥਾਂ, ਇਸ ਨੂੰ ਕਿਸੇ ਭੁਲੇਖੇ ਕਾਰਨ ਕੁਰਾਹੇ ਪਈ ਹੋਈ ਅਥਵਾ ਰੁੱਸੀ ਹੋਈ "ਮਾਂ" ਹੀ ਸਮਝਿਆ ਹੈ। ਇਸੇ ਲਈ ਮੁੜ ਮੁੜ ਉਸੇ ਮਾਂ ਤੋਂ ਦਾਤਾਂ ਮੰਗਣ ਚਲੇ ਜਾਂਦੇ ਹਨ ਸਾਡੇ ਪੰਥਕ ਲੀਡਰ ? (ਬਿਪ੍ਰਨ ਕੀ ਰੀਤ ਭਾਗ 1, ਪੰਨਾ 234)

ਨੰ. 2—ਪੰਨਾ ਨੰ. 217 'ਤੇ ਇਹ ਅਖੌਤੀ ਵਿਦਵਾਨ ਕੌਮ ਦੇ ਹੀਰੇ ਸ. ਕਪੂਰੀ ਸਿੰਘ ਬਾਰੇ ਲਿਖਦਾ ਹੈ—ਆਪ ਜੀ ਦੇ ਸਿਆਸੀ ਭਾਸ਼ਣਾਂ (ਜਿਹੜੇ ਤੁਸੀਂ ਗੁਰਬਾਣੀ ਸ਼ਬਦਾਂ ਦੇ ਆਧਾਰ 'ਤੇ ਹੀ ਦਿਆ ਕਰਦੇ ਸੀ) ਏਹੀ ਸਿੱਧ ਹੁੰਦਾ ਕਿ ਜਿਵੇਂ ਤੁਹਾਨੂੰ ਵੀ ਪੂਰੀ ਤਸੱਲੀ ਹੈ ਕਿ ਹਿੰਦਸਕਾਰ ਨੂੰ ਇਹਨਾਂ ਤੱਥਾਂ ਦਾ ਬਿਲਕੁਲ ਪਤਾ ਨਹੀਂ...।" (ਖੰਡੇਧਾਰ ਪੰਨਾ 27)

ਅਕਲ ਕੋਟ ਸੁਖਪ੍ਰੀਤ ਸਿੰਘ ਜੀ। ਤੁਹਾਡੀ ਅਕਲ ਨੂੰ ਚੋਰ ਲੈ ਗਏ ਹਨ ਜਾਂ ਟਕਸਾਲ ਵਾਲਿਆਂ ਮਾਇਆ ਦਾ ਗਲੇਫ ਚਾੜ੍ਹ ਦਿੱਤਾ ਹੈ ? ਜਾਂ ਪਾਪ ਭਰੇ ਦਵੈਤ ਵਾਲੇ ਚਸ਼ਮੇ ਲਗਾ ਲਏ ਹਨ ? ਕਿਉਂਕਿ ਪਿੱਛੇ ਜਿਥੋਂ ਅਫ਼ਗਾਨਾ ਜੀ ਦਾ ਲੇਖ ਸ਼ੁਰੂ ਹੁੰਦਾ ਹੈ, ਉਥੇ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਜਥੇਦਾਰ ਸ਼੍ਰੀ ਅਕਾਲ ਤਖ਼ਤ, ਸਾਫ਼ ਲਿਖਿਆ ਹੋਇਆ ਹੈ। ਇਹ ਖਤ ਉਹਨਾਂ ਨੂੰ ਸੰਬੋਧਨ ਕੀਤਾ ਗਿਆ ਹੈ, ਨਾ ਕਿ ਸ. ਕਪੂਰ ਸਿੰਘ ਨੂੰ। ਵਿਚ ਕਈਆਂ ਥਾਂਵਾਂ 'ਤੇ ਰਾਗੀ ਤੇ ਪ੍ਰਚਾਰਕ

ਸ਼ਬਦ ਭੀ ਵਰਤਿਆ ਹੋਇਆ ਹੈ। ਫਿਰ ਤੁਸੀਂ ਕਿਸ ਬਦਨੀਤੀ ਨਾਲ ਪ੍ਰੋ. ਦਰਸ਼ਨ ਸਿੰਘ ਨੂੰ ਸੰਬੋਧਨ ਖਤ ਸ. ਕਪੂਰ ਸਿੰਘ ਵੱਲ ਮੋੜ ਲਿਆ ? ਤੁਸੀਂ ਕਿਸ ਵਿਸ਼ੇ ਦੇ ਡਾਕਟਰ ਹੋ ? ਮੈਂ ਪੱਕੀ ਤਰ੍ਹਾਂ ਜਾਣਦਾ ਹਾਂ ਕਿ ਵਿਦਿਆ ਦੇ ਪੀ.ਐੱਚ.ਡੀ. ਨਹੀਂ ਹੋ। ਹਾਂ RMP ਸ਼ਾਇਦ ਹੋਵੇ। ਕਿਉਂਕਿ ਜਿਸ ਇਨਸਾਨ ਨੂੰ ਇਹ ਭੀ ਨਹੀਂ ਪਤਾ ਕਿ ਚਿੱਠੀ ਕਿਸ ਵੱਲ ਹੈ, ਕਿਸ ਵਾਸਤੇ ਹੈ, ਉਹ ਵਿਦਵਾਨ ਹੋ ਸਕਦਾ ਹੈ ? ਇਸ ਖ਼ਤ ਵਿਚ ਸ. ਜੀ ਨੇ ਪੰਥ ਦੀ ਦਰਦਨਾਕ ਦਸ਼ਾ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਹ ਪੜ੍ਹਕੇ ਭੁੱਬਾਂ ਨਿਕਲਦੀਆਂ ਨੇ। ਸੂਝਵਾਨ ਪਾਠਕ ਖੁਦ ਸ. ਜੀ ਦੀਆਂ ਪੁਸਤਕਾਂ ਪੜ੍ਹਕੇ ਵੇਖਣ, ਫਿਰ ਅਸਲੀਅਤ ਉਘੜ ਕੇ ਪ੍ਰਤੱਖ ਹੋਵੇਗੀ। ਸਗੋਂ ਸ. ਜੀ ਤਾਂ ਉਹਨਾਂ ਬੇਈਮਾਨ ਤੇ ਕਮੀਣੇ ਸਿੱਖ ਲੀਡਰਾਂ ਨੂੰ ਲਾਹਨਤਾ ਪਾ ਰਹੇ ਹਨ ਜਿੰਨਾ ਸਿੱਖ ਜੁਆਨੀ ਦਾ ਘਾਣ ਕਰਵਾ ਦਿੱਤਾ, ਪ੍ਰਾਪਤੀ ਫਿਰ ਭੀ ਕੋਈ ਨਾ ਹੋਈ। ਉਦੋਕੇ ਜੀਓ ! ਤੁਸੀਂ ਤਾਂ ਟਕਸਾਲੀ ਐਨਕਾਂ ਲਾ ਕੇ ਗੁਰਸਿੱਖਾਂ ਵਾਲਾ ਚਲਣ 'ਤੇ ਸਤਿਕਾਰ ਵਾਲੀ ਬੋਲੀ ਹੀ ਭੁੱਲ ਬੈਠੇ ਹੋ। ਇਕ ਵਿਦਵਾਨ ਗੁਰਸਿੱਖ ਬਜ਼ੁਰਗ ਨੂੰ "ਪਿੰਡ ਨੂੰ ਅੱਗ ਲੱਗੀ ਕੁੱਤਾ ਰੂੜੀ 'ਤੇ...ਪੰਜਾਬ ਦੀ ਜਵਾਨੀ ਲਹੂ ਲੁਹਾਣ ਤੇ ਕਾਲਾ ਅਫ਼ਗਾਨਾ ਹੋਟਲਾਂ ਵਿਚ ਪੀਜੇ ਖਾ ਰਿਹਾ ਹੈ...।" ਅਫ਼ਸੋਸ ਤੁਹਾਡੀ ਅਕਲ ਤੇ ਸਦ ਅਫ਼ਸੋਸ। ਤੁਸੀਂ ਦਸ ਸਕਦੇ ਹੋ ਕਿ ਤੁਸੀਂ ਖਾੜਕੂਵਾਦ ਦੌਰਾਨ ਕਿਸ ਕੱਦੂ ਵਿਚ ਤੀਰ ਮਾਰਿਆ ਸੀ ? ਕੀ ਮਰਨਾ ਤੇ ਮਾਰਨਾ ਹੀ ਗੁਰਮਤ ਹੈ ? ਬਿਨਾਂ ਸਮਝੇ ਵਿਚਾਰੇ, ਬਿਨਾਂ ਨਫ਼ਾ ਨੁਕਸਾਨ ਸੋਚੇ ? ਸ. ਜੀ ਦੇ ਸੱਚ ਨਾਲ ਖਲੋਤੇ ਹਮਦਰਦ ਗੁਰਸਿੱਖ ਇਹ ਚੈਲੰਜ ਸਵੀਕਾਰ ਕਰਦੇ ਹਨ, ਕਿਸੇ ਥਾਂ ਕਿਸੇ ਭੀ ਦਿਨ ਪੂਰੀ ਪਾਰਦਰਸ਼ਤਾ ਦੁਆਰਾ ਅਸੀਂ ਅਫ਼ਗਾਨਾ ਜੀ ਦੇ ਵਿਰੋਧੀਆਂ ਨਾਲ ਵਿਚਾਰ ਚਰਚਾ ਲਈ ਤਿਆਰ ਹਾਂ। ਪੁਸਤਕਾਂ ਵਿਚੋਂ ਲੋੜੀਂਦੇ ਪ੍ਰਸੰਗ ਸਾਹਮਣੇ ਲਿਆਉ, ਗਰਬਾਣੀ ਦੇ ਪੰਜ ਪ੍ਰਮਾਣ ਲਿਖਤ ਦੇ ਵਿਰੋਧ ਵਿਚ ਦਿਉ, ਪਰ ਤੁਸੀਂ ਤਾਂ ਸਾਹਮਣਾ ਕਰਨ ਦੀ ਹਿੰਮਤ ਹੀ ਗੁਆ ਬੈਠੇ ਹੋ। ਸ. ਜੀ ਦੀਆਂ ਦਸ ਕਿਤਾਬਾਂ ਲਗਪਗ ਪੰਜ ਹਜ਼ਾਰ ਪੰਨਿਆਂ ਵਿਚੋਂ ਲੱਖਾਂ ਕੋਸ਼ਿਸ਼ਾਂ ਤੋਂ ਬਾਦ ਚਿਰਾਗ ਲੈ ਕੇ ਢੂੰਡਿਆਂ ਕੇਵਲ "ਛੇ ਪੰਕਤੀਆਂ ਇਤਰਾਜ ਯੋਗ" ਲੱਭੀਆਂ ਸਨ ਜਥੇਦਾਰਾਂ ਨੂੰ। ਤੇ ਜਿੰਨ੍ਹਾਂ ਪੰਨਿਆਂ ਦੇ ਹਵਾਲੇ ਸੁਖਪ੍ਰੀਤ ਸਿੰਘ ਜੀ ਤੁਸੀਂ ਲੱਭ ਲਿਆਏ ਹੋ, ਇਹ ਤਾਂ ਵੇਦਾਂਤੀ ਜੀ ਨੂੰ ਭੀ ਨਹੀਂ ਲੱਭੇ, ਧੰਨ ਹੋ ਤੁਸੀਂ। ਲਗਦੈ ਤੁਹਾਨੂੰ ਆਪਣੀ ਅਕਲ 'ਤੇ ਇਤਨਾ ਗਰਬ ਹੋ ਗਿਆ ਹੈ ਕਿ ਸਾਰੇ ਜਥੇਦਾਰਾਂ ਨੂੰ ਤੁਹਾਡੀ ਤਾਬੇਦਾਰੀ ਸਵੀਕਾਰ ਕਰ ਲੈਣੀ ਚਾਹੀਦੀ ਹੈ ? ਧੰਨ ਸਿੱਖੀ !

ਨੰ. 3—(ਦੁਸਮਣ ਬਾਤ ਕਰੇ ਅਣਹੋਣੀ। ਇਹ ਸਿਰਲੇਖ ਵੀ ਸੱਜਣ ਜੀ ਦੀ ਪੁਸਤਕ ਵਿਚ ਹੈ) ਇਸ ਅਖੌਤੀ ਕਲਮਜਾਰ ਸੱਜਣ ਦੀਆਂ ਲਿਖਤਾਂ ਦੇ ਕੁਝ ਹਿੱਸੇ ਹੇਠਾਂ ਲਿਖਣ ਲੱਗਿਆਂ ਅੱਖਾਂ ਵਿਚੋਂ ਆਪ ਮੁਹਾਰੇ ਨੀਰ ਵਹਿ ਟੁਰਦਾ ਹੈ,

(ਮਗਰਮੱਛ ਦੇ ਹੰਝੂ) ਇੰਜ ਲਗਦਾ ਹੈ ਜਿਵੇਂ ਇਸ ਵਿਚ ਗੁਲਾਮ ਹੁਸੈਨ ਦੀ ਰੂਹ ਜਾਂ ਖਾਫੀਖਾਨ ਦੀ ਰੂਹ ਪ੍ਰਵੇਸ਼ ਕਰ ਗਈ ਹੋਵੇ। (ਪੰਨਾ 27 ਖੰਡੇਧਾਰ)

ਸੰਸਾਰ ਪ੍ਰਸਿੱਧ ਵਿਦਵਾਨ ਖਲੀਲ ਜਿਬਰਾਨ ਨੇ ਇਕ ਥਾਂ ਬੜਾ ਲਾਜੁਆਬ ਲਿਖਿਆ ਹੈ—ਜਿਸ ਦੇਸ਼ ਦਾ ਰਾਜਸੀ ਨੇਤਾ ਬੇਈਮਾਨ ਹੋਵੇ, ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦੀ ਜਨਤਾ ਅਗਿਆਨੀ ਹੋਵੇ ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦਾ ਲੇਖਕ ਵਿਕਾਊ ਹੋਵੇ, ਫ਼ਰੇਬੀ ਹੋਵੇ, ਕਾਇਰ ਹੋਵੇ ਉਹ ਦੇਸ਼ ਬਰਬਾਦ ਹੋਇਆ ਹੀ ਸਮਝੋ। ਦੇਸ਼ ਦੀ ਗੱਲ ਨਾ ਕਰਕੇ ਪੰਥ ਹੀ ਕਰ ਲਈਏ। ਪੰਥ ਵਿਚ ਉੱਪਰ ਵਰਣਿਤ ਸਾਰੀਆਂ ਬਿਮਾਰੀਆਂ ਥੋਕ ਵਿਚ ਵਿਚ ਮੌਜੂਦ ਹਨ। ਉੱਪਰ ਸਿਤਮ ਇਹ ਪਈ ਅਜਿਹੇ ਕਲਮ ਦੇ ਧਨੀ (ਡਾਕਟਰ ?) ਸੁਖਪ੍ਰੀਤ ਸਿੰਘ ਵਰਗੇ ਕੂੜ ਕੁਫ਼ਰ ਦੀ ਪੰਡ ਚੁੱਕ ਕੇ ਗੁਆਂਢੀਆਂ ਦੇ ਘਰ ਸੁੱਟਣ ਚੱਲ ਪੈਣ, ਫਿਰ ਬਚਾਉ ਵਾਸਤੇ ਹੱਥ ਅੱਖਾਂ ਤੋਂ ਰੰਗੀਨ ਚਸ਼ਮਾਂ ਉਤਾਰ ਕੇ ਪੜ੍ਹੋ—"ਜੰਗ ਵਿਚ ਫੌਜਾਂ ਅਤਿਅੰਤ ਤਬਾਹੀ ਕਰਦੀਆਂ ਹਨ। ਜੇ ਭਲਾ ਇਹ ਬੇਦੀਨਾ ਮੁਗ਼ਲਾਂ ਨਾਲੋਂ ਜ਼ਾਲਮ (**ਹਿੰਦ ਸਰਕਾਰ**) ਦੁਸ਼ਮਣ, ਤੋਪਾਂ ਟੈਂਕਾਂ ਅਤੇ ਹਵਾਈ ਜਹਾਜ਼ਾਂ ਨਾਲ ਚੜ੍ਹ ਆਇਆ ਅਤੇ ਉਸਨੇ ਸਿੱਖੀ ਦੀ ਆਨਸ਼ਾਨ ਸ੍ਰੀ ਦਰਬਾਰ ਸਾਹਿਬ 'ਤ ਗੋਲਿਆਂ ਦੀ ਵਰਖਾ ਸ਼ੁਰੂ ਕਰ ਤਾਂ ਅਸੀਂ ਕੀ ਕਰ ਸਕਾਂਗੇ ? ਬਾਬਾ ਬੰਦਾ ਬਹਾਦਰ ਨੇ ਵੀ ਸਢੌਰੇ ਦੀ ਜੰਗ ਸਮੇਂ ਉਸ ਮੰਦਰ ਅਤੇ ਮਸੀਤ ਨੂੰ ਅੱਗ ਲਾ ਦਿੱਤੀ ਸੀ, ਜਿਸ ਵਿਚ ਦੁਸ਼ਮਣ ਜਾ ਲੁਕਿਆ ਸੀ। ਜੰਗਾਂ ਵਿਚ ਅਜਿਹੇ ਅਨਰਥ ਹੋ ਜਾਣੇ ਅਚੰਭੇ ਵਾਲੀ ਗੱਲ ਨਹੀਂ। ਤੇ ਪਿੱਛੋਂ ਸਿਵਾਏ ਰੌਲਾ ਪਾਉਣ ਦੇ ਅਸਾਂ ਕਰ ਵੀ ਕੁਝ ਨਹੀਂ ਸਕਣਾ। ਅਤੇ ਪੰਥਕ ਵਕਾਰ ਖੇਹ ਵਿਚ ਰਲਾ ਲੈਣ ਦੇ ਜਿੰਮੇਂਵਾਰ ਲੈਣ ਦੇ ਜਿੰਮੇਂਵਾਰ ਬਣਾਂਗੇ। ਗੁਰੂ ਦਰਬਾਰ ਲੱਗਣ ਵਾਲੇ ਥਾਂ ਜਿਥੇ ਸਤਿਸੰਗਤ ਜੁੜਦੀ ਹੋਵੇ ਤੇ ਇਕੋ ਨਾਮ ਦੀ ਵਿਆਖਿਆ ਹੁੰਦੀ ਹੋਵੇ, ਉਸ ਥਾਂ 'ਤੇ ਸਿੱਖਾਂ ਨੇ ਅੱਜ ਤਕ ਮੋਰਚਾਬੰਦੀ ਨਹੀਂ ਸੀ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਕੋਲ ਮੁਗ਼ਲ ਫੌਜ ਨੂੰ ਭਾਜੜਾਂ ਪਾ ਦੇਣ ਦੀ ਸ਼ਕਤੀ ਵੀ ਸੀ ਪਰ ਫਿਰ ਭੀ ਗਲ੍ਹ ਆ ਪਈ ਜੰਗ ਉਹਨਾਂ ਹਰਿਮੰਦਰ ਸਾਹਿਬ ਵਿਚ ਨਹੀਂ ਸੀ ਲੜੀ। ਕਲਗੀਧਰ ਜੀ ਨੇ ਭੀ ਕੇਸਗੜ੍ਹ ਸਾਹਿਬ ਵਿਖੇ (ਜਿਥੇ ਰੋਜ਼ ਦੀਵਾਨ ਸਜਦੇ ਸਨ, ਪੰਜ ਪਿਆਰੇ ਤੇ ਖ਼ਾਲਸਾ ਪੰਥ ਸਾਜਿਆ ਸੀ) ਜੰਗ ਨਹੀਂ ਸੀ ਲੜੀ, ਲੋਹਗੜ੍ਹ, ਹੋਲਗੜ੍ਹ, ਤਾਰਗੜ੍ਹ ਕਿਲ੍ਹਿਆਂ ਵਿਚੋਂ ਜੰਗ ਲੜੀ ਸੀ।"... (ਬਿਪਰਨ ਕੀ ਰੀਤ, ਭਾਗ 1, ਪੰਨਾ 239)

ਡਾ. ਸਾਹਿਬ ਉਦੋਕੇ ਜੀਓ ! ਸ. ਜੀ ਨੇ ਇਕੋ ਤਰਲਾ ਕੀਤਾ ਸੀ ਆਪਣੇ ਖਤ ਵਿਚ ਪਈ ਕਦੀ ਭੁੱਲਕੇ ਹੀ ਦਰਬਾਰ ਸਾਹਿਬ ਨੂੰ ਜੰਗ ਤਾ ਅਖਾੜਾ ਨਾਂ ਬਣਨ ਦੇਣਾ। ਜਿਸਨੇ ਲੜਾਈ ਕਰਨੀ ਹੈ ਜੀ ਸਦਕੇ ਕਰੇ, ਪਰ ਦਰਬਾਰ ਸਾਹਿਬ ਦੀ ਅਜਮਤ ਨੂੰ ਦਾਅ 'ਤੇ ਲਾ ਕੇ ਨਹੀਂ। ਜੋ ਦੁਖਦਾਈ ਘਟਨਾਵਾਂ ਦਰਬਾਰ ਸਾਹਿਬ

ਵਿਚ ਵਾਪਰਦੀਆਂ ਰਹੀਆਂ, ਉਹਨਾਂ ਦਾ ਲਿਖਤੀ ਵੇਰਵਾ ਹੁਣ ਅਨੇਕ ਪੁਸਤਕਾਂ ਵਿਚ ਆ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਜਾਂ ਕਿਸੇ ਪਵਿੱਤਰ ਅਸਥਾਨ ਨੂੰ ਨਿੱਜੀ ਗਰਜਾਂ ਲਈ ਵਰਤਣਾ, ਰਾਸਸੀ ਭਾਸ਼ਣ ਦੇਣੇ, ਸਾਨੂੰ ਇਕੱਲੇ ਇਕੱਲੇ ਸਿੱਖ ਨੂੰ 35-35 ਆਉਂਦੇ ਹਨ, ਮੋਟਰ ਸਾਈਕਲ 'ਤੇ A.K. 47 ਖਰੀਦ ਕੇ ਖੰਥ ਦੋਖੀਆਂ ਨੂੰ ਪਾਰ ਬੁਲਾ ਦਿਉ...। ਕੀ ਅਜਿਹੇ ਮਨੁੱਖਤਾ ਦੇ ਦੋਖੀ ਭਾਸ਼ਣ, ਤੇ ਮਾਰ-ਕਾਟ ਦੇ ਬਿਆਨ ਦਾਗਣ ਲਈ ਹੀ ਦਰਬਾਰ ਸਾਹਿਬ ਬਣਾਇਆ ਗਿਆ ਸੀ ? ਸ. ਜੀ ਨੇ ਇਹੀ ਤਾਂ ਚਿਤਾਵਨੀ ਦਿੱਤੀ ਸੀ ਖਾੜਕੂ ਕਾਰਵਾਈਆਂ ਦਾ 'ਬਹਾਨਾ ਬਣਾ ਕੇ ਕੇ ਸਰਕਾਰ ਕੋਈ ਭੀ ਮੰਦ ਕਾਰਾ ਕਰ ਸਕਦੀ ਹੈ। ਅਜਿਹਾ ਮੌਕਾ ਨਾ ਦਿਉ। ਫਿਰ ਕੀ ਸ. ਦੀ ਲਿਖਤ ਸੱਚ ਸਾਬਤ ਨਹੀਂ ਹੋ ਰਹੀ ?

ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕੇ ਉਦੋਕੇ ਨੇ (ਅਤੇ ਖੰਡੇਧਾਰ ਨੇ) ਪੀਲੀ ਪੱਤਰਕਾਰੀ ਦਾ ਸਬੂਤ ਦਿੰਦਿਆਂ, ਨੀਂਵੀਆਂ ਨਿਵਾਣਾਂ ਸਭ ਪਾਰ ਕਰ ਲਈਆਂ ਹਨ। ਖੰਡੇਧਾਰ ਦੇ ਪਹਿਲੇ ਪੰਨੇ 'ਤੇ ਲਿਖਿਆ ਹੈ—"ਕਾਲੀਆਂ ਲਿਖਤਾਂ ਵਾਲਾ ਕਾਲਾ ਅਫ਼ਗਾਨਾ ਪੰਥ 'ਚੋਂ ਖਾਰਜ" (ਮੁਖ ਪੰਨਾ ਅਗਸਤ 03) ਸ. ਜੀ ਬਾਰੇ ਅਤੇ ਉਸਦੇ ਹਮਾਇਤੀਆਂ ਬਾਰੇ ਲੇਖਕ ਦੇ ਪਰਵਚਨ ਸੁਣੋ—"ਮੇਰੀ ਫੱਤ ਦੇ ਯਾਰ, ਗਿਦੜ ਤੇ ਬਘਿਆੜ"। ਬਾਨੀ ਪੰਥ ਦਾ ਮਹਾਨ ਸਿਧਾਂਤ ਘਾੜਾ, ਕੁਰੀਤੀਆਂ ਨੂੰ ਜੜ੍ਹੋਂ ਉਖਾੜ ਦੇਣ ਲਈ ਤੱਤਪਰ, ਪਾਖੰਡੀ ਡੇਰੇਦਾਰਾਂ ਦੀ ਨੀਂਦਰ ਹਰਾਮ ਕਰ ਦੇਣ ਵਾਲਾ ਯੋਧਾ, ਗਿਦੜ ਨਜ਼ਰ ਆਇਆ ਹੈ। ਅਤੇ ਉਸਦੇ ਸਾਥੀ ਬਘਿਆੜ ਆਦਿਕ...। ਮੇਰੀ ਕਲਮ ਹੁਣ ਤਕ ਰੁਕਦੀ ਰਹੀ ਸ਼ੀ ਪਰ ਉਦੋਕੇ ਨੇ ਕਲੇਜੇ ਵਿਚ ਤੀਰ ਮਾਰ ਕੇ ਮੈਨੂੰ ਬੇ-ਕਾਬੂ ਕਰ ਦਿੱਤਾ ਹੈ ਤੇ ਲੈ ਆਪਣੀਆਂ ਕਰਤੂਤਾਂ ਸੁਣ ਲੈ ਧਿਆਨ ਨਾਲ—"ਡਾ. (?) ਉਦੋਕੇ ਤੂੰ ਉਹਨਾਂ ਦਾ ਟੁਕੜੇ ਚੱਟ ਬਣ ਗਿਆ ਹੈ, ਜਿਹਨਾਂ ਪੰਥ ਨੂੰ ਖੇਰੂੰ ਖੇਰੂੰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਵੱਖਰੀ ਰਹਿਤ ਮਰਿਯਾਦਾ ਬਣਾਈ। ਆਪਣੀਆਂ ਕਿਤਾਬਾਂ ਵਿਚ ਬੇ ਸਿਰ ਪੈਰ ਦੇ ਵਜਨੀ ਫੱਕੜ ਤੋਲੇ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਝੂਠ ਵੰਡਿਆ ਜਾ ਰਿਹਾ ਹੈ ਕਿ ਟਕਸਾਲ ਬਾਬਾ ਦੀਪ ਸਿੰਘ ਤੋਂ ਚੱਲੀ ਹੈ। ਗਿਆਨੀ ਗੁਰਬਚਨ ਸਿੰਘ (ਟਕਸਾਲੀ) ਦੀ ਲਿਖਤ "ਗੁਰਬਾਣੀ ਪਾਠ ਦਰਸ਼ਨ", ਵਿਚ ਬੰਸਾਵਲੀ ਦੱਸ ਰਹੀ ਹੈ ਕਿ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਹੈ। ਜਦੋਂ ਕਿ ਇਹ ਭੀ ਸਰਾਸਰ ਗਪੌੜਾ ਹੈ, ਕਿਉਂਕਿ ਕਿਸੇ ਪੁਰਾਤਨ ਸਿੱਖ ਗ੍ਰੰਥ ਵਿਚ ਟਕਸਾਲ ਦਾ ਜ਼ਿਕਰ ਤਕ ਨਹੀਂ ਹੈ।

ਗੁਰਬਾਣੀ ਪਾਠ ਦਰਸ਼ਨ ਕਿਤਾਬ ਦੇ ਪੰਨਾ 253 ਤੇ "ਕਰਤਾਰਪੁਰੀ ਬੀੜ ਵਿਚ ਪੰਦਰਾਂ ਸੌ ਤੋਂ ਵੱਧ ਗਲਤੀਆਂ ਹਨ", ਲਿਖਿਆ ਹੋਇਆ ਹੈ। ਹੈ ਕਿੱਡਾ ਵੱਡਾ ਪਾਪ ਕੀਤਾ ਹੈ ਟਕਸਾਲੀਆਂ ਨੇ। ਤੇਰੀ ਪਿਆਰੀ ਟਕਸਾਲ ਬੀਬੀਆਂ ਨੂੰ

ਕਦੀ ਬਰਾਬਰ ਦਰਜਾ ਨਹੀਂ ਦਿੰਦੀ। ਗੁਰੂ ਹੁਕਮਾਂ ਦਾ ਸਿੱਧਾ ਨਿਰਾਦਰ ਕਰ ਰਹੀ ਹੈ। ਇਹੀ ਟਕਸਾਲ ਪੰਦਰਾਂ ਸਾਲ **ਤਕ**, ਅਕਾਲ ਤਖ਼ਤ ਢੁਹਾ ਕੇ ਬਣਾਉਣ ਦੀ "ਕਾਰ ਸੇਵਾ ਦੇ ਨਾਮ ਹੇਠ" ਕਰੋੜਾਂ ਰੁਪੈ ਸੰਗਤਾਂ ਤੋਂ ਇਕੱਠੇ ਕਰਕੇ, ਡਕਾਰ ਗਈ, ਜਿਸਦਾ ਕੋਈ ਹਿਸਾਬ ਨਹੀਂ ਦਿੱਤਾ ਗਿਆ ਸ਼੍ਰੋਮਣੀ ਕਮੇਟੀ ਨੂੰ। ਇਸੇ ਟਕਸਾਲ ਦੇ ਪੜ੍ਹਾਏ ਤੋਤੇ ਖ਼ਾਲਸਾ ਪੰਥ ਨੂੰ ਲਵ-ਕੁਸ਼ ਦੀ ਔਲਾਦ ਕਹਿਣ ਦਾ ਬੱਜਰ ਪਾਪ ਕਰਦੇ ਰਤੀ ਸ਼ਰਮਸਾਰ ਨਹੀਂ ਹੁੰਦੇ। ਇਸੇ ਟਕਸਾਲ ਦੇ ਗ੍ਰੰਥਾਂ ਵਿਚ, ਹਿੰਦੂ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਬੇਸ਼ੁਮਾਰ ਲਿਖੀਆਂ ਹੋਈਆਂ ਹਨ। ਜਿਨ੍ਹਾਂ ਨਾਲ ਸੰਗਤਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਇਸੇ ਟਕਸਾਲ ਦਾ ਚੌਧਵਾਂ **ਮੁਖੀ** (ਮੈਂ ਨਿੱਜੀ ਤੌਰ 'ਤੇ ਬਾਬਾ ਜਰਨੈਲ ਸਿੰਘ ਦਾ ਸਤਿਕਾਰ ਕਰਦਾ ਹਾਂ ਪਰ **ਤੁਸੀਂ** ਉਸਦਾ ਅਪਮਾਨ ਕਰ ਰਹੇ ਹੋ)

ਇਸੇ ਟਕਸਾਲ ਦੇ ਚੌਧਰੀਆਂ ਨੇ K.P.S. ਗਿੱਲ ਸਿੱਖਾਂ ਦੇ ਵੱਡੇ ਕਾਤਲ ਨੂੰ, ਮਹਿਤੇ ਚੌਂਕ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਸੱਦ ਕੇ ਪ੍ਰਸੰਸਾ ਕੀਤੀ। ਸਿਰੋਪੇ ਦਿੱਤੇ, ਦੁੱਧ ਵੀ ਛਕਾਇਆ, ਇਹੀ ਕਿਰਦਾਰ ਹੈ ਨਾ ਟਕਸਾਲ ਦਾ ? ਤੇ ਉਹਨਾਂ ਦੇ ਟੁਕੜਿਆਂ 'ਤੇ ਪਲਣ ਵਾਲੇ, ਵੱਡੇ ਖਾੜਕੂ ਤੇ ਪੱਕੇ ਸਿੱਖ ਸਕਾਲਰ ਜੀਓ। ਤੇਰੇ ਆਪਣੇ ਵਿਆਹ ਵਿਚ ਸ਼ਰਾਬ ਦੀਆਂ ਪੇਟੀਆਂ ਦੀ ਖਪਤ ਨਹੀਂ ਹੋਈ ? ਅੰਮ੍ਰਿਤਸਰ ਦੇ ਪੈਲੇਸ ਵਿਚ ਦਾਜ ਲੈਣਾ ਨਹੀਂ ਕੀਤਾ ਗਿਆ ? ਗੁਰਮਤਿ ਦੀਆਂ ਧੱਜੀਆਂ ਨਹੀਂ ਉਡਾਈਆਂ ਗਈਆਂ ? ਕ੍ਰਿਪਾ ਕਰਕੇ ਜੇ ਬਹਿਸ ਕਰਨਾ ਚਾਹੁੰਦਾ ਹੀ ਹੋਵੇਂ, ਤਾਂ ਲਿਖਤਾਂ ਦੇ ਦਾਇਰੇ ਵਿਚ ਰੱਖਿਆ ਜਾਵੇ। ਸ਼ਬਦਾਵਲੀ ਸਭਿਅਕ ਵਰਤੀ ਜਾਵੇ। ਤੱਥਾਂ ਨੂੰ ਤੋੜ ਮਰੋੜ ਕੇ ਗਲਤ ਰੰਗਣ ਨਾ ਦਿੱਤੀ ਜਾਵੇ। ਲਿਖਣ ਤੋਂ ਪਹਿਲਾਂ ਸ. ਜੀ ਦੀਆਂ ਲਿਖਤਾਂ ਨੂੰ ਇਕ ਵਾਰੀ ਚੰਗੀ ਤਰ੍ਹਾਂ ਪੜ੍ਹ ਲੈਣਾ, ਬਿਹਤਰ ਰਹੇਗਾ। ਬਿਨ੍ਹਾਂ ਪੜ੍ਹੇ ਝੂਠੇ ਇਲਜਾਮ ਲਾਉਣੇ ਇਨਸਾਨੀਅਤ ਨਹੀਂ ਹੈ, ਨਾ ਹੀ ਸਿੱਖੀ ਹੈ। ਇਹ ਸਾਹਿਤਕ ਬੇਈਮਾਨੀ ਹੈ, ਭ੍ਰਿਸ਼ਟਾਚਾਰ ਹੈ। ਆਸ ਕਰਦਾ ਹਾਂ ਗੰਭੀਰਤਾ ਨਾਲ ਵਿਚਾਰ ਕਰਕੇ ਹੀ ਅੱਗੋਂ ਲਿਖੋਗੇ। ਹਾਂ ਟਕਸਾਲ ਵੱਲੋਂ ਲਿਖਿਆ ਤੇ ਬੋਲਿਆ ਕੂੜ ਪ੍ਰਚਾਰ ਤੈਨੂੰ ਕਿਸ ਕਾਰਨ ਨਜ਼ਰ ਨਹੀਂ ਆਇਆ ? ਉਹਨਾਂ ਦੀਆਂ ਪੁਸਤਕਾਂ ਦੀ ਵੰਨਗੀ ਪੇਜ ਨੰਬਰ ਮਾਰਕ ਕਰਕੇ ਭੇਜ ਰਿਹਾ ਹਾਂ। ਗੁਰਬਾਣੀ ਪਾਠ ਦਰਸ਼ਨ ਪੁਸਤਕ ਭੀ ਪੜ੍ਹ ਲੈਣੀ ਜ਼ਰੂਰ। ਸ਼ੈਤਾਨੀ ਕੁਫ਼ਰ ਦੀ ਤੱਕੜੀ ਲੈ ਕੇ ਇਕ ਹੋਰ ਸ਼ੈਤਾਨੀ ਰੂਹ ਸ. ਜੀ ਵਿਰੁੱਧ ਸ਼ੈਤਾਨੀ ਫ਼ਤਵੇ ਜਾਰੀ ਕਰਨ ਦੇ ਰਾਹ ਪੈ ਗਈ ਹੈ। ਉਹ ਹੈ ਸੁਖਪ੍ਰੀਤ ਸਿੰਘ 'ਉਦੋਕੇ...ਧੰਨ ਸਿੱਖੀ ਧੰਨ ਵਿਦਵਤਾ... ?

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰ॥
ਪੁਤ ਜਿਨੂਰਾ ਧੀ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ (556)

ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ

ਲੰਮੇ ਸਮੇਂ ਤੋਂ ਇਨ੍ਹਾਂ ਸਾਧਾਂ ਸੰਤਾਂ ਦੀ ਇਹ ਕੋਸ਼ਿਸ਼ ਰਹੀ ਹੈ ਕਿ ਕੇਵਲ ਇਨ੍ਹਾਂ ਦੀਆਂ ਹੀ ਕਥਾ ਕਹਾਣੀਆਂ ਘਰਾਂ ਘਰਾਂ ਦੇ ਵਿਚ ਹੋਣ। ਸੰਤ ਗਿਆਨੀ ਕਰਤਾਰ ਸਿੰਘ ਕਥਾ ਦੀ ਇਕ ਕੈਸਿਟ ਵਿਚ ਇਉਂ ਕਹਿ ਰਹੇ ਹਨ, 'ਪੰਚ ਪਰਵਾਣ, ਪੰਚ ਪ੍ਰਧਾਨ ॥' ਅਰਥ ਕਰਦੇ ਕਹਿੰਦੇ ਹਨ ਪੰਜ ਪਿਆਰੇ ਹੀ ਦਰਗਾਹ ਵਿਚ ਮਾਣ ਪਾਉਣਗੇ' ਆਦਿ ਆਦਿ।

ਪਰ ਵਿਚਾਰਨਾ ਬਣਦਾ ਹੈ ਕਿ ਇਹ ਤਾਂ ਗੁਰਮਤਿ, ਗੁਰਬਾਣੀ ਅਰਥਾਂ ਬਾਰੇ ਕੁਝ ਵੀ ਨਹੀਂ ਜਾਣਦੇ। ਇਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਇਹ 'ਪੰਚ' ਕੋਈ ਸੰਖਿਅਕ ਵਿਸ਼ੇਸ਼ਣ ਨਹੀਂ ਹੈ। ਇਹ ਗਿਣਤੀ ਵਾਚਕ ਨਹੀਂ ਹੈ। ਪੰਚ ਦਾ ਅਰਥ ਇਥੇ ਪੰਜ ਨਹੀਂ ਹੈ, ਪੰਚ ਜਿਵੇਂ ਪਿੰਡਾਂ ਵਿਚ ਪੰਚ ਸਰਪੰਚ ਚੁਣੇ ਜਾਂਦੇ ਹਨ ਭਾਵ ਗੁਰਮੁਖਿ ਜਿਨ੍ਹਾਂ ਦਾ ਜੀਵਨ ਗੁਰਮਤਿ ਅਨੁਸਾਰੀ ਹੈ ਉਨ੍ਹਾਂ ਨੂੰ ਪੰਚ (ਗੁਰਸਿਖ) ਕਿਹਾ ਹੈ। ਗੁਰਸਿੱਖ ਹੀ ਪ੍ਰਵਾਨ ਹਨ, ਪ੍ਰਧਾਨ ਹਨ, ਇਹ ਹੀ ਦਰਗਾਹ ਵਿਚ ਮਾਣ ਪਾਉਂਦੇ ਹਨ, ਸੱਚ ਦੇ ਦਰਬਾਰ ਵਿਚ ਮਾਣ ਪਾਉਂਦੇ ਹਨ।

ਇਕ ਹੋਰ ਕੈਸਿਟ ਵਿਚ ਕਥਾ ਕਰਦੇ ਉਕਤ ਸੰਤ ਕਹਿ ਰਹੇ ਹਨ, ਨੌਵੇਂ ਪਾਤਸ਼ਾਹ ਦੇ ਸਲੋਕਾਂ ਦੀ ਕਥਾ ਦੀ ਭੂਮਿਕਾ ਬੰਨਦੇ ਹੋਏ ਕਹਿੰਦੇ ਹਨ, 'ਇਹ 57 ਸਲੋਕ ਨੌਵੇਂ ਪਾਤਸ਼ਾਹ ਨੇ ਦਿੱਲੀ ਵਿਚ ਔਰੰਗੇ ਦੀ ਕੈਦ ਸਮੇਂ ਪਿੰਜਰੇ ਵਿਚ ਉਚਾਰਨ ਕੀਤੇ ਸਨ, ਕਿਉਂਕਿ ਮਾਤਾ ਗੁੱਜਰ ਕੌਰ ਜੀ ਅਤੇ ਮਾਤਾ ਨਾਨਕੀ ਜੀ ਵਲੋਂ ਫ਼ਿਕਰਾਂ ਭਰੀ ਚਿੱਠੀ ਆਈ ਸੀ ਕਿ ਆਪ ਕੀ ਭਾਣਾ ਵਰਤਾ ਬੈਠੇ ਹੋ? ਸੁਣਿਆ ਹੈ ਆਪ ਤਾਂ ਕੈਦ ਵਿਚ ਪਏ ਹੋਏ ਹੋ। ਤਾਂ ਅੱਗੋਂ ਨੌਵੇਂ ਪਾਤਸ਼ਾਹ ਨੇ ਇਹ 57 ਸਲੋਕਾਂ ਦੀ ਇਕ ਚਿੱਠੀ ਲਿਖੀ ਅਤੇ ਇਕ ਸਿੱਖ ਰਾਹੀਂ ਮਾਤਾਵਾਂ ਨੂੰ ਭੇਜੀ ਅਤੇ ਹਿਦਾਇਤ ਕੀਤੀ ਕਿ ਇਸ ਚਿੱਠੀ ਦਾ ਜਵਾਬ ਮਾਤਾ ਨਾਨਕੀ ਹੋਰਾਂ ਤੋਂ ਜਲਦੀ ਲੈ ਕੇ ਆਵੀਂ ਕਿਉਂਕਿ ਭਾਣਾ ਵਰਤਣ ਵਾਲਾ ਹੈ, ਆਦਿ ਆਦਿ।

ਸੋ ਵਿਚਾਰ ਕਰੀਏ, ਸੰਤ ਨੇ ਕਿਹਾ ਕਿ ਇਹ ਉਪਦੇਸ਼ 57 ਸਲੋਕ ਮਾਤਾ ਨਾਨਕੀ ਅਤੇ ਮਾਤਾ ਗੁੱਜਰ ਕੌਰ ਜੀ ਨੂੰ ਹੈ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਦੋਵੇਂ ਮਾਤਾਵਾਂ ਤਾਂ ਬ੍ਰਹਮਗਿਆਨੀ ਸਨ, ਉਨ੍ਹਾਂ ਨੂੰ ਉਪਦੇਸ਼ ਦੇਣ ਦਾ ਕੀ

ਮਤਲਬ। ਸੱਚ ਸ਼ਮ੍ਹਾ ਤੇ ਸੜ ਮਰਨ ਵਾਲੇ ਪਰਵਾਨੇ ਤਾਂ ਕਦੇ ਉਤਰ ਉਡੀਕਦੇ ਨਹੀਂ ਹਨ। ਸ੍ਰਿਸ਼ਟੀ ਦੇ ਮਾਲਕ ਨੌਂਵੇਂ ਪਾਤਸ਼ਾਹ ਨੂੰ ਕੋਈ ਉੱਤਰ ਮੰਗਾਉਣ ਦੀ ਕੋਈ ਲੋੜ ਨਹੀਂ ਸੀ ? ਫਿਰ ਸਲੋਕਾਂ ਅੰਦਰ ਤਾਂ ਇਹ ਵੀ ਬਚਨ ਆਉਂਦੇ ਹਨ, 'ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨੁ॥' ਅਤੇ 'ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨੁ ਤਜਤਿ ਨਹੀਂ ਨਿਤ॥' ਕੀ ਬ੍ਰਹਮਗਿਆਨੀ ਮਾਤਾਵਾਂ ਨੂੰ ਇਹ ਕੁੱਤੇ ਵਾਲੇ ਪ੍ਰਮਾਣ ਦੇਣੇਂ ਸੀ ? ਉਹ ਤਾਂ ਸੰਸਾਰ ਦੀਆਂ ਮਹਾਨ ਮਾਤਾਵਾਂ ਹੋਈਆਂ ਹਨ। ਇਹ ਉਪਦੇਸ਼ ਤਾਂ ਸਾਰੀ ਮਨੁੱਖਤਾ ਵਾਸਤੇ ਹੈ। ਸੋ ਇਹ ਸਾਧ ਸੰਤ ਕੋਲੋਂ ਹੀ ਘੜੀਆਂ ਕਹਾਣੀਆਂ ਸੁਣਾਈ ਜਾਂਦੇ ਹਨ ਜਾਂ ਜੋ ਗੁਰਮਤਿ ਵਿਰੋਧੀ ਗ੍ਰੰਥ ਹਨ ਇਹ ਉਨ੍ਹਾਂ ਵਿਚੋਂ ਪੜ੍ਹ ਕੇ ਸੁਣਾਈ ਜਾ ਰਹੇ ਹਨ। ਗੁਰ ਫੁਰਮਾਨ ਹੈ 'ਸਚ ਬਿਨੁ ਸਾਖੀ ਮੂਲੋ ਨ ਬਾਕੀ॥' ਸਤਿਗੁਰ ਕਹਿੰਦੇ ਜਿਸ ਸਾਖੀ ਵਿਚ ਸੱਚ ਨਹੀਂ ਹੈ ਉਹ ਮੂਲੋਂ ਹੀ ਰੱਦ ਕਰ ਦੇਣੀ ਚਾਹੀਦੀ ਹੈ। ਪਰ ਇਹ ਸਾਧ ਸੰਤ ਧਰਮ ਦਾ ਬੁਰਕਾ ਪਾ ਕੇ ਮਨਮੱਤੀ ਕਹਾਣੀਆਂ ਸੁਣਾ ਰਹੇ ਹਨ।

ਅੱਜ ਦੀ ਸਾਰੀ ਦੀ ਸਾਰੀ ਪੂਜਾਰੀ ਸ਼੍ਰੇਣੀ ਅਖੌਤੀ ਜਥੇਦਾਰਾਂ ਸਮੇਤ ਗੁਰਮਤਿ ਤੋਂ ਕੋਹਾਂ ਦੂਰ ਹੈ। ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ, ਗੁਰਬਾਣੀ ਅੰਦਰ ਆਪਣੇ ਕੋਲੋਂ ਹੀ ਵਾਧੇ ਘਾਟੇ ਕਰੀ ਜਾਂਦੇ ਹਨ। ਇਕ ਪਾਸੇ ਤਾਂ ਕਹਿੰਦੇ ਹਨ ਕਿ ਇਕ ਬਿੰਦੀ ਵੀ ਨਹੀਂ ਲਾਈ ਜਾ ਸਕਦੀ, ਦੂਜੇ ਪਾਸੇ ਪੂਰੀਆਂ ਪੂਰੀਆਂ ਤੁਕਾਂ ਕੋਲੋਂ ਲਾਈ ਜਾ ਰਹੇ ਹਨ। ਇਹ ਵੀ ਸਾਰਾ ਪ੍ਰਚਾਰ ਬ੍ਰਾਹਮਣੀ ਰੀਤਾਂ ਦਾ ਕਰ ਰਹੇ ਹਨ। ਇਨ੍ਹਾਂ ਵਿਚੋਂ ਇਕ ਪੁਜਾਰੀ ਨੂੰ ਸਿਆਸੀ ਬੰਦਿਆਂ ਨੇ ਆਪਣੀ ਜੇਬ ਵਿਚੋਂ ਕੱਢ ਕੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲਾ ਦਿੱਤਾ। ਉਹਨੇ ਆਰ.ਐਸ.ਐਸ. ਦੇ ਹੱਕ ਵਿਚ ਠੋਕ ਕੇ ਬਿਆਨ ਦਿੱਤਾ ਕਿ ਸਿੱਖ ਤਾਂ ਸਾਰੇ ਹੀ ਲਵ-ਕੁਸ਼ ਦੀ ਔਲਾਦ ਹਨ ਅਤੇ ਆਰ.ਐਸ.ਐਸ. ਨੇ ਉਹ ਕੈਲੰਡਰ ਛਾਪ ਦਿੱਤੇ ਜਿਸ ਤੇ ਅਖੌਤੀ ਲਵ ਕੁਸ਼ ਦੇ ਹੱਥਾਂ ਵਿਚੋਂ ਪ੍ਰਕਾਸ਼ ਨਿਕਲ ਕੇ 'ਗੁਰੂ ਨਾਨਕ ਦੇਵ ਜੀ' ਦੇ ਸੀਸ ਪਰ ਪੈਂਦਾ ਦਿਖਾਇਆ। ਪਰ ਜਿਊਂਦੀ ਜ਼ਮੀਰ ਵਾਲੇ ਸਿੱਖਾਂ ਨੇ ਉਹ ਕੈਲੰਡਰ ਜ਼ਬਤ ਕਰਵਾਇਆ। ਇਸ ਜਥੇਦਾਰ ਨੇ ਆਰ.ਐਸ.ਐਸ. ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਖੁਦ ਕੀਤੀ ਹੈ, ਫ਼ੋਟੋਆਂ ਸਮੇਤ ਸਬੂਤ ਸਾਡੇ ਕੋਲ ਹਨ। ਸਾਰੇ ਦੇ ਸਾਰੇ ਅਜੋਕੇ ਧਾਰਮਿਕ ਆਗੂ, ਸਿਆਸੀ ਬੰਦਿਆਂ ਦੇ ਦਬਾਅ ਥੱਲੇ ਹਨ। ਉਹ ਸਿਆਸੀ ਬੰਦਿਆਂ ਦਾ ਹੁਕਮ ਮੰਨਣ ਵਾਸਤੇ ਸਦਾ ਤਿਆਰ ਰਹਿੰਦੇ ਹਨ ਪਰ ਗੁਰੂ ਹੁਕਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਇਹ ਆਗੂ ਪੰਥ ਦੋਖੀਆਂ ਕੋਲ ਵਿਕੇ ਹੋਏ ਹਨ। ਦੇਹਧਾਰੀਆਂ ਦੇ ਡੇਰਿਆਂ ਤੇ ਜਾ ਕੇ ਨੱਕ ਰਗੜ ਕੇ ਵੋਟਾਂ ਮੰਗਦੇ ਹਨ, ਅਖੌਤੀ ਅਕਾਲੀ ਆਗੂ, ਨਿਰੰਕਾਰੀਆਂ, ਭਨਿਆਰਿਆਂ ਦੇ ਡੇਰਿਆਂ ਤੇ ਜਾ ਕੇ ਪੂਜਾ ਕਰ ਰਹੇ ਹਨ, ਮੰਦਰਾਂ ਵਿਚ ਜਾ ਕੇ ਟੱਲ ਖੜਕਾ ਰਹੇ ਹਨ, ਤਿਲਕ ਲਵਾ ਰਹੇ ਹਨ,

ਸ਼ਿਵ ਸੈਨਾ ਦੇ ਦਫ਼ਤਰਾਂ ਦੇ ਉਦਘਾਟਨ ਕਰਕੇ ਤਿਲਕ ਲਵਾ ਰਹੇ ਹਨ, ਰਮਾਇਣ ਦੇ ਪਾਠ ਕਰਵਾ ਰਹੇ ਹਨ, ਮੰਦਰਾਂ ਵਿਚ ਜਾ ਕੇ ਹਵਨ ਕਰਵਾ ਰਹੇ ਹਨ। ਇਹ ਸਾਰੇ ਧਾਰਮਿਕ ਅਤੇ ਸਿਆਸੀ ਆਗੂ ਰਲ ਮਿਲ ਕੇ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੇ ਹਨ। ਤਖ਼ਤਾਂ ਤੇ ਬੈਠਕੇ ਇਹ ਗੁਰਸਿੱਖਾਂ ਨੂੰ ਜਲੀਲ ਕਰ ਰਹੇ ਹਨ, ਪੇਸ਼ੀਆਂ ਮੰਗ ਰਹੇ ਹਨ। ਸੱਚਿਆਂ ਨੂੰ ਛੇਕ ਰਹੇ ਹਨ ਪਰ ਝੂਠੇ, ਮਕਾਰਾਂ, ਗੁਰੂ ਪੰਥ ਦੋਖੀਆਂ ਨੂੰ ਸਿਰੋਪੇ ਦੇ ਕੇ ਨਿਵਾਜ ਰਹੇ ਹਨ। ਚਿੱਠੀਆਂ ਰਾਹੀਂ ਇਹਨਾਂ ਨੂੰ ਸੈਂਕੜੇ ਸਵਾਲ ਕੀਤੇ ਹਨ ਪਰ ਇਕ ਸਵਾਲ ਦਾ ਜਵਾਬ ਇਨ੍ਹਾਂ ਕੋਲ ਨਹੀਂ ਹੈ। ਇਹ ਵੀ ਨਹੀਂ ਦੱਸ ਸਕੇ ਕਿ ਇਹ ਅਧਿਕਾਰ ਇਨ੍ਹਾਂ ਨੂੰ ਕਿਥੋਂ ਮਿਲੇ ਹਨ। ਪੰਥ ਦਰਦੀਆਂ ਨੂੰ ਪੰਥ ਦੋਖੀ ਕਹਿ ਰਹੇ ਹਨ।

ਜਿਹੜੀ ਸਿੱਖੀ, ਤੋਪਾਂ ਨਾਲ ਨਾ ਉਡੀ, ਗੋਲੀਆਂ, ਬੰਬਾਂ, ਤਲਵਾਰਾਂ ਨਾਲ ਨਾ ਮਰੀ ਅੱਜ ਧਾਰਮਿਕ ਬੁਰਕੇ ਵਿਚ ਭੇਖੀਆਂ ਦੇ ਹੱਥੋਂ ਡਾਂਵਾਂ ਡੋਲ ਹੋ ਗਈ ਹੈ। ਇਕ ਅਖ਼ਬਾਰ ਵਿਚ ਸਰਵੇ ਆਇਆ ਸੀ, ਸਕੂਲਾਂ ਵਿਚ ਪੜ੍ਹਦੇ ਬੱਚੇ 90 ਫੀਸਦੀ ਮੋਨੇ (ਪਤਿਤ) ਪਾਏ ਗਏ ਹਨ। ਸਾਰਾ ਮੀਡੀਆ, ਟੀ.ਵੀ. ਚੈਨਲ ਸਿੱਖੀ ਵਿਰੋਧੀ ਪ੍ਰਚਾਰ ਕਰ ਰਿਹਾ ਹੈ। ਗੁਰਦਵਾਰਿਆਂ ਵਿਚ ਬ੍ਰਾਹਮਣੀ ਰੀਤਾਂ ਕੀਤੀਆਂ ਜਾ ਰਹੀਆਂ ਹਨ। ਸਾਧਾਂ ਦੇ ਡੇਰਿਆਂ ਵਿਚ ਸ਼ਰੇਆਮ ਨਸ਼ੇ ਵਰਤਾਏ, ਖੁਵਾਏ ਅਤੇ ਖਾਧੇ ਜਾ ਰਹੇ ਹਨ। ਸਿੱਖੀ ਦੇ ਵਿਰੋਧੀ ਤਾਂ ਪਹਿਲਾਂ ਹੀ ਸਿੱਖ ਨੌਜਵਾਨਾਂ ਨੂੰ ਨਸ਼ਿਆਂ ਵਿਚ ਗਲਤਾਨ ਅਤੇ ਹੀਰੋ ਫੈਸ਼ਨ ਵੇਖਣਾ ਚਾਹੁੰਦੇ ਹਨ।

ਕਈ ਸਾਧ ਬਲਾਤਕਾਰ ਦੇ ਕੇਸਾਂ ਵਿਚ ਜੇਲ੍ਹ ਭੁਗਤ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਤੇ ਵੀ ਭ੍ਰਿਸ਼ਟਾਚਾਰ ਦਾ ਕੇਸ ਹੈ। ਕਾਂਗਰਸ ਨੇ ਪੰਜ ਸਾਲ ਦੇ ਰਾਜ ਵਿਚ ਸਿੱਖ ਮਾਰੇ ਸਨ ਪਰ ਅਖੌਤੀ ਅਕਾਲੀ ਰਾਜ ਦੌਰਾਨ ਸਿੱਖੀ ਸੋਚ ਦਾ ਕਤਲ ਹੋ ਗਿਆ। ਗੁਰਸਿੱਖੀ ਵਾਸਤੇ ਇਕ ਵੀ ਕੰਮ 5 ਸਾਲ ਅੰਦਰ ਨਾ ਹੋਇਆ, ਸਗੋਂ ਗੁਰੂ ਦੋਖੀਆਂ ਨਾਲ ਸਾਂਝ ਪਾਕੇ 300 ਸਾਲਾ ਮਨਾਉਂਦਿਆਂ ਹੋਇਆਂ ਕਰੋੜਾਂ ਰੁਪਏ ਆਰ.ਐਸ.ਐਸ. ਨੂੰ ਦਿਵਾ ਕੇ ਗੁਰਮਤਿ ਸਿਧਾਂਤਾਂ ਦਾ ਕਤਲ ਕਰਵਾਇਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, 'ਕੋਈ ਨ ਕਿਸੇ ਵਰਜਈ ਜੋਈ ਕਰੇ ਸੋਈ ਮਨ ਭਾਵੈ॥' ਕੋਈ ਇਥੇ ਕਿਸੇ ਨੂੰ ਪੁੱਛਣ, ਵਰਜਣ ਵਾਲਾ ਨਹੀਂ ਹੈ, ਐਸੀ ਹਾਲਤ ਬਣੀ ਹੋਈ ਹੈ।

ਥਾਂ ਥਾਂ ਤੇ ਗੁਰੂ ਦੋਖੀ, ਦੇਹਧਾਰੀ ਨਕਲੀ ਗੁਰੂ, ਸਾਧ ਸੰਤ ਬਾਬੇ (ਧਾਗੇ ਤਵੀਤਾਂ ਵਾਲੇ) ਪੈਦਾ ਹੋ ਗਏ ਹਨ। ਇਹ ਭੋਲੇ ਭਾਲੇ ਸਮਾਜ ਦੀ ਦਿਨ ਦੀਵੀ ਲੁੱਟ ਕਰ ਰਹੇ ਹਨ। ਗੁਰੂ ਸਾਹਿਬ ਦੇ ਸਰੂਪਾਂ ਦੀ ਕਈ ਥਾਈਂ ਦੋਖੀਆਂ ਵਲੋਂ ਬੇਪੱਤੀ ਕੀਤੀ ਗਈ ਹੈ। ਸਾਧਾਂ ਨੇ ਜਲੇਬੀਆਂ ਦੇ ਵੱਡੇ ਵੱਡੇ ਲੰਗਰ ਲਾਏ ਹਨ, ਗਲਾਂ ਵਿਚ ਸਿਰੋਪੇ ਅਤੇ ਹਾਰ ਪਵਾ ਰਹੇ ਹਨ। ਹਜ਼ੂਰੀ ਵਿਚ ਹੀ ਮੱਥੇ ਟਿਕਾਈ ਜਾਂਦੇ

ਹਨ। ਆਪਣੇ ਆਪ ਨੂੰ ਗੁਰੂ ਨਾਲੋਂ ਵੀ ਵੱਡੇ ਦੱਸ ਰਹੇ ਹਨ। ਗੁਰਦੁਆਰੇ, ਡੇਰੇ, ਜ਼ਮੀਨਾਂ ਜਾਇਦਾਦਾਂ ਆਪਣੇ ਨਾਵਾਂ ਤੇ ਰਜਿਸਟਰ ਕਰਵਾ ਰਹੇ ਹਨ। ਜਦੋਂ ਮਰਦੇ ਹਨ ਤਾਂ ਪੱਗ ਕੇਵਲ ਆਪਣੇ ਲੜਕੇ ਨੂੰ ਅਤੇ ਬਾਕੀ ਸਾਰੀ ਜਾਇਦਾਦ ਦੀ ਵਸੀਅਤ ਵੀ ਲਿਖ ਕੇ ਦੇ ਜਾਂਦੇ ਹਨ, 50-50 ਲੱਖ ਦੀ ਕਾਰ ਤੇ ਸਵਾਰੀ ਕਰਦੇ ਹਨ, ਕਈ ਸਾਧ ਤਾਂ ਗੁਰੂ ਦੀ ਹਜ਼ੂਰੀ ਵਿਚ ਵੀ ਚਾਦਰਾਂ ਉਪਰ ਪੈਰ ਰੱਖ ਕੇ ਜਾਂਦੇ ਹਨ। ਅੱਗੇ ਅੱਗੇ ਸੇਵਾਦਾਰ ਚਾਦਰ ਵਿਛਾਈ ਜਾਂਦੇ ਹਨ, ਪਿੱਛੇ ਪਿੱਛੇ ਇੱਕਠੀ ਕਰੀ ਜਾਂਦੇ ਹਨ ਕਿਉਂਕਿ ਹੋਰ ਕੋਈ ਵੀ ਬੰਦਾ ਉਸ ਚਾਦਰ ਤੇ ਪੈਰ ਨਾ ਰਖ ਦੇਵੇ।

ਐਸੀ ਹਾਲਤ ਬਣੀ ਹੋਈ ਹੈ ਕਿ ਸਿੱਖ ਕੌਮ ਕਈ ਧੜਿਆਂ ਵਿਚ ਵੰਡੀ ਪਈ ਹੈ। ਇਹ ਧਾਰਮਿਕ ਸਮੇਤ ਰਾਜਨੀਤਕ ਬੁਰਕੇ ਵਿਚ ਹੁੰਦੇ ਹੋਏ, ਇਹ ਆਗੂ ਕਦੇ ਵੀ ਏਕਤਾ ਬਾਰੇ ਸੋਚਣ ਨੂੰ ਵੀ ਤਿਆਰ ਨਹੀਂ ਹਨ। ਇਸ ਪੁਸਤਕ ਵਿਚ ਸਾਰਾ ਕੁਝ ਖੋਲ ਕੇ ਬਿਆਨ ਕੀਤਾ ਗਿਆ ਹੈ। ਗੁਰਮੱਤ ਅਤੇ ਮਨਮੱਤ ਨੂੰ ਨਿਤਾਰਨ ਵਾਸਤੇ ਇਕ ਯੋਗ ਉੱਦਮ ਹੈ ਜੋ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ।

ੴ ਸਤਿਗੁਰ ਪ੍ਰਸਾਦਿ ॥

ਰਾਸ਼ਟਰੀ ਸਿੱਖ ਸੰਗਤ

ਅੰਮ੍ਰਿਤਸਰ ਵੱਲੋਂ

'ਰਾਸ਼ਟਰੀ ਏਕਤਾ ਤੇ ਅਖੰਡਤਾ'

[illegible]

12 ਅਪ੍ਰੈਲ, 1998, ਦਿਨ ਐਤਵਾਰ ਨੂੰ, ਬਾਅਦ ਦੁਪਹਿਰ 3 ਵਜੇ,

ਮਾਧਵ ਵਿਦਿਆ ਨਿਕੇਤਨ

ਰਣਜੀਤ ਐਵੇਨਿਊ, ਨੇੜੇ ਜ਼ਿਲ੍ਹਾ ਕਚਹਿਰੀ, ਅੰਮ੍ਰਿਤਸਰ

ਵਿਖੇ ਇਕ ਵਿਸ਼ਾਲ ਸੰਮੇਲਨ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਸ੍ਰੀ ਹਰਿਮੰਦਰ ਸਾਹਿਬ [illegible] ਮਾਨਯੋਗ ਗਿਆਨੀ ਪੂਰਨ ਸਿੰਘ ਜੀ, [illegible]

ਸ. ਜੋਗਿੰਦਰ ਸਿੰਘ, [illegible]

ਸ. ਚਿਰੰਜੀਵ ਸਿੰਘ ਜੀ, [illegible]

ਸ. ਗੁਰਚਰਨ ਸਿੰਘ ਗਿੱਲ, [illegible]

ਪ੍ਰਾਰਥਕ

[illegible] | [illegible]

ਹੈੱਡ ਗ੍ਰੰਥ ਗਿਆਨੀ ਪੂਰਨ ਸਿੰਘ

ਇਹ ਜਥੇਦਾਰ ਸਿੱਖ ਕੌਮ ਦੇ ਨਹੀਂ। ਆਰ.ਐਸ.ਐਸ਼. ਦੇ ਜਥੇਦਾਰ ਹਨ। ਭੁਲੇਖਿਆਂ ਤੋਂ ਬਚੋ।


ਗੁਰ ਪਿਆਰਿਓ, ਗੁਰੂ ਸਿਧਾਂਤ ਦੀ ਰੌਸ਼ਨੀ ਵਿਚ ਸੰਗਤ ਸਰਵਉੱਚ ਹੈ। ਇਤਿਹਾਸਕ ਪ੍ਰਮਾਣ ਹੈ ਕਿ ਦਾਦੂ ਦੀ ਸਮਾਧ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਰਫ਼ ਤੀਰ ਨਿਵਾਉਣ ਤੇ ਜੇਕਰ ਸੰਗਤ ਵਲੋਂ ਗੁਰੂ ਪਾਤਸ਼ਾਹ ਨੂੰ ਟੋਕਿਆ ਜਾ ਸਕਦਾ ਹੈ, ਭਾਈ ਅਰੂੜ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਨਰਲ ਅਡਵਾਇਰ ਨੂੰ ਸਿਰੋਪਾਉ ਦੇਣ ਦੇ ਦੋਸ਼ ਵਿਚ ਸਿੱਖ ਸੰਗਤ ਵਲੋਂ ਪੰਥ ਵਿਚੋਂ ਛੇਕਿਆ ਜਾ ਸਕਦਾਂ ਹੈ ਤਾਂ ਫਿਰ ਮੌਜੂਦਾ ਜਥੇਦਾਰ ਗਿਆਨੀ ਪੂਰਨ ਸਿੰਘ ਜੀ ਵਲੋਂ ਬੇਲੋੜੇ ਅਤੇ ਗ਼ੈਰ ਸਿਧਾਂਤਕ ਆਦੇਸ਼ਾਂ ਨੂੰ ਕਿਵੇਂ ਸਿਰਫ਼ ਇਲਾਹੀ ਹੁਕਮ ਮੰਨਿਆ ਜਾ ਸਕਦਾ ਹੈ।



ਗਿ: ਪੂਰਨ ਸਿੰਘ ਜੀ ਦੇ ਲਵ ਕੁਸ਼ ਬਾਰੇ ਬਿਆਨਾਂ ਤੋਂ ਹੌਂਸਲਾ ਲੈ ਕੇ ਆਰ. ਐੱਸ. ਐੱਸ. ਲੁਧਿਆਣਾ ਨੇ ਕੈਲੰਡਰ ਛਾਪਿਆ। ਗੁਰੂ ਨਾਨਕ ਦੇਵ ਜੀ ਨੂੰ ਲਵ ਕੁਸ਼ ਅਸ਼ੀਰਵਾਦ ਦੇ ਰਹੇ ਹਨ।



ਜੰਮੂ ਕਸ਼ਮੀਰ ਆਰ.ਐੱਸ.ਐੱਸ. ਵਲੋਂ ਛਾਪੇ ਗਏ ਕੈਲੰਡਰ 'ਚ ਰਾਮ ਚੰਦਰ ਜੀ ਸਾਹਿਬਜ਼ਾਦਿਆਂ ਨੂੰ ਅਸ਼ੀਰਵਾਦ ਦੇ ਰਹੇ ਹਨ



ਗਿਆਨੀ ਪੂਰਨ ਸਿੰਘ ਜੀ ਨੇ ਆਰ. ਐੱਸ. ਐੱਸ. ਸਭਾ ਦੀ ਪ੍ਰਧਾਨਗੀ ਕੀਤੀ

ਧੰਨਵਾਦ ਸਹਿਤ
ਸੰਤ ਸਿਪਾਹੀ

ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ

ਖਾਲਸਾ ਰਾਜ ਕਰਨ ਵਾਲੀ ਕੌਮ ਦੇ ਜਥੇਦਾਰ ਆਰ.ਐਸ.ਐਸ. ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰ ਰਹੇ ਹਨ। ਸਬੂਤ ਪੇਸ਼ ਹੈ।



ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ

ਖਾਲਸਾ ਰਾਜ ਕਰਨਾ ਚਾਹੁੰਦੀ ਸਿੱਖ ਕੌਮ ਦੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪਹਿਲੇ ਪਾਤਸ਼ਾਹ ਨੂੰ ਲਵ ਕੁਸ਼ ਦੀ ਔਲਾਦ ਦੱਸਦਾ ਹੈ ਤਾਂ ਆਰ.ਐਸ.ਐਸ. ਨੇ ਲੁਧਿਆਣਾ ਵਿਖੇ ਉਸੇ ਵੇਲੇ ਇਹ ਕੈਲੰਡਰ ਛਾਪ ਦਿੱਤੇ, ਜੋ ਪੰਥ ਦਰਦੀ ਵੀਰਾਂ ਨੇ ਜ਼ਬਤ ਕਰਵਾਏ।



ਫਿਰੋਜ਼ਪੁਰ ਰੋਡ, ਲੁਧਿਆਣਾ ਸਥਿਤ ਇਕ ਧਾਰਮਿਕ ਸਥਾਨ ਦੇ ਬਾਹਰ ਇਕੱਤਰ ਹੋਈ ਪੁਲਿਸ। ਨਾਲ ਦੀ ਤਸਵੀਰ ਵਿਚ ਸਾਬਕਾ ਐਮ. ਪੀ. ਸ: ਅਮਰੀਕ ਸਿੰਘ ਆਲੀਵਾਲ ਅਤੇ ਹੋਰ ਆਗੂ ਨਜ਼ਰ ਆ ਰਹੇ ਹਨ। ਤਸਵੀਰਾਂ: ਹਰਿੰਦਰ ਸਿੰਘ ਕਾਕਾ

ਧਾਰਮਿਕ ਸਥਾਨ ਦੇ ਸੇਵਾਦਾਰ ਨੌਜਵਾਨ ਲੜਕੀ ਨੂੰ ਬੰਦੀ ਬਣਾ ਕੇ ਉਸੇ ਨਾਲ ਬਲਾਤਕਾਰ ਕਰਦੇ ਰਹੇ

ਲੁਧਿਆਣਾ, । ਜੂਨ (ਪਰਮਿੰਦਰ ਸਿੰਘ ਆਹੂਜਾ)- ਸਥਾਨਕ ਫ਼ਿਰੋਜ਼ਪੁਰ ਸੜਕ 'ਤੇ ਨਾਹਰ ਨੇੜੇ ਸਥਿਤ ਇਕ ਧਾਰਮਿਕ ਸਥਾਨ ਦੇ ਪੰਜ ਸੇਵਾਦਾਰਾਂ ਵੱਲੋਂ ਇਕ ਨੌਜਵਾਨ ਲੜਕੀ ਨੂੰ ਤਿੰਨ ਦਿਨ ਤੱਕ ਬੰਦੀ ਬਣਾ ਕੇ ਉਸ ਨਾਲ ਲਗਾਤਾਰ ਬਲਾਤਕਾਰ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਘਟਨਾ ਦਾ ਪਤਾ ਅੱਜ ਸਵੇਰੇ 10 ਵਜੇ ਦੇ ਕਰੀਬ ਉਸ ਵਕਤ ਲੱਗਾ ਜਦੋਂ ਪੀੜਤ ਲੜਕੀ ਨੇ ਕਮਰੇ ਦੀ ਖਿੜਕੀ ਵਿਚੋਂ ਨਾਲ ਲੱਗਦੀ ਬਿਜਲੀ ਕਾਲੋਨੀ ਵਿਚ ਖੜ੍ਹੇ ਕੁਝ ਨੌਜਵਾਨਾਂ ਨੂੰ ਹੱਥ ਜੋੜ ਕੇ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ, ਜਿਸ 'ਤੇ ਕੁਝ ਨੌਜਵਾਨ ਉਥੇ ਆ ਗਏ ਤੇ ਧਾਰਮਿਕ ਸਥਾਨ ਅੰਦਰ ਚਲੇ ਗਏ ਅਤੇ ਉਨ੍ਹਾਂ ਨੇ ਉਥੋਂ ਲੜਕੀ ਨੂੰ ਬਾਹਰ ਲਿਆਂਦਾ। ਲੋਕਾਂ ਵੱਲੋਂ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਉਪ-ਪੁਲਿਸ ਕਪਤਾਨ ਸ੍ਰੀ ਪੀ. ਆਰ. ਪਰਮਾਰ ਭਾਰੀ ਪੁਲਿਸ ਫੋਰਸ ਲੈ ਕੇ ਉਥੇ ਪਹੁੰਚੇ ਅਤੇ ਉਨ੍ਹਾਂ ਨੇ ਲੜਕੀ ਨੂੰ ਹਿਰਾਸਤ ਵਿਚ ਲੈ ਲਿਆ। ਪੀੜਤ ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਤਿੰਨ ਦਿਨ ਪਹਿਲਾਂ ਉਸ ਦਾ ਘਰ ਵਾਲਾ ਉੱਤਰ ਪ੍ਰਦੇਸ਼ ਤੋਂ ਇਥੇ ਛੱਡ ਗਿਆ ਸੀ। ਉਸ ਨੇ ਦੱਸਿਆ ਕਿ [illegible] ਵਿਚ ਇਕ ਸੇਵਾਦਾਰ ਨੇ ਉਸ ਨੂੰ ਆਪਣੇ ਕਮਰੇ ਵਿਚ ਬੁਲਾ ਲਿਆ ਅਤੇ ਉਸ ਨਾਲ ਕਥਿਤ ਤੌਰ 'ਤੇ ਬਲਾਤਕਾਰ [illegible]। ਉਸ ਦੱਸਿਆ ਕਿ ਬੀੜੀ ਰਾਤ ਸੇਵਾਦਾਰ [illegible] ਦੇ ਕਮਰੇ ਵਿਚ ਆ ਗਏ। [illegible] ਕਥਿਤ ਦੋਸ਼ੀਆਂ [illegible] ਦਿੱਤੇ ਗਏ ਅਤੇ [illegible] ਬਲਾਤਕਾਰ ਕੀਤਾ ਗਿਆ। ਲੜਕੀ ਨੇ ਦੱਸਿਆ ਕਿ ਉਕਤ ਕਥਿਤ ਦੋਸ਼ੀ ਉਸ ਨੂੰ ਇਕ ਬੰਦੂਕ ਦਿਖਾ ਕੇ ਡਰਾਉਂਦੇ-ਧਮਕਾਉਂਦੇ ਰਹੇ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਰਹੇ। ਪੁਲਿਸ ਨੇ ਇਸ ਸਬੰਧੀ ਤੁਰੰਤ ਕਾਰਵਾਈ ਕਰਦਿਆਂ ਪੰਜ ਸੇਵਾਦਾਰਾਂ ਵਿਰੁੱਧ ਧਾਰਾ 376, 341, 120ਬੀ ਅਧੀਨ ਕੇਸ ਦਰਜ ਕਰਕੇ ਇਕ ਸੇਵਾਦਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਸੈਂਕੜੇ ਲੋਕ ਧਾਰਮਿਕ ਸਥਾਨ ਦੇ ਬਾਹਰ ਇਕੱਠੇ ਹੋਣੇ ਸ਼ੁਰੂ ਹੋ ਗਏ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਸ ਮੌਕੇ ਹੁੱਲੜਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਪੁਲਿਸ ਨੇ ਉਨ੍ਹਾਂ ਨੂੰ ਉਥੋਂ ਖਦੇੜ ਦਿੱਤਾ। ਪੁਲਿਸ ਨੇ ਧਾਰਮਿਕ ਸਥਾਨ ਦੇ ਕਮਰਿਆਂ ਵਿਚੋਂ ਬਲੂ ਫਿਲਮਾਂ ਦੀਆਂ ਸੀਡੀਜ਼ ਅਤੇ ਇਕ ਏਅਰਗੰਨ ਬਰਾਮਦ ਕੀਤੀ ਹੈ। ਇਸ ਦੌਰਾਨ ਧਾਰਮਿਕ ਸਥਾਨ ਦੇ ਮੁੱਖ ਸੇਵਾਦਾਰ ਨੇ ਇਸ ਘਟਨਾ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਿਛਲੇ ਦਿਨੀਂ ਲੱਤ ਦਾ ਆਪ੍ਰੇਸ਼ਨ ਹੋਇਆ ਸੀ, ਜਿਸ ਕਰਕੇ ਉਹ ਆਪਣੇ ਕਮਰੇ ਵਿਚ ਹੀ ਰਹਿੰਦੇ ਸਨ। ਪੁਲਿਸ ਵਲੋਂ ਇਸ ਸਬੰਧੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਸਾਬਕਾ ਮੈਂਬਰ ਪਾਰਲੀਮੈਂਟ ਸ: ਅਮਰੀਕ ਸਿੰਘ ਆਲੀਵਾਲ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਪ੍ਰਧਾਨ ਸ: ਪ੍ਰਿਤਪਾਲ ਸਿੰਘ, ਅਕਾਲਗੜ੍ਹ ਮਾਰਕੀਟ ਦੇ ਪ੍ਰਧਾਨ ਸ. ਪਰਮਜੀਤ ਸਿੰਘ ਹੈਪੀ ਅਤੇ ਸਾਬਕਾ ਕੌਂਸਲਰ ਸ. ਦਰਸ਼ਨ ਸਿੰਘ ਸ਼ਿਵਾਲਿਕ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਪੁਲਿਸ ਮੁਖੀ ਤੋਂ ਕਥਿਤ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਹਵਨ ਕਰਦੇ ਹੋਏ ਅੰਮ੍ਰਿਤਧਾਰੀ



ਇੰਦਰ ਦੇਵਤਾ ਨੂੰ ਖੁਸ਼ ਕਰਨ ਲਈ ਪੰਥਕ ਗੁਰਦੁਆਰਾ ਸਾਹਿਬ ਪਿੰਡ ਕਿਸ਼ਨਪੁਰਾ ਕਲਾਂ (ਮੋਗਾ) ਵਿਖੇ ਹਵਨ ਕੁੰਡ ਸਜਾ ਕੇ ਪੂਜਾ ਕਰਦਾ ਹੋਇਆ ਪੰਡਿਤ ਬਾਂਕੇ ਬਿਹਾਰੀ ਜਦ ਕਿ ਇਸ ਪੂਜਾ ਵਿਚ ਹਿੱਸਾ ਲੈਂਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਮ੍ਰਿਤਧਾਰੀ ਆਗੂ। ਤਸਵੀਰ: ਮਨੂਰ ਸਿੰਘ ਔਲਖ

ਜਦੋਂ ਅੰਮ੍ਰਿਤਧਾਰੀ ਆਗੂਆਂ ਪੰਡਿਤ ਕੋਲੋਂ ਤਿਲਕ ਲਵਾਇਆ

ਕਿਸ਼ਨਪੁਰਾ ਕਲਾਂ, 17 ਜੁਲਾਈ (ਨਿੱਜੀ ਪੱਤਰ ਪ੍ਰੇਰਕ, ਪੱਤਰ ਪ੍ਰੇਰਕ)-ਦਿਨੋਂ-ਦਿਨ ਵਧ ਰਹੇ ਗਰਮੀ ਦੇ ਪ੍ਰਕੋਪ ਕਾਰਨ ਇਥੋਂ ਦੇ ਤੜਫਦੇ ਲੋਕਾਂ ਨੇ ਸੰਤ ਬਾਬਾ [illegible] ਪੰਡਿਤ ਬਾਂਕੇ ਬਿਹਾਰੀ ਨੰਗੇ ਸਿਰ ਗੁਰਦੁਆਰਾ ਸਾਹਿਬ ਵਿਚ ਬੈਠ ਕੇ ਅਸ਼ੀਰਵਾਦ ਦੇ ਰਹੇ ਸਨ। ਇਹ ਸਭ ਵੇਖ ਕੇ ਦੁਖੀ ਹੋਏ ਲੋਕ ਆਪਣੇ ਘਰਾਂ ਨੂੰ ਪਰਤ ਗਏ ਅਤੇ [illegible] ਰੋਸ ਪ੍ਰਗਟ ਕੀਤਾ। ਇਹ [illegible] ਖਿਣ ਨੇ ਇਨ੍ਹਾਂ [illegible] ਵਾਰਥਾਂ ਲਈ [illegible] ਲਾਇਆ। [illegible] ਨਾ ਦੀ ਸ਼੍ਰੋਮਣੀ [illegible] ਚ ਕਰਵਾਈ [illegible] ਤੇ ਜੱਗ ਕਰਨਾ [illegible] ਨ ਗੁਰਦੁਆਰਾ [illegible] ਜਾਂ ਕਿ [illegible]

ਡੇਰਾਵਾਦ ਸਿੱਖ ਧਰਮ ਤੇ ਦੇਸ਼ ਲਈ ਨੁਕਸਾਨਦੇਹ-ਬਡੂੰਗਰ

ਸਮਾਣਾ, 20 ਜੁਲਾਈ (ਪ੍ਰੀਤਮ ਸਿੰਘ ਨਾਗੀ)- 'ਡੇਰਾਵਾਦ ਨੇ ਸਾਡੇ ਧਰਮ ਅਤੇ ਦੇਸ਼ ਲਈ ਖਤਰੇ ਪੈਦਾ ਕੀਤੇ ਹਨ। [illegible]

[illegible]

ਰੋਜ਼ਾਨਾ ਅਜੀਤ, ਜਲੰਧਰ

ਲੋਕਾਂ ਨੂੰ ਵਹਿਮਾਂ-ਭਰਮਾਂ 'ਚ ਫਸਾ ਕੇ ਲੁੱਟਣ ਵਾਲੀ ਸਾਧਣੀ ਤੇ ਉਸ ਦੇ ਦੋ ਸਾਥੀ ਕਾਬੂ

ਪੱਟੀ, 22 ਅਗਸਤ [illegible]

[illegible]

ਰਾਜ ਕਰੇਗਾ ਖ਼ਾਲਸਾ

ਜਸਬੀਰ ਸਿੰਘ

ਖਾਲਸਾ ਪੰਚਾਇਤ ਸਭਰਾ

ਗੁਰੂ ਤੇਗ਼ ਬਹਾਦਰ ਸਾਹਿਬ ਬਚਨ ਕਰਦੇ ਹਨ "ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜ ਹੈ ॥" ਮਹਾਰਾਜ ਕਹਿੰਦੇ ਕਿ ਝੂਠਾ ਰਾਜ ਤਾਂ ਸਾਰੀ ਧਰਤੀ ਦਾ ਵੀ ਮਿਲ ਜਾਵੇ, ਇਹ ਰੇਤ ਦੀ ਇਕ ਕੰਧ ਦੇ ਬਰਾਬਰ ਹੈ। ਹੋਰ ਫ਼ੁਰਮਾਨ ਹੈ ਰਾਜ ਮਿਲਖ਼ ਸਰਦਾਰੀਆਂ ਅਗਨੀ ਮਹਿ ਜਾਲਿ ॥" ਕਿ ਇਸ ਰਾਜ, ਜਗੀਰਾਂ ਸਰਦਾਰੀਆਂ ਨੂੰ ਅੱਗ ਲਾ ਕੇ ਸਾੜ ਦੇ। ਹੋਰ ਵੀ "ਮਿਥਿਆ ਰਾਜੁ ਜੋਬਨੁ ਧਨ ਮਾਲ ॥" (ਪੰਨਾ 268) ਇਹ ਝੂਠਾ ਰਾਜ ਦਸਮ ਪਿਤਾ ਨੂੰ ਚਾਹੀਦਾ ਹੁੰਦਾ ਤਾਂ ਮੁਗ਼ਲ ਸਮਰਾਟ ਬਹਾਦਰ ਸ਼ਾਹ ਦੇ ਦੋ ਚਪੇੜਾਂ ਮਾਰਦੇ ਅਤੇ ਆਪ ਦਿੱਲੀ ਦੇ ਤਖ਼ਤ 'ਤੇ ਬੈਠ ਜਾਂਦੇ। ਐਸੇ ਰਾਜ ਤਾਂ ਗੁਰੂ ਸਾਹਿਬਾਂ ਨੇ ਜੁੱਤੀ ਦੀ ਨੋਕ ਤੋਂ ਲੰਘਾ ਦਿੱਤੇ। ਆਉ ਖ਼ਾਲਸਾ ਰਾਜ ਦੀ ਗੱਲ ਕਰੀਏ। 'ਗੁਰੂ ਨਾਨਕ ਦੇਵ ਜੀ' ਦੇ ਵਕਤ 3 ਕਰੋੜ ਸਿੱਖ ਸੀ ਅੱਜ 500 ਸਾਲ ਬੀਤ ਜਾਣ ਤੋਂ ਬਾਅਦ 2 ਕਰੋੜ ਗਿਣਤੀ ਹੈ ਅਤੇ ਇਸ ਵਿਚੋਂ 90% ਮੋਨੇ ਹਨ। ਗੱਲਾਂ ਸਿੱਖ ਰਾਜ ਦੀਆਂ ਕਰਦੇ ਹੋ ? ਖ਼ਾਲਸਾ ਰਾਜ ਦਾ ਮਤਲਬ ? ਖੰਡੇ ਬਾਟੇ ਦੀ ਪਾਹੁਲ ਛਕ ਕੇ ਰਹਿਤ ਰੱਖਣੀ, ਚੌਧਰਾਂ, ਕੁਰਸੀਆਂ ਦੀ ਭੁੱਖ ਤੋਂ ਰਹਿਤ, ਬੇਈਮਾਨੀ, ਠੱਗੀ, ਈਰਖ, ਤ੍ਰਿਸ਼ਨਾ, ਦੁਬਿਧਾ, ਦਵੈਸ਼, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਹੋਣਾ, ਗੁਲਾਮੀ ਤੋਂ ਆਜ਼ਾਦੀ, ਖ਼ਾਲਸਾ ਰਾਜ ਹੈ। ਭਗਤ ਕਬੀਰ ਜੀ ਦਾ ਇਹ ਸ਼ਬਦ "ਸੁਰਤਿ ਦੇਵਾਈ ਗੋਲਾ ਗਿਆਨ ਚਲਾਇਆ ॥" ਆਖਰੀ ਤੁਕ ਹੈ "ਰਾਜ ਮਿਲਿਆ ਅਬਿਨਾਸੀ" (ਪੰਨਾ 1161) ਜਿਹੜਾ ਭਗਤ ਕਬੀਰ ਜੀ ਨੂੰ ਅਬਿਨਾਸੀ ਰਾਜ ਮਿਲਿਆ ਇਸ ਨੂੰ ਕਹਿੰਦੇ ਹਨ ਖ਼ਾਲਸਾ ਰਾਜ। ਇਹ ਕਿਵੇਂ ਮਿਲਦਾ ਹੈ ? ਪਹਿਲਾਂ ਆਪ ਸ਼ੁੱਧ ਹੋ ਕੇ ਦੂਜੇ ਸਿੱਖਾਂ ਤੋਂ ਆਪਣੇ ਆਪ ਨੂੰ ਨੀਂਵੇਂ ਸਮਝਣਾ। ਹਰ ਵਕਤ ਗੁਰੂ ਦੇ ਬਚਨ ਗੁਰਬਾਣੀ ਨੂੰ ਮੁੱਖ ਰੱਖਣਾ ਅਤੇ "ਗੁਰੂ ਗ੍ਰੰਥ ਸਾਹਿਬ" ਦੇ ਇਕ ਇਕ ਅੱਖਰ ਨੂੰ ਰੱਬੀ ਹੁਕਮ ਪ੍ਰਮਾਤਮਾ ਹੀ ਮੰਨਣਾ। ਗੁਰੂ ਦੀ ਸਿੱਖੀ ਨੂੰ ਗੁਰੂ ਹੁਕਮ ਮੰਨ ਕੇ ਦੁਨੀਆਂ ਦੇ ਕੋਨੇ-ਕੋਨੇ ਤਕ ਲੈ ਕੇ ਜਾਣਾ ਸੀ। ਗੁਰੂ ਦਾ ਸੱਚ ਸੁਨੇਹਾ ਦੁਨੀਆਂ ਦੇ ਹਰ ਮਨੁੱਖ ਤਕ ਪਹੁੰਚਾਉਣਾ ਸੀ। ਦੁਨੀਆਂ

ਦੇ ਹਰ ਬੰਦੇ ਨੂੰ ਗੁਰੂ ਪੰਜਵੇਂ ਪਾਤਸ਼ਾਹ ਤੱਤੀਆਂ ਤਵੀਆਂ 'ਤੇ ਬੈਠੇ ਨਜ਼ਰ ਆਉਂਦੇ। ਦੁਨੀਆਂ ਦੇ ਹਰ ਬੰਦੇ ਨੂੰ ਸਿੰਘਾਂ ਦੇ ਸਿਰਾਂ 'ਤੇ ਆਰੇ ਚਲਦੇ ਨਜ਼ਰ ਆਉਂਦੇ। ਦੁਨੀਆਂ ਦੇ ਹਰ ਬੰਦੇ ਨੂੰ ਹੱਕ ਸੱਚ ਵਾਸਤੇ, ਛੋਟੇ ਸਾਹਿਬਜ਼ਾਦੇ ਸਰਹੰਦ ਦੀਆਂ ਨੀਂਹਾਂ ਵਿਚ ਖੜ੍ਹੇ ਦਿਸਦੇ। ਦੁਨੀਆਂ ਦੇ ਹਰ ਬੰਦੇ ਨੂੰ ਛੇਵੇਂ ਪਾਤਸ਼ਾਹ ਪੀਰੀ ਅਤੇ ਮੀਰੀ ਦੀਆਂ ਤਲਵਾਰਾਂ ਪਹਿਨੀ ਬੈਠੇ ਨਜ਼ਰ ਆਉਂਦੇ। ਦੁਨੀਆਂ ਦੇ ਹਰ ਬੰਦੇ ਨੂੰ ਨੌਵੇਂ ਪਾਤਸ਼ਾਹ ਦਿੱਲੀ ਚਾਂਦਨੀ ਚੌਕ ਵਿਚ ਸ਼ਹੀਦ ਹੁੰਦੇ ਨਜ਼ਰ ਆਉਂਦੇ। ਦੁਨੀਆਂ ਦੇ ਹਰ ਬੰਦੇ ਨੂੰ ਸਿੰਘਾਂ ਦੀਆਂ ਸ਼ਹਾਦਤਾਂ, ਸਿੱਖੀ ਦਾ ਲਹੂ ਭਿੱਜਾ ਇਤਿਹਾਸ ਨਜ਼ਰ ਆਉਂਦਾ। ਦੁਨੀਆਂ ਦੇ ਹਰ ਬੰਦੇ ਅੰਦਰ ਗੁਰਬਾਣੀ, ਗੁਰਮਤਿ ਸਿਧਾਂਤ, ਤੱਤ ਗੁਰਮਤਿ ਸੱਚ ਵੱਸਿਆ ਹੁੰਦਾ, ਐਸੇ ਖ਼ਾਲਸਾ ਰਾਜ ਦਾ ਸੰਕਲਪ ਗੁਰੂ ਜੀ ਦਾ ਹੈ, ਇਸੇ ਨੂੰ ਕਿਹਾ ਖ਼ਾਲਸਾ ਰਾਜ, ਰਾਜ ਕਰੇਗਾ ਖ਼ਾਲਸਾ। ਹੁਣ ਸਵਾਲ ਪੈਦਾ ਹੋ ਗਿਆ ਕਿ ਇਹ ਰਾਜ ਮਿਲਿਆ ਕਿਉਂ ਨਹੀਂ ? ਕਾਰਨ ਬੜੇ ਹਨ, ਮੁੱਖ ਕਾਰਨ ਇਹ ਹੈ ਕਿ ਗੁਰੂ ਦਾ ਬਚਨ, ਹੁਕਮ ਸਿੱਖਾਂ ਤੋਂ ਨਹੀਂ ਮੰਨਿਆ ਗਿਆ। ਸਿੱਖਾਂ ਨੇ ਨਿਆਰਾਪਨ ਗਵਾ ਲਿਆ ਅਤੇ ਤੇਜ਼ ਪ੍ਰਤਾਪ ਜਾਂਦਾ ਰਿਹਾ। ਗੁਰੂ ਹੁਕਮ "ਜਬ ਇਹ ਗਹੈ ਬਿਪਰਨ ਕੀ ਰੀਤਿ॥ ਮੈ ਨਾ ਕਰਉ ਇਨ ਕੀ ਪ੍ਰਤੀਤ॥" ਗੁਰੂ ਹੁਕਮ ਦੇ ਉਲਟ ਸਭ ਤੋਂ ਪਹਿਲੀ ਬ੍ਰਾਹਮਣੀ ਰੀਤ ਇਸਨੇ ਇਹ ਅਪਣਾਈ ਹੈ ਕਿ ਇਹ ਸੰਤ ਬਣ ਕੇ ਬੈਠ ਗਿਆ। ਗੁਰੂ ਦੇ ਹੁਕਮ ਦੇ ਉਲਟ ਇਸਨੇ 'ਭਾਈ' ਪਦਵੀ ਨੂੰ ਦੁਰਕਾਰ ਦਿੱਤਾ। ਬ੍ਰਹਮ ਗਿਆਨੀ ਸਤਿਕਾਰ ਯੋਗ 15 ਭਗਤਾਂ ਦੀ ਬਾਣੀ "ਗੁਰੂ ਗ੍ਰੰਥ ਸਾਹਿਬ ਜੀ" ਅੰਦਰ ਦਰਜ ਹੈ ਉਹਨਾਂ ਦੇ ਨਾਂਵਾਂ ਨਾਲ ਵੀ ਸਤਿਗੁਰਾਂ ਨੇ ਭਗਤ ਅੱਖਰ ਲਾਇਆ ਹੈ, ਸੰਤ ਨਹੀਂ। ਜਿਹੜੇ ਧੋਤੀਆਂ, ਟੋਪੀਆਂ ਵਾਲੇ ਪੰਡਤ ਨਿਰਮਲੇ ਉਦਾਸੀ ਸੰਨਿਆਸੀ ਸੰਤ ਕਹਾਉਂਦੇ ਸਨ ਇਸਨੇ ਉਹਨਾਂ ਦੀ ਰੀਸ ਕਰ ਲਈ ਇਹ ਵੀ ਸੰਤ ਬਣ ਕੇ ਬੈਠ ਗਿਆ। ਇਹ ਵੀ ਨਿਰਮਲਿਆਂ, ਜੋਗੀਆਂ, ਪੰਡਤਾਂ ਵਾਲੀਆਂ ਸਮਾਧੀਆਂ ਲਾ ਕੇ ਲੋਕਾਂ ਦੇ ਦਿਲਾਂ ਦੀਆਂ ਬੁੱਝਣ ਲੱਗ ਪਿਆ। ਭੋਲੇ ਭਾਲੇ ਲੋਕ, ਗੁਰੂ ਦੇ ਬਚਨਾਂ ਨੂੰ ਭੁੱਲਦੇ ਗਏ ਅਤੇ ਇਸ ਆਪਣੇ ਬਣੇ ਸੰਤ ਦੇ ਕੁਬਚਨਾਂ 'ਤੇ ਵਿਸ਼ਵਾਸ ਕਰਨ ਲੱਗ ਪਏ। ਹਿੰਦੂ ਮਿਥਿਹਾਸ ਵਾਲੀਆਂ ਝੂਠੀਆਂ ਕਹਾਣੀਆਂ, ਕੁੜੀ ਤੋਂ ਮੁੰਡੇ ਬਣਾਉਣ ਵਾਲੀਆਂ ਸਾਖੀਆਂ ਇਹ ਸੰਤ ਵੀ ਲੋਕਾਂ ਨੂੰ ਸੁਣਾਉਣ ਲੱਗ ਪਿਆ। "ਗੁਰੂ ਗ੍ਰੰਥ ਸਾਹਿਬ" ਨਾਲੋਂ ਵੱਧ ਸਤਿਕਾਰ ਇਸ ਸੰਤ ਦਾ ਹੋਣ ਲੱਗ ਪਿਆ। ਇਸ ਆਪੇ ਬਣੇ ਸੰਤ ਨੇ ਖ਼ਾਲਸਾ ਰਾਜ ਦੀਆਂ ਜੜ੍ਹਾਂ ਵਿਚ ਤੇਲ ਦੇਣਾ ਸ਼ੁਰੂ ਕਰ ਦਿੱਤਾ। ਸਮਾਂ ਲੰਘਦਾ ਗਿਆ। ਸਿੱਖ ਪੰਥ ਅੰਦਰ ਬ੍ਰਾਹਮਣੀ ਰੀਤਾਂ ਜ਼ੋਰ ਫੜਦੀਆਂ

ਗਈਆਂ। ਸਿੱਖ ਪੰਥ ਦੋਹਰੀ ਮਾਰ ਹੇਠ ਆ ਗਿਆ। ਇਕ ਪਾਸੇ ਬ੍ਰਾਹਮਣੀ ਮੱਤ ਅਤੇ ਦੂਜੇ ਪਾਸੇ ਮੁਗਲ ਹਕੂਮਤ ਦਾ ਜ਼ੋਰ ਜ਼ੁਲਮ। ਗੁਰੂ ਦੀ ਬਾਣੀ ਨੂੰ ਮੁੱਖ ਰੱਖਣ ਵਾਲੇ ਸਿੰਘ ਜਾਨਾਂ ਵਾਰ ਕੇ ਜ਼ੁਲਮ ਦਾ ਟਾਕਰਾ ਕਰਦੇ ਰਹੇ। ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੇ ਦਮਗਜੇ ਵੀ ਮਾਰੇ ਗਏ। ਪਰ ਐਸਾ ਨਾ ਹੋਇਆ ਨਾ ਹੀ ਹੋਵੇਗਾ। ਖੂਨ ਡੋਲ੍ਹਣ ਵਾਲਿਆਂ ਵਿਚੋਂ ਵਿਦਵਾਨ ਪੈਦਾ ਹੋਏ ਅਤੇ ਉਧਰ ਸੰਤ ਬਣ ਕੇ ਅੱਖਾਂ ਮੀਟਣ ਵਾਲਿਆਂ ਵਿਚੋਂ ਗੁਰਮਤਿ ਸਿਧਾਂਤ ਦਾ ਖੁਰਾ ਖੋਜ ਮਿਟਾਉਣ ਵਾਲੇ ਹੋਰ ਛੋਟੇ ਵੱਡੇ ਸੰਤ ਅਤੇ ਬ੍ਰਾਹਮਣੀ ਮੱਤਾਂ ਦੇ ਧਾਰਨੀ ਸਿੱਖ ਪੈਦਾ ਹੋ ਗਏ। ਗੁਰਮਤਿ ਦੇ ਧਾਰਨੀਆਂ ਵਿਚੋਂ ਅੱਜ ਤਕ ਕਿਸੇ ਇਕ ਨੇ ਵੀ ਸੰਤ ਅੱਖਰ ਆਪਣੇ ਨਾਂ ਨਾਲ ਨਹੀਂ ਲੱਗਣ ਦਿੱਤਾ ਕਿਉਂਕਿ ਉਹਨਾਂ ਦੇ ਅੰਦਰ ਗੁਰੂ ਦੇ ਬਖਸ਼ੇ ਖਿਤਾਬ 'ਭਾਈ' ਵਾਲੀ ਗੱਲ ਵੱਸੀ ਹੋਈ ਹੈ, ਜਿਨ੍ਹਾਂ ਨੇ ਵੀ ਅੱਜ ਤਕ ਸਿੱਖੀ ਵਾਸਤੇ, ਖ਼ਾਲਸਾ ਰਾਜ ਵਾਸਤੇ ਕੁਝ ਕਰ ਦਿਖਾਇਆ ਹੈ, 'ਸੰਤ' ਅੱਖਰ ਕਿਸੇ ਦੇ ਨਾਂ ਨਾਲ ਵੀ ਨਹੀਂ ਹੈ। ਬਹੁਤਿਆਂ ਦੇ ਨਾਂ ਨਾਲ 'ਭਾਈ' ਅੱਖਰ ਵੀ ਨਹੀਂ ਹੈ ਕਿਉਂਕਿ ਉਹਨਾਂ ਇਸ ਯੋਗ ਵੀ ਆਪਣੇ ਆਪ ਨੂੰ ਨਾ ਸਮਝਿਆ। ਇਤਨੀ ਨਿਮਰਤਾ ਦਿਖਾਈ ਹੈ। ਐਸੇ ਸਿੰਘ 'ਗੁਰੂ ਗ੍ਰੰਥ ਸਾਹਿਬ' ਦੇ ਦਰ ਦੇ ਝਾੜੂ ਬਰਦਾਰ ਬਣ ਕੇ ਜਿਉਂਦੇ ਰਹੇ ਅਤੇ ਜੀ ਰਹੇ ਹਨ। ਇਹ ਤਾਂ ਸੌਖਿਆਂ ਹੀ ਸਮਝ ਆਉਣ ਵਾਲੀ ਗੱਲ ਹੈ ਕਿ ਬ੍ਰਾਹਮਣੀ ਮੱਤ ਦੇ ਫੈਲਾਏ ਹੋਏ ਵਹਿਮਾਂ-ਭਰਮਾਂ ਦੇ ਸ਼ਿਕਾਰ ਲੋਕਾਂ ਨੇ, ਸੰਤ ਕਹਾਉਣ ਵਾਲਿਆਂ ਅੱਖਾਂ ਮੀਟਣ ਵਾਲਿਆਂ ਤੋਂ ਹੀ ਪ੍ਰਭਾਵਿਤ ਹੋਣਾ ਸੀ, ਜੋ ਹੋਏ ਹਨ। ਤਾਂ ਸਿੱਟਾ ਕੀ ਹੋਇਆ ਕਿ ਸਿੱਖ ਰਾਜ ਦੀ ਗੱਲ ਖੂਹ ਵਿਚ ਡਿੱਗਦੀ ਗਈ ਅਤੇ ਬ੍ਰਾਹਮਣੀ ਰਾਜ ਦੀ ਗੱਲ ਨੂੰ ਸਿੱਖ ਸੰਤ ਵੀ ਤਸਦੀਕ ਕਰੀ ਗਏ। ਸਮਾਂ ਆਇਆ ਸਿੱਖ ਗੁਰਦੁਆਰਿਆਂ ਉਪਰ ਨਿਰਮਲੇ, ਉਦਾਸੀ ਬ੍ਰਾਹਮਣੀ ਮੱਤ ਦੇ ਧਾਰਨੀਆਂ ਸੰਤਾਂ ਮਹੰਤਾਂ ਦੇ ਕਬਜ਼ੇ ਹੋ ਗਏ। ਗੁਰਮਤਿ ਸਿਧਾਂਤ ਬ੍ਰਾਹਮਣੀ ਸਿਧਾਂਤ ਵਿਚ ਤਬਦੀਲ ਹੋ ਗਿਆ। ਸਿੱਖੀ ਦੇ ਕੇਂਦਰ ਪਵਿੱਤਰ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ ਪੱਥਰ ਦੀਆਂ ਦੇਵੀ ਦੇਵਤਿਆਂ ਦੀਆਂ ਪੂਜਾ ਵਾਸਤੇ ਟਿਕਾ ਦਿੱਤੀਆਂ ਗਈਆਂ। ਉਸ ਵਕਤ ਕੋਈ ਟਕਸਾਲੀ ਵੀ ਅੱਗੇ ਨਾ ਆਇਆ। ਉਹਨਾਂ ਸੰਤਾਂ ਮਹੰਤਾਂ ਦੀ ਅੰਗਰੇਜ਼ ਸਰਕਾਰ ਨਾਲ ਗੂੜ੍ਹੀ ਸਾਂਝ ਸੀ। ਇਕ ਟਕਸਾਲੀ ਸੰਤ ਨੇ ਮੇਰੇ ਕੋਲ ਇਕਬਾਲ ਕੀਤਾ (ਮੰਨਿਆ ਹੈ) ਕਿ ਉਸ ਵਕਤ ਟਕਸਾਲੀ ਸੰਤ ਮਹੰਤ ਹੀ ਦਰਬਾਰ ਸਾਹਿਬ 'ਤੇ ਕਾਬਜ਼ ਸਨ ਅਤੇ ਟਕਸਾਲੀ ਮਰਿਯਾਦਾ ਹੀ ਦਰਬਾਰ ਸਾਹਿਬ ਤੇ ਅਕਾਲ ਤਖ਼ਤ 'ਤੇ ਚੱਲ ਰਹੀ ਸੀ। ਬਹੁਤ ਵਧੀਆ ਸਬੂਤ ਮਿਲ ਗਿਆ ਕਿ ਉਹ ਪੱਥਰ ਦੀਆਂ ਮੂਰਤੀਆਂ ਪ੍ਰਕਰਮਾ ਵਿਚ

ਰੱਖਣ ਵਾਲੇ ਵੀ ਪੁਰਾਣੇ ਟਕਸਾਲੀ ਸੰਤ ਮਹੰਤ ਹੀ ਸਨ। ਮਰਜੀਵੜੇ ਸਿੰਘ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ (ਇਹਨਾਂ ਦੇ ਨਾਂ ਨਾਲ ਸੰਤ ਅੱਖਰ ਨਹੀਂ ਹੈ) ਅਤੇ ਹੋਰ ਬਹੁਤ ਸਾਰੇ ਸਿੰਘ ਉਠੇ, 'ਸਿੰਘ ਸਭਾ ਲਹਿਰ' ਦਾ ਜਨਮ ਹੋਇਆ ਬਾਅਦ ਵਿਚ ਇਸੇ ਨੂੰ ਗੁਰਦੁਆਰਾ ਸੁਧਾਰ ਲਹਿਰ ਆਖਿਆ। ਪ੍ਰੋ. ਗੁਰਮੁਖ ਸਿੰਘ ਹੋਰਾਂ ਨੇ ਜੁਅਰਤ ਕੀਤੀ ਤਾਂ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚੋਂ ਪੱਥਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਚੁਕਵਾਈਆਂ ਅਤੇ ਉਸ ਵੇਲੇ ਦੇ ਪੁਜਾਰੀ ਮਹੰਤਾਂ ਵੱਲੋਂ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ। ਸਿੰਘਾਂ ਨੇ ਗੁਰਦੁਆਰੇ ਆਜ਼ਾਦ ਕਰਾਉਣ ਵਾਸਤੇ ਮੋਰਚੇ ਲਾ ਦਿੱਤੇ। ਉਸ ਵਕਤ ਲੋਕਾਂ ਨੂੰ ਅੱਖਾਂ ਮੀਟ ਕੇ ਦਿਖਾਉਣ ਵਾਲੇ ਸੰਤ ਕਿੱਥੇ ਸਨ ? ਉਸ ਵਕਤ ਅੰਤਰਯਾਤਮਾ ਕਿੱਧਰ ਚਲੇ ਗਈ। ਗੁਰੂ ਦੇ ਸਿੰਘ ਜੋ ਸੰਤ ਨਹੀਂ ਸੀ ਕਹਾਉਂਦੇ ਉਹਨਾਂ ਗੋਲੀਆਂ, ਲਾਠੀਆਂ ਖਾਧੀਆਂ, ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ। ਬਹੁਤ ਕੁਰਬਾਨੀਆਂ ਕਰਕੇ ਸੰਤਾਂ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਵਾਏ।

ਗੁਰ ਫ਼ੁਰਮਾਨ ਹੈ "ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ ॥" (ਪੰਨਾ 953)

ਐਸੇ ਬ੍ਰਾਹਮਣ ਸੰਤ ਮਹੰਤ ਅੱਜ ਤਕ ਵੀ ਗੁਰਮਤਿ ਦੇ ਧਾਰਨੀ ਸਿੰਘਾਂ ਦੇ ਵੈਰੀ ਬਣੇ ਚਲੇ ਆਉਂਦੇ ਹਨ। ਹੁਣ ਵੀ ਇਕ ਪਾਸੇ ਸੰਤ ਹਨ ਜੋ ਪੂਰਨ ਬ੍ਰਹਮ ਗਿਆਨੀ ਹੋਣ ਦੇ ਦਾਅਵੇ ਕਰਦੇ ਹਨ ਦੂਜੇ ਪਾਸੇਹੈ ਗੁਰਮਤਿ ਦੇ ਧਾਰਨੀ ਸਿੰਘ ਹਨ ਜੋ ਕਿਸੇ ਕੀਮਤ ਵੀ ਸੰਤ ਨਹੀਂ ਕਹਾਉਣਾ ਚਾਹੁੰਦੇ। ਉਹ "ਗੁਰੂ ਗ੍ਰੰਥ ਸਾਹਿਬ" ਦੇ ਦਰ ਘਰ ਦੇ ਕੂਕਰ ਅਤੇ ਝਾੜੂ ਬਰਦਾਰ ਬਣ ਕੇ ਗੁਰੂ ਦੀ ਸੇਵਾ ਕਰਨੀ ਚਾਹੁੰਦੇ ਹਨ, ਕਰਦੇ ਹਨ, ਕਰਦੇ ਰਹਿਣਗੇ। "ਗੁਰੁ ਸੇਵਾ ਗੁਰ ਸਬਦ ਵੀਚਾਰ ॥" ਸਿੱਟਾ ਇਹ ਹੈ ਕਿ ਸਿੰਘ ਅਤੇ ਅਖੌਤੀ ਸੰਤ ਦੇ ਵਿਚਕਾਰ ਜੋ ਕੰਧ ਖੜ੍ਹੀ ਹੈ ਇਸਨੇ ਖ਼ਾਲਸਾ ਰਾਜ ਦਾ ਸੁਪਨਾ ਸਾਕਾਰ ਨਹੀਂ ਹੋਣ ਦਿੱਤਾ। ਸਿੰਘ ਅਤੇ ਸੰਤ ਵਿਚ ਜਿੰਨੀ ਦੂਰੀ ਵਧ ਰਹੀ ਹੈ ਉਤਨਾ ਹੀ ਖ਼ਾਲਸਾ ਰਾਜ ਦੂਰ ਤੋਂ ਦੂਰ ਭੱਜ ਰਿਹਾ ਹੈ। ਸਿੰਘ ਕਹਿ ਰਹੇ ਹਨ ਸੰਤੋ : ਆਪਣਾ ਫੋਕਾ ਸੰਤਪੁਣਾ ਛੱਡ ਕੇ ਗੁਰੂ ਦੇ ਸਿੰਘ ਕਹਾਉ, ਗੁਰਮਤਿ ਸਿਧਾਂਤ ਦ੍ਰਿੜ ਕਰੋ ਅਤੇ ਕਰਾਉ। ਤਾਂ ਜੋ ਖ਼ਾਲਸਾ ਰਾਜ ਨੇੜੇ ਆ ਸਕੇ। ਪਰ ਸਾਧ ਕਹਿ ਰਹੇ ਹਨ ਦੂਜੀ ਦੁਨੀਆਂ ਸਾਡੇ ਚਰਨਾਂ ਦੀ ਧੂੜ ਹੋ ਗਈ ਹੈ ਸਿੰਘੋ ! ਸਿੱਖ ਵਿਦਵਾਨੋ ਤੁਸੀਂ ਵੀ ਸੰਤਾਂ ਦੇ ਚਰਨਾਂ 'ਤੇ ਡਿੱਗੋ। ਇਹ ਵਿੱਥ ਬਣੀ ਹੋਈ ਹੈ। ਜਿੰਨੀ ਇਹ ਦੂਰੀ ਵਧ ਰਹੀ ਹੈ 'ਖ਼ਾਲਸਾ ਰਾਜ' ਉਤਨਾ ਹੀ ਦੂਰ ਹੋ ਰਿਹਾ ਹੈ। ਜਿੰਨੀ ਬ੍ਰਾਹਮਣੀ ਮੱਤ ਦੀ ਪੂਜਾ ਪੁਰਾਤਨ ਅਤੇ ਅਜੋਕੇ ਸੰਤਾਂ ਨੇ ਕੀਤੀ ਹੈ ਅਤੇ ਕਰ ਰਹੇ ਹਨ ਉਤਨੀ ਹੋਰ ਕਿਸੇ ਨੇ ਨਹੀਂ ਕੀਤੀ।

ਸਪੱਸ਼ਟ ਹੈ ਕਿ ਸਿੱਖ ਮਤ ਦੇ ਸੰਤਾਂ ਨੇ ਗੁਰੂ ਹੁਕਮਾਂ ਦੇ ਉਲਟ, ਬ੍ਰਾਹਮਣੀ ਮਤ ਦਾ ਪ੍ਰਚਾਰ ਕੀਤਾ ਹੈ ਤਾਂ ਰਾਜ ਬ੍ਰਾਹਮਣ ਦਾ ਹੀ ਹੋਣਾ ਸੀ, ਜੋ ਹੈ। ਇਹ ਬ੍ਰਾਹਮਣੀ ਮਤ ਦੇ ਧਾਰਨੀ ਸੰਤ ਅਜੇ ਵੀ ਅਖੰਡ ਪਾਠਾਂ ਦੀਆਂ ਇਕੋਤਰੀਆਂ, ਲੜੀਆ, ਸੰਪਟ ਪਾਠ, ਰਮਾਇਣ ਦੇ ਪਾਠਾਂ ਦੀ ਨਕਲ 'ਤੇ ਕਰ ਰਹੇ ਹਨ ਅਤੇ ਅਖੰਡ ਪਾਠਾਂ ਦੇ ਨਾਲ ਹਿੰਦੂ ਮੰਦਰਾਂ ਵਾਲੇ ਜੋਤ, ਘੜਾ ਨਾਰੀਅਲ, ਮੌਲੀ ਆਦਿ ਰੱਖ ਰਹੇ ਹਨ। ਕਈ ਸੰਤ ਆਪ ਖ਼ੁਦ ਦੀਵੇ ਬਾਲ ਕੇ ਆਰਤੀਆਂ ਕਰ ਰਹੇ ਹਨ। ਸਿੱਖ ਗੁਰਦੁਆਰਿਆਂ ਅੰਦਰ ਧਰਮ ਦੇ ਨਾਂ 'ਤੇ ਫੋਕਾ ਕਰਮ ਕਾਂਡ ਮਰਿਯਾਦਾ ਬਣਿਆ ਹੋਇਆ ਹੈ। ਸਿੱਖ ਸਮਾਜ ਅੰਦਰ ਫੋਕਾ ਕਰਮ-ਕਾਂਡ, ਵਹਿਮ-ਭਰਮ, ਸੁੱਚ-ਭਿੱਟ, ਜਾਤ-ਪਾਤ ਸਾਰੀ ਬ੍ਰਾਹਮਣ ਵਾਲੀ ਹੀ ਹੈ। ਇਸ ਕਰਕੇ 'ਖ਼ਾਲਸਾ ਰਾਜ' ਕੋਹਾਂ ਦੂਰ ਹੈ।

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਖਾਲਸਾ ਰਲ ਮਿਲ ਜਾਈ॥
ਤਬ ਖਾਲਸੇ ਕਾ ਤੇਜ ਘਟ ਜਾਈ॥
ਜਬ ਇਹ ਗਹੈ ਬਿਪਰਨ ਦੀ ਰੀਤਿ॥
ਮੈ ਨਾ ਕਰਉ ਇਨਕੀ ਪ੍ਰਤੀਤ॥

ਦਰਪੇਸ਼ ਸਮੱਸਿਆ ਦਾ ਹੱਲ

ਅੱਜ ਹੀ ਇਹ ਸਾਰੇ ਸਾਧ, ਸੰਤ, ਡੇਰੇਦਾਰ ਆਪਣੇ ਨਾਂਵਾਂ ਨਾਲੋਂ ਸੰਤ 108, 1008, ਸ੍ਰੀ ਮਾਨ ਬ੍ਰਹਮ ਗਿਆਨੀ ਸਾਰੇ ਲਬਕ ਲਾਹ ਦੇਣ, ਇਹ ਲਾਇਕ ਤਾਂ 'ਭਾਈ' ਲਬਕ ਦੇ ਵੀ ਨਹੀਂ ਹਨ ਪਰ 'ਭਾਈ' ਲਾ ਲੈਣ, ਪ੍ਰਧਾਨ ਅਤੇ ਜਥੇਦਾਰ ਸਭ ਗੁਰੂ ਪੰਥ ਦੇ ਸੇਵਾਦਾਰ ਬਣ ਜਾਣ ਥਾਂ ਥਾਂ 'ਤੇ ਗੁਰਮਤਿ ਟਰੇਨਿੰਗ ਸੈਂਟਰ ਖੁੱਲ੍ਹ ਣ ਜਿਥੇ ਦੁੱਧ ਅਤੇ ਪਾਣੀ ਨੂੰ ਨਿਤਾਰਿਆ ਜਾਵੇ। ਗੁਰਮਤਿ ਅਤੇ ਮਨਮੱਤ ਵੱਖ ਵੱਖ ਕੀਤੀਆਂ ਜਾਣ। ਧਾਰਮਿਕ ਗ੍ਰੰਥਾਂ ਵਿਚੋਂ ਸਾਰੀ ਮਨਮੱਤ, ਬ੍ਰਾਹਮਣਵਾਦ ਬਾਹਰ ਕੱਢਿਆ ਜਾਵੇ। "ਧੰਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕੇਵਲ ਇਕ ਜਗ੍ਹਾ ਤੋਂ ਪੂਰੇ ਸਤਿਕਾਰ ਨਾਲ ਭੇਟਾ ਰਹਿਤ ਮਿਲਣ। ਜਿਹੜੇ ਰੋਟੀ ਰੋਜ਼ੀ ਦੇ ਮਾਰੇ ਸਾਧ ਸੰਤ ਡੇਰੇਦਾਰਾ ਅਤੇ ਸਿੱਖ, ਗੁਰੂ ਨੂੰ ਦੁਕਾਨਦਾਰੀ ਬਣਾਈ ਫਿਰਦੇ ਹਨ ਇਹਨਾਂ ਨੂੰ ਸਖ਼ਤੀ ਨਾਲ ਵਰਜਿਆ ਜਾਵੇ। ਜਿਥੇ ਜਿਥੇ ਵੀ ਅਯੋਗ ਥਾਂਵਾਂ ਕਬਰਾਂ, ਮੰਦਰਾਂ ਆਦਿ ਵਿਚ ਮਹਾਰਾਜ ਦੇ ਸਰੂਪ ਹਨ ਉਹ ਵਾਪਸ ਯੋਗ ਜਗ੍ਹਾ 'ਤੇ ਲਿਜਾਏ ਜਾਣ। ਧਾਰਮਿਕ ਸਥਾਨਾਂ ਨੂੰ ਪੁਜਾਰੀਵਾਦ ਅਤੇ ਅਖੌਤੀ ਸਿਆਸੀਆਂ ਤੋਂ ਮੁਕਤ ਕਰਾਇਆ ਜਾਵੇ। ਸਰਬੱਧ ਖ਼ਾਲਸਾ ਬੁਲਾ ਕੇ ਫੈਸਲੇ ਲੈਣ ਦੀ ਪੁਰਾਤਨ ਰਵਾਇਤ ਬਹਾਲ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀ ਸਕਰੀਨਿੰਗ ਸਖ਼ਤੀ ਨਾਲ ਕੀਤੀ ਜਾਵੇ। ਸਾਰੇ ਪਿੰਡਾਂ ਅਤੇ ਸ਼ਹਿਰਾਂ ਦੇ ਗੁਰਦੁਆਰਿਆਂ ਅੰਦਰ ਏਕਤਾ ਦੀ ਪ੍ਰਤੀਕ 'ਸਿੱਖ ਰਹਿਤ ਮਰਿਯਾਦਾ' ਸਖਤੀ ਨਾਲ ਲਾਗੂ ਕਰਵਾਈ ਜਾਵੇ।

ਐਸੇ ਜਤਨ ਕਰਨ ਨਾਲ ਹੀ ਸਿੱਖ ਕੌਮ ਦੀ ਏਕਤਾ ਸੰਭਵ ਹੋ ਸਕਦੀ ਹੈ। ਸਿੱਖੀ ਤੋਂ ਕੋਹਾਂ ਦੂਰ ਹੋਏ ਸਿੱਖ ਨੌਜਵਾਨ ਨੂੰ ਗੁਰਸਿੱਖੀ ਦੇ ਮਹਾਨ ਵਿਰਸੇ ਤੋਂ ਜਾਣੂ ਕਰਵਾ ਕੇ ਗੁਰੂ ਵਾਲੇ ਪਾਸੇ ਮੋੜਿਆ ਜਾ ਸਕਦਾ ਹੈ, ਸਿੱਖ ਸਮਾਜ ਦੀ ਹੋ ਰਹੀ ਦਿਨ ਦੀਵੀਂ ਲੁੱਟ ਤੋਂ ਇਸਨੂੰ ਬਚਾਇਆ ਜਾ ਸਕਦਾ ਹੈ। T.V. ਚੈਨਲਾਂ ਤੇ ਮੀਡੀਆ ਰਾਹੀਂ ਨੇਕ ਨੀਅਤੀ ਨਾਲ ਗੁਰਮਤਿ ਪ੍ਰਚਾਰੀ ਜਾਵੇ।

ਨਕਲੀ ਦੇਹਧਾਰੀ ਗੁਰੂਆਂ ਦਾ ਪੂਰਨ ਤੌਰ 'ਤੇ ਬਾਈ ਕਾਟ ਕੀਤਾ ਜਾਵੇ। ਅੰਮ੍ਰਿਤ ਛਕਣ ਛਕਾਉਣ ਵਾਸਤੇ ਖਾਸ ਜਗ੍ਹਾ ਨਿਸ਼ਚਤ ਕੀਤੀ ਜਾਵੇ। ਗੁਰੂ ਦੀ ਗੋਲਕ ਗਰੀਬ ਦੇ ਨਾਲ ਲਾਈ ਜਾਵੇ ਅਤੇ ਗੁਰੂ ਗ੍ਰੰਥ ਦੀ ਸਦਾ ਚੜ੍ਹਦੀ ਕਲਾ ਵਾਸਤੇ ਪੰਥਕ ਕਾਰਜਾਂ 'ਤੇ ਖਰਚ ਕੀਤੀ ਜਾਵੇ। ਸਾਰੇ ਦੇ ਸਾਰੇ ਜਿੰਨੇ ਵੀ ਆਪਾਂ ਹਾ, ਜਿਥੇ ਜਿਥੇ ਵੀ ਬੈਠੇ ਹਾਂ ਆਪਣੇ ਫਰਜ਼ਾਂ ਨੂੰ ਪਛਾਣੀਏ ਤਾਂ ਹੀ ਸੱਚ ਦੇ

ਦਰਬਾਰ ਵਿਚ ਮੁਖ ਉਜਲੇ ਹੋਣਗੇ ਅਤੇ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਪਾਤਰ ਬਣ ਕੇ ਗੁਰੂ ਦੀਆਂ ਖੁਸ਼ੀਆਂ ਹਾਸਲ ਕਰ ਸਕੀਏ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

ਅੰਤ ਵਿਚ ਬੇਨਤੀ ਕਰਦਾ ਹਾਂ ਕਿ "ਭੁਲਣ ਅੰਦਰਿ ਸਭ ਕੋ ਅਭੁਲ ਗੁਰੂ ਕਰਤਾਰੁ"॥ (ਪੰਨਾ 61) ਪੁਸਤਕ ਲਿਖਦਿਆਂ ਸੁਝਾਅ ਦਿੰਦਿਆਂ ਤਰੁੱਟੀਆਂ ਰਹਿ ਗਈਆਂ ਹੋਣਗੀਆਂ ਕਿਉਂਕਿ ਆਖਰ ਇਹ ਬੰਦੇ ਦੀ ਹੀ ਲਿਖੀ ਹੋਈ ਹੈ। ਤੁਹਾਡੇ ਸੁਝਾਵਾਂ ਦੀ ਉਡੀਕ ਕਰਦਾ ਰਹਾਂਗਾ, ਪ੍ਰਸ਼ਨਾਂ ਦੇ ਉੱਤਰ ਦਿੰਦਾ ਰਹਾਂਗਾ ਹੋਰ ਜੋ ਕੁਝ ਵੀ ਵਾਪਰਿਆ ਉਹ ਖਿੜ੍ਹੇ ਮੱਥੇ ਪ੍ਰਵਾਨ ਕਰਾਂਗਾ। ਹੋਈ ਭੁੱਲਾਂ ਦੀ ਖਿਮਾਂ "ਗੁਰੂ ਗ੍ਰੰਥ ਸਾਹਿਬ ਜੀ" ਪਾਸੋਂ ਮੰਗਦਾ ਹਾਂ।

ਜਿਕਰ ਕਰਤਾ ਹੂ ਤੋ ਸ਼ਾਇਦ, ਉਨ ਕੋ ਹੋ ਸ਼ਕਾਇਤ।
ਚੁੱਪ ਰਹਿਤਾ ਹੂੰ ਤੋ ਮੇਰੀ 'ਨਾਨਕ' ਸੇ ਕੁਤਾਹੀ ਹੋਤੀ ਹੈ।
ਧੰਨ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦਾ ਦਾਸਨਿ ਦਾਸ।

ਭਾਈ ਸੁਖਵਿੰਦਰ ਸਿੰਘ (ਸਭਰਾ)
ਨਿਸ਼ਕਾਮ ਪ੍ਰਚਾਰਕ ਗੁਰਮਤਿ ਸਿਧਾਂਤ
ਗੁ. ਕਿਲ੍ਹਾ ਸਾਹਿਬ
V.P.O.—ਸਭਰਾ
ਤਹਿਸੀਲ ਪੱਟੀ
ਜ਼ਿਲ੍ਹਾਂ ਅੰਮ੍ਰਿਤਸਰ
ਮੋਬਾਈਲ - 98146-45442

ਪੰਥ ਦਰਦੀਓ

ਫੇਰ ਕਦੇ ਨਾ ਕਰਨ ਚੁਣੌਤੀ, ਬਾਣੀ ਅਤੇ ਬਾਣੇ ਨੂੰ।
ਪੰਥ ਦਰਦੀਓ, ਨੱਥ ਪਾ ਦਿਉ ਸਾਧਾਂ ਦੀ ਢਾਣੀ ਨੂੰ।
ਡੇਰੇਦਾਰ ਮਹੰਤ ਸੰਗਤਾਂ ਨੂੰ ਭਰਮਾਉਂਦੇ ਨੇ।
ਗੁਰੂ ਬਰਾਬਰ ਗੱਦੀਆਂ ਵੱਖ ਵੱਖ ਲਗਾਉਂਦੇ ਨੇ।
ਟਿਕਟ ਦਿੰਦੇ ਨੇ ਸਵਰਗ ਦੇ, ਪਿਛ ਲੱਗ ਪ੍ਰਾਣੀ ਨੂੰ।
ਪੰਥ ਦਰਦੀਓ...

ਪੰਥ ਵੱਲੋਂ ਪਰਵਾਣ, ਰਹਿਤ ਮਰਿਯਾਦਾ ਕੀਤੀ ਹੈ।
ਉਸ ਨੂੰ ਰੱਦ ਕਰਨਾ ਇਹਨਾਂ ਸਾਧਾਂ ਦੀ ਬਦਨੀਤੀ ਹੈ।
ਔਖੇ ਵੇਲੇ ਪਾ ਲਿਆ ਪਾਣੀ ਵਿਚ ਮਧਾਣੀ ਨੂੰ।
ਪੰਥ ਦਰਦੀਓ...

ਪੂਜਾ ਦਾ ਧਨ ਖਾ ਕੇ, ਇਹਨਾਂ ਢਿੱਡ ਵਧਾਏ ਨੇ।
ਹੇਠ ਵਿਦੇਸ਼ੀ ਕਾਰਾਂ, ਸੋਹਣੇ ਮਹਿਲ ਬਣਾਏ ਨੇ।
ਮੁੱਢੋਂ ਹੀ ਉਲਝਾਉਂਦੇ ਆਏ, ਪੰਥਕ ਤਾਣੀ ਨੂੰ।
ਪੰਥ ਦਰਦੀਓ...

ਦੜ ਵੱਟ ਗਏ ਤਾਂ ਦੰਭੀ ਲਾਣਾ ਸਿਰ ਚੜ੍ਹ ਜਾਊਗਾ।
ਫਿਰ ਨਨਕਾਣਾ ਸਾਹਿਬ ਦਾ ਸਾਕਾ ਦੁਹਰਾਊਗਾ।
ਕਰ ਦੇਵੋ ਠੱਪ 'ਜ਼ਖਮੀ' ਹੁਣ ਬੇ-ਵਕਤ ਕਹਾਣੀ ਨੂੰ।
ਪੰਥ ਦਰਦੀਓ ਨੱਥ ਪਾ ਦਿਉ ਹੁਣ ਸਾਧਾਂ ਦੀ ਢਾਣੀ ਨੂੰ।

ਤਬ ਜਾਨਹੁਗੇ ਜਬ ਉਘਰੈਗੋ ਪਾਜ ॥



ਲੇਖਕ ਅਤੇ ਪ੍ਰਕਾਸ਼ਕ :

ਭਾਈ ਸੁਖਵਿੰਦਰ ਸਿੰਘ 'ਸਭਰਾ'

ਅੰਮ੍ਰਿਤਸਰ